$40 $20 Tanya's BEAUTY SALON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
137-40 JAMAICA AVE., JAMAICA
NY 11435 TEL : 718-297-1019
85-03 ROOSEVELT AVE.,
JACKSON HEIGHTS NY 11373 TEL : 718-205-7832
We Specialize for Bridal & Henna

Ad Space Available
Call: 847-359-0746

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Sixteenth Year of Publication
ਨਿਊ ਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 23, June 6, 2015 — 20451 N Plum Grove Rd., Palatine, IL 60074 — Ph:847-359-0746, Fax:847-705-9388

# ਬਾਪੂ ਸੂਰਤ ਸਿੰਘ ਦੇ ਹਠ ਨੇ ਸ਼ਾਸਨ ਝੁਕਾਇਆ

## ਬਾਦਲ ਵੀ ਮਸਲਾ ਹੱਥ ਲੈਣ ਲਈ ਹੋਏ ਮਜਬੂਰ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਭਖਦਾ ਦੇਖ ਕੇ ਹੁਣ ਪੰਜਾਬ ਸਰਕਾਰ ਵੀ ਇਸ ਸੰਘਰਸ਼ ਵਿਚ ਕੁੱਦ ਪਈ ਹੈ। ਸਿੱਖ ਕੈਦੀਆਂ ਨੂੰ ਰਾਹਤ ਦੇਣ ਲਈ ਕਾਨੂੰਨੀ ਪਹਿਲੂਆਂ ਉਤੇ ਨਜ਼ਰਸਾਨੀ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ। ਬੰਦੀਆਂ ਦੀ ਰਿਹਾਈ ਲਈ ਸਵਾ ਚਾਰ ਮਹੀਨਿਆਂ (16 ਜਨਵਰੀ 2015) ਤੋਂ ਮਰਨ ਵਰਤ 'ਤੇ ਬੈਠੇ ਬਾਪੂ ਸੂਰਤ ਸਿੰਘ ਖ਼ਾਲਸਾ ਦੀ ਵਿਗੜ ਰਹੀ ਹਾਲਤ ਤੇ ਪੰਥਕ ਜਥੇਬੰਦੀਆਂ ਵੱਲੋਂ ਵਿਆਪਕ ਪੱਧਰ ਉਤੇ ਇਸ ਸੰਘਰਸ਼ ਨਾਲ ਜੁੜਨ ਕਾਰਨ ਖੁਫੀਆ ਏਜੰਸੀਆਂ ਨੇ ਸਰਕਾਰ ਨੂੰ ਇਹ ਮਾਮਲਾ ਕਿਸੇ ਢੰਗ ਨਾਲ ਛੇਤੀ ਠੰਢਾ ਕਰਨ ਦਾ ਸੁਝਾਅ ਦਿੱਤਾ ਹੈ। ਪੁਲਿਸ ਕੈਟ ਰਹੇ ਗੁਰਮੀਤ ਸਿੰਘ ਪਿੰਕੀ ਦੀ ਕਤਲ ਕੇਸ ਵਿਚ ਸਮੇਂ ਤੋਂ ਪਹਿਲਾਂ ਹੋਈ ਰਿਹਾਈ ਤੇ ਫਿਰ ਉਸ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਾਰਨ ਵੀ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਸਰਕਾਰ ਉਪਰ ਭਾਰੂ ਪੈ ਰਿਹਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਸਲੇ ਦੇ ਹੱਲ ਲਈ ਸਰਕਾਰੀ ਅਫਸਰਾਂ ਤੇ ਸਿੱਖ ਆਗੂਆਂ ਦੀ ਅੱਠ ਮੈਂਬਰੀ ਕਮੇਟੀ ਦੇ ਗਠਨ ਦੀ ਤਜਵੀਜ਼ ਕੀਤੀ ਹੈ ਜਿਹੜੀ ਪੰਜਾਬ ਜਾਂ ਬਾਹਰਲੀਆਂ ਜੇਲ੍ਹਾਂ ਵਿਚ ਬੰਦ ਸਿੱਖ ਸਿਆਸੀ ਕੈਦੀਆਂ ਦੇ ਕੇਸ ਤਿਆਰ ਕਰ ਕੇ ਰਿਹਾਈ ਜਾਂ ਪੈਰੋਲ ਲਈ ਕਾਨੂੰਨੀ ਤੇ ਸੰਵਿਧਾਨਕ ਅੜਿੱਕੇ ਦੂਰ ਕਰੇਗੀ। ਬਾਪੂ ਖ਼ਾਲਸਾ ਦੇ ਮਰਨ ਵਰਤ ਦੇ ਮੁੱਢਲੇ ਦੌਰ ਦੌਰਾਨ ਵੀ ਸ. ਬਾਦਲ ਨੇ ਪੰਥਕ ਜਥੇਬੰਦੀਆਂ ਦੇ ਵਫ਼ਦ ਨਾਲ ਮੀਟਿੰਗ ਕਰ ਕੇ ਉਨ੍ਹਾਂ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਸੀ। ਉਸ ਵੇਲੇ ਤਾਂ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸਿੰਘ ਸੈਣੀ ਨੇ ਬਾਕਾਇਦਾ ਪ੍ਰੈਸ ਕਾਨਫਰੰਸ ਕਰ ਕੇ ਬਾਪੂ ਖ਼ਾਲਸਾ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਜਾਰੀ ਕੀਤੀ ਸੂਚੀ ਨੂੰ ਹੀ ਅਯੋਗ ਕਰਾਰ ਦੇ ਦਿੱਤਾ ਸੀ। ਸਿੱਖ ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਦੇ ਬਾਵਜੂਦ ਸ. ਬਾਦਲ ਕੋਲ ਬੰਦੀ ਸਿੱਖਾਂ ਨੂੰ ਰਿਹਾ ਕਰਨ ਦੇ ਅਥਾਹ ਅਧਿਕਾਰ ਹਨ। ਜੇ ਸਰਕਾਰ ਸੱਚੇ ਮਨੋਂ ਚਾਹੇ ਤਾਂ ਇਸ ਮੁੱਦੇ ਉਤੇ ਕੁਝ ਵੀ ਅਸੰਭਵ ਨਹੀਂ ਹੈ। ਪੰਜਾਬ ਤੋਂ ਬਾਹਰਲੇ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦ ਕੈਦੀਆਂ ਦੀ ਰਿਹਾਈ ਲਈ ਸ. ਬਾਦਲ ਨੇ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਵੀ ਕੀਤੀ ਹੈ। ਸ. ਬਾਦਲ ਨੇ ਆਖਿਆ ਕਿ ਨਾਭਾ ਜੇਲ੍ਹ ਵਿਚ ਨਜ਼ਰਬੰਦ ਬਲਬੀਰ ਸਿੰਘ ਭੂਤਨਾ ਤੇ ਲੁਧਿਆਣਾ ਜੇਲ੍ਹ ਵਿਚ ਸੁਬੇਗ ਸਿੰਘ, ਜਿਨ੍ਹਾਂ ਦੀ ਪੈਰੋਲ ਉਤੇ ਰਿਹਾਈ ਨੂੰ ਪਹਿਲਾਂ ਪੰਜਾਬ ਸਰਕਾਰ ਨੇ ਰੱਦ ਕਰ ਦਿੱਤਾ ਸੀ, ਦੋਵਾਂ ਨੂੰ ਕ੍ਰਮਵਾਰ ਪੈਰੋਲ ਤੇ ਅਗੇਤੀ ਰਿਹਾਈ ਦੇਣ ਲਈ ਸਰਕਾਰ ਕਾਨੂੰਨੀ ਚਾਰਾਜੋਈ ਕਰੇਗੀ ਪਰ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਮਾਮਲੇ ਵਿਚ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਓਰਾ, ਜਗਤਾਰ ਸਿੰਘ ਤਾਰਾ ਤੇ ਬਲਵੰਤ ਸਿੰਘ ਰਾਜੋਆਣਾ ਨੂੰ ਰਾਹਤ ਦੇਣ ਲਈ ਵੱਖਰੀ ਸ਼੍ਰੇਣੀ ਬਣਾ ਕੇ ਰਿਹਾਈ ਪ੍ਰਤੀ ਬੇਵੱਸੀ ਜ਼ਾਹਰ ਕੀਤੀ ਹੈ। ਸਿੱਖ ਜਥੇਬੰਦੀਆਂ ਵੱਲੋਂ ਸਰਕਾਰ ਨੂੰ ਸੌਂਪੀ ਗਈ 83 ਕੈਦੀਆਂ ਦੀ ਸੂਚੀ ਵਿਚੋਂ ਸੋਧ ਕੇ ਕੁੱਲ 78 ਕੈਦੀਆਂ ਦੀ ਸੂਚੀ ਤਿਆਰ ਕੀਤੀ ਗਈ ਹੈ, ਕਿਉਂਕਿ ਕੁਝ ਸਿਆਸੀ ਸਿੱਖ ਕੈਦੀ ਪਿਛਲੇ ਸਮੇਂ ਦੌਰਾਨ ਬਰੀ ਹੋਣ ਕਾਰਨ ਜਾਂ ਜ਼ਮਾਨਤਾਂ ਉਤੇ ਰਿਹਾਅ ਹੋ ਚੁੱਕੇ ਹਨ। ਸਰਕਾਰ ਨੇ 1987 ਦੀ ਲੁਧਿਆਣਾ ਬੈਂਕ ਡਕੈਤੀ ਦੇ ਮਾਮਲੇ ਵਿਚ 60 ਤੋਂ 80 ਸਾਲ ਉਮਰ ਤੱਕ ਦੇ ਸੱਤ ਸਿੱਖ ਕੈਦੀਆਂ ਦੀ ਰਿਹਾਈ ਉਤੇ 'ਸਾਕਾਰਾਤਮਕ' ਰੁਖ ਅਪਨਾਉਣ ਦਾ ਭਰੋਸਾ ਦਿਵਾਇਆ ਹੈ।



### ਨਾਮੁਮਕਿਨ ਨਹੀਂ ਸਿੱਖ ਕੈਦੀਆਂ ਦੀ ਰਿਹਾਈ

ਰਾਜੀਵ ਗਾਂਧੀ ਕਤਲ ਕੇਸ ਦੇ ਮੁਲਜ਼ਮਾਂ ਨੂੰ ਤਾਮਿਲਨਾਡੂ ਸਰਕਾਰ ਵੱਲੋਂ ਦਿੱਤੀ ਰਿਹਾਈ ਪਿੱਛੋਂ ਸੁਪਰੀਮ ਕੋਰਟ ਨੇ 9 ਜੁਲਾਈ 2014 ਨੂੰ ਸੂਬਾ ਸਰਕਾਰਾਂ ਤੋਂ ਇਹ ਹੱਕ ਖੋਹ ਲਏ ਸਨ ਪਰ ਇਹ ਸਟੇਅ ਸਿਰਫ ਰਾਜ ਸਰਕਾਰਾਂ ਉੱਪਰ ਹੀ ਹੈ, ਕੇਂਦਰ ਸਰਕਾਰ ਉੱਪਰ ਨਹੀਂ। ਕੇਂਦਰ ਸਰਕਾਰ ਅੱਜ ਵੀ ਕਿਸੇ ਉਮਰ ਕੈਦੀ ਨੂੰ ਸਜ਼ਾ ਵਿਚ ਛੋਟ ਦੇ ਸਕਦੀ ਹੈ। ਦੂਜਾ, ਇਹ ਕਿ ਸਟੇਅ ਸਿਰਫ ਸਜ਼ਾ ਵਿਚ ਛੋਟ ਦੇਣ ਉਪਰ ਹੈ ਨਾ ਕਿ ਸਜ਼ਾ ਮੁਆਫ਼ੀ ਜਾਂ ਸਜ਼ਾ ਘਟਾਉਣ ਉਪਰ। ਇਸ ਲਈ ਪੰਜਾਬ ਸਰਕਾਰ ਕੇਂਦਰ ਕੋਲ ਇਹ ਮੁੱਦਾ ਸਖਤੀ ਨਾਲ ਉਠਾ ਕੇ ਮਸਲੇ ਦਾ ਹੱਲ ਕਰਵਾ ਸਕਦੀ ਹੈ।

# ਦਿੱਲੀ ਦੀ ਜੰਗ ਵਿਚ ਕੇਜਰੀਵਾਲ ਨੇ ਲਾਇਆ ਇਕ ਹੋਰ ਦਾਅ

## ਬਿਹਾਰ ਤੋਂ ਮੰਗਵਾਏ ਅਫਸਰ

**ਨਵੀਂ ਦਿੱਲੀ:** ਦਿੱਲੀ ਵਿਚ ਸੱਤਾ ਦੀ ਲੜਾਈ ਟੇਢੀ ਹੋ ਗਈ ਹੈ। ਇਕ ਪਾਸੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣੀ ਪੈਂਠ ਬਣਾਉਣ ਲਈ ਤਤਪਰ ਹਨ, ਦੂਜੇ ਪਾਸੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਘਾਤ ਲਾ ਕੇ ਬੈਠੀ ਹੈ। ਇਹ ਪਾਰਟੀ ਸ੍ਰੀ ਕੇਜਰੀਵਾਲ ਨੂੰ ਚਾਰ-ਚੁਫੇਰਿਉਂ ਘੇਰਾ ਪਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਂਜ ਸ੍ਰੀ ਕੇਜਰੀਵਾਲ ਨੇ ਭਾਜਪਾ ਦੇ ਇਸ ਚੱਕਰਵਿਊ ਨੂੰ ਕੱਟਣ ਲਈ ਹੁਣ ਬਿਹਾਰ ਦੇ ਅਫਸਰਾਂ 'ਤੇ ਆਸ ਲਾਈ ਹੈ। ਹੁਣ ਉਹ ਇਨ੍ਹਾਂ ਅਫਸਰਾਂ ਦੇ ਜ਼ਰੀਏ ਭ੍ਰਿਸ਼ਟਾਚਾਰ ਖਿਲਾਫ ਲੜਾਈ ਲੜਨ ਅਤੇ ਭਾਜਪਾ ਨੂੰ ਚਿੱਤ ਕਰਨ ਦੀ ਸਕੀਮ ਲਾ ਰਹੇ ਹਨ। ਉਨ੍ਹਾਂ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਤੋਂ ਛੇ ਅਫਸਰ ਦਿੱਲੀ ਮੰਗਵਾਏ ਹਨ। ਅਜਿਹਾ ਕਰ ਕੇ ਕੇਜਰੀਵਾਲ ਨੇ ਕੇਂਦਰ ਸਰਕਾਰ ਤੇ ਉਪ ਰਾਜਪਾਲ ਨਜੀਬ ਜੰਗ ਨੂੰ ਮੁੜ ਚੁਣੌਤੀ ਦਿੱਤੀ ਹੈ। ਕੁਝ ਦਿਨ ਪਹਿਲਾਂ ਕੇਂਦਰੀ ਗ੍ਰਹਿ ਵਿਭਾਗ ਨੇ ਤਬਾਦਲਿਆਂ ਬਾਰੇ ਸਾਰੇ ਹੱਕਾਂ ਤੋਂ ਅਰਵਿੰਦ ਕੇਜਰੀਵਾਲ ਨੂੰ ਵਾਂਝੇ ਕੀਤਾ ਸੀ।

ਨਜੀਬ ਜੰਗ ਵੱਲੋਂ ਬਿਹਾਰ ਦੇ ਪੁਲਿਸ ਅਧਿਕਾਰੀਆਂ ਜਿਨ੍ਹਾਂ ਵਿਚ ਤਿੰਨ ਇੰਸਪੈਕਟਰ ਤੇ ਦੋ ਸਬ-ਇੰਸਪੈਕਟਰ ਸ਼ਾਮਲ ਦੱਸੇ ਜਾ ਰਹੇ ਹਨ, ਨੂੰ ਡੈਪੂਟੇਸ਼ਨ ਉਤੇ ਲਿਆਉਣ ਲਈ ਪਹਿਲਾਂ ਉਪ ਰਾਜਪਾਲ ਤੋਂ ਮਨਜ਼ੂਰੀ ਲੈਣ ਲਈ ਕਿਹਾ ਗਿਆ ਹੈ। ਅਜਿਹੀਆਂ ਹੀ ਤਾਕਤਾਂ ਕੇਂਦਰ ਸਰਕਾਰ ਦਾ ਨੋਟੀਫਿਕੇਸ਼ਨ ਦਿੰਦਾ ਹੈ। ਦਿੱਲੀ ਸਰਕਾਰ ਵੱਲੋਂ ਦਿੱਲੀ ਪੁਲਿਸ ਦੀ ਥਾਂ ਬਿਹਾਰ ਤੋਂ ਅਧਿਕਾਰੀ ਮੰਗਣ ਦਾ ਉਪ ਰਾਜਪਾਲ ਨੇ ਸਖ਼ਤ ਨੋਟਿਸ ਲਿਆ ਹੈ ਤੇ ਉਨ੍ਹਾਂ ਦੇ ਦਫ਼ਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਭ੍ਰਿਸ਼ਟਾਚਾਰ ਵਿਰੋਧੀ ਬ੍ਰਾਂਚ (ਏ.ਸੀ.ਬੀ.) ਉਪ ਰਾਜਪਾਲ ਦੀ ਅਥਾਰਟੀ ਦੇ ਅਧੀਨ ਤੇ ਉਸ ਦੀ ਨਿਗਰਾਨੀ ਹੇਠ ਕੰਮ ਕਰਦੀ ਹੈ ਤੇ ਕੇਂਦਰ ਸਰਕਾਰ ਵੱਲੋਂ ਇਸ ਬਾਰੇ ਸਪਸ਼ਟ ਵੀ ਕੀਤਾ ਗਿਆ ਹੈ। ਬਿਆਨ ਵਿਚ ਕਿਹਾ ਗਿਆ

(ਬਾਕੀ ਸਫਾ 6 'ਤੇ)

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
Limited Time Offer. Restrictions & Additional Fees Apply.
800.914.1013 • 408.659.9400

# ਵਿਧਾਇਕ ਕਰਜ਼ਾ ਲੈ ਕੇ ਭੁੱਲੇ

**ਬਠਿੰਡਾ:** ਕਰੀਬ ਡੇਢ ਦਰਜਨ ਮੌਜੂਦਾ ਅਤੇ ਸਾਬਕਾ ਵਿਧਾਇਕ ਪੰਜਾਬ ਵਿਧਾਨ ਸਭਾ ਦਾ ਕਰਜ਼ਾ ਨਹੀਂ ਮੋੜ ਸਕੇ। ਵਿਧਾਨ ਸਭਾ ਦੇ ਡਿਫਾਲਟਰਾਂ ਦੀ ਸੂਚੀ ਵਿਚ ਮੁੱਖ ਮੰਤਰੀ ਦੇ ਸਲਾਹਕਾਰ ਤੇ ਦੋ ਮੁੱਖ ਸੰਸਦੀ ਸਕੱਤਰਾਂ ਤੋਂ ਇਲਾਵਾ ਦੋ ਚੇਅਰਮੈਨਾਂ ਦੇ ਨਾਮ ਵੀ ਸ਼ਾਮਲ ਹਨ। ਕਈ ਡਿਫਾਲਟਰਾਂ ਦੀ ਮੌਤ ਹੋ ਚੁੱਕੀ ਹੈ ਤੇ ਉਨ੍ਹਾਂ ਦਾ ਕਰਜ਼ਾ ਵੱਟੇ ਖਾਤੇ ਪਾ ਦਿੱਤਾ ਗਿਆ। ਪੰਜਾਬ ਵਿਧਾਨ ਸਭਾ ਦੇ ਅਜਿਹੇ 19 ਮੌਜੂਦਾ ਤੇ ਸਾਬਕਾ ਵਿਧਾਇਕ ਹਨ ਜਿਨ੍ਹਾਂ ਵੱਲ ਮਕਾਨ ਅਤੇ ਵਾਹਨ ਦਾ ਕਰੀਬ 42.20 ਲੱਖ ਰੁਪਏ ਦਾ ਕਰਜ਼ਾ ਖੜ੍ਹਾ ਹੈ।

ਪੰਜਾਬ ਵਿਧਾਨ ਸਭਾ ਸਕੱਤਰੇਤ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੇ 13 ਮੌਜੂਦਾ ਅਤੇ ਸਾਬਕਾ ਵਿਧਾਇਕਾਂ ਵੱਲ 16.37 ਲੱਖ ਦਾ ਕਰਜ਼ਾ ਹੈ ਜੋ ਵਾਹਨ ਖ਼ਰੀਦਣ ਵਾਸਤੇ ਲਿਆ ਗਿਆ ਸੀ। ਇਵੇਂ ਹੀ 17 ਵਿਧਾਇਕਾਂ ਵੱਲੋਂ ਮਕਾਨ ਉਸਾਰੀ ਲਈ ਕਰਜ਼ਾ ਲਿਆ ਗਿਆ ਸੀ ਜੋ ਮੋੜਿਆ ਨਹੀਂ ਗਿਆ ਹੈ। ਇਨ੍ਹਾਂ ਵਿਚੋਂ ਅੱਧੀ ਦਰਜਨ ਵਿਧਾਇਕ ਤੇ ਸਾਬਕਾ ਵਿਧਾਇਕ ਤਾਂ ਮਕਾਨ ਅਤੇ ਵਾਹਨ ਦੇ ਦੋਵੇਂ ਤਰ੍ਹਾਂ ਦੇ ਕਰਜ਼ਿਆਂ ਦੇ ਡਿਫਾਲਟਰ ਹਨ। ਡਿਫਾਲਟਰਾਂ 'ਚੋਂ ਕਰੀਬ ਸੱਤ ਮੌਜੂਦਾ ਤੇ ਸਾਬਕਾ ਵਿਧਾਇਕਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿਚੋਂ ਮਰਹੂਮ ਗੁਰਦੀਪ ਸਿੰਘ ਭੁੱਲਰ ਅਤੇ ਜਤਿੰਦਰ ਸਿੰਘ ਕਰੀਹਾ ਦਾ ਕਰਜ਼ਾ ਵੱਟੇ ਖਾਤੇ ਪਾ ਦਿੱਤਾ ਗਿਆ ਹੈ।

ਮੁੱਖ ਸੰਸਦੀ ਸਕੱਤਰ ਚੌਧਰੀ ਨੰਦ ਲਾਲ ਵੱਲ 1,75,540 ਰੁਪਏ ਕਰਜ਼ਾ ਖੜ੍ਹਾ ਹੈ ਜੋ ਮਕਾਨ ਉਸਾਰੀ ਵਾਸਤੇ ਲਿਆ ਗਿਆ ਸੀ। ਚੌਧਰੀ ਨੰਦ ਲਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਰੀਬ 10 ਵਰ੍ਹੇ ਪਹਿਲਾਂ ਕਰਜ਼ਾ ਲਿਆ ਸੀ ਪਰ ਵਿਧਾਨ ਸਭਾ ਵੱਲੋਂ ਉਨ੍ਹਾਂ ਨੂੰ ਕਦੇ ਕੋਈ ਰਿਮਾਂਈਡਰ ਨਹੀਂ ਭੇਜਿਆ ਗਿਆ। ਇਸ ਕਰ ਕੇ ਉਨ੍ਹਾਂ ਨੂੰ ਇਸ ਦਾ ਚੇਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਬਕਾਏ ਕਲੀਅਰ ਕਰ ਦੇਣਗੇ। ਮੁੱਖ ਸੰਸਦੀ ਸਕੱਤਰ ਬਲਵੀਰ ਸਿੰਘ ਵੱਲ ਵੀ 63,150 ਰੁਪਏ ਦਾ ਬਕਾਇਆ ਖੜ੍ਹਾ ਹੈ। ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ ਵੱਲ 1,59,749 ਰੁਪਏ ਦਾ ਕਰਜ਼ਾ ਖੜ੍ਹਾ ਹੈ ਜੋ ਉਨ੍ਹਾਂ ਨੇ ਮਕਾਨ ਉਸਾਰੀ ਵਾਸਤੇ ਲਿਆ ਸੀ। ਸ੍ਰੀ ਗਰੇਵਾਲ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਜਨਵਰੀ 2015 ਤੱਕ ਰੈਗੂਲਰ ਕਿਸ਼ਤ ਤਾਰੀ ਹੈ ਤੇ ਉਨ੍ਹਾਂ ਵੱਲ ਸਿਰਫ਼ ਵਿਆਜ ਹੀ ਬਕਾਇਆ ਰਹਿ ਗਿਆ ਹੋਵੇਗਾ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਉੱਪ ਚੇਅਰਮੈਨ ਰਾਜ ਕੁਮਾਰ ਵੇਰਕਾ ਵੱਲ ਵੀ 50,250 ਰੁਪਏ ਦੇ ਬਕਾਏ ਕੱਢੇ ਗਏ ਹਨ। ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਮੋਹਨ ਲਾਲ ਬੰਗਾ ਵੱਲ ਵੀ ਵਿਧਾਨ ਸਭਾ ਨੇ 22,104 ਰੁਪਏ ਦਾ ਬਕਾਇਆ ਹੈ। ਸਭ ਤੋਂ ਵੱਧ ਕਰਜ਼ਾ ਭਾਜਪਾ ਦੀ ਸਾਬਕਾ ਵਿਧਾਇਕ ਰੂਪ ਰਾਣੀ ਵੱਲ 9 ਲੱਖ ਰੁਪਏ ਦਾ ਹੈ। ਡਿਫਾਲਟਰ ਸੂਚੀ ਵਿਚ ਸ਼ਾਮਲ ਖੁਸ਼ਹਾਲ ਬਹਿਲ, ਉਜਾਗਰ ਸਿੰਘ ਰੰਗਰੇਟਾ, ਜਗੀਰ ਸਿੰਘ ਭੁੱਲਰ ਤੇ ਜੋਰਾ ਸਿੰਘ ਭਾਗੀਕੇ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਡਿਫਾਲਟਰ ਸੂਚੀ ਵਿਚ ਬਾਬਾ ਰਾਮ ਚਾਵਲਾ, ਰਵਿੰਦਰ ਸਿੰਘ ਸੰਧੂ, ਜਗਤਾਰ ਸਿੰਘ ਰਾਜਲਾ, ਬਲਵੰਤ ਸਿੰਘ ਅਮਲੋਹ, ਗੋਬਿੰਦ ਸਿੰਘ ਕਾਂਝਲਾ, ਹਰਮੇਲ ਸਿੰਘ ਟੌਹੜਾ ਤੇ ਰਾਜਮਹਿੰਦਰ ਸਿੰਘ ਮਜੀਠਾ ਦਾ ਨਾਂ ਸ਼ਾਮਲ ਹੈ।

ਇਸ ਬਾਰੇ ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਮਿਸ਼ਰਾ ਦਾ ਕਹਿਣਾ ਹੈ ਕਿ ਉਹ ਡਿਫਾਲਟਰ ਵਿਧਾਇਕਾਂ ਤੋਂ ਵਸੂਲੀ ਲਈ ਲਗਾਤਾਰ ਕਾਰਵਾਈ ਕਰ ਰਹੇ ਹਨ। ਵਸੂਲੀ ਵਾਸਤੇ ਡਿਪਟੀ ਕਮਿਸ਼ਨਰਾਂ ਨੂੰ ਵੀ ਲਿਖਿਆ ਗਿਆ ਹੈ ਤੇ ਕਾਫ਼ੀ ਰਕਮ ਵਸੂਲ ਕਰ ਲਈ ਹੈ।

# ਦਿੱਲੀ ਗੁਰਦੁਆਰਾ ਕਮੇਟੀ ਨੇ ਕਾਲੀ ਸੂਚੀ ਦਾ ਮੁੱਦਾ ਉਠਾਇਆ

**ਨਿਊ ਯਾਰਕ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਅਮਰੀਕੀ ਸਿੱਖ ਭਾਈਚਾਰੇ ਦੇ ਸਰੋਕਾਰਾਂ ਨੂੰ ਅਮਰੀਕਾ ਵਿਚ ਭਾਰਤੀ ਰਾਜਦੂਤ ਕੋਲ ਉਠਾਇਆ ਹੈ ਜਿਨ੍ਹਾਂ ਵਿਚ ਕਾਲੀ ਸੂਚੀ ਦਾ ਮੁੱਦਾ ਵੀ ਸ਼ਾਮਲ ਹੈ ਜਿਸ ਕਰ ਕੇ ਅਮਰੀਕਾ, ਕੈਨੇਡਾ ਜਿਹੇ ਮੁਲਕਾਂ ਵਿਚ ਰਹਿੰਦੇ ਬਹੁਤ ਸਾਰੇ ਪਰਵਾਸੀ ਸਿੱਖ ਭਾਰਤ ਨਹੀਂ ਜਾ ਸਕਦੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ ਹੇਠ ਵਫ਼ਦ ਨੇ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਅਰੁਣ ਕੁਮਾਰ ਸਿੰਘ ਨਾਲ ਮੁਲਾਕਾਤ ਕੀਤੀ। ਭਾਰਤੀ ਰਾਜਦੂਤ ਨੂੰ ਦਿੱਤੇ ਪੱਤਰ ਵਿਚ ਸ. ਜੀ.ਕੇ. ਨੇ ਅਮਰੀਕਾ ਵਿਚ ਰਹਿ ਰਹੇ ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਵੱਲੋਂ 'ਕਾਲੀ ਸੂਚੀ' ਵਿਚ ਸ਼ੁਮਾਰ ਸਿੱਖਾਂ ਦੇ ਮਸਲੇ ਉਠਾਏ। ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਵੱਡੀ ਤਦਾਦ ਵਿਚ ਸਿੱਖ ਪਰਿਵਾਰਾਂ ਨੂੰ ਭਾਰਤ ਜਾਣ ਲਈ ਬਿਨਾਂ ਕੋਈ ਕਾਰਨ ਦੱਸਿਆਂ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਕੇਸਾਂ ਨੂੰ ਮੰਦਭਾਵਨਾ ਨਾਲ ਲਿਆ ਜਾਂਦਾ ਹੈ।

ਬਾਅਦ ਵਿਚ ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਭਾਰਤੀ ਰਾਜਦੂਤ ਨੇ ਉਨ੍ਹਾਂ ਨੂੰ ਭਾਰਤ ਸਰਕਾਰ ਦੇ ਸਬੰਧਤ ਅਧਿਕਾਰੀਆਂ ਕੋਲ ਇਹ ਮਾਮਲਾ ਉਠਾਉਣ ਦਾ ਭਰੋਸਾ ਦਿਵਾਇਆ ਹੈ। ਪੱਤਰ ਵਿਚ ਦਿੱਲੀ ਗੁਰਦੁਆਰਾ ਕਮੇਟੀ ਨੇ 1984 ਦੇ ਸਿੱਖ ਕਤਲੇਆਮ ਸਮੇਤ, 1980ਵਿਆਂ ਤੋਂ 1990ਵਿਆਂ ਤੱਕ ਦੇ ਕਾਲ ਨੂੰ 'ਗੜਬੜਜ਼ਦਾ ਕਾਲ' ਕਰਾਰ ਦਿੱਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸ਼ਰਨ ਲੈਣ ਦੇ ਬਹੁਤ ਸਾਰੇ ਚਾਹਵਾਨਾਂ ਖਿਲਾਫ਼ ਭਾਰਤ ਵਿਚ ਕੇਸ ਦਰਜ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਪਿਛਲੇ 30 ਸਾਲਾਂ ਦੌਰਾਨ ਆਪਣੇ ਪਰਿਵਾਰਾਂ ਕੋਲ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਕਿਉਂਕਿ ਉਨ੍ਹਾਂ ਦੇ ਨਾਂ ਗ੍ਰਹਿ ਮੰਤਰਾਲੇ ਵੱਲੋਂ ਬਣਾਈ ਗਈ 'ਕਾਲੀ ਸੂਚੀ' ਵਿਚ ਸ਼ਾਮਲ ਹਨ। ਵਫ਼ਦ ਨੇ ਇਸ ਮਸਲੇ ਨੂੰ ਛੇਤੀ ਹੱਲ ਕਰਨ ਲਈ ਭਾਰਤੀ ਰਾਜਦੂਤ ਦੇ ਦਖ਼ਲ ਦੀ ਮੰਗ ਕੀਤੀ।

# ਛੋਟੀਆਂ ਸਨਅਤਾਂ ਦੇ ਆਏ ਮਾੜੇ ਦਿਨ

**ਲੁਧਿਆਣਾ:** ਦੇਸ਼ ਦੀ ਮੋਦੀ ਸਰਕਾਰ ਵੱਲੋਂ ਅੱਛੇ ਦਿਨ ਲਿਆਉਣ ਦਾ ਜੋ ਨਾਅਰਾ ਮਾਰਿਆ ਗਿਆ ਸੀ, ਇਕ ਸਾਲ ਬਾਅਦ ਉਹ ਨਾਅਰਾ ਦੇਸ਼ ਦੇ ਪੰਜ ਕਰੋੜ ਛੋਟੀਆਂ ਸਨਅਤਾਂ ਲਈ ਉਸ ਸਮੇਂ ਮਾੜੇ ਦਿਨਾਂ ਵਿਚ ਤਬਦੀਲ ਹੋ ਗਿਆ, ਜਦੋਂ ਮੋਦੀ ਸਰਕਾਰ ਨੇ ਛੋਟੀਆਂ ਸਨਅਤਾਂ ਵਿਚ ਬਣਨ ਵਾਲੀਆਂ ਵਸਤਾਂ ਦੀ ਸੂਚੀ ਨੂੰ ਖ਼ਤਮ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ।

ਕੇਂਦਰ ਦੀਆਂ ਸਰਕਾਰਾਂ ਨੇ ਛੋਟੀਆਂ ਸਨਅਤਾਂ ਨੂੰ ਖ਼ਤਮ ਕਰਨ ਦਾ ਰੁਝਾਨ ਪਿਛਲੇ ਯੂ.ਪੀ.ਏ. ਸਰਕਾਰ ਸਮੇਂ ਤੋਂ ਹੀ ਚਾਲੂ ਹੋ ਗਿਆ ਸੀ, ਯੂ.ਪੀ.ਏ. ਸਰਕਾਰ ਸਮੇਂ ਜਿਹੜੀਆਂ 800 ਵਸਤਾਂ ਨੂੰ ਛੋਟੀਆਂ ਸਨਅਤਾਂ ਵਿਚ ਬਣਾਉਣ ਲਈ ਰਾਖਵਾਂ ਕੀਤਾ ਗਿਆ ਸੀ, ਉਸ ਨੂੰ 2006 ਵਿਚ ਘਟਾ ਕੇ 466 ਵਸਤਾਂ ਉਤੇ ਲਿਆਂਦਾ ਗਿਆ ਤੇ 2012 ਵਿਚ ਸਰਕਾਰ ਨੇ 466 ਵਸਤਾਂ ਦੀ ਬਜਾਏ ਸਿਰਫ਼ 20 ਵਸਤਾਂ ਨੂੰ ਛੋਟੀਆਂ ਸਨਅਤਾਂ ਵਿਚ ਬਣਾਉਣ ਲਈ ਰਾਖਵਾਂ ਰੱਖਿਆ ਗਿਆ, ਪਰ ਦੇਸ਼ ਦੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਆਪਣੇ ਨੋਟੀਫਿਕੇਸ਼ਨ ਤਹਿਤ ਹੁਣ ਬ੍ਰੈਡ, ਅਚਾਰ, ਚਟਨੀ, ਵੱਖ-ਵੱਖ ਤੇਲ, ਲੱਕੜੀ ਦਾ ਫਰਨੀਚਰ, ਕਿਤਾਬਾਂ, ਕਾਪੀਆਂ, ਰਜਿਸਟਰ, ਕੱਚ ਦੀਆਂ ਚੂੜੀਆਂ, ਸਟੀਲ ਅਲਮਾਰੀਆਂ, ਰਿਲੰਗ ਸ਼ਟਰ, ਸਟੀਲ ਕੁਰਸੀਆਂ, ਮੇਜ਼, ਪੈਡਲੌਕ, ਸਟੇਨਲੈਸ ਸਟੀਲ ਆਦਿ ਵਸਤਾਂ ਨੂੰ ਛੋਟੀਆਂ ਸਨਅਤਾਂ ਦੀ ਸੂਚੀ ਵਿਚੋਂ ਬਾਹਰ ਕਰਕੇ ਦੇਸ਼ ਦੀਆਂ ਰਜਿਟਰਡ ਢਾਈ ਕਰੋੜ ਤੇ ਢਾਈ ਕਰੋੜ ਦੇ ਕਰੀਬ ਅਨ ਰਜਿਟਰਡ ਸਨਅਤਾਂ ਜਿਨ੍ਹਾਂ ਵਿਚ 25 ਲੱਖ ਰੁਪਏ ਦੀ ਕੀਮਤ ਤੱਕ ਦੀਆਂ ਮਸ਼ੀਨਰੀਆਂ ਲੱਗੀਆਂ ਹਨ, ਉਨ੍ਹਾਂ ਨੂੰ ਬੰਦ ਕਰਨ ਦੇ ਮਨਸ਼ੇ ਨਾਲ 25 ਲੱਖ ਵਾਲੀਆਂ ਸਨਅਤਾਂ ਦੀ ਹੱਦ ਵਧਾ ਕੇ ਪੰਜ ਕਰੋੜ ਰੁਪਏ ਕਰ ਦਿੱਤੀ ਗਈ ਹੈ, ਜਿਸ ਨਾਲ ਛੋਟੀਆਂ ਸਨਅਤਾਂ ਨੂੰ ਲਾਭ ਮਿਲਣ ਦੀ ਬਜਾਏ ਫਿਰ ਤੋਂ ਜਿਆਦਾ ਨਿਵੇਸ਼ ਕਰਨ ਵਾਲਿਆਂ ਨੂੰ ਲਾਭ ਪੁੱਜੇਗਾ। ਸਰਕਾਰ ਦੀ ਯੋਜਨਾ ਮੁਤਾਬਕ ਮਾਈਕ੍ਰੋ ਸਨਅਤਾਂ ਦੀ ਨਿਵੇਸ਼ ਰਾਸ਼ੀ ਇਕ ਕਰੋੜ ਤੇ ਛੋਟੀਆਂ (ਸਮਾਲ) ਸਨਅਤਾਂ ਦੀ ਨਿਵੇਸ਼ ਰਾਸ਼ੀ 10 ਕਰੋੜ ਰੁਪਏ ਕੀਤੀ ਜਾ ਰਹੀ ਹੈ, ਜੋ ਦੇਸ਼ ਦੇ ਸਨਅਤਕਾਰਾਂ ਲਈ ਤਬਾਹੀ ਤੋਂ ਵੱਧ ਕੇ ਕੁਝ ਵੀ ਨਹੀਂ ਹੋਵੇਗੀ।

ਦੇਸ਼ ਭਰ ਵਿਚ 80% ਸਨਅਤਾਂ ਮਾਈਕ੍ਰੋ, 15% ਸਨਅਤਾਂ ਛੋਟੀਆਂ ਅਤੇ 5% ਸਨਅਤਾਂ ਵੱਡੀਆਂ ਹਨ। ਪੰਜਾਬ ਵਿਚ ਰਜਿਸਟਰਡ ਸਨਅਤਾਂ ਦੀ ਗਿਣਤੀ 45 ਹਜ਼ਾਰ ਹੈ, ਜਦਕਿ ਅਨ ਰਜਿਸਟਰਡ ਸਨਅਤਾਂ ਦੀ ਗਿਣਤੀ ਪੰਜ ਲੱਖ ਦੇ ਕਰੀਬ ਹੈ। ਜੇਕਰ ਦੁਕਾਨਦਾਰਾਂ ਤੇ ਹੋਰਨਾਂ ਛੋਟੇ ਕੰਮਕਾਜ ਕਰਨ ਵਾਲਿਆਂ ਦੀ ਗੱਲ ਕੀਤੀ ਜਾਵੇ ਤਾਂ ਸਿਰਫ਼ 10% ਨੇ ਹੀ ਸਰਕਾਰ ਕੋਲ ਆਪਣਾ ਨਾਂ ਰਜਿਟਰਡ ਕਰਵਾਇਆ ਹੈ। ਫੈਡਰੇਸ਼ਨ ਆਫ਼ ਪੰਜਾਬ ਸਮਾਲ ਇੰਡਸਟਰੀਜ਼ ਐਸੋਸੀਏਸ਼ਨ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਕਿਹਾ ਕਿ ਜੇਕਰ ਛੋਟੀਆਂ ਸਨਅਤਾਂ ਦੀ ਹੱਦ 25 ਲੱਖ ਤੋਂ ਵਧਾ ਕੇ ਪੰਜ ਕਰੋੜ ਰੁਪਏ ਕਰ ਦਿੱਤੀ ਗਈ ਤਾਂ ਦੇਸ਼ ਦੀਆਂ ਜੋ ਪੰਜ ਕਰੋੜ ਸਨਅਤਾਂ ਛੋਟੀਆਂ ਹਨ, ਉਨ੍ਹਾਂ ਦਾ ਭਵਿੱਖ ਧੁੰਦਲਾ ਹੋ ਜਾਵੇਗਾ।

# ਬਾਦਲ ਕਾਲੀ ਸੂਚੀ ਖਤਮ ਕਰਾਉਣ ਦੇ ਹੱਕ ਵਿਚ ਨਹੀਂ: ਸਰਨਾ

**ਨਵੀ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋ ਅਮਰੀਕਾ ਜਾ ਕੇ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਾਉਣ ਲਈ ਕੀਤੀ ਸਰਗਰਮੀ ਨੂੰ ਮਗਰਮੱਛ ਦੇ ਹੰਝੂ ਵਹਾਉਣ ਦੇ ਤੁਲ ਦੱਸਿਆ ਹੈ ਅਤੇ ਕਿਹਾ ਕਿ ਪਹਿਲਾਂ ਮਨਜੀਤ ਸਿੰਘ ਜੀ.ਕੇ. ਪਰਵਾਸੀ ਸਿੱਖਾਂ ਨੂੰ ਇਹ ਸਪਸ਼ਟ ਕਰੇ ਕਿ ਇਹ ਸੂਚੀ ਨੂੰ ਲੰਮੀ ਕਰਨ ਤੇ ਨਵੀਂ ਰੂਪ-ਰੇਖਾ ਦੇਣ ਵਿਚ ਕੀ ਉਸ ਦੇ ਆਕਾ ਪ੍ਰਕਾਸ਼ ਸਿੰਘ ਬਾਦਲ ਦਾ ਰੋਲ ਨਹੀਂ ਹੈ ਜਿਹੜਾ ਦਵਿੰਦਰਪਾਲ ਸਿੰਘ ਭੁੱਲਰ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਰੱਖਣ ਤੋਂ ਇਨਕਾਰ ਕਰ ਕੇ ਉਸ ਨੂੰ ਖੂੰਖਾਰ ਅਤਿਵਾਦੀ ਦੱਸ ਰਿਹਾ ਹੈ।

ਇਥੇ ਜਾਰੀ ਬਿਆਨ ਰਾਹੀਂ ਸ. ਸਰਨਾ ਨੇ ਕਿਹਾ ਕਿ ਜਦੋਂ ਪੰਜਾਬ ਵਿਚ ਬਾਦਲ ਤੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਬਣੀ ਸੀ, ਤਾਂ ਉਨ੍ਹਾਂ ਕੇਂਦਰ ਸਰਕਾਰ ਨਾਲ ਮਿਲ ਕੇ ਸਭ ਤੋਂ ਪਹਿਲਾ ਕੰਮ ਹੀ ਕਾਲੀ ਸੂਚੀ ਖਤਮ ਕਰਾਉਣ ਦਾ ਕੀਤਾ ਸੀ ਤੇ 98% ਇਹ ਸੂਚੀ ਖਤਮ ਕਰ ਦਿੱਤੀ ਗਈ ਸੀ, ਸਿਰਫ ਦੋ-ਚਾਰ ਨਾਮ ਹੀ ਰਹਿ ਗਏ ਸਨ ਜਿਨ੍ਹਾਂ ਦਾ ਨਾਮ ਕੱਢ ਕੇ ਇਸ ਸੂਚੀ ਨੂੰ ਖਤਮ ਕਰਨ ਦਾ ਤੱਤਕਾਲੀ ਕੇਂਦਰੀ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ। ਜਦੋਂ ਇਹ ਸੂਚੀ ਪੰਜਾਬ ਸਰਕਾਰ ਨੂੰ ਭੇਜੀ ਗਈ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਤੁਰੰਤ ਕੇਂਦਰ ਸਰਕਾਰ ਨੂੰ ਅਜਿਹਾ ਕਰਨ ਤੋਂ ਇਹ ਕਹਿ ਕੇ ਰੋਕ ਦਿੱਤਾ ਸੀ ਕਿ ਇਹ ਅਤਿਵਾਦੀ ਹਨ ਤੇ ਇਹ ਸੂਚੀ ਖਤਮ ਕਰਨ ਨਾਲ ਪੰਜਾਬ ਦੇ ਅਮਨ-ਚੈਨ ਨੂੰ ਖਤਰਾ ਪੈਦਾ ਹੋ ਜਾਵੇਗਾ।

# ਰਿਜ਼ਰਵ ਬੈਂਕ ਵੱਲੋਂ ਮੁੜ ਰਾਹਤ

**ਮੁੰਬਈ:** ਇਸ ਸਾਲ ਮਾਨਸੂਨ ਆਮ ਤੋਂ ਘੱਟ ਰਹਿਣੀ ਦੀ ਚਿੰਤਾ ਦੇ ਬਾਵਜੂਦ ਰਿਜ਼ਰਵ ਬੈਂਕ ਨੇ ਨਿਵੇਸ਼ ਤੇ ਵਿੱਧੀ ਵਾਧੇ ਨੂੰ ਉਤਸ਼ਾਹ ਦੇਣ ਲਈ ਨੀਤੀਗਤ ਵਿਆਜ਼ ਦਰ ਵਿਚ 0.25 ਫੀਸਦੀ ਕੀ ਕਟੌਤੀ ਕੀਤੀ ਹੈ। ਇਹ ਇਸ ਸਾਲ ਵਿਚ ਤੀਜੀ ਕਟੌਤੀ ਹੈ ਤੇ ਇਸ ਮਗਰੋਂ ਹੁਣ ਰੇਪੋ ਦਰ 7.25 ਫੀਸਦੀ ਉਤੇ ਆ ਗਈ ਹੈ। ਰੇਪੋ ਦਰ ਉਹ ਵਿਆਜ਼ ਦਰ ਹੈ ਜਿਸ ਨਾਲ ਕੇਂਦਰੀ ਬੈਂਕ ਵਪਾਰਕ ਬੈਂਕਾਂ ਨੂੰ ਨਕਦੀ ਦੀ ਫੌਰੀ ਜ਼ਰੂਰਤ ਲਈ ਉਧਾਰ ਦਿੰਦਾ ਹੈ।

ਰੇਪੋ ਦਰ ਵਿਚ ਕਮੀ ਨਾਲ ਬੈਂਕਾਂ ਦੇ ਪੈਸੇ ਦੀ ਲਾਗਤ ਘੱਟ ਹੋਵੇਗੀ ਤੇ ਇਸ ਨਾਲ ਰਹਿਣ ਸਹਿਣ, ਵਾਹਨ ਖਰੀਦ ਤੇ ਕੰਮ ਧੰਦੇ ਚਲਾਉਣ ਲਈ ਦਿੱਤਾ ਜਾਣ ਵਾਲਾ ਕਰਜ਼ਾ ਸਸਤਾ ਹੋਣ ਦੀ ਆਸ ਹੈ।

ਰਿਜ਼ਰਵ ਬੈਂਕ ਨੇ ਹਾਲਾਂਕਿ ਨੇੜਲੇ ਭਵਿੱਖ ਵਿੱਚ ਦਰ ਵਿਚ ਹੋਰ ਕਟੌਤੀ ਨਾ ਕੀਤੇ ਜਾਣ ਦਾ ਸੰਕੇਤ ਵੀ ਦਿੱਤਾ ਹੈ। ਆਰ.ਬੀ.ਆਈ. ਦੇ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਕਿ ਕੌਮਾਂਤਰੀ ਪੱਧਰ ਉਤੇ ਤੇਲ ਦੀਆਂ ਕੀਮਤਾਂ ਵਿਚ ਲਗਾਤਾਰ ਵਾਧੇ ਤੇ ਭੂ ਰਾਜਨੀਤਕ ਜ਼ੋਖਮਾਂ ਦੇ ਨਾਲ-ਨਾਲ ਬਰਸਾਤ ਘੱਟ ਹੋਣ ਕਾਰਨ ਮਹਿੰਗਾਈ ਦਰ ਵਧਣ ਦਾ ਖ਼ਤਰਾ ਹੈ।

ਕੇਂਦਰੀ ਬੈਂਕ ਨੇ ਮਹਿੰਗਾਈ ਦਰ ਦਾ ਅਨੁਮਾਨ ਵਧਾ ਕੇ ਛੇ ਫੀਸਦੀ ਕਰ ਦਿੱਤਾ ਹੈ। ਆਰ.ਬੀ.ਆਈ. ਦੇ ਗਵਰਨਰ ਨੇ ਰੇਪੋ ਦਰ ਵਿਚ ਕਟੌਤੀ ਲਾਭ ਆਮ ਜਨਤਾ ਤੇ ਸਨਅਤਾਂ ਤਕ ਪਹੁੰਚਾਉਣ ਲਈ ਕਿਹਾ ਹੈ।

# 90 ਸਾਲਾ ਵਲੈਤਣ ਦੀ ਸਕਾਈਡਾਈਵ

**ਲੰਡਨ:** ਬਰਤਾਨੀਆ ਦੀ ਇਕ 90 ਸਾਲਾ ਔਰਤ ਨੇ 15000 ਫੁੱਟ ਦੀ ਉਚਾਈ ਤੋਂ ਸਕਾਈਡਾਈਵ ਲਾ ਕੇ ਦਰਸਾ ਦਿੱਤਾ ਹੈ ਕਿ ਉਹ ਮਰਦਾਂ ਤੋਂ ਕਿਸੇ ਪੱਖੋਂ ਘੱਟ ਨਹੀਂ।

ਐਕਸਟਰ ਵਾਸੀ ਸਟੈਲਾ ਗਿਲਾਰਡ ਨੇ ਕੈਂਸਰ ਦੇ ਇਲਾਜ ਲਈ ਚੰਦਾ ਇਕੱਠਾ ਕਰਨ ਲਈ ਇਹ ਕਾਰਨਾਮਾ ਕੀਤਾ ਤੇ ਉਸ ਨੇ ਕਿਹਾ ਕਿ ਛਾਲ ਲਾਉਣ ਤੋਂ ਪਹਿਲਾਂ ਉਹ ਰਤਾ ਵੀ ਨਹੀਂ ਘਬਰਾਈ। ਇਸ ਦਲੇਰਾਨਾ ਕਦਮ ਸਦਕਾ ਵਲਡ ਕੈਂਸਰ ਰਿਸਰਚ ਲਈ 1580 ਪੌਂਡ ਇਕੱਤਰ ਹੋਏ। ਉਸ ਨੇ ਆਪਣਾ ਇਹ ਕਾਰਨਾਮਾ ਆਪਣੀ ਧੀ ਕੈਥੀ ਨੂੰ ਸਮਰਪਤ ਕੀਤਾ ਜਿਸ ਦੀ 2012 ਵਿਚ ਕੈਂਸਰ ਕਾਰਨ ਮੌਤ ਹੋ ਗਈ ਸੀ।

# ਭਾਰਤੀ ਖਿਲਾਫ਼ ਜਾਅਲਸਾਜ਼ੀ ਦਾ ਕੇਸ ਦਰਜ

ਨਿਊ ਯਾਰਕ: ਬਾਲੀਵੁਡ ਦੀ ਇਕ ਫਿਲਮ ਕੰਪਨੀ ਵਿਚ ਕੰਮ ਕਰਨ ਦਾ ਦਾਅਵਾ ਕਰਨ ਵਾਲੇ ਇਕ ਭਾਰਤੀ ਸ਼ਖ਼ਸ ਖਿਲਾਫ਼ ਅਮਰੀਕਾ ਵਿਚ ਜਾਅਲਸਾਜ਼ੀ ਦਾ ਕੇਸ ਦਰਜ ਕੀਤਾ ਗਿਆ ਹੈ। ਬਰੂਕਲਿਨ ਦੀ ਸੰਘੀ ਅਦਾਲਤ ਵਿਚ ਦਰਜ ਕੀਤੀ ਗਈ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਸੁਖਪਾਲ ਵੀਰ ਸਿੰਘ ਨਵੀਂ ਦਿੱਲੀ ਵਿਚ ਅਮਰੀਕੀ ਅੰਬੈਸੀ ਵੱਲੋਂ ਜਾਰੀ ਕੀਤੇ ਗਏ ਵੀਜ਼ੇ ਜੋ ਬਿਨੈ ਪੱਤਰ ਵਿਚ ਗਲ਼ਤੀਆਂ ਕਾਰਨ ਪਿਛਲੇ ਮਹੀਨੇ ਰੱਦ ਕਰ ਦਿੱਤਾ ਗਿਆ ਸੀ, ਦੇ ਆਧਾਰ ਉਤੇ ਕੁਵੈਤ ਤੋਂ ਕੈਨੇਡੀ ਹਵਾਈ ਅੱਡੇ ਉਤੇ ਪਹੁੰਚਿਆ ਸੀ।

# ਪਰਵਾਸੀ ਭਾਰਤੀ ਨਾਲ ਭਰਾ ਨੇ ਹੀ ਮਾਰੀ ਠੱਗੀ

**ਜਲੰਧਰ:** ਪਿਛਲੇ 39 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਫਗਵਾੜਾ ਦੇ ਅਸ਼ਵਨੀ ਕੁਮਾਰ ਨੇ ਆਪਣੇ ਭਰਾ ਉਤੇ ਇਕ ਕਰੋੜ 23 ਲੱਖ ਦੀ ਠੱਗੀ ਦੇ ਦੋਸ਼ ਲਾਏ ਹਨ। ਉਸ ਮੁਤਾਬਕ ਭਰਾ ਨੇ ਬੈਂਕ ਸਟਾਫ ਨਾਲ ਮਿਲ ਕੇ ਉਨ੍ਹਾਂ ਦੇ ਖਾਤੇ ਵਿਚੋਂ ਪੈਸੇ ਕੱਢਵਾ ਲਏ। ਅਸ਼ਵਨੀ ਕੁਮਾਰ ਨੇ ਦੱਸਿਆ ਕਿ ਉਸ ਨੇ 1989 ਵਿਚ ਬੈਂਕ 'ਚ ਖਾਤਾ ਖੁਲ੍ਹਵਾਇਆ ਸੀ ਤੇ ਉਹ ਲਗਾਤਾਰ ਖਾਤੇ ਵਿਚ ਪੈਸੇ ਜਮ੍ਹਾਂ ਕਰਵਾ ਰਿਹਾ ਸੀ।

ਉਸ ਦੇ ਭਰਾ ਨੇ ਆਪਣੇ ਦਸਤਖਤ ਕਰਕੇ 1990 ਤੋਂ ਲੈ ਕੇ 2005 ਤੱਕ 1.23 ਕਰੋੜ ਦੀ ਰਕਮ ਉਸ ਦੇ ਖਾਤੇ ਵਿਚੋਂ ਕਢਵਾ ਲਈ। 2005 ਵਿਚ ਜਦ ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਭਰਾ ਤੇ ਬੈਂਕ ਅਧਿਕਾਰੀਆਂ ਨੂੰ ਸਵਾਲ ਕੀਤੇ ਪਰ ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਪੁਲਿਸ ਵੱਲੋਂ ਵੀ ਕਾਰਵਾਈ ਨਾ ਕਰਨ ਦਾ ਦੋਸ਼ ਲਾਇਆ। ਇਸ ਮਾਮਲੇ 'ਚ ਉਨ੍ਹਾਂ 2011 ਵਿਚ ਕਪੂਰਥਲਾ ਦੇ ਐਸ.ਐਸ.ਪੀ. ਕੋਲ ਸ਼ਿਕਾਇਤ ਦਰਜ ਕਰਵਾਈ ਸੀ ਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ।









## ਦੁਨੀਆਂ ਵਿਚ ਛਾਇਆ ਤਾਜ ਮਹਿਲ

**ਲੰਡਨ:** ਦੁਨੀਆਂ ਭਰ ਦੇ ਸੈਲਾਨੀਆਂ ਨੇ ਤਾਜ ਮਹਿਲ ਨੂੰ ਵਿਸ਼ਵ ਦੇ ਪਹਿਲੇ 3 ਸਭ ਤੋਂ ਚਰਚਿਤ ਸਮਾਰਕਾਂ 'ਚ ਸ਼ਾਮਿਲ ਕੀਤਾ ਹੈ। 2015 ਦੇ 'ਟਰੈਵਲ ਚੁਆਇਸ ਐਟਰੈਕਸ਼ਨ ਐਵਾਰਡ' ਅਨੁਸਾਰ ਤਾਜ ਮਹਿਲ ਤੀਜੇ ਸਥਾਨ 'ਤੇ ਰਿਹਾ।



ਪਹਿਲੇ ਸਥਾਨ 'ਤੇ ਪੇਰੂ ਦੇ ਮਾਚੂ ਪਿਚੂ ਤੇ ਦੂਜੇ ਸਥਾਨ 'ਤੇ ਕੰਬੋਡੀਆ ਦਾ ਅੰਗਕੋਰ ਵਾਟ ਹੈ।

ਐਵਾਰਡ ਦੇ ਜੇਤੂਆਂ ਦੀ ਚੋਣ ਸੈਲਾਨੀਆਂ ਦੀ ਸਮੀਖਿਆ ਦੇ ਆਧਾਰ 'ਤੇ ਕੀਤੀ ਗਈ ਹੈ। ਤਾਜ ਮਹਿਲ 1983 'ਚ ਯੂਨੈਸਕੋ ਵਿਸ਼ਵ ਵਿਰਾਸਤ ਸੂਚੀ 'ਚ ਸ਼ਾਮਿਲ ਹੋਇਆ ਸੀ। ਇਸ ਨੂੰ ਦੇਖਣ ਲਈ ਹਰ ਸਾਲ 20 ਤੋਂ 40 ਲੱਖ ਸੈਲਾਨੀ ਪੁੱਜਦੇ ਹਨ ਜਿਸ 'ਚ 2 ਲੱਖ ਤੋਂ ਜ਼ਿਆਦਾ ਵਿਦੇਸ਼ੀ ਸੈਲਾਨੀ ਸ਼ਾਮਿਲ ਹਨ।

# ਕੈਪਟਨ ਨੂੰ ਪੰਜਾਬ ਦੀ 'ਕਪਤਾਨੀ' ਮਿਲਣ ਦਾ ਰਾਹ ਪੱਧਰਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਉਣ ਲਈ ਸਰਗਰਮੀਆਂ ਮੁੜ ਜ਼ੋਰ ਫੜਦੀਆਂ ਜਾ ਰਹੀਆਂ ਹਨ ਤੇ ਪ੍ਰਧਾਨਗੀ ਦਾ ਫੈਸਲਾ ਜਲਦੀ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਆਗੂ ਪਾਰਟੀ ਹਾਈਕਮਾਨ ਨੂੰ ਕਹਿ ਰਹੇ ਹਨ ਕਿ ਚੋਣਾਂ ਵਿਚ ਡੇਢ ਸਾਲ ਦਾ ਹੀ ਸਮਾਂ ਰਹਿ ਗਿਆ ਹੈ ਤੇ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਨੂੰ ਗੱਦੀ ਤੋਂ ਲਾਹੁਣ ਲਈ ਪ੍ਰਧਾਨਗੀ ਦਾ ਫੈਸਲਾ ਛੇਤੀ ਕੀਤਾ ਜਾਵੇ।

ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੀਆਂ ਤਿੰਨ ਵਿਧਾਇਕ ਬੀਬੀਆਂ ਪਾਰਟੀ ਹਾਈਕਮਾਨ ਨੂੰ ਦਿੱਲੀ ਵਿਚ ਮਿਲੀਆਂ ਸਨ ਤੇ ਉਨ੍ਹਾਂ ਨੇ ਪ੍ਰਦੇਸ਼ ਕਾਂਗਰਸ ਪ੍ਰਧਾਨਗੀ ਦਾ ਫੈਸਲਾ ਜਲਦੀ ਕਰਨ ਉਤੇ ਜ਼ੋਰ ਦਿੱਤਾ ਸੀ। ਉਨ੍ਹਾਂ ਨੇ ਪਾਰਟੀ ਦੇ ਲੋਕ ਸਭਾ ਵਿਚ ਉਪ ਆਗੂ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਦੀ ਕਮਾਨ ਸੌਂਪਣ ਲਈ ਜ਼ੋਰ ਦਿੱਤਾ ਸੀ ਤੇ ਇਸ ਮੁੱਦੇ ਉਤੇ ਹਾਈਕਮਾਨ ਦਾ ਰੁਖ਼ ਵੀ ਠੀਕ ਜਾਪਦਾ ਸੀ। ਇਨ੍ਹਾਂ ਵਿਧਾਇਕ ਬੀਬੀਆਂ ਵਿਚ ਕਰਨ ਬਰਾੜ, ਹਰਚੰਦ ਕੌਰ ਤੇ ਗੁਰਇਕਬਾਲ ਬਬਲੀ ਸ਼ਾਮਲ ਸਨ। ਬੀਬੀਆਂ ਤੋਂ ਇਲਾਵਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਕੁਝ ਹੋਰ ਸੀਨੀਅਰ ਆਗੂ ਤੇ



ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਵੀ ਵਿਦੇਸ਼ ਦੌਰੇ ਉਤੇ ਜਾਣ ਤੋਂ ਪਹਿਲਾਂ ਕੇਂਦਰੀ ਲੀਡਰਸ਼ਿਪ ਨੂੰ ਮਿਲ ਚੁੱਕੇ ਹਨ।

ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਪਾਰਟੀ ਦੇ ਸ਼ਕਤੀਸ਼ਾਲੀ ਆਗੂ ਹਨ ਜਿਹੜੇ ਅਕਾਲੀ ਦਲ ਤੇ ਭਾਜਪਾ ਸਰਕਾਰ ਨੂੰ ਹਰਾਉਣ ਲਈ ਸਖ਼ਤ ਟੱਕਰ ਦੇਣ ਦੀ ਸਮਰੱਥਾ ਰੱਖਦੇ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਦੀ ਚੋਣ ਮੁਹਿੰਮ ਕਮੇਟੀ ਦਾ ਚੇਅਰਮੈਨ ਬਣਾਉਣ ਦੀ ਤਜਵੀਜ਼ ਬਾਰੇ ਉਨ੍ਹਾਂ ਕਿਹਾ ਕਿ ਉਹ ਤਜਵੀਜ਼ ਪੁਰਾਣੀ ਹੋ ਗਈ ਹੈ ਤੇ ਹੁਣ ਤਾਂ ਸਾਰੇ ਮਾਮਲੇ 'ਤੇ ਹੀ ਨਵੇਂ ਸਿਰੇ ਤੋਂ ਵਿਚਾਰ ਹੋ ਰਿਹਾ ਹੈ। ਹਾਈਕਮਾਨ ਨੂੰ ਸਪੱਸ਼ਟ ਕੀਤਾ ਗਿਆ ਹੈ ਕਿ ਪਾਰਟੀ ਕਿਸ ਆਗੂ ਦੀ ਅਗਵਾਈ ਹੇਠ ਜਿੱਤ ਹਾਸਲ ਕਰ ਸਕਦੀ ਹੈ। ਦੂਜਾ ਸੂਬੇ ਵਿਚ ਲੜਾਈ ਇੰਨੀ ਸਿੱਧੀ ਤੇ ਆਸਾਨ ਨਹੀਂ ਹੈ, ਕਿਉਂਕਿ ਇਕ ਪਾਸੇ ਆਮ ਆਦਮੀ ਪਾਰਟੀ ਤੇ ਦੂਜੇ ਪਾਸੇ ਹਾਕਮ ਧਿਰ ਹੈ। ਪਿਛਲੇ ਸਮੇਂ ਵਿਚ ਆਮ ਆਦਮੀ ਪਾਰਟੀ ਦੀ ਸ਼ਕਤੀ ਕਮਜ਼ੋਰ ਹੋਈ ਹੈ ਪਰ ਫਿਰ ਵੀ ਇਕ ਧਿਰ ਵਜੋਂ ਤਾਂ ਇਹ ਪਾਰਟੀ ਉਭਰੀ ਹੈ। ਇਹ ਵੀ ਪਤਾ ਲੱਗਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੀ ਜਲਦੀ ਹੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਮਿਲਣਗੇ ਤੇ ਸੂਬੇ ਦੀ ਸਮੁੱਚੀ ਸਿਆਸੀ ਸਥਿਤੀ ਦਾ ਸਾਰ ਤੱਤ ਪੇਸ਼ ਕਰਨਗੇ।

## ਪੰਚਮ ਪਾਤਸ਼ਾਹ ਦੀ ਸ਼ਹੀਦੀ ਨੂੰ ਸਮਰਪਿਤ ਪਾਠਾਂ ਦੀ ਲੜੀ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵਿਖੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ ਜੋ 19 ਜੂਨ ਤੱਕ ਜਾਰੀ ਰਹੇਗੀ।

ਸਭਾ ਵਲੋਂ ਜਾਰੀ ਬਿਆਨ ਅਨੁਸਾਰ ਇਹ ਸੇਵਾ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵਲੋਂ ਚਲਾਈ ਜਾ ਰਹੀ ਹੈ ਜੋ ਸਵੇਰੇ 9 ਵਜੇ ਤੋਂ 11 ਵਜੇ ਦਰਮਿਆਨ ਹੁੰਦੀ ਹੈ।

## ਐਨ.ਆਰ.ਆਈ. ਕਤਲ ਮਾਮਲੇ ਦੀ ਗੁੱਥੀ ਸੁਲਝੀ

**ਜਲੰਧਰ:** ਇੰਗਲੈਂਡ ਦੇ ਲਾਪਤਾ ਹੋਟਲੀਅਰ ਰਣਜੀਤ ਸਿੰਘ ਰਾਣਾ ਦਾ ਅੱਠ ਮਈ ਨੂੰ ਹੀ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਮੁਤਾਬਕ ਉਸ ਦਾ ਕਤਲ 25 ਸਾਲ ਪੁਰਾਣੇ ਦੋਸਤ ਤੇ ਵਪਾਰ ਵਿਚ ਸਾਂਝੀਦਾਰ ਐਨ.ਆਰ.ਆਈ. ਬਲਦੇਵ ਸਿੰਘ ਦਿਉਲ ਨੇ ਆਪਣੇ ਭਾਣਜੇ ਨਾਲ ਮਿਲ ਕੇ ਕੀਤਾ ਹੈ। ਸ੍ਰੀ ਰਾਣਾ ਦੀ ਲਾਸ਼ ਨੂੰ ਆਨੰਦਪੁਰ ਸਾਹਿਬ ਵਿਚ ਪੈਂਦੇ ਪਿੰਡ ਨੱਕੀਆਂ ਨੇੜੇ ਭਾਖੜਾ ਨਹਿਰ ਵਿਚ ਸੁੱਟ ਦਿੱਤਾ ਗਿਆ ਸੀ। ਪੁਲਿਸ ਨੇ ਬਲਦੇਵ ਸਿੰਘ ਦੇ ਭਾਣਜੇ ਸੁਖਦੇਵ ਸਿੰਘ (35) ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਬਲਦੇਵ ਸਿੰਘ 15 ਮਈ ਨੂੰ ਵਾਪਸ ਇੰਗਲੈਂਡ ਭੱਜ ਗਿਆ ਸੀ। ਪੁਲਿਸ ਨੇ ਦੱਸਿਆ ਕਿ ਸੁਖਦੇਵ ਨੇ ਜੁਰਮ ਕਬੂਲ ਲਿਆ ਹੈ।

ਡਿਪਟੀ ਕਮਿਸ਼ਨਰ ਪੁਲਿਸ (ਡੀ.ਸੀ.ਪੀ.) ਰਜਿੰਦਰ ਸਿੰਘ ਨੇ ਦੱਸਿਆ ਕਿ ਰਣਜੀਤ ਸਿੰਘ ਤੇ ਬਲਦੇਵ ਸਿੰਘ ਕਾਫੀ ਪੁਰਾਣੇ ਦੋਸਤ ਸਨ ਤੇ ਉਨ੍ਹਾਂ ਦਾ ਸਾਂਝਾ ਵਪਾਰ ਇੰਗਲੈਂਡ ਤੇ ਭਾਰਤ ਵਿਚ ਵੀ ਸੀ। ਫਿਲਹਾਲ ਮਾਮਲਾ ਪੈਸੇ ਦੇ ਲੈਣ-ਦੇਣ ਦਾ ਜਾਪ ਰਿਹਾ ਹੈ।

ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਡੀ.ਸੀ.ਪੀ. ਨੇ ਕਿਹਾ ਕਿ ਬਲਦੇਵ ਸਿੰਘ ਨੇ ਵਪਾਰ ਦਾ ਕੋਈ ਬਹਾਨਾ ਬਣਾ ਕੇ ਉਸ ਨੂੰ ਪੰਜਾਬ ਬੁਲਾਇਆ ਸੀ। ਬਲਦੇਵ ਸਿੰਘ ਆਪਣੇ ਭਾਣਜੇ ਸੁਖਦੇਵ ਸਿੰਘ ਨਾਲ ਅੰਮ੍ਰਿਤਸਰ ਦੇ ਹਵਾਈ ਅੱਡੇ ਉਤੇ ਰਣਜੀਤ ਸਿੰਘ ਨੂੰ ਲੈਣ ਗਿਆ ਤੇ ਦੋਵੇਂ ਉਸ ਨੂੰ ਪਹਿਲਾਂ ਦਰਬਾਰ ਸਾਹਿਬ ਲੈ ਗਏ।

ਦੋਵੇਂ ਮੁਲਜ਼ਮ ਰਣਜੀਤ ਸਿੰਘ ਨੂੰ ਮਾਰਨ ਦੇ ਇਰਾਦੇ ਨਾਲ ਵਾਇਆ ਬੰਗਾ ਆਨੰਦਪੁਰ ਸਾਹਿਬ ਵੱਲ ਲੈ ਗਏ ਤੇ ਉਥੇ ਇਨੋਵਾ ਕਾਰ ਵਿਚ ਉਨ੍ਹਾਂ ਨੇ ਰਣਜੀਤ ਸਿੰਘ ਦੇ ਮੂੰਹ ਉਤੇ ਪਲਾਸਟਿਕ ਦਾ ਲਿਫਾਫਾ ਚੜ੍ਹਾ ਕੇ ਰੱਸੀ ਨਾਲ ਗਲਾ ਘੁੱਟ ਕੇ ਮਾਰ ਦਿੱਤਾ। ਇਸ ਤੋਂ ਬਾਅਦ ਉਸ ਦੇ ਕੱਪੜੇ ਲਾਹ ਕੇ ਉਸ ਨੂੰ ਨਹਿਰ ਵਿਚ ਸੁੱਟ ਦਿੱਤਾ।

## ਏਅਰ ਮਾਰਸ਼ਲ ਧਨੋਆ ਬਣੇ ਹਵਾਈ ਸੈਨਾ ਦੇ ਉਪ ਮੁਖੀ

**ਨਵੀਂ ਦਿੱਲੀ:** ਏਅਰ ਮਾਰਸ਼ਲ ਬਰਿੰਦਰ ਸਿੰਘ ਧਨੋਆ ਜਿਨ੍ਹਾਂ 1999 ਵਿਚ ਕਾਰਗਿਲ ਜੰਗ ਦੌਰਾਨ ਭਾਰਤੀ ਹਵਾਈ ਸੈਨਾ ਦੀ ਲੜਾਕੂ ਸਕੁਐਡਰਨ ਦੀ ਅਗਵਾਈ ਕੀਤੀ ਸੀ, ਨੇ ਭਾਰਤੀ ਹਵਾਈ ਸੈਨਾ ਦੇ ਉਪ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ।

ਏਅਰ ਮਾਰਸ਼ਲ ਧਨੋਆ ਮੁਹਾਲੀ ਜ਼ਿਲ੍ਹੇ ਦੇ ਪਿੰਡ ਘੜੂੰਆਂ ਦੇ ਜੰਮ ਪਲ ਹਨ। ਇਸ ਨਿਯੁਕਤੀ ਤੋਂ ਪਹਿਲਾਂ ਏਅਰ ਮਾਰਸ਼ਲ ਧਨੋਆ ਭਾਰਤੀ ਹਵਾਈ ਸੈਨਾ ਦੀ ਦੱਖਣੀ ਕਮਾਂਡ ਦੇ ਮੁਖੀ ਸਨ ਜਿਸ ਦਾ ਸਦਰ ਮੁਕਾਮ ਗੁਜਰਾਤ ਵਿਚ ਗਾਂਧੀਨਗਰ ਵਿਚ ਹੈ।

## ਦਸਵੀਂ ਵਿਚ 35 ਹਜ਼ਾਰ ਬੱਚੇ ਪੰਜਾਬੀ ਵਿਚੋਂ ਫੇਲ੍ਹ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਲੱਖਾਂ ਰੁਪਏ ਖਰਚ ਕਰ ਕੇ ਸਮਾਗਮ ਕਰਵਾਏ ਤਾਂ ਜਾ ਰਹੇ ਹਨ ਜਿਸ 'ਚ ਸਾਰਿਆਂ ਨੂੰ ਪੰਜਾਬੀ ਬੋਲੀ ਦੇ ਮਹੱਤਵ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ, ਪਰ ਇਹ ਮੁਹਿੰਮ ਸਿੱਖਿਆ ਦੇ ਖੇਤਰ 'ਚ ਅਸਫਲ ਹੋ ਰਹੀ ਹੈ। ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐਸ.ਈ.ਬੀ.) ਦੀ ਦਸਵੀਂ ਕਲਾਸ ਦੇ ਨਤੀਜਿਆਂ 'ਚ 35702 ਬੱਚੇ ਪੰਜਾਬੀ ਭਾਸ਼ਾ 'ਚ ਫੇਲ੍ਹ ਹੋ ਗਏ। ਰਾਸ਼ਟਰੀ ਭਾਸ਼ਾ ਹਿੰਦੀ ਦਾ ਨਤੀਜਾ ਵੀ ਨਿਰਾਸ਼ਾਜਨਕ ਰਿਹਾ, ਹਾਲਾਂਕਿ ਸਾਰੀਆਂ ਭਾਸ਼ਾਵਾਂ ਦੀ ਜਨਮਦਾਤੀ ਸੰਸਕ੍ਰਿਤ ਦਾ ਨਤੀਜਾ ਸ਼ਾਨਦਾਰ ਰਿਹਾ।

ਦਸਵੀਂ ਦੀ ਪ੍ਰੀਖਿਆ 'ਚ 379060 ਬੱਚਿਆਂ ਵੱਲੋਂ ਪੰਜਾਬੀ ਦੀ ਪ੍ਰੀਖਿਆ ਦਿੱਤੀ ਗਈ ਸੀ ਜਿਸ 'ਚ 343358 ਬੱਚੇ ਹੀ ਪਾਸ ਹੋਏ ਹਨ ਅਤੇ 35702 ਬੱਚੇ ਫੇਲ੍ਹ ਹੋ ਗਏ। ਪੰਜਾਬੀ ਪ੍ਰੀਖਿਆ ਦਾ ਨਤੀਜਾ 90.58 ਫੀਸਦੀ ਰਿਹਾ। ਅੰਗਰੇਜ਼ੀ ਭਾਸ਼ਾ ਦਾ ਪੱਧਰ ਵੀ ਪੰਜਾਬ 'ਚ ਡਿਗਦਾ ਵਿਖਾਈ ਦੇ ਰਿਹਾ ਹੈ। ਅੰਗਰੇਜ਼ੀ ਦੀ ਪ੍ਰੀਖਿਆ 378628 ਬੱਚਿਆਂ ਵੱਲੋਂ ਦਿੱਤੀ ਗਈ ਸੀ ਜਿਸ 'ਚ 298350 ਬੱਚਿਆਂ ਦੇ ਪਾਸ ਹੋਣ ਨਾਲ ਇਸ ਦਾ ਨਤੀਜਾ 78.79 ਫੀਸਦੀ ਰਿਹਾ। ਰਾਸ਼ਟਰੀ ਭਾਸ਼ਾ ਹਿੰਦੀ ਦਾ ਪੱਧਰ ਵੀ ਪੰਜਾਬ 'ਚ ਡਿੱਗ ਰਿਹਾ ਹੈ। ਇਸ ਵਾਰ 378083 ਬੱਚਿਆਂ ਵੱਲੋਂ ਹਿੰਦੀ ਦੀ ਪ੍ਰੀਖਿਆ ਦਿੱਤੀ ਗਈ ਜਿਸ ਵਿਚੋਂ 330294 ਬੱਚੇ ਹੀ ਪਾਸ ਹੋਏ। ਗਣਿਤ ਦੀ ਪ੍ਰੀਖਿਆ 'ਚੋਂ 362693 'ਚੋਂ 309563 ਬੱਚਿਆਂ ਦੇ ਪਾਸ ਹੋਣ ਨਾਲ ਇਹ ਨਤੀਜਾ 85.35 ਫੀਸਦੀ ਰਿਹਾ। ਵਿਗਿਆਨ ਦੀ ਪ੍ਰੀਖਿਆ 378610 ਬੱਚਿਆਂ ਵੱਲੋਂ ਦਿੱਤੀ ਗਈ ਜਿਸ 'ਚ 313148 ਬੱਚੇ ਹੀ ਪਾਸ ਹੋ ਸਕੇ।

## ਮੈਗੀ ਦੇ ਬਰਾਂਡ ਅੰਬੈਸਡਰਾਂ ਖ਼ਿਲਾਫ਼ ਕੇਸ

**ਨਵੀਂ ਦਿੱਲੀ:** ਮੁਜ਼ੱਫਰਪੁਰ ਦੀ ਇਕ ਜ਼ਿਲ੍ਹਾ ਅਦਾਲਤ ਨੇ ਇਥੋਂ ਦੀ ਪੁਲਿਸ ਨੂੰ ਨੈਸਲੇ ਦੇ ਦੋ ਅਧਿਕਾਰੀਆਂ ਤੇ ਮੈਗੀ ਦੇ ਇਸ਼ਤਿਹਾਰਾਂ ਵਿਚ ਨਜ਼ਰ ਆ ਚੁੱਕੇ ਫਿਲਮੀ ਸਿਤਾਰੇ ਅਮਿਤਾਭ ਬੱਚਨ, ਮਾਧੁਰੀ ਦੀਕਸ਼ਿਤ ਤੇ ਪ੍ਰੀਤੀ ਜ਼ਿੰਟਾ ਖ਼ਿਲਾਫ਼ ਕੇਸ ਦਰਜ ਕਰਨ ਤੇ ਲੋੜ ਪੈਣ ਉਤੇ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਇਸੇ ਦੌਰਾਨ ਦਿੱਲੀ ਸਰਕਾਰ ਵੱਲੋਂ ਲੈਬਾਰਟਰੀ ਵਿਚ ਜਾਂਚ ਲਈ ਭੇਜੇ ਗਏ ਮੈਗੀ ਦੇ ਨਮੂਨੇ ਫੇਲ੍ਹ ਸਾਬਤ ਹੋਏ ਹਨ। ਦੂਜੇ ਪਾਸੇ ਕੇਰਲਾ ਦੇ ਖਾਧ ਤੇ ਸਿਵਲ ਸਪਲਾਈ ਮੰਤਰੀ ਅਨੂਪ ਜੈਕਬ ਤੇ ਕਰਨਾਟਕਾ ਦੇ ਸਿਹਤ ਮੰਤਰੀ ਨੇ ਆਪੋ ਆਪਣੇ ਸੂਬਿਆਂ ਦੇ ਬਾਜ਼ਾਰਾਂ ਵਿਚੋਂ ਮੈਗੀ ਚੁੱਕਣ ਤੇ ਇਸ ਦੇ ਨਮੂਨੇ ਜਾਂਚ ਲਈ ਭੇਜਣ ਦੇ ਹੁਕਮ ਜਾਰੀ ਕੀਤੇ ਹਨ। ਅਦਾਲਤ ਵਿਚ ਦਾਇਰ ਅਪੀਲ ਵਿਚ ਨੈਸਲੇ ਦੇ ਪ੍ਰਬੰਧ ਨਿਰਦੇਸ਼ਕ ਮੋਹਨ ਗੁਪਤਾ ਤੇ ਜਾਇੰਟ ਡਾਇਰੈਕਟਰ ਸਬਾਬ ਆਲਮ ਅਤੇ ਵੱਖ-ਵੱਖ ਸਮੇਂ ਉਤੇ ਮੈਗੀ ਦੇ ਇਸ਼ਤਿਹਾਰਾਂ ਵਿਚ ਨਜ਼ਰ ਆ ਚੁੱਕੇ ਫਿਲਮੀ ਸਿਤਾਰਿਆਂ ਅਮਿਤਾਭ ਬੱਚਨ, ਮਾਧੁਰੀ ਦੀਕਸ਼ਿਤ ਤੇ ਪ੍ਰੀਤੀ ਜ਼ਿੰਟਾ ਦਾ ਨਾਂ ਸ਼ਾਮਲ ਹੈ।

## ਮੇਨਕਾ ਗਾਂਧੀ ਨੇ ਹੁਸੈਨੀਵਾਲਾ ਵਿਖੇ ਕੀਤਾ ਸ਼ਹੀਦਾਂ ਨੂੰ ਸਜਦਾ

**ਫ਼ਿਰੋਜ਼ਪੁਰ:** ਕੇਂਦਰੀ ਬਾਲ ਭਲਾਈ ਤੇ ਮਹਿਲਾ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਹਿੰਦ-ਪਾਕਿ ਕੌਮੀ ਸਰਹੱਦ ਹੁਸੈਨੀਵਾਲਾ ਵਿਖੇ ਸਥਿਤ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸਮਾਰਕਾਂ ਉਤੇ ਪਹੁੰਚ ਸ਼ਹੀਦਾਂ ਨੂੰ ਸਜਦਾ ਕੀਤਾ। ਉਹ ਫ਼ਿਰੋਜ਼ਪੁਰ ਵਿਖੇ ਮੋਦੀ ਸਰਕਾਰ ਦੀਆਂ ਇਕ ਸਾਲ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਵਿਚ ਰੱਖਣ ਆਏ ਹੋਏ ਸਨ। ਇਸ ਮੌਕੇ ਉਨ੍ਹਾਂ ਮੋਦੀ ਸਰਕਾਰ ਵੱਲੋਂ ਕੀਤੇ ਕੰਮਾਂ ਬਾਰੇ ਖੁੱਲ ਕੇ ਚਰਚਾ ਕੀਤੀ। ਮੋਦੀ ਸਰਕਾਰ ਵੱਲੋਂ ਜ਼ਮੀਨ ਪ੍ਰਾਪਤੀ ਬਿੱਲ ਨੂੰ ਦੇਸ਼ ਤੇ ਕਿਸਾਨਾਂ ਦੇ ਹਿੱਤ ਵਿਚ ਦੱਸਦਿਆਂ ਕਿਹਾ ਕਿ ਇਸ ਨਾਲ ਵਿਕਾਸ ਦੇ ਨਵੇਂ ਦਰਵਾਜ਼ੇ ਖੁੱਲ੍ਹਣਗੇ, ਪਰ ਕਾਂਗਰਸ ਆਦਿ ਵਿਰੋਧੀ ਬੇਵਜ੍ਹਾ ਮੋਦੀ ਸਰਕਾਰ ਦਾ ਵਿਰੋਧ ਜਤਾ ਰਹੇ ਹਨ।


**Matrimonial**

**ਵਰ ਦੀ ਲੋੜ ਹੈ**

Suitable match sought for Jatt Sikh U.S. Citizen girl, 27 yrs, 5'-6", Master's in Science & employed. The boy should be Jatt Sikh, well-educated, professionally employed from a well-settled family in California, preferably from Bay Area. Contact 510-331-4868 or email: kaur125@yahoo.com 21-24

Jatt Sikh parents seek match for US Citizen daughter, 28, 5'10", bachelors in marketing & employed. Family well settled in Wisconsin, US since 25 years. Boy should Jatt Sikh atleast 6", well-settled in career, preferably from the US or Canada. Contact: 1-414-982-5188 or wisconsinkaur@gmail. com.

**Liquor Store Sale by Owner**

**Liquor store with Grocery, Beer, Wine and lottery in Kalamazoo, Michigan is on sale.**

**Very good location, 2 acres of land, Huge building for extra business or storage, huge parking lot and**

**Monthly Sale: $85,000+**

**For more info, Call (972) 838-8370**

**ਕੈਲਮਜ਼ੂ, ਮਿਸ਼ੀਗਨ ਵਿਚ ਲਿੱਕਰ ਸਟੋਰ ਵਿਕਾਊ ਹੈ, ਜਿਸ ਵਿਚ ਗਰੌਸਰੀ, ਬੀਅਰ, ਵਾਈਨ ਅਤੇ ਲਾਟਰੀ-ਸਭ ਕੁਝ ਹੈ।**

**ਬਹੁਤ ਵਧੀਆ ਲੋਕੇਸ਼ਨ, ਦੋ ਏਕੜ ਦਾ ਪਲਾਟ, ਬਹੁਤ ਵੱਡੀ ਬਿਲਡਿੰਗ, ਜਿਸ ਵਿਚ ਹੋਰ ਬਿਜਨਸ ਖੋਲ੍ਹਿਆ ਜਾ ਸਕਦਾ ਹੈ।**

**ਬਹੁਤ ਖੁੱਲ੍ਹੀ ਪਾਰਕਿੰਗ**

**ਮਾਸਿਕ ਵਿਕਰੀ $85,000+**

**ਸੰਪਰਕ ਕਰੋ, ਫੋਨ (972) 838-8370**

21-23

**Philips-66 Truck Stop Convenience Store**

***For Sale or Lease***

**11 Pumps, 30 Trucks Parking**

**Diesel & Gas With Restaurant, Liquor, Lottery**

*Good Profit Margin*

**Prime Location (4 States Traffic Area on State Hwy I-44/I-49 in Missouri)**

**Also available commercial bulding (SCF), partially rented in Mohali, India**
**Commercial plot in business growing area (in Walmart, Home Office area)**

**Serious Parties Only, Please.**

**Contact: 417-825-7602**

Email: shaanmann5@gmail.com

# ਇਕ ਵਰ੍ਹੇ ਵਿਚ ਵੀ ਨਾ ਆਏ ਪੰਜਾਬ ਦੇ 'ਅੱਛੇ ਦਿਨ'

**ਚੰਡੀਗੜ੍ਹ:** ਪਿਛਲੇ ਵਰ੍ਹੇ ਹੋਈਆਂ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਵਿਚ ਉਨ੍ਹਾਂ ਦੀ ਭਾਈਵਾਲ ਭਾਜਪਾ ਸਰਕਾਰ ਆਉਣ 'ਤੇ ਪੰਜਾਬ ਵਿਚ ਟਰੱਕ ਭਰ-ਭਰ ਕੇ ਪੈਸਾ ਲਿਆਉਣ ਦਾ ਦਾਅਵਾ ਕੀਤਾ ਸੀ, ਲੋਕਾਂ ਨੇ ਅਕਾਲੀ ਦਲ ਦੀ ਇਹ ਮੁਰਾਦ ਤਾਂ ਪੂਰੀ ਕਰ ਦਿੱਤੀ ਪਰ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਇਕ ਸਾਲ ਪੂਰਾ ਕਰਨ ਪਿਛੋਂ ਵੀ ਪੰਜਾਬ ਨੂੰ ਵਿੱਤੀ ਰਾਹਤ ਦੀ ਥਾਂ ਅੰਗੂਠਾ ਹੀ ਵਿਖਾਇਆ ਹੈ।

ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਵਿੱਤੀ ਪੈਕੇਜ ਦੀਆਂ ਇਕ ਤੋਂ ਬਾਅਦ ਇਕ ਭੇਜੀਆਂ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ ਗਿਆ। ਪਿਛਲੇ ਹਫਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਦੋਂ ਆਪਣੇ ਵਿਧਾਨ ਸਭਾ ਹਲਕੇ ਵਿਚ ਸੰਗਤ ਦਰਸ਼ਨ ਦੌਰਾਨ ਨਰੇਂਦਰ ਮੋਦੀ ਸਰਕਾਰ ਦੀ ਤਾਰੀਫ਼ ਕਰ ਰਹੇ ਸਨ, ਉਸੇ ਸਮੇਂ ਕੇਂਦਰੀ ਵਿੱਤ ਰਾਜ ਮੰਤਰੀ ਜੈਅੰਤ ਸਿਨਹਾ ਦੀ ਟਿੱਪਣੀ ਨੇ ਪੰਜਾਬ ਸਰਕਾਰ ਨੂੰ ਮੁੜ ਵਿਰੋਧੀਆਂ ਦੇ ਨਿਸ਼ਾਨੇ ਅੱਗੇ ਖੜ੍ਹਾ ਕਰ ਦਿੱਤਾ। ਕੇਂਦਰੀ ਮੰਤਰੀ ਨੇ ਪੰਜਾਬ ਨੂੰ ਕਿਸੇ ਤਰ੍ਹਾਂ ਦੇ ਆਰਥਿਕ ਪੈਕੇਜ ਦੇਣ ਦੀ ਮੰਗ ਨੂੰ ਰੱਦ ਕਰਦਿਆਂ ਕਹਿ ਦਿੱਤਾ ਕਿ ਪੰਜਾਬ ਖੁਸ਼ਹਾਲ ਸੂਬਾ ਹੈ। ਪੰਜਾਬ ਹੁਣ ਕਰਜ਼ੇ ਦੇ ਜਾਲ ਵਿਚ ਫਸੇ ਸੂਬੇ ਦੀ ਪਰਿਭਾਸ਼ਾ ਦੇ ਦਾਇਰੇ ਵਿਚ ਨਹੀਂ ਆਉਂਦਾ। ਇਸ ਤੋਂ ਪਹਿਲਾਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਪਿਛਲੇ ਸਾਲ ਸਤੰਬਰ ਮਹੀਨੇ ਵਿਚ ਪੰਜਾਬ ਸਰਕਾਰ ਨੂੰ ਚਿੱਠੀ ਲਿਖ ਕੇ ਵਿਸ਼ੇਸ਼ ਵਿੱਤੀ ਪੈਕੇਜ ਨਾ ਦਿੱਤੇ ਜਾਣ ਦੀ ਜਾਣਕਾਰੀ ਦੇ ਦਿੱਤੀ ਸੀ।

ਜੇਤਲੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਪੰਜਾਬ ਨੂੰ ਆਪਣੇ ਹਿੱਸੇ ਤੋਂ ਜ਼ਿਆਦਾ ਪੈਸਾ ਮਿਲਦਾ ਰਿਹਾ ਹੈ। ਪੰਜਾਬ ਸਰਕਾਰ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਉਤੇ ਪੰਜਾਬ ਨਾਲ ਵਿਤਕਰਾ ਕਰਨ ਦਾ ਦੋਸ਼ ਲਾਉਂਦੀ ਆਈ ਸੀ, ਪਰ ਜੇਤਲੀ ਦਾ ਬਿਆਨ ਇਨ੍ਹਾਂ ਦੋਸ਼ਾਂ ਨੂੰ ਖੋਖਲਾ ਸਾਬਤ ਕਰਨ ਵਾਲਾ ਸੀ। ਪੰਜਾਬ ਸਰਕਾਰ ਨੂੰ ਪੈਕੇਜ ਦੇਣਾ ਤਾਂ ਦੂਰ ਦੀ ਗੱਲ ਹੈ ਸਗੋਂ ਪਿਛਲੇ ਸਾਲ ਝੋਨੇ ਦੇ ਸੀਜ਼ਨ ਦੌਰਾਨ ਪਏ ਸੋਕੇ ਤੋਂ ਰਾਹਤ ਲਈ ਪੰਜਾਬ ਵੱਲੋਂ ਭੇਜੇ 2300 ਕਰੋੜ ਰੁਪਏ ਦੇ ਬਿੱਲ ਤੇ ਬੇਮੌਸਮੀ ਬਰਸਾਤ ਕਾਰਨ ਕਣਕ ਦੇ ਨੁਕਸਾਨ ਲਈ 717 ਕਰੋੜ ਰੁਪਏ ਦੇਣ ਦੀ ਮੰਗ ਉਤੇ ਵੀ ਕੇਂਦਰ ਨੇ ਅਜੇ ਤੱਕ ਕੁਝ ਕਹਿਣ ਦੀ ਜ਼ਰੂਰਤ ਨਹੀਂ ਸਮਝੀ। ਪੰਜਾਬ ਸਿਰ 1.24 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜੋ ਲਗਾਤਾਰ ਵਧ ਰਿਹਾ ਹੈ।

ਕੇਂਦਰ ਸਰਕਾਰ ਨੇ ਮਾਲੀ ਤੰਗੀ ਵਾਲੇ ਵਰਗ ਵਿਚੋਂ ਪੰਜਾਬ ਨੂੰ ਬਾਹਰ ਕਰਕੇ ਵੱਡਾ ਧੱਕਾ ਦਿੱਤਾ ਹੈ। ਇਸ ਤੋਂ ਇਲਾਵਾ ਐਫ.ਸੀ.ਆਈ. ਵੱਲੋਂ ਸੂਬੇ ਵਿਚੋਂ ਕਣਕ ਦੀ ਖਰੀਦ 50 ਫ਼ੀਸਦੀ ਘਟਾਉਣ ਤੇ ਜ਼ਮੀਨ ਪ੍ਰਾਪਤੀ ਆਰਡੀਨੈਂਸ ਵਰਗੇ ਕੇਂਦਰੀ ਫੈਸਲਿਆਂ ਦਾ ਬਾਦਲ ਸਰਕਾਰ ਨੂੰ ਜਵਾਬ ਦੇਣਾ ਔਖਾ ਹੋਇਆ ਹੈ। ਪੰਜਾਬ ਸਰਕਾਰ ਨੂੰ ਕੇਂਦਰ ਤੋਂ ਇਸ ਵਾਰ ਜ਼ਿਆਦਾ ਉਮੀਦ ਸੀ। ਕੇਂਦਰੀ ਟੈਕਸਾਂ ਵਿਚੋਂ ਸੂਬਿਆਂ ਦਾ ਹਿੱਸਾ ਵਧਾਉਣ ਦੇ ਬਾਵਜੂਦ ਪੰਜਾਬ ਨੂੰ ਲਾਭ ਦੀ ਬਜਾਇ ਨੁਕਸਾਨ ਹੋਵੇਗਾ। ਕੇਂਦਰ ਸਰਕਾਰ ਵੱਲੋਂ ਸਟੇਟ ਤੇ ਸੈਕਟਰ ਆਧਾਰਿਤ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਵਿਚੋਂ ਹੀ ਪੰਜਾਬ ਨੂੰ 700 ਕਰੋੜ ਰੁਪਏ ਘੱਟ ਮਿਲਣਗੇ। ਇਸ ਨਾਲ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਰਾਸ਼ਟਰੀ ਖੁਰਾਕ ਮਿਸ਼ਨ ਵਰਗੀਆਂ ਤਮਾਮ ਸਕੀਮਾਂ ਤਕਰੀਬਨ ਬੰਦ ਹੋ ਜਾਣ ਨਾਲ ਖੇਤੀ ਖੇਤਰ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ। ਟੈਕਸਾਂ ਤੋਂ 10 ਫ਼ੀਸਦੀ ਹਿੱਸਾ ਵਧਾ ਕੇ ਸੂਬੇ ਨੂੰ ਅੱਠ ਹਜ਼ਾਰ ਕਰੋੜ ਰੁਪਏ ਜ਼ਿਆਦਾ ਮਿਲਣੇ ਹਨ ਜਦਕਿ ਪਿਛਲੇ ਸਾਲ ਪੰਜ ਹਜ਼ਾਰ ਕਰੋੜ ਰੁਪਏ ਮਿਲੇ ਸਨ। ਤਿੰਨ ਹਜ਼ਾਰ ਕਰੋੜ ਜ਼ਿਆਦਾ ਮਿਲਣ ਦੇ ਮੁਕਾਬਲੇ ਯੋਜਨਾਗਤ ਖ਼ਰਚੇ ਉਤੇ ਅੱਠ ਫ਼ੀਸਦੀ ਕਟੌਤੀ ਕਰਨ ਨਾਲ ਯੋਜਨਾਗਤ ਖਰਚੇ ਵਿਚੋਂ 2200 ਕਰੋੜ ਰੁਪਏ ਦੇ ਕਰੀਬ ਹਿੱਸਾ ਘੱਟ ਮਿਲੇਗਾ। ਸੂਬਾ ਸਰਕਾਰ ਨੇ 14ਵੇਂ ਵਿੱਤ ਕਮਿਸ਼ਨ ਨੂੰ ਦਿੱਤੇ ਮੰਗ ਪੱਤਰ ਵਿਚ ਕੇਂਦਰੀ ਟੈਕਸਾਂ ਵਿਚੋਂ 50 ਫ਼ੀਸਦੀ ਹਿੱਸੇ ਦੀ ਮੰਗ ਕੀਤੀ ਸੀ। ਟੈਕਸਾਂ ਦੇ ਹਿੱਸੇ ਲਈ ਬਣਨ ਵਾਲੇ ਮਾਪਦੰਡਾਂ ਵਿਚ ਸੂਬਾ ਸਰਕਾਰ ਨੇ ਜਨਸੰਖਿਆ ਨੂੰ 35 ਫ਼ੀਸਦੀ ਮਹੱਤਵ ਦੇਣ ਉਤੇ ਆਪਣੀ ਰਾਇ ਰੱਖਦਿਆਂ ਇਸ ਨੂੰ ਨਿਆਂਸੰਗਤ ਬਣਾਉਣ ਲਈ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਕਬੀਲੇ ਦੀ ਆਬਾਦੀ ਨੂੰ 15 ਫ਼ੀਸਦੀ ਮਹੱਤਵ ਦੇਣ ਦੀ ਮੰਗ ਕੀਤੀ ਸੀ। ਰਾਜ ਸਰਕਾਰ ਨੇ ਸੂਬੇ ਦੇ ਖੇਤਰ ਨੂੰ 15 ਫ਼ੀਸਦੀ, ਆਮਦਨ ਦੇ ਅੰਤਰ ਨੂੰ 15 ਫ਼ੀਸਦੀ ਤੇ ਹੋਰ ਰਾਜਾਂ ਦੇ ਮੁਕਾਬਲੇ ਕੁੱਲ ਘਰੇਲੂ ਪੈਦਾਵਾਰ ਨੂੰ 15 ਫ਼ੀਸਦੀ ਮਹੱਤਵ ਦੇਣ ਦਾ ਪ੍ਰਸਤਾਵ ਵੀ ਰੱਖਿਆ ਸੀ।



### ਮੋਦੀ ਨੇ ਪੰਜਾਬ ਨੂੰ ਨਜ਼ਰਅੰਦਾਜ਼ ਕੀਤਾ: ਮਨਪ੍ਰੀਤ

**ਜਲੰਧਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੂਬੇ ਦੇ ਵਿੱਤੀ ਤੇ ਕਿਸਾਨੀ ਸੰਕਟ ਲਈ ਮੌਜੂਦਾ ਲੀਡਰਸ਼ਿਪ ਨੂੰ ਜ਼ਿੰਮੇਵਾਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਕੁਦਰਤ ਨੇ ਜਰਖੇਜ਼ ਜ਼ਮੀਨ, ਖੁੱਲ੍ਹਾ ਪਾਣੀ ਤੇ ਮਿਹਨਤੀ ਲੋਕਾਂ ਸਮੇਤ ਪੰਜਾਬ ਨੂੰ ਸਭ ਕੁੱਝ ਦਿੱਤਾ ਪਰ ਚੰਗੀ ਲੀਡਰਸ਼ਿਪ ਦੀ ਘਾਟ ਕਾਰਨ ਅੱਜ ਪੰਜਾਬ ਆਪਣੇ ਸਭ ਤੋਂ ਮਾੜੇ ਦੌਰ ਵਿਚੋਂ ਲੰਘ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਵੀ ਲੰਬੇ ਹੱਥੀਂ ਲੈਂਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਨੇ ਜਿਥੇ ਪਿਛਲੇ ਇਕ ਸਾਲ ਦੌਰਾਨ ਪੰਜਾਬ ਨੂੰ ਹਰ ਖੇਤਰ ਵਿਚ ਬੁਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਹੈ, ਉਥੇ ਰਾਜ ਦੀ ਅਕਾਲੀ-ਭਾਜਪਾ ਸਰਕਾਰ ਵੀ ਸੂਬੇ ਦੀ ਪੈਰਵੀ ਕੇਂਦਰ ਕੋਲ ਠੀਕ ਢੰਗ ਨਾਲ ਨਹੀਂ ਕਰ ਸਕੀ।

### ਹੁਣ ਕਿਸੇ ਵੀ ਪੱਖੋਂ ਖੁਸ਼ਹਾਲ ਨਹੀਂ ਪੰਜਾਬ

ਕੇਂਦਰੀ ਵਿੱਤ ਰਾਜ ਮੰਤਰੀ ਜੈਅੰਤ ਸਿਨਹਾ ਨੇ ਪੰਜਾਬ ਨੂੰ ਖੁਸ਼ਹਾਲ ਸੂਬਾ ਦੱਸ ਕੇ ਵਿੱਤੀ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ ਪਰ ਪੰਜਾਬ ਨੂੰ ਹੁਣ ਕਿਸੇ ਵੀ ਪੱਖ ਤੋਂ ਖੁਸ਼ਹਾਲ ਰਾਜ ਨਹੀਂ ਮੰਨਿਆ ਜਾ ਸਕਦਾ। ਪ੍ਰਤੀ ਜੀਅ ਆਮਦਨ ਦੇ ਪੱਖ ਤੋਂ ਇਹ ਹੁਣ ਅੱਠਵੇਂ ਨੰਬਰ ਉਤੇ ਹੈ। ਇਸ ਨੂੰ ਟੈਕਸਾਂ ਤੋਂ ਜੋ ਆਮਦਨ ਹੁੰਦੀ ਹੈ, ਇਸ ਵਿਚੋਂ 25,536 ਕਰੋੜ ਰੁਪਏ ਤਨਖਾਹਾਂ ਤੇ ਪੈਨਸ਼ਨਾਂ ਵਿਚ ਨਿਕਲ ਜਾਂਦੇ ਹਨ, ਜੋ ਕਿ ਟੈਕਸਾਂ ਤੋਂ ਹੁੰਦੀ ਆਮਦਨ ਦਾ 90 ਫ਼ੀਸਦੀ ਬਣਦੇ ਹਨ। ਇਸ ਨੂੰ ਵਿਆਜ ਤੇ ਕਰਜ਼ੇ ਦੀਆਂ ਕਿਸ਼ਤਾਂ ਦੀ ਅਦਾਇਗੀ ਲਈ ਸਾਲਾਨਾ 9900 ਕਰੋੜ ਰੁਪਏ ਅਦਾ ਕਰਨੇ ਪੈਂਦੇ ਹਨ। ਰਾਜ ਦੇ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ ਇਸ ਸਿਰ ਕਰਜ਼ਾ 32 ਫ਼ੀਸਦੀ ਹੈ, ਜਦੋਂ ਕਿ ਭਾਰਤ ਦੇ ਦੂਜੇ ਰਾਜਾਂ ਵਿਚੋਂ ਕੁਝ ਇਕ ਨੂੰ ਛੱਡ ਕੇ ਬਾਕੀ ਰਾਜਾਂ ਸਿਰ ਉਨ੍ਹਾਂ ਦੇ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ 21 ਫ਼ੀਸਦੀ ਕਰਜ਼ਾ ਹੈ। ਪੰਜਾਬ ਆਪਣੇ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ ਵਿਕਾਸ ਆਧਾਰਿਤ ਪੂੰਜੀ ਖਰਚਾ ਸਿਰਫ 1.4 ਫ਼ੀਸਦੀ ਕਰਦਾ ਹੈ, ਜਦੋਂ ਕਿ ਦੂਜੇ ਰਾਜਾਂ ਦੀ ਇਹ ਦਰ 2.6 ਫ਼ੀਸਦੀ ਹੈ। ਇਸ ਸਮੇਂ ਰਾਜ ਸਿਰ ਲਗਭਗ ਇਕ ਲੱਖ 24 ਹਜ਼ਾਰ ਕਰੋੜ ਦਾ ਕਰਜ਼ਾ ਹੈ। ਪਿਛਲੇ 17 ਮਹੀਨਿਆਂ ਤੋਂ ਰਾਜ ਸਰਕਾਰ ਸਹਾਇਤਾ ਪ੍ਰਾਪਤ ਗ਼ੈਰ-ਸਰਕਾਰੀ ਸਕੂਲਾਂ ਤੇ ਗ਼ੈਰ-ਸਰਕਾਰੀ ਕਾਲਜਾਂ ਦੇ ਅਧਿਆਪਕਾਂ ਨੂੰ ਤਨਖਾਹਾਂ ਨਹੀਂ ਸੀ ਦੇ ਸਕੀ। ਸਹਿਕਾਰੀ ਗੰਨਾ ਮਿੱਲਾਂ ਵੱਲ ਕਿਸਾਨਾਂ ਦੇ ਕਰੋੜਾਂ ਰੁਪਏ ਬਕਾਏ ਪਏ ਹਨ।

# ਲੋਹੜੇ ਦੀ ਗਰਮੀ ਕਾਰਨ ਭਾਰਤ ਵਿਚ 2300 ਜਾਨਾਂ ਗਈਆਂ

**ਨਵੀਂ ਦਿੱਲੀ:** ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਲੂ ਤੇ ਗਰਮੀ ਦਾ ਕਹਿਰ ਜਾਰੀ ਹੈ। ਹੁਣ ਤੱਕ ਗਰਮੀ ਨਾਲ ਦੇਸ ਭਰ ਵਿਚ 2300 ਤੋਂ ਵੱਧ ਲੋਕਾਂ ਦੇ ਮਰਨ ਦੇ ਵੇਰਵੇ ਮਿਲੇ ਹਨ। ਸੂਤਰਾਂ ਅਨੁਸਾਰ ਆਂਧਰਾ ਪ੍ਰਦੇਸ਼, ਤੇਲੰਗਾਨਾ ਤੇ ਉੜੀਸਾ ਵਿਚ 202 ਲੋਕਾਂ ਦੀ ਗਰਮੀ ਨਾਲ ਮੌਤ ਹੋਈ ਹੈ। ਮਹਾਰਾਸ਼ਟਰ ਤੇ ਨਾਗਪੁਰ ਵਿਚ ਸਭ ਤੋਂ ਜ਼ਿਆਦਾ 47.1 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ। ਆਂਧਰਾ ਪ੍ਰਦੇਸ ਵਿਚ ਲੂ ਲੱਗਣ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ 1636 ਹੋ ਗਈ। ਤੇਲੰਗਾਨਾ ਵਿਚ ਲੂ ਕਾਰਨ 52 ਹੋਰ ਲੋਕਾਂ ਦੀ ਮੌਤ ਹੋਣ ਕਾਰਨ ਰਾਜ ਵਿਚ ਮਰਨ ਵਾਲਿਆਂ ਦੀ ਗਿਣਤੀ 541 ਤੱਕ ਪੁੱਜ ਗਈ। ਉੜੀਸਾ ਵਿਚ ਗਰਮੀ ਨਾਲ 21 ਲੋਕ ਮਾਰੇ ਗਏ ਹਨ। ਗੁਜਰਾਤ ਵਿਚ ਸੱਤ ਲੋਕਾਂ ਦੀ ਮੌਤ ਹੋਈ ਹੈ। ਦਿੱਲੀ ਵਿਚ ਦੋ ਜਣਿਆਂ ਦੀ ਮੌਤ ਹੋਈ ਹੈ।



# ਨੈਪੋਲੀਅਨ ਨੂੰ ਪਨਾਹ ਦੇਣ ਲਈ ਤਿਆਰ ਸੀ ਅਮਰੀਕਾ

**ਲੰਡਨ:** ਵਾਟਰਲੂ ਦੀ ਇਤਿਹਾਸਕ ਜੰਗ ਵਿਚ ਹਾਰ ਤੋਂ ਬਾਅਦ ਨੈਪੋਲੀਅਨ ਬੋਨਾਪਾਰਟ ਨੂੰ ਅਮਰੀਕਾ ਆਪਣੇ ਮੁਲਕ ਵਿਚ ਪਨਾਹ ਦੇਣ ਲਈ ਤਿਆਰ ਸੀ। ਨਵੇਂ ਮਿਲੇ ਦਸਤਾਵੇਜ਼ਾਂ ਵਿਚ ਇਹ ਖੁਲਾਸਾ ਹੋਇਆ ਹੈ। ਨੈਪੋਲੀਅਨ ਨੂੰ ਬਰੱਸਲਸ ਨੇੜੇ ਹਾਰ ਤੋਂ ਬਾਅਦ 18 ਜੂਨ 1815 ਵਿਚ ਅਮਰੀਕੀ ਮਾਮਲਿਆਂ ਦੇ ਪੈਰਿਸ ਵਿਚ ਮੁਖੀ ਹੈਨਰੀ ਜੈਕਸਨ ਵੱਲੋਂ ਭੇਜੇ ਗਏ ਦਸਤਾਵੇਜ਼ਾਂ ਵਿਚ ਸੰਭਾਵਨਾ ਪ੍ਰਗਟ ਕੀਤੀ ਗਈ ਕਿ ਨੈਪੋਲੀਅਨ ਭੱਜ ਕੇ ਅਮਰੀਕਾ ਆ ਸਕਦਾ ਹੈ।

ਤਤਕਾਲੀ ਅਮਰੀਕੀ ਵਿਦੇਸ਼ ਮੰਤਰੀ ਜੇਮਸ ਮੁਨਰੋ ਨੂੰ ਲਿਖੇ ਪੱਤਰ ਵਿਚ ਹੈਨਰੀ ਨੇ ਕਿਹਾ ਹੈ ਕਿ ਨੈਪੋਲੀਅਨ ਨੂੰ ਬ੍ਰਿਟਿਸ਼ਾਂ ਦੀ ਕੈਦ ਵਿਚ ਰਹਿਣਾ ਪਏਗਾ ਜਾਂ ਫਿਰ ਉਸ ਨੂੰ ਅੰਗਰੇਜ਼ ਹਕੂਮਤ ਵੱਲੋਂ ਅਮਰੀਕਾ ਲਈ ਪਾਸਪੋਰਟ ਜਾਰੀ ਕੀਤਾ ਜਾ ਸਕਦਾ ਹੈ। ਇਨ੍ਹਾਂ ਦਸਤਾਵੇਜ਼ਾਂ ਦੀਆਂ ਮੂਲ ਕਾਪੀਆਂ ਚਮੜੇ ਦੀਆਂ ਬਣੀਆਂ ਜਿਲਦਾਂ ਵਿਚ ਅਮਰੀਕੀ ਕੌਮੀ ਪੁਰਾਲੇਖ ਭਵਨ ਵਿਚ ਸੁਰੱਖਿਅਤ ਪਈਆਂ ਹਨ। ਇਨ੍ਹਾਂ ਨੂੰ ਅਗਲੇ ਮਹੀਨੇ ਜੰਗ ਦੇ 200 ਸਾਲ ਪੂਰੇ ਹੋਣ ਮੌਕੇ ਕੀਤੇ ਜਾ ਰਹੇ ਸਮਾਗਮਾਂ ਤਹਿਤ ਵਾਸ਼ਿੰਗਟਨ ਵਿਚ ਬ੍ਰਿਟਿਸ਼ ਅੰਬੈਸੀ ਨੂੰ ਸੌਂਪਿਆ ਗਿਆ।



ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਕਰ ਨੈਪੋਲੀਅਨ ਨੇ ਅਟਲਾਂਟਿਕ ਨੂੰ ਪਾਰ ਕਰ ਲਿਆ ਹੁੰਦਾ ਤਾਂ 19ਵੀਂ ਸਦੀ ਦਾ ਇਤਿਹਾਸ ਤੇ ਐਂਗਲੋ-ਅਮਰੀਕੀ ਰਿਸ਼ਤੇ ਨਵਾਂ ਰੂਪ ਲੈ ਲੈਂਦੇ। ਨੈਪੋਲੀਅਨ ਦੀ ਕਿਸਮਤ ਵਿਚ ਕੁਝ ਹੋਰ ਹੀ ਲਿਖਿਆ ਸੀ ਤੇ ਉਸ ਨੂੰ ਹਾਰ ਤੋਂ ਬਾਅਦ ਸੈਂਟ ਹੇਲੇਨਾ ਵਿਚ ਜਲਾਵਤਨ ਕਰ ਦਿੱਤਾ ਗਿਆ ਜਿਥੇ ਉਸ ਦੀ 1821 ਵਿਚ 51 ਸਾਲ ਦੀ ਉਮਰ ਵਿਚ ਮੌਤ ਹੋ ਗਈ।

# ਪਹਿਲੇ ਵਰ੍ਹੇ ਮੋਦੀ ਨੇ ਦੇਸ ਨਾਲੋਂ ਵਿਦੇਸ਼ ਵਿਚ ਵੱਧ ਦਿਨ ਗੁਜ਼ਾਰੇ

**ਬਠਿੰਡਾ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਰਕਾਰੀ ਦੌਰਿਆਂ ਤਹਿਤ ਦੇਸ਼ ਨਾਲੋਂ ਜ਼ਿਆਦਾ ਦਿਨ ਵਿਦੇਸ਼ ਵਿਚ ਗੁਜ਼ਾਰੇ ਹਨ। ਬੀਤੇ ਇਕ ਵਰ੍ਹੇ ਵਿਚ 10 ਦੌਰਿਆਂ ਦੌਰਾਨ ਸ੍ਰੀ ਮੋਦੀ 51 ਦਿਨ ਵਿਦੇਸ਼ਾਂ ਵਿਚ ਰਹੇ ਹਨ ਤੇ 37 ਸਰਕਾਰੀ ਦੌਰੇ ਕਰਕੇ 44 ਦਿਨ ਵੱਖ-ਵੱਖ ਸੂਬਿਆਂ ਵਿਚ ਵਿਚਰੇ ਹਨ। ਵਿਰੋਧੀ ਇਨ੍ਹਾਂ ਦੌਰਿਆਂ ਵਿਚੋਂ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ ਜਦਕਿ ਹਾਕਮ ਧਿਰ ਇਨ੍ਹਾਂ ਦੌਰਿਆਂ ਨੂੰ ਦੇਸ਼ ਦੇ ਹੱਕ ਵਿਚ ਪ੍ਰਚਾਰ ਰਹੀ ਹੈ।

ਪ੍ਰਧਾਨ ਮੰਤਰੀ ਦਫ਼ਤਰ ਦੇ ਵੇਰਵਿਆਂ ਅਨੁਸਾਰ ਸ੍ਰੀ ਮੋਦੀ ਨੇ ਇਕ ਸਾਲ ਵਿਚ ਦੇਸ਼ ਭਰ ਵਿਚ 56 ਦੌਰੇ ਕੀਤੇ ਤੇ 67 ਦਿਨ ਵੱਖ-ਵੱਖ ਰਾਜਾਂ ਵਿਚ ਰਹੇ। ਇਨ੍ਹਾਂ ਵਿਚੋਂ ਪ੍ਰਧਾਨ ਮੰਤਰੀ ਦੇ 37 ਸਰਕਾਰੀ ਦੌਰੇ ਹਨ, ਜਦਕਿ 19 ਨਿੱਜੀ ਦੌਰੇ ਹਨ। ਨਿੱਜੀ ਦੌਰਿਆਂ ਦੌਰਾਨ ਪ੍ਰਧਾਨ ਮੰਤਰੀ 23 ਦਿਨ ਸੂਬਿਆਂ ਵਿਚ ਰਹੇ ਹਨ। ਨਿੱਜੀ ਦੌਰਿਆਂ ਦੌਰਾਨ ਨਰੇਂਦਰ ਮੋਦੀ ਨੇ ਸੂਬਿਆਂ ਦੀਆਂ ਅਸੈਂਬਲੀ ਚੋਣਾਂ ਦੇ ਪ੍ਰਚਾਰ ਵੱਲ ਧਿਆਨ ਕੇਂਦਰਤ ਰੱਖਿਆ। ਦੇਸ਼ ਦੇ 9 ਸੂਬਿਆਂ ਵਿਚ ਹਾਲੇ ਤੱਕ ਪ੍ਰਧਾਨ ਮੰਤਰੀ ਨੇ ਆਪਣਾ ਪਹਿਲਾ ਗੇੜਾ ਵੀ ਨਹੀਂ ਮਾਰਿਆ, ਜਿਨ੍ਹਾਂ ਵਿਚ ਬਿਹਾਰ, ਤੇਲੰਗਾਨਾ, ਕੇਰਲਾ, ਉਤਰਾਖੰਡ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਸਿੱਕਮ, ਮੇਘਾਲਿਆ, ਮਿਜ਼ੋਰਮ ਸ਼ਾਮਲ ਹਨ। ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚੋਂ ਦਿੱਲੀ ਤੋਂ ਇਲਾਵਾ ਕਿਤੇ ਵੀ ਪ੍ਰਧਾਨ ਮੰਤਰੀ ਨੇ ਗੇੜਾ ਨਹੀਂ ਮਾਰਿਆ। ਨਰੇਂਦਰ ਮੋਦੀ 23 ਮਾਰਚ ਨੂੰ ਜ਼ਿਲ੍ਹਾ ਅੰਮ੍ਰਿਤਸਰ ਤੇ ਫਿਰੋਜ਼ਪੁਰ ਵਿਚ ਆਏ ਸਨ। ਹੁਣ ਜੂਨ ਮਹੀਨੇ ਵਿਚ ਉਨ੍ਹਾਂ ਦਾ ਦੂਸਰਾ ਦੌਰਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣਾ ਹੈ। ਪ੍ਰਧਾਨ ਮੰਤਰੀ ਨੇ ਹੁਣ ਤੱਕ ਸਭ ਤੋਂ ਜ਼ਿਆਦਾ ਜੰਮੂ ਕਸ਼ਮੀਰ ਵਿਚ 10 ਦੌਰੇ (ਸਰਕਾਰੀ ਤੇ ਗੈਰਸਰਕਾਰੀ) ਕੀਤੇ ਹਨ ਜਦਕਿ ਮਹਾਂਰਾਸ਼ਟਰ ਦੇ ਦੌਰਿਆਂ ਦੀ ਗਿਣਤੀ ਨੌਂ ਹੈ। ਹਰਿਆਣਾ ਤੇ ਝਾਰਖੰਡ ਦੇ ਅੱਠ-ਅੱਠ ਦੌਰੇ ਪ੍ਰਧਾਨ ਮੰਤਰੀ ਕਰ ਚੁੱਕੇ ਹਨ ਜਦਕਿ ਗੁਜਰਾਤ ਤੇ ਯੂ.ਪੀ. ਦੇ ਤਿੰਨ-ਤਿੰਨ ਦੌਰੇ ਕੀਤੇ ਹਨ। ਸ੍ਰੀ ਮੋਦੀ ਨੇ ਦੇਸ਼ ਦਾ ਪਹਿਲਾ ਦੌਰਾ 14 ਜੂਨ 2014 ਨੂੰ ਗੋਆ ਦਾ ਕੀਤਾ ਸੀ ਜਦਕਿ ਪਿਛਲੇ ਇਕ ਵਰ੍ਹੇ ਦਾ ਆਖਰੀ ਦੌਰਾ 25 ਮਈ ਨੂੰ ਮਥੁਰਾ (ਯੂ.ਪੀ.) ਦਾ ਕੀਤਾ।




### ਵਿਦੇਸ਼ ਦੌਰਿਆਂ ਸਮੇਂ ਮਿਲੇ 3.11 ਲੱਖ ਦੇ ਤੋਹਫ਼ੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪਿਛਲੇ ਸਾਲ ਅਹੁਦਾ ਸੰਭਾਲਣ ਪਿਛੋਂ ਪਿਛਲੇ 10 ਮਹੀਨਿਆਂ ਵਿਚ ਵਿਦੇਸ਼ੀ ਦੌਰਿਆਂ ਦੌਰਾਨ 3.11 ਲੱਖ ਰੁਪਏ ਦੇ 65 ਤੋਹਫੇ ਮਿਲੇ ਹਨ। ਵਿਦੇਸ਼ ਮੰਤਰਾਲੇ ਨੇ ਸੂਚਨਾ ਅਧਿਕਾਰ ਤਹਿਤ ਮੰਗੀ ਜਾਣਕਾਰੀ ਵਿਚ ਦੱਸਿਆ ਕਿ 19 ਫਰਵਰੀ ਨੂੰ ਸ੍ਰੀ ਮੋਦੀ ਨੂੰ 75000 ਰੁਪਏ ਮੁੱਲ ਦੇ ਮੇਜ਼ਬਾਨ ਦੇਸ਼ ਤੋਂ ਸੋਨਾ ਤੇ ਹੀਰਾ ਜੜੇ ਕਫਲਿੰਕ ਮਿਲੇ। ਪ੍ਰਧਾਨ ਮੰਤਰੀ ਨੂੰ ਦੋ ਟੀ-ਸੈੱਟ ਤੇ ਕਿਤਾਬਾਂ ਵੀ ਤੋਹਫੇ ਵਜੋਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਮਹਾਤਮਾ ਬੁੱਧ ਦੀ ਮੂਰਤੀ ਵੀ ਭੇਂਟ ਕੀਤੀ ਗਈ ਸੀ ਜਿਨ੍ਹਾਂ ਦਾ ਸੰਦੇਸ਼ ਨੂੰ ਉਨ੍ਹਾਂ ਆਪਣੇ ਵਿਦੇਸ਼ਾਂ ਵਿਚ ਦਿੱਤੇ ਕਈ ਭਾਸ਼ਣਾਂ ਵਿਚ ਸ਼ਾਮਲ ਕੀਤਾ।

ਦੂਜੇ ਪਾਸੇ ਜੇਕਰ ਵਿਦੇਸ਼ੀ ਦੌਰਿਆਂ ਉਤੇ ਨਜ਼ਰ ਮਾਰੀਏ ਤਾਂ ਨਰੇਂਦਰ ਮੋਦੀ ਨੇ ਬੀਤੇ ਇਕ ਵਰ੍ਹੇ ਦੌਰਾਨ 10 ਵਿਦੇਸ਼ੀ ਦੌਰੇ ਕਰਕੇ 17 ਮੁਲਕਾਂ ਵਿਚ 51 ਦਿਨ ਗੁਜ਼ਾਰੇ ਹਨ। ਨੇਪਾਲ ਵਿਚ ਪ੍ਰਧਾਨ ਮੰਤਰੀ ਦੋ ਵਾਰ ਜਾ ਚੁੱਕੇ ਹਨ। ਸ੍ਰੀ ਮੋਦੀ ਨੇ ਵਿਦੇਸ਼ ਦੀ ਪਹਿਲੀ ਫੇਰੀ 15 ਜੂਨ 2014 ਨੂੰ ਭੂਟਾਨ ਫੇਰੀ ਸੀ ਜਦਕਿ ਪਿਛਲੇ ਇਕ ਸਾਲ ਦਾ ਆਖਰੀ ਦੌਰਾ 14 ਮਈ ਤੋਂ 19 ਮਈ 2015 ਤੱਕ ਚੀਨ, ਮੰਗੋਲੀਆ ਤੇ ਦੱਖਣੀ ਕੋਰੀਆ ਦਾ ਸੀ। ਨਰੇਂਦਰ ਮੋਦੀ ਦੀਆਂ ਦੋ ਵਿਦੇਸ਼ ਫੇਰੀਆਂ ਲੰਬੀਆਂ ਸਨ। ਪ੍ਰਧਾਨ ਮੰਤਰੀ ਨੇ ਫਰਾਂਸ, ਜਰਮਨੀ ਤੇ ਕੈਨੇਡਾ ਦਾ ਨੌਂ ਦਿਨਾਂ ਦਾ ਦੌਰਾ ਕੀਤਾ, ਜੋ ਕਿ 10 ਅਪਰੈਲ ਤੋਂ 18 ਅਪਰੈਲ 2015 ਤੱਕ ਦਾ ਸੀ। ਪ੍ਰਧਾਨ ਮੰਤਰੀ ਨੇ ਅਮਰੀਕਾ ਦਾ ਪੰਜ ਰੋਜ਼ਾ ਦੌਰਾ ਤੇ ਜਪਾਨ ਦਾ ਵੀ ਪੰਜ ਰੋਜ਼ਾ ਦੌਰਾ ਕੀਤਾ। ਬਰਾਜ਼ੀਲ ਵਿਚ ਹੋਏ ਬਰਿਕਸ ਸੰਮੇਲਨ ਦੌਰਾਨ ਵੀ ਉਨ੍ਹਾਂ ਨੇ ਉਥੇ ਪੰਜ ਦਿਨ ਬਿਤਾਏ। ਭਾਜਪਾ ਯੁਵਾ ਮੋਰਚਾ ਪੰਜਾਬ ਦੇ ਪ੍ਰਧਾਨ ਮੋਹਿਤ ਗੁਪਤਾ ਨੇ ਕਿਹਾ ਕਿ ਨਰੇਂਦਰ ਮੋਦੀ ਨੇ ਇਕ ਸਾਲ ਦੌਰਾਨ ਦੇਸ਼ ਨੂੰ ਵੱਡੀਆਂ ਯੋਜਨਾਵਾਂ ਦਿੱਤੀਆਂ ਹਨ ਤੇ ਕਾਫੀ ਸਾਲਾਂ ਤੋਂ ਪਛੜੇ ਵਿਦੇਸ਼ੀ ਸਮਝੌਤਿਆਂ ਨੂੰ ਸਿਰੇ ਲਾਇਆ ਹੈ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਨੂੰ ਵਿਦੇਸ਼ੀ ਦੌਰੇ ਕਰਕੇ ਪਿਛਲੇ 10 ਸਾਲਾਂ ਦਾ ਕੰਮ ਕਰਨਾ ਪੈ ਰਿਹਾ ਹੈ।

# ਪੰਜਾਬ ਦੇ ਕਿਸਾਨਾਂ ਵਲੋਂ ਖੇਤੀ ਵੰਨ ਸੁਵੰਨਤਾ ਤੋਂ ਹੱਥ ਖੜ੍ਹੇ

**ਪਟਿਆਲਾ:** ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਭਾਵੇਂ ਸੂਬੇ ਵਿਚ ਰਵਾਇਤੀ ਫਸਲਾਂ ਦੀ ਥਾਂ ਬਦਲਵੀਂ ਖੇਤੀ ਦਾ ਸੱਦਾ ਦਿੱਤਾ ਜਾ ਰਿਹਾ ਹੈ ਪਰ ਪੰਜਾਬ ਦੇ ਕਿਸਾਨਾਂ ਕੋਲ ਝੋਨੇ ਤੇ ਕਣਕ ਦਾ ਕੋਈ ਬਦਲ ਨਹੀਂ। ਕਿਸਾਨਾਂ ਵੱਲੋਂ ਭਾਵੇਂ ਕਣਕ ਤੇ ਝੋਨੇ ਦੀ ਥਾਂ ਗੰਨਾ ਤੇ ਸਬਜ਼ੀਆਂ ਦੀ ਖੇਤੀ ਵੱਲ ਰੁਚੀ ਵਿਖਾਈ ਸੀ ਪਰ ਇਹ ਘਾਟੇ ਦਾ ਸੌਦਾ ਸਾਬਤ ਹੋਈ। ਫਸਲੀ ਵੰਨ ਸੁਵੰਨਤਾ ਮਿਸ਼ਨ ਦਾ ਐਲਾਨ ਕਰਨ ਵਾਲੀ ਸਰਕਾਰ ਵੱਲੋਂ ਗੰਨੇ ਦੇ ਬਕਾਏ ਬਾਰੇ ਧਾਰੀ ਖਾਮੋਸ਼ੀ ਨੇ ਕਿਸਾਨਾਂ ਦੀ ਪਰੇਸ਼ਾਨੀ ਵਧਾ ਦਿੱਤੀ ਹੈ। ਸਰਕਾਰ ਵੱਲੋਂ ਗੰਨੇ ਦੇ ਭੁਗਤਾਨ ਲਈ ਬਜਟ ਵਿਚ ਰੱਖੇ 600 ਕਰੋੜ ਵਿਚੋਂ ਸਿਰਫ 50 ਕਰੋੜ ਰੁਪਏ ਹੀ ਜਾਰੀ ਕੀਤੇ ਗਏ ਹਨ ਜਦਕਿ ਪੰਜਾਬ ਦੇ ਕਿਸਾਨਾਂ ਦੇ ਸਹਿਕਾਰੀ ਤੇ ਨਿੱਜੀ ਮਿੱਲਾਂ ਵੱਲ 700 ਕਰੋੜ ਰੁਪਏ ਬਕਾਇਆ ਖੜ੍ਹੇ ਹਨ। ਪਿਛਲੇ ਦੋ ਸਾਲ ਤੋਂ ਆਲੂਆਂ ਦੇ ਵਪਾਰ ਵਿਚ ਮੰਦੇ ਤੇ ਇਸ ਸਾਲ ਮੌਸਮ ਤੇ ਮੰਦੇ ਦੋਹਾਂ ਦੀ ਮਾਰ ਨੇ ਆਲੂ ਉਤਪਾਦਕਾਂ ਦਾ ਕਚੂੰਮਰ ਹੀ ਕੱਢ ਕੇ ਰੱਖ ਦਿੱਤਾ। ਪਿਛਲੇ 8-9 ਸੌ ਰੁਪਏ ਕੁਇੰਟਲ ਦੇ ਮੁਕਾਬਲੇ ਆਲੂ ਚਾਰ ਗੁਣਾਂ ਘੱਟ ਕੀਮਤ 200 ਰੁਪਏ ਕੁਇੰਟਲ ਤੱਕ ਹੀ ਥੋਕ ਬਾਜ਼ਾਰ ਵਿਚ ਵਿਕ ਰਹੇ ਹਨ। ਸੇਮ ਦੇ ਇਲਾਕਿਆਂ ਨੂੰ ਛੱਡ ਕੇ ਪੰਜਾਬ ਦੇ ਸਾਰੇ ਹੀ ਇਲਾਕੇ ਅਜਿਹੇ ਹਨ, ਜਿਥੇ ਜ਼ਮੀਨਦੋਜ਼ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ। ਦਿਲਚਸਪ ਗੱਲ ਇਹ ਹੈ ਕਿ ਝੋਨੇ ਦੇ ਬਦਲ ਦੇ ਰੂਪ ਵਿਚ ਕਿਸਾਨਾਂ ਨੇ ਬਾਸਮਤੀ ਨੂੰ ਅਪਣਾਇਆ ਪਰ ਬਾਸਮਤੀ ਦੀ ਫ਼ਸਲ ਕਿਸਾਨਾਂ ਦੇ ਹਿੱਤ ਵਿਚ ਨਹੀਂ ਆਈ, ਜਿਸ ਕਰਕੇ ਇਸ ਵਾਰ ਆੜ੍ਹਤੀਆਂ ਨੇ ਹੁਣੇ ਤੋਂ ਹੀ ਇਸ ਫ਼ਸਲ ਨੂੰ ਖ਼ਰੀਦਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਪਿਛਲੇ ਸਾਲ ਪੰਜਾਬ ਦੇ ਮੁਕਾਬਲੇ ਹਰਿਆਣਾ ਵਿਚ ਬਾਸਮਤੀ ਕਿਤੇ ਵੱਧ ਕੀਮਤ ਉਤੇ ਵਿਕੀ, ਜਿਸ ਕਾਰਨ ਕਿਸਾਨਾਂ ਨੂੰ ਨਿਰਾਸ਼ਤਾ ਹੀ ਪੱਲੇ ਪਈ। ਸੂਬਾ ਸਰਕਾਰ ਵੀ ਕਣਕ, ਝੋਨੇ ਦੇ ਫ਼ਸਲੀ ਫੇਰਬਦਲ ਦੀ ਥਾਂ ਕੋਈ ਹੋਰ ਫ਼ਸਲ ਨਹੀਂ ਦੇ ਸਕੀ ਜਿਸ ਦਾ ਮੰਡੀਕਰਨ ਸੌਖਾ ਹੋ ਜਾਵੇ। ਪਟਿਆਲਾ ਜ਼ਿਲ੍ਹੇ ਦੇ ਸਾਰੇ ਹੀ ਬਲਾਕਾਂ ਦੀ ਸਥਿਤੀ ਵੀ ਕਾਫ਼ੀ ਗੰਭੀਰਤਾ ਵਾਲੀ ਹੈ ਤੇ ਲਗਾਤਾਰ ਪਾਣੀ ਹੇਠਾਂ ਜਾ ਰਿਹਾ ਹੈ। ਪਟਿਆਲਾ ਜ਼ਿਲ੍ਹੇ ਅੰਦਰ ਪਿਛਲੇ ਸਾਲ ਦੇ ਅੰਤ ਤੱਕ ਔਸਤਨ 0.86 ਮੀਟਰ ਧਰਤੀ ਹੇਠਲਾ ਪਾਣੀ ਦਾ ਪੱਧਰ ਹੇਠਾਂ ਜਾ ਚੁੱਕਾ ਹੈ।

ਸਭ ਤੋਂ ਵੱਧ ਧਰਤੀ ਹੇਠਲਾ ਪਾਣੀ ਸਮਾਣਾ ਬਲਾਕ ਅੰਦਰ 1.25 ਮੀਟਰ ਹੇਠਾਂ ਡਿੱਗਿਆ ਹੈ। ਇਸ ਬਲਾਕ ਵਿਚ ਪਿਛਲੇ ਸਾਲ ਬਰਸਾਤ 494 ਮਿਲੀਮੀਟਰ ਦਰਜ ਕੀਤੀ ਗਈ। ਦੂਜਾ ਬਲਾਕ ਰਾਜਪੁਰਾ ਹੈ ਜਿਥੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ 1.03 ਮੀਟਰ ਹੇਠਾਂ ਡਿੱਗ ਗਿਆ ਹੈ। ਇਸ ਬਲਾਕ ਵਿਚ ਔਸਤਨ 401 ਮਿਲੀਮੀਟਰ ਬਾਰਸ਼ ਦਰਜ ਕੀਤੀ ਗਈ। ਇਸੇ ਤਰਾਂ ਸਨੌਰ ਬਲਾਕ ਵਿਚ 0.25, ਭੁਨਰਹੇੜੀ ਵਿਚ 1.6 ਮੀਟਰ, ਨਾਭਾ ਵਿਚ 0.67 ਮੀਟਰ, ਪਟਿਆਲਾ ਵਿਚ 0.55 ਮੀਟਰ, ਪਾਤੜਾਂ ਵਿਚ 0.07 ਮੀਟਰ ਪਾਣੀ ਦਾ ਪੱਧਰ ਹੇਠਾਂ ਡਿੱਗਿਆ ਹੈ। ਇਸ ਤਰ੍ਹਾਂ ਔਸਤਨ 0.86 ਮੀਟਰ ਪਾਣੀ ਦਾ ਪੱਧਰ ਹੇਠਾਂ ਗਿਆ ਹੈ। ਇਕੋ ਇਕ ਬਲਾਕ ਘਨੌਰ ਹੈ, ਜਿਥੇ ਪਾਣੀ ਦਾ ਪੱਧਰ 0.26 ਮੀਟਰ ਵਧਿਆ ਹੈ। ਇਸ ਜ਼ਿਲ੍ਹੇ 'ਚ ਪਿਛਲੇ ਸਾਲ ਔਸਤ ਬਰਸਾਤ 238.13 ਮਿਲੀਮੀਟਰ ਦਰਜ ਕੀਤੀ ਗਈ। ਸਾਬਕਾ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵੀਰ ਸਿੰਘ ਸੰਧੂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਕਣਕ ਝੋਨੇ ਦੀ ਰਵਾਇਤੀ ਫ਼ਸਲ ਤੋਂ ਬਚਣ ਲਈ ਨਵੀਂ ਵਿਧੀ ਅਪਣਾਉਣੀ ਚਾਹੀਦੀ ਹੈ।

## ਸਰਕਾਰ ਨੇ ਮੁਆਵਜ਼ੇ ਲਈ ਹੱਥ ਘੁੱਟਿਆ

**ਚੰਡੀਗੜ੍ਹ:** ਬੇਮੌਸਮੀ ਬਾਰਸ਼ਾਂ ਕਾਰਨ ਕਣਕ ਦੀ ਫ਼ਸਲ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਵਜੋਂ ਕਿਸਾਨਾਂ ਨੂੰ ਪੰਜਾਬ ਸਰਕਾਰ 78.51 ਕਰੋੜ ਰੁਪਏ ਦੀ ਮਾਲੀ ਰਾਹਤ ਦੇਵੇਗੀ। ਇਨ੍ਹਾਂ ਵਿਚੋਂ 41.52 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ ਜਦੋਂ ਕਿ 36.98 ਕਰੋੜ ਰੁਪਏ ਪੈਸੇ ਦੀ ਕਮੀ ਕਾਰਨ ਜਾਰੀ ਨਹੀਂ ਕੀਤੇ ਗਏ। ਸਰਕਾਰ ਵੱਲੋਂ ਇਹ ਮੁਆਵਜ਼ਾ ਗਿਰਦਾਵਰੀ ਰਿਪੋਰਟਾਂ ਦੇ ਅਧਾਰ 'ਤੇ ਦਿੱਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਤੋਂ ਕਣਕ ਦੀ ਫ਼ਸਲ ਦਾ ਮੁਆਵਜ਼ਾ ਦੇਣ ਲਈ 717 ਕਰੋੜ ਰੁਪਏ ਮੰਗੇ ਸਨ। ਕੇਂਦਰ ਨੇ ਤਾਂ ਮੁਆਵਜ਼ਾ ਦੇਣ ਸਬੰਧੀ ਕੋਈ ਹਾਮੀ ਨਹੀਂ ਭਰੀ ਤੇ ਰਾਜ ਸਰਕਾਰ ਨੇ ਵੀ ਹੱਥ ਘੁੱਟ ਲਿਆ। ਤਜਵੀਜ਼ ਮੁਤਾਬਕ ਇਕ ਲੱਖ 29 ਹਜ਼ਾਰ 679 ਏਕੜ ਰਕਬੇ ਵਿਚ ਪ੍ਰਭਾਵਤ ਹੋਈ ਫ਼ਸਲ ਦੇ ਮਾਲਕ ਕਿਸਾਨਾਂ ਨੂੰ ਅੱਠ ਹਜ਼ਾਰ ਰੁਪਏ ਫ਼ੀ ਏਕੜ ਮੁਆਵਜ਼ਾ ਦਿੱਤਾ ਜਾਵੇਗਾ।

## ਕਣਕ ਦੀ ਪੈਦਾਵਾਰ ਵਿਚ ਪਛੜਿਆ ਪੰਜਾਬ

**ਚੰਡੀਗੜ੍ਹ:** ਪਿਛਲੇ ਕਈ ਸਾਲਾਂ ਤੋਂ ਕਣਕ ਦੀ ਪੈਦਾਵਾਰ ਵਿਚ ਦੂਜਾ ਨੰਬਰ ਹਾਸਲ ਕਰਦਾ ਆ ਰਿਹਾ ਪੰਜਾਬ ਹੁਣ ਤੀਜੇ ਨੰਬਰ ਉਤੇ ਪੁੱਜ ਗਿਆ ਹੈ। ਉਤਰ ਪ੍ਰਦੇਸ਼ ਤੋਂ ਬਾਅਦ ਦੂਜਾ ਸਥਾਨ ਇਸ ਵਾਰ ਮੱਧ ਪ੍ਰਦੇਸ਼ ਨੇ ਮੱਲ ਲਿਆ ਹੈ। ਉਂਜ ਕੇਂਦਰੀ ਪੂਲ ਵਿਚ ਸਭ ਤੋਂ ਵੱਧ ਕਣਕ ਦਾ ਯੋਗਦਾਨ ਪੰਜਾਬ ਵੱਲੋਂ ਪਾਇਆ ਜਾ ਰਿਹਾ ਹੈ। ਪੰਜਾਬ ਵਿਚ ਇਸ ਵਾਰ 150 ਲੱਖ ਟਨ ਕਣਕ ਦੀ ਪੈਦਾਵਾਰ ਹੋਈ ਜੋ ਨਿਰਧਾਰਿਤ ਟੀਚੇ 168 ਟਨ ਨਾਲੋਂ ਕਾਫ਼ੀ ਘੱਟ ਹੈ। ਮੱਧ ਪ੍ਰਦੇਸ਼ ਵਿਚ ਇਸ ਸੀਜ਼ਨ 184 ਲੱਖ ਟਨ ਤੇ ਉਤਰ ਪ੍ਰਦੇਸ਼ ਵਿਚ 290 ਲੱਖ ਟਨ ਕਣਕ ਦੀ ਪੈਦਾਵਾਰ ਹੋਈ ਸੀ। ਇਸ ਦੇ ਮੁਕਾਬਲੇ ਵਿਚ ਮੱਧ ਪ੍ਰਦੇਸ਼ ਵਿਚ ਪਿਛਲੇ ਸਾਲ 175 ਲੱਖ ਟਨ ਕਣਕ ਦੀ ਪੈਦਾਵਾਰ ਹੋਈ ਸੀ ਜੋ ਮਾਮੂਲੀ ਜਿਹੀ ਘੱਟ ਸੀ।

## ਸੁਸ਼ਮਾ ਵਲੋਂ ਇਰਾਕ ਵਿਚ ਬੰਦੀਆਂ ਦੇ ਪਰਿਵਾਰਾਂ ਨੂੰ ਮੁੜ ਭਰੋਸਾ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਇਕ ਵਾਰ ਫਿਰ ਦੁਹਰਾਉਂਦਿਆਂ ਕਿਹਾ ਕਿ ਇਰਾਕ ਵਿਚ ਫਸੇ 39 ਪੰਜਾਬੀ ਕਾਮੇ ਸੁਰੱਖਿਅਤ ਹਨ। ਉਨ੍ਹਾਂ ਇਸ ਗੱਲ ਨੂੰ ਵੀ ਸਵੀਕਾਰ ਕੀਤਾ ਕਿ ਭਾਵੇਂ ਉਨ੍ਹਾਂ ਵਿਚੋਂ ਬਚ ਕੇ ਨਿਕਲੇ ਇਕ ਕਾਮੇ ਨੇ ਇਹ ਕਿਹਾ ਹੈ ਕਿ ਇਨ੍ਹਾਂ ਸਾਰਿਆਂ ਨੂੰ ਮਾਰ ਦਿੱਤਾ ਗਿਆ ਹੈ ਪਰ ਸਰਕਾਰ ਦੇ ਕਈ ਧੱਧਰੀ ਹਲਕਿਆਂ ਨੇ ਇਸ ਗੱਲ ਦੀ ਤਸਦੀਕ ਕੀਤੀ ਹੈ ਕਿ ਉਹ ਸਾਰੇ ਪੰਜਾਬੀ ਕਾਮੇ ਸੁਰੱਖਿਅਤ ਹਨ।

ਆਪਣੀ ਸਰਕਾਰ ਦੇ ਇਕ ਸਾਲ ਦੇ ਲੇਖੇ-ਜੋਖੇ ਲਈ ਸੱਦੀ ਗਈ ਪ੍ਰੈੱਸ ਕਾਨਫਰੰਸ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਭਾਵਨਾਤਮਕ ਪੱਧਰ 'ਤੇ ਆਪਣੇ-ਆਪ ਨੂੰ ਇਸ ਮੁੱਦੇ ਨਾਲ ਜੋੜਦਿਆਂ ਕਿਹਾ ਕਿ ਉਹ ਇਹ ਤਲਾਸ਼ ਸਿਆਸੀ ਫਰਜ਼ ਵਜੋਂ ਨਹੀਂ ਕਰ ਰਹੀ।


ਪੰਜਾਬੀ ਰੇਡੀਓ ਯੂਐਸਏ

Punjabi RADIO USA

Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :

Radio Sets (CA, WA, NV)

Dial in

832-551-5029 or 605-475-6868

Android & iPhone App

www.PunjabiRadioUSA.com

Ph: 408-272-5200


## ਪੰਜਾਬ ਵਿਜੀਲੈਂਸ ਦੀ ਚੰਡੀਗੜ੍ਹ 'ਚ ਕੋਈ ਵੁੱਕਤ ਨਹੀਂ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੂੰ ਚੰਡੀਗੜ੍ਹ ਵਿਚ ਕੰਮ ਕਰਦੇ ਪੰਜਾਬ ਸਰਕਾਰ ਦੇ 40 ਹਜ਼ਾਰ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਦਾ ਅਧਿਕਾਰ ਨਹੀਂ ਹੈ। ਪੰਜਾਬ ਵਿਜੀਲੈਂਸ ਨੂੰ ਬਣਿਆਂ 18 ਸਾਲ ਹੋ ਗਏ ਹਨ ਪਰ ਉਹ ਰਾਜਧਾਨੀ ਚੰਡੀਗੜ੍ਹ ਵਿਚ ਕਿਸੇ ਕਰਮਚਾਰੀ ਨੂੰ ਫੜ ਨਹੀਂ ਸਕਦੇ। ਇਸ ਦਾ ਅਧਿਕਾਰ ਸਿਰਫ ਯੂ.ਟੀ. ਵਿਜੀਲੈਂਸ ਵਿਭਾਗ ਨੂੰ ਹਾਸਲ ਹੈ।

ਯੂ.ਟੀ. ਵਿਜੀਲੈਂਸ ਵਿਭਾਗ ਵੱਲੋਂ ਰਿਸ਼ਵਤ ਦੇ ਮਾਮਲਿਆਂ ਵਿਚ ਪੰਜਾਬ ਸਰਕਾਰ ਦੇ ਸਿਰਫ ਦੋ ਮੁਲਾਜ਼ਮਾਂ ਨੂੰ ਹੀ ਫੜਿਆ ਗਿਆ ਹੈ। ਪੰਜਾਬ ਦੇ ਐਡਵੋਕੇਟ ਜਨਰਲ ਨੇ ਬਿਊਰੋ ਦੀ ਖੇਤਰ ਵਿਚ ਅਧਿਕਾਰਾਂ ਦੀ ਮੰਗ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਤੇ ਇਸ ਬਾਰੇ ਫਾਈਲ ਮੁੱਖ ਮੰਤਰੀ ਕੋਲ ਭੇਜੀ ਗਈ ਹੈ। ਇਸ ਤੋਂ ਬਾਅਦ ਫਾਈਲ ਨੂੰ ਕੇਂਦਰ ਸਰਕਾਰ ਕੋਲ ਮਨਜ਼ੂਰੀ ਤੇ ਨੋਟੀਫਿਕੇਸ਼ਨ ਜਾਰੀ ਕਰਨ ਲਈ ਭੇਜਿਆ ਜਾਏਗਾ।

ਵਿਜੀਲੈਂਸ ਅਧਿਕਾਰੀ ਨੇ ਕਿਹਾ ਕਿ ਮੌਜੂਦਾ ਸਮੇਂ ਵਿਚ ਪਹਿਲਾਂ ਕੇਸ ਮੁਹਾਲੀ ਵਿਚ ਦਰਜ ਕਰਨਾ ਪੈਂਦਾ ਹੈ ਤੇ ਫਿਰ ਮੁਲਜ਼ਮ ਨੂੰ ਹਿਰਾਸਤ ਵਿਚ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਰਾਜ ਦੀ ਸਿਫ਼ਾਰਸ਼ 'ਤੇ ਅਧਿਕਾਰ ਖੇਤਰ ਵਿਚ ਬਦਲਾਅ ਕਰ ਸਕਦੀ ਹੈ।

## ਇੰਜ ਕੁਤਰੀ ਜਾਵੇਗੀ ਲੋਕਾਂ ਦੀ ਜੇਬ

**ਚੰਡੀਗੜ੍ਹ:** ਅੱਛੇ ਦਿਨਾਂ ਦੀ ਉਡੀਕ ਕਰਦੇ ਲੋਕਾਂ ਦੀ ਜੇਬ 'ਤੇ ਵਧੇ ਸਰਵਿਸ ਟੈਕਸ ਦੇ ਰੂਪ ਵਿਚ ਹਰ ਥਾਂ ਡਾਕਾ ਵੱਜੇਗਾ। ਕਿਸੇ ਵੀ ਜਗ੍ਹਾ ਕਿਸੇ ਵੀ ਤਰ੍ਹਾਂ ਦੀ ਸਰਵਿਸ ਉਤੇ ਲੋਕਾਂ ਦਾ ਬਿਲ ਤਕਰੀਬਨ 1.6 ਫ਼ੀਸਦੀ ਵਧ ਜਾਵੇਗਾ। ਜੇਕਰ ਕਿਸੇ ਵੱਲੋਂ ਆਪਣੇ ਪਰਿਵਾਰ ਨਾਲ ਛੁੱਟੀਆਂ ਮਨਾਉਣ ਦਾ ਪ੍ਰੋਗਰਾਮ ਬਣਾਇਆ ਗਿਆ ਹੈ ਤੇ ਉਸ ਕੰਮ ਲਈ ਟਰੈਵਲ ਏਜੰਟ ਦੀ ਸੇਵਾ ਲੈਣ ਉਤੇ ਲੋਕਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਪੈਸੇ ਅਦਾ ਕਰਨੇ ਪੈਣਗੇ। ਫ਼ੋਨ ਦੀ ਵਰਤੋਂ ਉਤੇ ਵੀ ਵਧਿਆ ਟੈਕਸ ਲੱਗੇਗਾ।

ਸਫ਼ਰ ਚਾਹੇ ਹਵਾਈ ਜਹਾਜ਼ ਦਾ ਹੋਵੇ ਜਾਂ ਗੱਡੀ ਦਾ, ਏ.ਸੀ. ਡੱਬੇ ਵਿਚ ਸਰਵਿਸ ਟੈਕਸ ਦੀ ਮਾਰ ਤੋਂ ਲੋਕ ਨਹੀਂ ਬਚ ਸਕਣਗੇ। ਹੋਟਲਾਂ ਵਿਚ ਖਾਣ-ਪੀਣ ਉਤੇ ਵੀ ਵਧਿਆ ਟੈਕਸ ਲਾਗੂ ਹੋ ਜਾਵੇਗਾ। ਹਾਲਾਂਕਿ ਸਕੂਲ ਫ਼ੀਸ, ਹਸਪਤਾਲ ਵਿਚ ਇਲਾਜ ਵਰਗੀਆਂ ਜ਼ਰੂਰਤਾਂ ਨੂੰ ਇਸ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। 100 ਰੁਪਏ ਦੇ ਟੈਲੀਫੋਨ ਬਿੱਲ ਉੱਤੇ ਲੋਕਾਂ ਨੂੰ ਹੁਣ 106 ਰੁਪਏ ਦੇਣੇ ਪੈਣਗੇ, ਉਥੇ ਹੀ ਜੇਕਰ ਸੋਸਾਇਟੀ ਚਾਰਜ ਦੋ ਹਜ਼ਾਰ ਦਿੱਤੇ ਜਾ ਰਹੇ ਹਨ ਤਾਂ ਹੁਣ 2032 ਰੁਪਏ ਦੇਣ ਹੋਣਗੇ। ਇਸ ਦੇ ਨਾਲ ਹੀ ਫਸਟ ਕਲਾਸ ਜਾਂ ਏ.ਸੀ. ਕਲਾਸ ਵਿਚ ਸਫ਼ਰ ਕਰਨ ਵਾਲੇ ਰੇਲ ਮੁਸਾਫ਼ਰਾਂ ਨੂੰ ਕੁੱਲ ਕਿਰਾਏ 'ਤੇ 4.2% ਦਾ ਵਾਧਾ ਹੋਵੇਗਾ ਜਦਕਿ ਪਹਿਲਾਂ 3.7% ਸਰਵਿਸ ਟੈਕਸ ਲੱਗਦਾ ਸੀ।

## ਭੱਟੀ ਪਰਿਵਾਰ ਨੂੰ ਸਦਮਾ ਪੁੱਤਰ ਸੁਰਗਵਾਸ

**ਨਿਊ ਯਾਰਕ (ਬਿਊਰੋ):** ਸਥਾਨਕ ਸਿੱਖ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਅਤੇ ਫਲੱਸ਼ਿੰਗ ਸਿੱਖ ਸੈਂਟਰ ਤੇ ਸੰਤ ਬਾਬਾ ਨਿਧਾਨ ਸਿੰਘ ਕਲਚਰਲ



ਸੁਸਾਇਟੀ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਭੱਟੀ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਾ ਜਦੋਂ ਉਨ੍ਹਾਂ ਦੇ 29 ਸਾਲਾ ਜਵਾਨ ਪੁੱਤਰ ਹਰਪ੍ਰੀਤ ਸਿੰਘ ਭੱਟੀ (ਹੈਪੀ) ਦੀ ਅਚਾਨਕ ਮੌਤ ਹੋ ਗਈ।

ਸੰਤ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਤੇ ਰਾਜਪੂਤ ਕਲਚਰਲ ਸੁਸਾਇਟੀ ਨੇ ਇਸ ਅਨਹੋਣੀ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਭੱਟੀ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਭੱਟੀ ਪਰਿਵਾਰ ਨੂੰ ਸਦਮਾ ਬਰਦਾਸ਼ਤ ਕਰਨ ਦਾ ਬਲ ਬਖ਼ਸ਼ੇ। ਭੱਟੀ ਪਰਿਵਾਰ ਨਾਲ ਸੰਪਰਕ ਫੋਨ 516-830-5544 ਰਾਹੀਂ ਕੀਤਾ ਜਾ ਸਕਦਾ ਹੈ।


ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਤੌਰ 'ਤੇ ਲੋੜ ਹੈ। *ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ *ਸਹੀ ਵਿਅਕਤੀ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ

Restaurant Help

Immediately hiring KITCHEN HELPER & WAITER for Indian restaurant in Indiana. *Good salary and free accommodation.

*Sponsorship is available for right candidate.*

ਸੰਪਰਕ ਕਰੋ: ਟੋਨੀ, ਫੋਨ: 317-340-1470

23

ਕਿਚਨ ਹੈਲਪਰ ਦੀ ਲੋੜ ਹੈ

ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਫੌਰੀ ਲੋੜ ਹੈ।

ਰਿਹਾਇਸ਼ ਅਤੇ ਖਾਣ-ਪੀਣ ਫਰੀ

ਚੰਗੀ ਤਨਖਾਹ

ਸੰਪਰਕ ਕਰੋ

ਫੋਨ: 501-309-4140

23

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਔਰਬਿਟ ਕੇਸ: ਮੰਤਰੀਆਂ ਦੇ ਘਰਾਂ ਅੱਗੇ ਸੁਖਬੀਰ ਦੇ ਪੁਤਲੇ ਫੂਕੇ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਮੁਲਾਜ਼ਮ ਤੇ ਔਰਤਾਂ ਦੀਆਂ 38 ਤੋਂ ਵੱਧ ਜਥੇਬੰਦੀਆਂ 'ਤੇ ਆਧਾਰਿਤ ਔਰਬਿਟ ਬੱਸ ਕਾਂਡ ਵਿਰੋਧੀ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ ਤਹਿਤ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਅਕਾਲੀ ਮੰਤਰੀਆਂ, ਅਕਾਲੀ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਦੇ ਘਰਾਂ ਵੱਲ ਮਾਰਚ ਉਪਰੰਤ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਪੁਤਲੇ ਫੂਕੇ ਗਏ।

ਕੁੱਲ ਹਿੰਦ ਕਿਸਾਨ ਮਜ਼ਦੂਰ ਸਭਾ ਦੇ ਪ੍ਰਧਾਨ ਹਰਦੇਵ ਸਿੰਘ ਸੰਧੂ ਨੇ ਦੱਸਿਆ ਕਿ ਕਮੇਟੀ ਨੇ ਮੰਗ ਕੀਤੀ ਹੈ ਕਿ ਦਿੱਲੀ ਦੀ ਤਰਜ਼ ਉੱਤੇ ਮੋਗਾ ਨੇੜੇ ਔਰਬਿਟ ਬੱਸ ਵਿਚ ਵਾਪਰੇ ਕਾਂਡ ਲਈ ਔਰਬਿਟ ਟਰਾਂਸਪੋਰਟ ਦੇ ਮਾਲਕ ਵਿਰੁੱਧ ਕੇਸ ਦਰਜ ਕੀਤਾ ਜਾਵੇ, ਔਰਬਿਟ ਬੱਸ ਕੰਪਨੀ ਬੰਦ ਕਰ ਕੇ ਇਸ ਦੇ ਸਾਰੇ ਰੂਟ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਨੂੰ ਦਿੱਤੇ ਜਾਣ, ਸੁਖਬੀਰ ਬਾਦਲ ਉਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸੰਸਦ ਵਿਚ ਝੂਠ ਬੋਲਣ ਕਰ ਕੇ ਮੰਤਰੀ ਪਦ ਤੋਂ ਅਸਤੀਫਾ ਦੇਣ, 2007 ਤੋਂ ਬਾਅਦ ਬਾਦਲਾਂ ਵੱਲੋਂ ਇਕੱਤਰ ਕੀਤੀ ਗਈ ਅਰਬਾਂ ਰੁਪਏ ਦੀ ਜਾਇਦਾਦ ਦੀ ਸੁਪਰੀਮ ਕੋਰਟ ਦੇ ਜੱਜ ਪਾਸੋਂ ਪੜਤਾਲ ਕਰਾਈ ਜਾਵੇ, ਮੁਕਤਸਰ ਕਾਂਡ ਲਈ ਜ਼ਿੰਮੇਵਾਰ ਨਿਊ ਦੀਪ ਕੰਪਨੀ ਦੇ ਕੰਡਕਟਰ ਤੇ ਡਰਾਈਵਰ ਨੂੰ ਫੌਰਨ ਗ੍ਰਿਫਤਾਰ ਕੀਤਾ ਜਾਵੇ, ਇਨਸਾਫ ਦੀ ਮੰਗ ਕਰਨ ਵਾਲੇ ਵਿਦਿਆਰਥੀ ਬਿਨਾਂ ਸ਼ਰਤ ਰਿਹਾਅ ਕੀਤੇ ਜਾਣ।

ਇਸ ਸਮੇਂ ਹੋਏ ਇਕੱਠਾਂ ਨੂੰ ਸਾਂਝੇ ਸੰਘਰਸ਼ ਵਿਚ ਸ਼ਾਮਲ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ, ਬੂਟਾ ਸਿੰਘ ਬੁਰਜਗਿੱਲ, ਨਿਰਭੈ ਸਿੰਘ ਢੁੱਡੀਕੇ, ਜੁਗਿੰਦਰ ਸਿੰਘ ਉਗਰਾਹਾਂ, ਰੁਲਦੂ ਸਿੰਘ ਮਾਨਸਾ, ਸੁਰਜੀਤ ਸਿੰਘ ਫੂਲ, ਤਰਸੇਮ ਪੀਟਰ, ਭਗਵੰਤ ਸਮਾਉਂ, ਗੁਰਨਾਮ ਦਾਊਦ, ਜੋਰਾ ਸਿੰਘ ਨਸਰਾਲੀ, ਸੰਜੀਵ ਮਿੰਟੂ, ਕੁਲਵਿੰਦਰ ਸਿੰਘ ਵੜੈਚ, ਨੱਥਾ ਸਿੰਘ, ਗੰਗਾ ਪ੍ਰਸ਼ਾਦ, ਗੁਰਬਖਸ਼ ਕੌਰ ਸੰਘਾ, ਨੀਲਮ ਬਟਾਲਾ, ਕਰਨੈਲ ਸਿੰਘ ਸੰਧੂ, ਜਸਵਿੰਦਰ ਝਬੇਲਵਾਲੀ, ਭੁਪਿੰਦਰ ਵੜੈਚ, ਵੇਦ ਪ੍ਰਕਾਸ਼, ਪਰਮਜੀਤ ਸਿੰਘ, ਰਜਿੰਦਰ ਸਿੰਘ, ਰਾਮਿੰਦਰ ਪਟਿਆਲਾ, ਜਸਵਿੰਦਰ ਢੇਸੀ, ਅਜੇ ਫਿਲੌਰ ਅਤੇ ਪਾਵੇਲ ਕੁੱਸਾ ਨੇ ਸੰਬੋਧਨ ਕੀਤਾ।

ਬੱਸ ਵਿਚ ਲੜਕੀ ਨਾਲ ਛੇੜਛਾੜ: ਚੰਡੀਗੜ੍ਹ ਤੋਂ ਅੰਮ੍ਰਿਤਸਰ ਜਾ ਰਹੀ ਪੰਜਾਬ ਰੋਡਵੇਜ਼ ਦੀ ਪਨਬੱਸ ਵਿਚ ਲੜਕੀ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਪੁਲੀਸ ਥਾਣਾ ਕਾਠਗੜ੍ਹ ਵੱਲੋਂ ਕੰਡਕਟਰ ਤੇ ਉਸ ਦੇ ਇਥ ਸਾਥੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਲੜਕੀ ਨੇ ਦੱਸਿਆ ਕਿ ਉਹ ਚੰਡੀਗੜ੍ਹ ਤੋਂ ਨਵਾਂਸਹਿਰ ਲਈ ਬੱਸ ਵਿਚ ਸਵਾਰ ਹੋਈ ਸੀ। ਆਂਸਰੋਂ ਲਾਗੇ ਨਾਲ ਬੈਠੇ ਲੜਕੇ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਕੰਡਕਟਰ ਨੂੰ ਸ਼ਿਕਾਇਤ ਕੀਤੀ ਤਾਂ ਉਸ ਨੇ ਲੜਕੇ ਨੂੰ ਸੀਟ ਤੋਂ ਉਠਾ ਕੇ ਬੱਸ ਦੇ ਇੰਜਣ 'ਤੇ ਬਿਠਾ ਦਿੱਤਾ। ਕੰਡਕਟਰ ਨੇ ਬੱਸ ਨੂੰ ਬਲਾਚੌਰ ਰੁਕਵਾ ਕੇ ਉਸ ਲੜਕੇ ਨੂੰ ਉਤਾਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਵੱਲੋਂ ਰੋਕਣ 'ਤੇ ਲੜਕੇ ਨੇ ਉਸ ਦੇ ਥੱਪੜ ਮਾਰੇ ਅਤੇ ਭੱਜ ਗਿਆ।

## ਬੱਸ ਯਾਤਰੀਆਂ ਨੇ ਗਵਾਹੀ ਦੇਣ ਤੋਂ ਵੱਟਿਆ ਟਾਲਾ

**ਮੋਗਾ:** ਬਾਦਲਾਂ ਦੀ ਮਾਲਕੀ ਵਾਲੀ ਔਰਬਿਟ ਕੰਪਨੀ ਦੀ ਬੱਸ ਵਿਚੋਂ ਨਾਬਾਲਗ ਲੜਕੀ ਅਰਸ਼ਦੀਪ ਕੌਰ ਨਾਲ ਕਥਿਤ ਤੌਰ 'ਤੇ ਛੇੜਛਾੜ ਕਰਨ ਅਤੇ ਉਸ ਨੂੰ ਚੱਲਦੀ ਬੱਸ ਵਿਚੋਂ ਸੁੱਟ ਕੇ ਮਾਰਨ ਦੇ ਮਾਮਲੇ ਵਿਚ ਪੁਲਿਸ ਨੇ ਛੇ ਬੱਸ ਯਾਤਰੀਆਂ ਦੀ ਪਛਾਣ ਕੀਤੀ ਸੀ ਪਰ ਪੁਲਿਸ ਉਨ੍ਹਾਂ ਤੋਂ ਘਟਨਾ ਦੀ ਅਸਲੀਅਤ ਬਾਰੇ ਕੁਝ ਨਹੀਂ ਜਾਣ ਸਕੀ। ਥਾਣਾ ਬਾਘਾਪੁਰਾਣਾ ਦੇ ਐਸ.ਐਚ.ਓ. ਇੰਸਪੈਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਘਟਨਾ ਸਮੇਂ ਬੱਸ ਵਿਚ ਸਫ਼ਰ ਕਰ ਰਹੀਆਂ ਛੇ ਸਵਾਰੀਆਂ ਦੀ ਪਛਾਣ ਹੋਈ ਸੀ ਅਤੇ ਉਨ੍ਹਾਂ ਤੋਂ ਪੁੱਛ ਪੜਤਾਲ ਕੀਤੀ ਗਈ ਹੈ। ਘਟਨਾ ਸਮੇਂ ਬੱਸ ਵਿਚ ਸਫ਼ਰ ਕਰ ਰਹੇ ਜਿਨ੍ਹਾਂ ਛੇ ਯਾਤਰੀਆਂ ਦੀ ਪਛਾਣ ਹੋਈ ਹੈ, ਉਨ੍ਹਾਂ ਵਿਚ ਵਿਜੇ ਕੁਮਾਰ ਬਠਿੰਡਾ, ਗਗਨਦੀਪ ਸਿੰਘ ਜਲਾਲਾਬਾਦ, ਪਰਮਜੀਤ ਸਿੰਘ ਬਠਿੰਡਾ, ਜਗਤਾਰ ਸਿੰਘ ਤੇ ਅਮਰਜੀਤ ਕੌਰ ਪਿੰਡ ਰੋਡੇ ਸ਼ਾਮਲ ਹਨ। ਇਨ੍ਹਾਂ ਸਵਾਰੀਆਂ ਦੀ ਟੋਲ ਪਲਾਜ਼ਾ ਦੀ ਫੁਟੇਜ ਅਤੇ ਮੋਬਾਈਲ ਟਾਵਰ ਲੋਕੇਸ਼ਨ ਤੋਂ ਪਛਾਣ ਕੀਤੀ ਗਈ ਪਰ ਇਨ੍ਹਾਂ ਵਿਚੋਂ ਇਕ ਸਵਾਰੀ ਨੂੰ ਛੱਡ ਕੇ ਬਾਕੀ ਕਿਸੇ ਨੇ ਪੁਲਿਸ ਦੇ ਪੱਲੇ ਕੁਝ ਵੀ ਨਹੀਂ ਪਾਇਆ ਅਤੇ ਮਾਮਲਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਜੁੜਿਆ ਹੋਣ ਕਰਕੇ ਇਹ ਸਵਾਰੀਆਂ ਗਵਾਹੀ ਤੋਂ ਡਰੀਆਂ ਹੋਈਆਂ ਸਨ।

## ਬਲੋਚਿਸਤਾਨ ਵਿਚ ਅਗਵਾ ਯਾਤਰੀਆਂ ਦੀ ਹੱਤਿਆ

**ਕਰਾਚੀ:** ਅਤਿਵਾਦੀਆਂ ਵੱਲੋਂ ਬਲੋਚਿਸਤਾਨ ਸੂਬੇ ਵਿਚ ਕਰਾਚੀ ਜਾਣ ਵਾਲੀਆਂ ਦੋ ਬੱਸਾਂ ਵਿਚੋਂ ਅਗਵਾ ਕੀਤੇ ਯਾਤਰੀਆਂ ਵਿਚੋਂ ਘੱਟੋ ਘੱਟ 19 ਦੀ ਹੱਤਿਆ ਕਰ ਦਿੱਤੀ ਗਈ। ਬਲੋਚਿਸਤਾਨ ਦੇ ਗ੍ਰਹਿ ਮੰਤਰੀ ਸਰਫਰਾਜ਼ ਬੁਗਤੀ ਨੇ ਦੱਸਿਆ ਕਿ 20 ਤੋਂ 25 ਅਤਿਵਾਦੀਆਂ ਨੇ ਕੁਏਟਾ ਤੋਂ ਕਰਾਚੀ ਜਾਣ ਵਾਲੀਆਂ ਦੋ ਬੱਸਾਂ ਵਿਚੋਂ 30-35 ਵਿਅਕਤੀਆਂ ਨੂੰ ਅਗਵਾ ਕਰ ਲਿਆ ਗਿਆ ਸੀ। ਹੁਣ ਤੱਕ ਮਿਲੀਆਂ ਰਿਪੋਰਟਾਂ ਅਨੁਸਾਰ ਅਤਿਵਾਦੀਆਂ ਨੇ 19 ਯਾਤਰੀਆਂ ਦੀ ਹੱਤਿਆ ਕਰ ਦਿੱਤੀ ਹੈ। ਪਾਕਿਸਤਾਨ ਨੇ ਇਸ ਕਾਰੇ ਲਈ ਭਾਰਤ ਨੂੰ ਦੋਸ਼ੀ ਗਰਦਾਨਿਆ ਹੈ।

# ਖਾਲਸਾ ਕਾਲਜ ਦੀ ਇਮਾਰਤ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਲਈ ਕਮੇਟੀ ਕਾਇਮ

**ਅੰਮ੍ਰਿਤਸਰ**: ਸਦੀ ਤੋਂ ਵਧੇਰੇ ਪੁਰਾਣੇ ਖਾਲਸਾ ਕਾਲਜ ਦੀ ਇਮਾਰਤ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਲਈ ਖਾਲਸਾ ਕਾਲਜ ਗਵਰਨਿੰਗ ਕੌਂਸਲ ਵਲੋਂ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਇਨ੍ਹਾਂ ਸੰਭਾਵਨਾਵਾਂ ਬਾਰੇ ਘੋਖ ਕਰੇਗੀ ਕਿ ਇਸ ਵਿਰਾਸਤੀ ਇਮਾਰਤ ਲਈ ਇਹ ਦਰਜਾ ਲਾਹੇਵੰਦ ਹੈ ਜਾਂ ਨਹੀਂ।

ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਾਜਿੰਦਰ ਮੋਹਨ ਸਿੰਘ ਛੀਨਾ ਨੇ ਦੱਸਿਆ ਕਿ ਇਸ ਵਿਰਾਸਤੀ ਇਮਾਰਤ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਲਈ ਕਮੇਟੀ ਬਣਾ ਦਿੱਤੀ ਗਈ ਹੈ, ਇਹ ਕਮੇਟੀ ਸਮੁੱਚੇ ਹਾਲਾਤ ਦੀ ਘੋਖ ਕਰੇਗੀ ਜਿਸ ਤਹਿਤ ਇਹ ਵੀ ਪਤਾ ਲਾਇਆ ਜਾਵੇਗਾ ਕਿ ਇਮਾਰਤ ਲਈ ਵਿਸ਼ਵ ਵਿਰਾਸਤ ਦਾ ਦਰਜਾ ਲੈਣਾ ਲਾਹੇਵੰਦ ਸਾਬਤ ਹੋਵੇਗਾ ਜਾਂ ਨਹੀਂ। ਇਸ ਕਮੇਟੀ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਡਾ. ਐਸ.ਐਚ. ਸੋਚ ਸਮੇਤ ਪੰਜਾਬ ਨਾਟਸ਼ਾਲਾ ਦੇ ਮੁਖੀ ਡਾ. ਜੇ.ਐਸ. ਬਰਾੜ, ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਭੁੱਲਰ, ਡਾ. ਜੇ.ਐਸ ਢਿੱਲੋਂ ਅਤੇ ਗਵਰਨਿੰਗ ਕੌਂਸਲ ਦੇ ਡਿਪਟੀ ਡਾਇਰੈਕਟਰ ਡੀ.ਐਸ. ਰਟੌਲ ਸ਼ਾਮਲ ਹਨ। ਇਹ ਕਮੇਟੀ ਡਾ. ਸੋਚ ਦੀ ਅਗਵਾਈ ਹੇਠ ਕੰਮ ਕਰੇਗੀ।

ਉਨ੍ਹਾਂ ਆਖਿਆ ਕਿ ਇਸ ਕਾਲਜ ਦੀ ਇਹ ਇਮਾਰਤ ਸਦੀ ਤੋਂ ਵਧੇਰੇ ਪੁਰਾਣੀ ਹੈ ਜਿਸ ਦੀ ਹੁਣ ਤੱਕ ਸਾਂਭ ਸੰਭਾਲ ਗਵਰਨਿੰਗ ਕੌਂਸਲ ਵਲੋਂ ਕੀਤੀ ਜਾ ਰਹੀ ਹੈ ਅਤੇ ਇਸ ਇਮਾਰਤ ਦੀ ਲਗਾਤਾਰ ਵਰਤੋਂ ਵੀ ਹੋ ਰਹੀ ਹੈ। ਇਸ ਵੇਲੇ ਇਮਾਰਤ ਵਿਚ ਕਾਲਜ ਦੀਆਂ ਜਮਾਤਾਂ ਪਹਿਲਾਂ ਵਾਂਗ ਚੱਲ ਰਹੀਆਂ ਹਨ। ਕਮੇਟੀ ਇਹ ਵੀ ਪਤਾ ਲਾਵੇਗੀ ਕਿ ਇਸ ਦੀ ਸਾਂਭ ਸੰਭਾਲ ਅਤੇ ਦੇਖ ਰੇਖ ਯੂਨੈਸਕੋ ਦੀ ਨਿਗਰਾਨੀ ਹੇਠ ਆਉਣ ਨਾਲ ਵਿਦਿਅਕ ਸੰਸਥਾ ਨੂੰ ਕੋਈ ਨੁਕਸਾਨ ਤਾਂ ਨਹੀਂ ਹੋਵੇਗਾ, ਕੀ ਕੋਈ ਅਜਿਹੀ ਦਖ਼ਲ-ਅੰਦਾਜ਼ੀ ਤਾਂ ਨਹੀਂ ਵਧ ਜਾਵੇਗੀ ਜਿਸ ਨਾਲ ਵਿਦਿਅਕ ਸੰਸਥਾ ਨੂੰ ਕੋਈ ਨੁਕਸਾਨ ਹੋਵੇਗਾ। ਸਮੁੱਚੇ ਪੱਖ ਘੋਖਣ ਮਗਰੋਂ ਵਿਸ਼ਵ ਵਿਰਾਸਤ ਦਾ ਦਰਜਾ ਲੈਣ ਲਈ ਯਤਨ ਸ਼ੁਰੂ ਕੀਤਾ ਜਾਵੇਗਾ।

ਯਾਦ ਰਹੇ ਕਿ ਕਾਲਜ ਦਾ ਡਿਜ਼ਾਈਨ ਉਘੇ ਸਿੱਖ ਭਵਨ ਨਿਰਮਾਣਕਾਰ ਭਾਈ ਰਾਮ ਸਿੰਘ ਵਲੋਂ ਤਿਆਰ ਕੀਤਾ ਗਿਆ ਸੀ ਜਿਨ੍ਹਾਂ ਨੇ ਇੰਗਲੈਂਡ ਵਿਚ ਕਈ ਅਹਿਮ ਇਮਾਰਤਾਂ ਦੇ ਡਿਜ਼ਾਈਨ ਤਿਆਰ ਕੀਤੇ ਸਨ। ਇਸ ਦਾ ਡਿਜ਼ਾਈਨ 1892 ਵਿਚ ਤਿਆਰ ਹੋਇਆ ਸੀ ਪਰ ਉਸਾਰੀ 1904 ਵਿਚ ਸ਼ੁਰੂ ਹੋਈ ਅਤੇ ਮੁਕੰਮਲ 1911-12 ਵਿਚ ਮੁਕੰਮਲ ਹੋਈ। ਇਸ ਇਮਾਰਤ ਦੀ ਭਵਨ ਨਿਰਮਾਣ ਕਲਾ ਵਿਚੋਂ ਬਰਤਾਨਵੀ ਇਮਾਰਤ ਕਲਾ ਦਾ ਵੀ ਪ੍ਰਭਾਵ ਦਿਖਾਈ ਦਿੰਦਾ ਹੈ। ਕਾਲਜ ਵਿਚ ਅੱਜ ਵੀ 80 ਸਾਲ ਪੁਰਾਣਾ ਕਲਾਕ (ਘੜੀ) ਮੌਜੂਦ ਹੈ ਜੋ ਕੰਮ ਕਰ ਰਿਹਾ ਹੈ। ਇਸੇ ਤਰ੍ਹਾਂ ਇਸ ਦੇ ਅਜਾਇਬ ਘਰ ਵਿਚ ਅਮੁੱਲਾ ਖ਼ਜ਼ਾਨਾ ਸ਼ਾਮਲ ਹੈ ਜਿਸ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਅਹਿਮ ਦਸਤਾਵੇਜ਼, ਪੁਰਾਤਨ ਸ਼ਸਤਰ, ਮਹਾਰਾਜਾ ਰਣਜੀਤ ਸਿੰਘ ਦੀਆਂ ਤਸਵੀਰਾਂ, ਚਿੱਤਰ ਕਲਾ, ਖਰੜੇ ਤੇ ਹੋਰ ਅਹਿਮ ਖਜ਼ਾਨਾ ਸ਼ਾਮਲ ਹੈ। ਇਹ ਕਾਲਜ ਭਾਰਤ-ਪਾਕਿ ਵੰਡ ਦੀ ਪੀੜ ਦਾ ਵੀ ਗਵਾਹ ਹੈ। ਉਦੋਂ ਇਥੇ ਰਿਫਊਜੀਆਂ ਨੇ ਸ਼ਰਨ ਲਈ ਸੀ।

## ਕੇਜਰੀਵਾਲ ਨੇ ਲਾਇਆ ਇਕ ਹੋਰ ਦਾਅ

*(ਸਫਾ ਇਕ ਦੀ ਬਾਕੀ)*

ਹੈ ਕਿ ਦਿੱਲੀ ਪੁਲਿਸ ਅੰਦਰ ਬਾਹਰ ਤੋਂ ਅਧਿਕਾਰੀ ਲਿਆਉਣ ਦੀ ਕੋਈ ਤਜਵੀਜ਼ ਉਪ ਰਾਜਪਾਲ ਕੋਲ ਨਹੀਂ ਪੁੱਜੀ ਹੈ। ਮੰਨਿਆ ਜਾ ਰਿਹਾ ਹੈ ਕਿ ਦਿੱਲੀ ਸਰਕਾਰ ਇਸ ਬਰਾਂਚ ਨੂੰ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਖ਼ਾਤਰ ਹੋਰ ਮਜ਼ਬੂਤ ਕਰਨ ਲਈ ਦਿੱਲੀ ਪੁਲਿਸ ਉਪਰੋਂ ਆਪਣੀ ਨਿਰਭਰਤਾ ਖ਼ਤਮ ਕਰਨਾ ਚਾਹੁੰਦੀ ਹੈ।



ਇਸੇ ਏ.ਸੀ.ਬੀ. ਦੇ ਕਾਰਜ ਖੇਤਰ ਨੂੰ ਲੈ ਕੇ ਪਿਛਲੇ ਦਿਨੀਂ ਉਪ ਰਾਜਪਾਲ ਅਤੇ ਕੇਜਰੀਵਾਲ ਦਰਮਿਆਨ ਤਕਰਾਰ ਹੋਈ ਸੀ ਤੇ ਮੁੱਖ ਮੰਤਰੀ ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਅੰਦਰ ਕਿਹਾ ਸੀ ਕਿ ਕੇਂਦਰ ਸਰਕਾਰ ਵੱਲੋਂ ਉਪ ਰਾਜਪਾਲ ਨੂੰ ਅਧਿਕਾਰੀਆਂ ਦੀ ਨਿਯੁਕਤੀ/ ਤਬਾਦਲੇ ਬਾਰੇ ਦਿੱਤੇ ਗਏ ਵੱਧ ਅਧਿਕਾਰ ਦੇਸ਼ ਨੂੰ ਤਾਨਾਸ਼ਾਹੀ ਵੱਲ ਧੱਕ ਰਹੇ ਹਨ। ਕੇਂਦਰ ਸਰਕਾਰ ਨੇ ਕਿਹਾ ਸੀ ਕਿ ਕੇਂਦਰੀ ਕਰਮਚਾਰੀਆਂ ਖ਼ਿਲਾਫ਼ ਦਿੱਲੀ ਸਰਕਾਰ ਐਕਸ਼ਨ ਨਹੀਂ ਲੈ ਸਕਦੀ। ਹੁਣ ਇਹ ਮਾਮਲਾ ਅਦਾਲਤੀ ਗੇੜਾਂ ਵਿਚ ਫਸ ਗਿਆ ਹੈ। ਮੁੱਖ ਮੰਤਰੀ ਨੇ ਗ਼ੈਰ ਭਾਜਪਾ ਸਰਕਾਰਾਂ ਦੇ ਮੁੱਖ ਮੰਤਰੀਆਂ ਨੂੰ ਵੀ ਕੇਂਦਰ ਸਰਕਾਰ ਦੇ ਉਪਰੋਕਤ ਨੋਟੀਫਿਕੇਸ਼ਨ ਬਾਰੇ ਦੱਸਿਆ ਸੀ। ਉਧਰ ਵਿਰੋਧੀ ਧਿਰ ਭਾਜਪਾ ਨੇ ਕੇਜਰੀਵਾਲ ਸਰਕਾਰ ਨੂੰ ਘੇਰਿਆ ਹੈ ਤੇ ਕਿਹਾ ਕਿ ਦਿੱਲੀ ਤੇ ਬਿਹਾਰ ਸਰਕਾਰ ਵੱਲੋਂ ਇਹ ਮਜ਼ਾਕ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਦਿੱਲੀ ਸਰਕਾਰ ਤੇ ਉਪ ਰਾਜਪਾਲ ਵਿਚ ਅਧਿਕਾਰਾਂ ਨੂੰ ਲੈ ਕੇ ਚੱਲ ਰਹੀ ਜੰਗ ਵਿਚ ਸੁਪਰੀਮ ਕੋਰਟ ਤੇ ਹਾਈਕੋਰਟ ਨੇ ਦੋਵੇਂ ਧਿਰਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਸੀ ਤੇ ਕੇਂਦਰ, ਦਿੱਲੀ ਤੇ ਉਪ ਰਾਜਪਾਲ ਵਿਚਕਾਰ ਤਾਕਤਾਂ ਦੀ ਵੰਡ ਵਿਚ ਬਦਲਾਅ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਸੀ। ਦਿੱਲੀ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 21 ਮਈ ਨੂੰ ਜਾਰੀ ਨੋਟੀਫਿਕੇਸ਼ਨ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਸੀ ਜਿਸ ਵਿਚ ਉਪ ਰਾਜਪਾਲ ਨੂੰ ਸਰਕਾਰੀ ਨਿਯੁਕਤੀਆਂ ਦੇ ਅਧਿਕਾਰ ਦਿੱਤੇ ਗਏ ਸਨ।

## ਬਾਬਾ ਲਾਲੀ ਵੱਲੋਂ ਦਸਮ ਗ੍ਰੰਥ ਦਾ ਅੰਗਰੇਜ਼ੀ ਵਿਚ ਅਨੁਵਾਦ

**ਪਟਿਆਲਾ:** ਅਕਾਦਮਿਕ ਹਲਕਿਆਂ ਵਿਚ ਬਾਬਾ ਲਾਲੀ ਵਜੋਂ ਮਸ਼ਹੂਰ ਪ੍ਰੋ. ਹਰਦਿਲਜੀਤ ਸਿੰਘ ਸਿੱਧੂ ਦੇ ਘਰੋਂ ਦਸਮ ਗ੍ਰੰਥ ਦੇ ਅੰਗਰੇਜ਼ੀ ਅਨੁਵਾਦ ਦਾ ਖਰੜਾ ਮਿਲਿਆ। ਬਾਬਾ ਲਾਲੀ ਦੀ ਪਿਛਲੇ ਸਾਲ ਦਸੰਬਰ ਵਿਚ ਮੌਤ ਹੋ ਗਈ ਸੀ ਤੇ ਉਨ੍ਹਾਂ ਬਾਰੇ ਇਹ ਗੱਲ ਘੁਕੀ ਹੋਈ ਸੀ ਕਿ ਉਹ ਪੜ੍ਹਦੇ ਤਾਂ ਬਹੁਤ ਹਨ, ਪਰ ਲਿਖਣ ਦਾ ਕੰਮ ਨਹੀਂ ਕਰਦੇ। ਯਾਦ ਰਹੇ ਕਿ ਦਸਮ ਗ੍ਰੰਥ ਦਾ ਅਨੁਵਾਦ ਪਹਿਲਾਂ ਵੀ ਦੋ ਵਿਦਵਾਨਾਂ- ਜੋਧ ਸਿੰਘ ਤੇ ਸੁਰਿੰਦਰ ਸਿੰਘ ਕੋਹਲੀ, ਵੱਲੋਂ ਕੀਤਾ ਜਾ ਚੁੱਕਾ ਹੈ, ਪਰ ਇਨ੍ਹਾਂ ਵਿਦਵਾਨਾਂ ਨੇ ਇਸ ਗ੍ਰੰਥ ਦਾ ਚੋਣਵਾਂ ਅਨੁਵਾਦ ਕੀਤਾ ਹੈ ਕਿਉਂਕਿ ਦਸਮ ਗ੍ਰੰਥ ਬਾਰੇ ਅਜੇ ਵਿਵਾਦ ਹੈ ਕਿ ਇਸ ਦੀ ਸਮੁੱਚੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ ਜਾਂ ਇਸ ਵਿਚ ਕਿਸੇ ਹੋਰ ਲੇਖਕ ਦੀ ਰਚਨਾ ਵੀ ਸ਼ਾਮਲ ਹੈ। ਉਂਝ, ਬਾਬਾ ਲਾਲੀ ਨੇ 1740 ਸਫਿਆਂ ਦਾ ਮੁਕੰਮਲ ਦਸਮ ਗ੍ਰੰਥ ਅਨੁਵਾਦ ਕਰ ਦਿੱਤਾ ਹੈ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਹੱਕਾਂ ਤੋਂ ਵਾਂਝੀਆਂ ਨੇ ਪੰਜਾਬ ਦੀਆਂ 13 ਹਜ਼ਾਰ ਪੰਚਾਇਤਾਂ

**ਚੰਡੀਗੜ੍ਹ:** ਦੋ ਸਾਲ ਪਹਿਲਾਂ ਹੋਈਆਂ ਚੋਣਾਂ ਵਿਚ ਜੇਤੂ ਰਹੀਆਂ ਪੰਜਾਬ ਦੀਆਂ ਤਕਰੀਬਨ 13 ਹਜ਼ਾਰ ਪੰਚਾਇਤਾਂ ਹੱਕਾਂ ਤੋਂ ਵਾਂਝੀਆਂ ਹਨ। ਤਿੰਨ ਜੁਲਾਈ 2013 ਨੂੰ ਹੋਂਦ ਵਿਚ ਆਈਆਂ ਮੌਜੂਦਾ ਪੰਚਾਇਤਾਂ ਪੰਜਾਬ ਦੇ ਰਾਜਨੀਤਕ ਇਤਿਹਾਸ ਦੀਆਂ ਸਭ ਤੋਂ ਮਹਿੰਗੀਆਂ ਚੋਣਾਂ ਨਾਲ ਬਣੀਆਂ ਸਨ, ਜਿਨ੍ਹਾਂ ਵਿਚ 10 ਹਜ਼ਾਰ ਸਰਪੰਚ ਤੇ 96 ਹਜ਼ਾਰ ਪੰਚ ਚੁਣ ਕੇ ਆਏ ਸਨ। ਸਾਰਾ ਦਾਰੋਮਦਾਰ ਸੱਤਾਧਾਰੀ ਧਿਰ 'ਤੇ ਨਿਰਭਰ ਹੋਣ ਕਾਰਨ ਇਸ ਵਕਤ ਪੰਜਾਬ ਦੀਆਂ ਪੰਚਾਇਤਾਂ ਦੀ ਸਥਿਤੀ ਅਜਿਹੀ ਬਣ ਚੁੱਕੀ ਹੈ ਕਿ ਉਹ ਕਿਸੇ ਸੰਗਠਨਾਤਮਕ ਢਾਂਚੇ ਵਿਚ ਰਹਿ ਕੇ ਆਪਣੇ ਹੱਕਾਂ ਲਈ ਸੰਘਰਸ਼ ਵੀ ਨਹੀਂ ਕਰ ਰਹੀਆਂ।

ਪੰਜਾਬ ਦੇ ਰਾਜਨੀਤਕ ਸਿਸਟਮ ਨੇ ਪੰਚਾਇਤਾਂ ਨੂੰ ਬੁਰੀ ਤਰ੍ਹਾਂ ਨਿਗਲ ਲਿਆ ਹੈ, ਕਿਉਂਕਿ ਕੇਂਦਰ ਸਰਕਾਰ ਵੱਲੋਂ 1993 ਵਿਚ 73ਵੀਂ ਸੰਵਿਧਾਨਿਕ ਸੋਧ ਉਪਰੰਤ ਪੰਚਾਇਤਾਂ ਨੂੰ ਵੱਡੇ ਪ੍ਰਸ਼ਾਸਕੀ ਅਧਿਕਾਰ ਦੇਣ ਦੀ ਗੱਲ ਅਮਲ ਵਿਚ ਲਿਆਂਦੀ ਸੀ, ਪਰ ਮੌਜੂਦਾ ਸਮੇਂ ਪੰਜਾਬ ਵਿਚ ਇਹ ਸੋਧ ਜਾਂ ਅਧਿਕਾਰਾਂ ਦੀ ਗੱਲ ਸ਼ਗੂਫ਼ਾ ਬਣ ਕੇ ਉੱਡ ਗਈ ਹੈ। ਹੈਰਾਨੀਜਨਕ ਤੱਥ ਹਨ ਕਿ ਕੇਰਲ, ਤ੍ਰਿਪੁਰਾ, ਕਰਨਾਟਕ, ਚੇਨਈ, ਹਿਮਾਚਲ ਤੇ ਹਰਿਆਣਾ ਵਿਚ ਪੰਚਾਇਤਾਂ ਨੂੰ 73ਵੀਂ ਸੋਧ ਮੁਤਾਬਕ ਕੰਮ ਕਰਨ ਦੇ ਅਧਿਕਾਰ ਬਰਕਰਾਰ ਹਨ, ਜਦਕਿ ਮੌਜੂਦਾ ਸਮੇਂ ਪੰਜਾਬ ਦੀਆਂ ਪੰਚਾਇਤਾਂ ਪਾਸੋਂ ਉਹ ਅਧਿਕਾਰ ਵਾਪਸ ਲਏ ਜਾ ਰਹੇ ਹਨ। 2005 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵੇਲੇ ਪੰਜਾਬ ਭਰ ਦੀਆਂ ਪੰਚਾਇਤਾਂ ਨੇ ਪੰਚਾਇਤ ਯੂਨੀਅਨ ਬਣਾ ਕੇ ਲੰਮੀ ਲੜਾਈ ਲੜੀ ਸੀ, ਜਿਸ ਵਜ੍ਹਾ ਕਾਰਨ ਪੰਚਾਇਤਾਂ ਨੂੰ ਮਿਲੇ ਕੁਝ ਅਧਿਕਾਰਾਂ ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀਆਂ ਅਧੀਨ ਚੱਲਦੇ ਸਕੂਲ, ਡਿਸਪੈਂਸਰੀਆਂ, ਪਾਣੀ ਵਾਲੀਆਂ ਟੈਂਕੀਆਂ ਦੇ ਕਾਰੋਬਾਰ ਸਮੇਤ ਪਿੰਡਾਂ ਵਿਚ ਟੌਹਰ ਲਈ ਵੱਖ-ਵੱਖ ਸੰਵਿਧਾਨਕ ਅਧਿਕਾਰ ਮਿਲੇ ਸਨ। ਉਸ ਵਕਤ ਪੰਚਾਇਤਾਂ ਪਾਸ 29 ਮਹਿਕਮਿਆਂ




ਵਿਚ ਥੋੜੀ ਬਹੁਤ ਦਖ਼ਲਅੰਦਾਜੀ ਕਰਨ ਦਾ ਅਧਿਕਾਰ ਸੀ, ਪਰ ਹੁਣ ਪੰਚਾਇਤਾਂ ਪਾਸ ਅਜਿਹਾ ਕੋਈ ਅਧਿਕਾਰ ਨਹੀਂ ਰਿਹਾ।

ਆਜ਼ਾਦੀ ਤੋਂ ਬਾਅਦ ਪੰਚਾਇਤਾਂ ਨੂੰ 10 ਹਜ਼ਾਰ ਤੋਂ 2 ਲੱਖ ਰੁਪਏ ਕਢਵਾਉਣ ਦਾ ਅਧਿਕਾਰ ਸੀ ਪਰ ਮੌਜੂਦਾ ਸਮੇਂ ਸਰਪੰਚ 10 ਹਜ਼ਾਰ ਰੁਪਏ ਤੋਂ ਵੱਧ ਪੈਸਾ ਬੈਂਕ ਵਿਚੋਂ ਨਹੀਂ ਕਢਵਾ ਸਕਦਾ। ਪੰਚਾਇਤ ਪਾਸੋਂ ਪੈਨਸ਼ਨਾਂ ਵੰਡਣ ਦਾ ਅਧਿਕਾਰ ਖੋਹ ਕੇ ਬੈਂਕਾਂ ਪਾਸ ਤੇ ਸਕੂਲ ਸਿੱਖਿਆ ਵਿਭਾਗ ਨੂੰ ਦੇ ਦਿੱਤੇ ਗਏ ਹਨ।

ਜਨਮ ਤੇ ਮੌਤ ਦੇ ਸਰਟੀਫ਼ਿਕੇਟ ਬਣਾਉਣ ਦਾ ਅਧਿਕਾਰ ਵੀ ਪੰਚਾਇਤਾਂ ਪਾਸੋਂ ਵਾਪਸ ਲੈ ਲਿਆ ਗਿਆ ਹੈ। ਵੱਖ-ਵੱਖ ਜ਼ਿਲ੍ਹਿਆਂ ਦੇ ਸਰਪੰਚਾਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਜਾਂ ਲੋਕ ਸਭਾ ਦੇ ਪਾਸ ਹੁੰਦੇ ਮਤਿਆਂ ਦੀ ਸੰਵਿਧਾਨਿਕ ਮਹੱਤਤਾ ਦੇ ਬਿਲਕੁਲ ਉਲਟ ਪੰਚਾਇਤਾਂ ਵੱਲੋਂ ਪਾਸ ਕੀਤੇ ਜਾਂ ਗ੍ਰਾਮ ਸਭਾ ਦੇ ਆਮ ਇਜਲਾਸ ਸਬੰਧੀ ਮਤੇ ਵੀ ਵਿਭਾਗੀ ਅਧਿਕਾਰੀ ਬਿਨਾਂ ਕਿਸੇ ਇਤਰਾਜ਼ ਰੱਦ ਕਰ ਰਹੇ ਹਨ। ਲੱਖਾਂ ਰੁਪਏ ਚੋਣਾਂ 'ਤੇ ਖਰਚਣ ਵਾਲੇ ਸਰਪੰਚ ਇਸ ਵਕਤ ਵੱਡੀ ਕਾਗਜੀ ਕਾਰਵਾਈ ਦਾ ਸਾਹਮਣਾ ਵੀ ਕਰ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਕਿਸੇ ਵੇਲੇ 8 ਸਰਕਾਰੀ ਰਜਿਸਟਰਾਂ 'ਤੇ ਕੀਤਾ ਜਾਣ ਵਾਲਾ ਕੰਮ ਹੁਣ 32 ਰਜਿਸਟਰਾਂ ਉਤੇ ਕਰਨਾ ਪੈ ਰਿਹਾ ਹੈ। ਸਰਪੰਚ ਇਸ ਗੱਲ ਤੋਂ ਵੀ ਪ੍ਰੇਸ਼ਾਨ ਹਨ ਕਿ ਵੈਟ ਦੇ ਲਾਲਚ ਕਾਰਨ ਵਿਭਾਗ ਵੱਲੋਂ ਹੁਣ 500 ਤੋਂ ਉੱਪਰ ਖਰਚੇ ਦੇ ਪੱਕੇ ਬਿਲ ਹੀ ਪ੍ਰਵਾਨ ਕੀਤੇ ਜਾ ਰਹੇ ਹਨ, ਜਦਕਿ ਇਸ ਤੋਂ ਪਹਿਲਾਂ ਕੱਚੇ ਬਿੱਲਾਂ ਨਾਲ ਕੰਮ ਸਾਰ ਲਿਆ ਜਾਂਦਾ ਸੀ।

ਗੁਆਂਢੀ ਸੂਬੇ ਹਰਿਆਣਾ ਵਿਚ ਸਰਪੰਚ ਨੂੰ 2500 ਰੁਪਏ ਤੇ ਪੰਚ ਨੂੰ 800 ਰੁਪਏ ਮਾਣ ਭੱਤਾ ਬਿਨਾਂ ਰੋਕ ਟੋਕ ਮਿਲ ਰਿਹਾ ਹੈ। ਸੱਤਾਧਾਰੀ ਧਿਰ ਦੀ ਪਿੰਡਾਂ ਵਿਚ ਅੰਨ੍ਹੇਵਾਹ ਦਖਲਅੰਦਾਜੀ ਕਾਰਨ ਵੱਡੇ ਪੱਧਰ 'ਤੇ ਧੜੇਬੰਦੀ ਨੇ ਹੁਣ ਪਿੰਡਾਂ ਦੀਆਂ ਸੱਥਾਂ ਵਿਚੋਂ ਨਾ ਸਿਰਫ ਭਾਈਚਾਰਕ ਸਾਂਝਾਂ ਖ਼ਤਮ ਕਰ ਦਿੱਤੀਆਂ ਹਨ, ਬਲਕਿ ਸਾਂਝੇ ਫੈਸਲੇ ਤੇ ਸੱਥ ਸਭਿਆਚਾਰ ਪੂਰੀ ਤਰ੍ਹਾਂ ਖੰਭ ਲਾ ਕੇ ਉੱਡ ਗਿਆ ਹੈ। ਪ੍ਰਾਈਵੇਟ ਕੰਪਨੀਆਂ ਤੋਂ ਆਡਿਟ ਕਰਵਾਉਣ ਤੇ ਪਿੰਡਾਂ ਵਿਚ ਵਿਕਾਸ ਲਈ ਭੇਜੀਆਂ ਜਾਣ ਵਾਲੀਆਂ ਗ੍ਰਾਂਟਾਂ ਦਾ ਸਿਆਸੀਕਰਨ, ਭ੍ਰਿਸ਼ਟਾਚਾਰ ਵੀ ਇਸ ਵਕਤ ਪਿੰਡਾਂ ਦੀਆਂ ਪੰਚਾਇਤਾਂ ਦੇ ਪਤਨ ਦਾ ਕਾਰਨ ਬਣ ਰਿਹਾ ਹੈ।

# ਫੰਡ ਖਰਚਣ ਤੋਂ ਟਲਦੇ ਨੇ ਪੰਜਾਬ ਦੇ ਐਮ.ਪੀ.

**ਚੰਡੀਗੜ੍ਹ:** ਪੰਜਾਬ ਤੋਂ 16 ਵੀਂ ਲੋਕ ਸਭਾ ਲਈ ਚੁਣੇ ਗਏ 13 ਐਮ.ਪੀ. ਆਪਣੇ ਕੋਟੇ ਦੇ ਫੰਡਾਂ 'ਤੇ ਕੁੰਡਲੀ ਮਾਰੀ ਬੈਠੇ ਹਨ। ਹਰੇਕ ਐਮ.ਪੀ. ਨੂੰ ਕੇਂਦਰ ਵੱਲੋਂ 10 ਕਰੋੜ ਗਰਾਂਟ ਦਿੱਤੀ ਜਾਂਦੀ ਹੈ ਤੇ ਪਹਿਲੀ ਕਿਸ਼ਤ ਪੰਜ ਕਰੋੜ ਜਾਰੀ ਹੋ ਚੁੱਕੀ ਹੈ ਪਰ ਸ਼ੇਰ ਸਿੰਘ ਘੁਬਾਇਆ ਨੂੰ ਛੱਡ ਕੇ ਬਾਕੀ ਐਮ.ਪੀਜ਼. ਨੇ ਇਸ ਫੰਡ ਨੂੰ ਖਰਚਣ ਵਿਚ ਬਹੁਤੀ ਦਿਲਚਸਪੀ ਨਹੀਂ ਵਿਖਾਈ।



ਧਰਮਵੀਰ ਗਾਂਧੀ



ਪ੍ਰੇਮ ਸਿੰਘ ਚੰਦੂਮਾਜਰਾ



ਰਵਨੀਤ ਸਿੰਘ ਬਿੱਟੂ

ਘੁਬਾਇਆ 4.72 ਕਰੋੜ ਰੁਪਏ ਜਾਰੀ ਕਰਕੇ ਸਭ ਤੋਂ ਅੱਗੇ ਹਨ ਜਦਕਿ ਕੈਪਟਨ ਅਮਰਿੰਦਰ ਸਿੰਘ 2.91 ਕਰੋੜ ਜਾਰੀ ਕਰ ਕੇ ਦੂਜੇ ਨੰਬਰ ਉਤੇ ਹਨ। ਧਰਮਵੀਰ ਗਾਂਧੀ 2.81 ਕਰੋੜ ਜਾਰੀ ਕਰ ਕੇ ਤੀਜੇ ਨੰਬਰ ਉਤੇ ਹਨ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ 2.37 ਕਰੋੜ ਜਾਰੀ ਕਰ ਕੇ ਚੌਥੇ ਨੰਬਰ ਉਤੇ ਹਨ ਹਰਸਿਮਰਤ ਕੌਰ ਬਾਦਲ 2.23 ਕਰੋੜ ਜਾਰੀ ਕਰਕੇ ਪੰਜਵੇ ਨੰਬਰ ਉਤੇ ਹਨ। ਜੇਕਰ ਕਾਰਗੁਜ਼ਾਰੀ ਪੱਖੋਂ ਅਸਫਲ ਐਮ.ਪੀ. ਦੀ ਗੱਲ ਕਰੀਏ ਤਾਂ ਗੁਰਦਾਸਪੁਰ ਤੋਂ ਵਿਨੋਦ ਖੰਨਾ ਜਿਨ੍ਹਾਂ ਨੂੰ 2.50 ਕਰੋੜ ਜਾਰੀ ਹੋਇਆ ਪਰ ਇਕ ਸਾਲ ਵਿਚ ਉਨ੍ਹਾਂ ਇਕ ਵੀ ਪੈਸਾ ਨਹੀਂ ਖਰਚਿਆ। ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਲੁਧਿਆਣਾ ਤੋਂ ਐਮ.ਪੀ. ਹਨ, ਉਨ੍ਹਾਂ ਨੂੰ ਵੀ 2.50 ਕਰੋੜ ਜਾਰੀ ਹੋਏ ਹਨ ਜਦਕਿ ਉਨ੍ਹਾਂ ਸਿਰਫ ਨੌਂ ਲੱਖ ਰੁਪਏ ਹੀ ਜਾਰੀ ਕੀਤੇ ਹਨ। ਫਤਿਹਗੜ੍ਹ ਸਾਹਿਬ ਤੋਂ ਐਮ. ਪੀ. ਹਰਿੰਦਰ ਸਿੰਘ ਖ਼ਾਲਸਾ ਨੂੰ 2.50 ਕਰੋੜ ਜਾਰੀ ਹੋਏ ਹਨ ਜਦਕਿ ਉਨ੍ਹਾਂ ਨੇ 1.23 ਕਰੋੜ ਖਰਚੇ ਹਨ।

ਮੈਂਬਰ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ ਦੀ ਵੈਬਸਾਈਟ ਉਤੇ ਇਹ ਜਾਣਕਾਰੀ 22 ਮਈ 2015 ਨੂੰ ਅਪਡੇਟ ਕੀਤੀ ਗਈ ਹੈ।

ਕੇਂਦਰ ਸ਼ਾਸਿਤ ਪ੍ਰਦੇਸ਼ ਤੇ ਬਾਕੀ ਸਾਰੇ ਰਾਜਾਂ ਨੂੰ 36479.25 ਕਰੋੜ ਰੁਪਏ ਇਕ ਸਾਲ ਵਿਚ ਜਾਰੀ ਕੀਤੇ ਹਨ। ਜਿਸ ਵਿਚੋਂ 32781.89 ਕਰੋੜ ਖਰਚੇ ਦਿਖਾਏ ਗਏ ਹਨ। 89.86 ਫੀਸਦੀ ਖਰਚ ਹੋਈ ਗਰਾਂਟ ਬਾਰੇ ਦੱਸਿਆ ਗਿਆ ਹੈ।

# ਪਾਕਿਸਤਾਨੀ ਕਮੇਟੀ ਵੱਲੋਂ ਜਥੇਦਾਰਾਂ ਨੂੰ ਸ਼ਹੀਦੀ ਪੁਰਬ ਲਈ ਸੱਦਾ

**ਅੰਮ੍ਰਿਤਸਰ:** ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਦੇ ਪ੍ਰਧਾਨ ਸ਼ਾਮ ਸਿੰਘ ਨੇ ਇਕ ਪੱਤਰ ਰਾਹੀਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਹੋਰਨਾਂ ਨੂੰ 16 ਜੂਨ ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਉਸ ਮੌਕੇ ਸ਼ੁਰੂ ਕੀਤੀ ਜਾਣ ਵਾਲੀ ਕਾਰ ਸੇਵਾ ਵਿਚ ਸ਼ਮੂਲੀਅਤ ਲਈ ਸੱਦਾ ਭੇਜਿਆ ਹੈ। ਪੀ.ਜੀ.ਪੀ.ਸੀ. ਦੇ ਲੈਟਰ ਪੈਡ 'ਤੇ ਭੇਜੇ ਇਸ ਸੱਦਾ ਪੱਤਰ ਵਿਚ ਪ੍ਰਧਾਨ ਸ਼ਾਮ ਸਿੰਘ ਨੇ ਕਿਹਾ ਕਿ ਪੀ.ਜੀ.ਪੀ.ਸੀ. ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ 2003 ਮੁਤਾਬਕ 16 ਜੂਨ ਨੂੰ ਪੰਜਵੇਂ ਗੁਰੂ ਦਾ ਸ਼ਹੀਦੀ ਦਿਹਾੜਾ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਮਨਾਇਆ ਜਾਵੇਗਾ।

ਇਸ ਮੌਕੇ ਗੁਰਦੁਆਰੇ ਦੀ ਇਮਾਰਤ ਦੀ ਕਾਰ ਸੇਵਾ ਵੀ ਸ਼ੁਰੂ ਕੀਤੀ ਜਾ ਰਹੀ ਹੈ, ਜੋ ਪਾਕਿਸਤਾਨ ਸਰਕਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸ਼ੁਭ ਮੌਕੇ ਪੰਜ ਸਿੰਘ ਸਾਹਿਬਾਨ ਨੂੰ ਹਾਜ਼ਰ ਹੋਣਾ ਚਾਹੀਦਾ ਹੈ। ਸ਼ਹੀਦੀ ਦਿਹਾੜੇ ਮੌਕੇ ਆਉਣ ਵਾਲੀਆਂ ਸੰਗਤਾਂ ਨੂੰ ਲੋੜ ਮੁਤਾਬਕ ਵੀਜ਼ੇ ਮੁਹੱਈਆ ਕਰਵਾਏ ਜਾਣਗੇ।

# ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ

**ਅੰਮ੍ਰਿਤਸਰ**: ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਸਾਹਿਬਾਨ ਦੀਆਂ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਲਈ ਪਾਕਿਸਤਾਨ ਸਰਕਾਰ ਵੱਲੋਂ ਚੁੱਕੇ ਗਏ ਕਦਮ ਦੀ ਸ਼੍ਰੋਮਣੀ ਕਮੇਟੀ ਨੇ ਸ਼ਲਾਘਾ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਹੈ ਕਿ ਪਾਕਿਸਤਾਨ ਵਿਚ ਸਿੱਖਾਂ ਦੀਆਂ ਜ਼ਮੀਨਾਂ ਨੂੰ ਬਚਾਉਣ ਵਾਸਤੇ ਸ਼੍ਰੋਮਣੀ ਕਮੇਟੀ ਆਪਣੀ ਆਵਾਜ਼ ਸਮੇਂ-ਸਮੇਂ ਉਤੇ ਉਠਾਉਂਦੀ ਰਹੀ ਹੈ ਤੇ ਜਿਹੜੇ ਸਿੱਖ ਵਾਧੂ ਦੇ ਵਿਸ਼ਿਆਂ ਉਤੇ ਬਹਿਸ ਕਰਕੇ ਕੌਮ ਨੂੰ ਉਲਝਾਈ ਰੱਖਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਗੁਰਧਾਮਾਂ ਦੀ ਬੇਸ਼ਕੀਮਤੀ ਜਗ੍ਹਾ ਨੂੰ ਬਚਾਉਣ ਲਈ ਆਪਣਾ ਯੋਗਦਾਨ ਪਾਉਣ। ਉਨ੍ਹਾਂ ਸਿੱਖ ਕੈਲੰਡਰ ਬਾਰੇ ਕਿਹਾ ਕਿ ਇਹ ਮਾਮਲਾ ਸਮੁੱਚੀ ਕੌਮ ਨਾਲ ਸਬੰਧਤ ਹੈ ਤੇ ਜਿਹੜਾ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਚੁਣੌਤੀ ਦਿੰਦਾ ਹੈ, ਉਸ ਨੂੰ ਗੁਰੂ ਦਾ ਸਿੱਖ ਕਹਾਉਣ ਦਾ ਕੋਈ ਹੱਕ ਨਹੀਂ ਹੈ। ਇਸ ਤਰ੍ਹਾਂ ਦੇ ਫਾਲਤੂ ਮਸਲੇ ਖੜ੍ਹੇ ਕਰ ਕੇ ਕੌਮੀ ਸ਼ਕਤੀ ਨੂੰ ਖੋਰਾ ਨਹੀਂ ਲਾਉਣਾ ਚਾਹੀਦਾ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਛਤਰ ਛਾਇਆ ਵਿਚ ਰਹਿ ਕੇ ਕੌਮ ਦੇ ਭਲੇ ਲਈ ਅਰਦਾਸ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਇਸ ਵੇਲੇ ਚੁਣੌਤੀ ਭਰੇ ਦੌਰ ਵਿਚੋਂ ਲੰਘ ਰਹੇ ਹਨ, ਇਸ ਲਈ ਸਾਰਿਆਂ ਨੂੰ ਇਕਮੁਠਤਾ ਦਾ ਵਿਖਾਵਾ ਕਰਨਾ ਚਾਹੀਦਾ ਹੈ।

# ਡੇਰਾ ਮੁਖੀ ਨੇ ਜਬਰ ਜਨਾਹ ਤੇ ਕਤਲ ਕੇਸਾਂ ਦੀ ਪੇਸ਼ੀ ਭੁਗਤੀ

**ਸਿਰਸਾ:** ਡੇਰਾ ਸਿਰਸਾ ਮੁਖੀ ਨੇ ਸਾਧਵੀ ਸਰੀਰਕ ਸ਼ੋਸ਼ਣ ਤੋਂ ਇਲਾਵਾ ਕਤਲ ਕੇਸਾਂ ਦੀ ਪੇਸ਼ੀ ਭੁਗਤੀ। ਪੇਸ਼ੀ ਵੀਡੀਓ ਕਾਨਫਰੰਸ ਦੇ ਜ਼ਰੀਏ ਸੀ.ਬੀ.ਆਈ. ਦੀ ਪੰਚਕੂਲਾ ਸਥਿਤ ਵਿਸ਼ੇਸ਼ ਅਦਾਲਤ ਵਿਚ ਭੁਗਤੀ ਗਈ। ਪੇਸ਼ੀ ਦੌਰਾਨ ਪੁਲਿਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਡੇਰਾ ਪ੍ਰੇਮੀ ਵੱਡੀ ਗਿਣਤੀ ਵਿਚ ਅਦਾਲਤ ਦੇ ਬਾਹਰ ਤੇ



ਅਦਾਲਤ ਨੂੰ ਜਾਣ ਵਾਲੀ ਸੜਕ ਉਤੇ ਤਾਇਨਾਤ ਰਹੇ। ਡੇਰਾ ਮੁਖੀ ਸਾਧਵੀ ਜਬਰ ਜਨਾਹ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਤੇ ਰਣਜੀਤ ਕਤਲ ਕੇਸ ਦੇ ਮਾਮਲੇ ਵਿਚ ਅਦਾਲਤ ਵਿਚ ਪੇਸ਼ ਹੋਏ। ਜ਼ਿਕਰਯੋਗ ਹੈ ਕਿ ਡੇਰਾ ਮੁਖੀ ਉਤੇ ਡੇਰੇ ਦੀ ਹੀ ਇਕ ਸਾਬਕਾ ਸਾਧਵੀ ਦੇ ਜਬਰ ਜਨਾਹ ਤੋਂ ਇਲਾਵਾ 'ਪੂਰਾ ਸੱਚ' ਅਖ਼ਬਾਰ ਦੇ ਬਾਨੀ ਸੰਪਾਦਕ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਤੇ ਡੇਰੇ ਦੇ ਹੀ ਇਕ ਸਾਬਕਾ ਸ਼ਰਧਾਲੂ ਰਣਜੀਤ ਸਿੰਘ ਦੇ ਕਤਲ ਦਾ ਕੇਸ ਚੱਲ ਰਿਹਾ ਹੈ। ਇਹ ਕੇਸ ਸੀ.ਬੀ.ਆਈ. ਨੇ ਆਪਣੀ ਜਾਂਚ ਉਪਰੰਤ ਡੇਰਾ ਮੁਖੀ ਖ਼ਿਲਾਫ਼ ਦਰਜ ਕੀਤੇ ਸਨ ਜਿਨ੍ਹਾਂ ਦੀਆਂ ਹੁਣ ਪੇਸ਼ੀਆਂ ਭੁਗਤੀਆਂ ਜਾ ਰਹੀਆਂ ਹਨ। ਡੇਰਾ ਮੁਖੀ ਦੀ ਸੁਰੱਖਿਆ ਦੇ ਮੱਦੇਨਜ਼ਰ ਇਸ ਦੀ ਸੁਣਵਾਈ ਵੀਡੀਓ ਕਾਨਫਰੰਸ ਦੇ ਜ਼ਰੀਏ ਹੋ ਰਹੀ ਹੈ।

# ਸਰਕਾਰ ਨੇ ਵਿਸ਼ਵ ਕਬੱਡੀ ਕੱਪ ਦਾ ਉਧਾਰ ਚੁਕਾਉਣ ਤੋਂ ਵੱਟਿਆ ਟਾਲਾ

**ਬਠਿੰਡਾ:** ਪੰਜਾਬ ਸਰਕਾਰ ਨੇ ਪੰਜਵੇਂ ਵਿਸ਼ਵ ਕਬੱਡੀ ਕੱਪ ਦੇ ਤਿੰਨ ਕਰੋੜ ਰੁਪਏ ਦੇ ਫੰਡਾਂ ਨੂੰ ਜੱਫਾ ਮਾਰ ਲਿਆ ਹੈ। ਪੰਜਾਬ ਦੇ ਹੋਟਲ ਤੇ ਟੈਂਟ ਮਾਲਕ ਆਪਣੇ ਬਕਾਏ ਲੈਣ ਖ਼ਾਤਰ ਪੰਜ ਮਹੀਨੇ ਤੋਂ ਸਰਕਾਰੀ ਦਫ਼ਤਰਾਂ ਦੇ ਗੇੜੇ ਮਾਰ ਕੇ ਹੰਭ ਚੁੱਕੇ ਹਨ। ਜਾਣਕਾਰੀ ਅਨੁਸਾਰ ਕਬੱਡੀ ਕੱਪ ਵਿਚ ਪੁੱਜੇ ਮਹਿਮਾਨਾਂ ਦੀ ਟਹਿਲ ਸੇਵਾ ਕਰਨ ਵਾਲੇ ਲੁਧਿਆਣਾ ਤੇ ਬਠਿੰਡਾ ਦੇ ਹੋਟਲ ਮਾਲਕਾਂ ਦੇ ਤਕਰੀਬਨ 82 ਲੱਖ ਰੁਪਏ ਸਰਕਾਰ ਵੱਲ ਬਕਾਇਆ ਹਨ।

ਕਬੱਡੀ ਕੱਪ ਦੇ ਸਮਾਰੋਹਾਂ ਨੂੰ ਚਾਰ ਚੰਨ੍ਹ ਲਾਉਣ ਵਾਲੀ ਕੰਪਨੀ ਫੈਰੀਜ਼ਵ੍ਹੀਲ ਨੂੰ ਤਾਂ ਸਰਕਾਰ ਨੇ 4.47 ਕਰੋੜ ਰੁਪਏ ਦੀ ਅਦਾਇਗੀ ਨਾਲੋ ਨਾਲ ਕਰ ਦਿੱਤੀ ਸੀ ਤੇ ਕਈ ਜ਼ਿਲ੍ਹਿਆਂ ਨੂੰ 98 ਲੱਖ ਰੁਪਏ ਦੇ ਕਰੀਬ ਰਾਸ਼ੀ ਪਹਿਲਾਂ ਹੀ ਜਾਰੀ ਕਰ ਦਿੱਤੀ ਸੀ। ਕਬੱਡੀ ਕੱਪ ਦੌਰਾਨ ਖਿਡਾਰੀਆਂ ਨੂੰ ਬਠਿੰਡਾ ਦੇ ਕਈ ਹੋਟਲਾਂ ਵਿਚ ਠਹਿਰਾਇਆ ਗਿਆ ਸੀ ਤੇ ਇਨ੍ਹਾਂ ਹੋਟਲ ਮਾਲਕਾਂ ਦੇ ਤਕਰੀਬਨ 50 ਲੱਖ ਰੁਪਏ ਦੇ ਬਿੱਲ ਸਰਕਾਰ ਕੋਲ ਫਸੇ ਹੋਏ ਹਨ। ਲੁਧਿਆਣਾ ਦੇ ਇਕ ਹੋਟਲ ਮਾਲਕ ਦੇ



32 ਲੱਖ ਰੁਪਏ ਦੇ ਬਿੱਲਾਂ ਸਮੇਤ ਕੁੱਲ 41 ਲੱਖ ਰੁਪਏ ਬਕਾਇਆ ਹਨ।

ਜ਼ਿਲ੍ਹਾ ਖੇਡ ਅਫ਼ਸਰ ਲੁਧਿਆਣਾ ਮਹਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਹੁਣ ਦੁਬਾਰਾ ਬਿੱਲ ਖੇਡ ਵਿਭਾਗ ਨੂੰ ਭੇਜੇ ਹਨ। ਸੰਗਰੂਰ ਦੇ ਟੈਂਟ ਮਾਲਕਾਂ ਤੇ ਡਾਈਟ ਦਾ ਪ੍ਰਬੰਧ ਕਰਨ ਵਾਲਿਆਂ ਦੇ 14 ਲੱਖ ਰੁਪਏ ਜਦਕਿ ਤਰਨਤਾਰਨ ਦੀ ਤਕਰੀਬਨ 12 ਲੱਖ ਰੁਪਏ ਦੀ ਅਦਾਇਗੀ ਹੋਣੀ ਅਜੇ ਬਾਕੀ ਹੈ। ਜ਼ਿਲ੍ਹਾ ਖੇਡ ਅਫ਼ਸਰ ਸਤਪਾਲ ਸਿੰਘ ਦਾ ਕਹਿਣਾ ਹੈ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਬਣਾਏ ਹੈਲੀਪੈਡ ਤੇ ਪਾਰਕਿੰਗ ਸਮੇਤ ਟੈਂਟ ਮਾਲਕਾਂ ਆਦਿ ਦੀ ਅਦਾਇਗੀ ਅਜੇ ਤੱਕ ਨਹੀਂ ਹੋਈ।

ਇਸੇ ਤਰ੍ਹਾਂ ਜ਼ਿਲ੍ਹਾ ਮੋਗਾ ਤੇ ਮੁਕਤਸਰ ਤੇ ਜਲਾਲਾਬਾਦ ਦੇ ਕ੍ਰਮਵਾਰ 10 ਲੱਖ, 25 ਲੱਖ ਤੇ ਪੰਜ ਲੱਖ ਰੁਪਏ ਦੇ ਬਕਾਏ ਖੜ੍ਹੇ ਹਨ। ਜਲੰਧਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੇ.ਕੇ. ਯਾਦਵ 35 ਲੱਖ ਰੁਪਏ ਦੀ ਅਦਾਇਗੀ ਕਰਨ ਵਿਚ ਕਾਮਯਾਬ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਤਕਰੀਬਨ 10 ਲੱਖ ਰੁਪਏ ਦੇ ਬਿੱਲ ਤਕਨੀਕੀ ਕਾਰਨਾਂ ਕਰਕੇ ਰੁਕੇ ਹੋਏ ਹਨ। ਹੋਟਲ ਮਾਲਕ ਐਸੋਸੀਏਸ਼ਨ ਦੇ ਪ੍ਰਧਾਨ ਸਤੀਸ਼ ਕੁਮਾਰ ਦਾ ਕਹਿਣਾ ਹੈ ਕਿ ਸਰਕਾਰ ਨੇ ਇਕ ਹਫ਼ਤੇ ਵਿਚ ਬਕਾਇਆ ਬਿੱਲਾਂ ਦੀ ਅਦਾਇਗੀ ਕਰਨ ਦਾ ਭਰੋਸਾ ਦਿੱਤਾ ਹੈ।

ਸੂਤਰਾਂ ਅਨੁਸਾਰ ਸਰਕਾਰ ਕੋਲ ਫੰਡ ਨਹੀਂ ਹਨ ਜਿਸ ਕਰਕੇ ਆਨੇ ਬਹਾਨੇ ਅਦਾਇਗੀ ਵਿਚ ਦੇਰ ਕੀਤੀ ਜਾ ਰਹੀ ਹੈ। ਖੇਡ ਵਿਭਾਗ ਦੇ ਡਾਇਰੈਕਟਰ ਤੇਜਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਜ਼ਿਲ੍ਹਿਆਂ ਵੱਲੋਂ ਤਸਦੀਕ ਕਰਕੇ ਭੇਜੇ ਬਿੱਲਾਂ ਵਿਚ ਕੁਝ ਕਮੀਆਂ ਹਨ ਜਿਸ ਕਰਕੇ ਫੰਡ ਜਾਰੀ ਕਰਨ ਵਿਚ ਦੇਰੀ ਹੋਈ ਹੈ। ਬਿੱਲ ਦਰੁਸਤ ਹੋਣ ਮਗਰੋਂ ਅਦਾਇਗੀ ਕਰ ਦਿੱਤੀ ਜਾਵੇਗੀ। ਸਰਕਾਰ ਤੇ ਵਿਭਾਗ ਕੋਲ ਫੰਡਾਂ ਦੀ ਕੋਈ ਕਮੀ ਨਹੀਂ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਤੋਂ ਪਹਿਲਾਂ ਕਰਵਾਏ ਕਬੱਡੀ ਕੱਪ ਵੀ ਵਿਵਾਦਾਂ ਵਿਚ ਘਿਰੇ ਹੋਏ ਹਨ। ਦੂਜਾ ਵਿਸ਼ਵ ਕਬੱਡੀ ਕੱਪ ਵਿਚ ਹੋਏ ਲੱਖਾਂ ਰੁਪਏ ਦੇ ਘਪਲੇ ਦੀ ਪੜਤਾਲ ਤੋਂ ਪੰਜਾਬ ਸਰਕਾਰ ਟਾਲਾ ਵੱਟ ਰਹੀ ਹੈ। ਬਠਿੰਡਾ ਜ਼ਿਲ੍ਹੇ ਵਿਚ ਟਰਾਂਸਪੋਰਟ ਅਫਸਰਾਂ ਨਾਲ ਮਿਲ ਕੇ ਪ੍ਰਾਈਵੇਟ ਬੱਸ ਮਾਲਕਾਂ ਨੇ ਸਰਕਾਰੀ ਖ਼ਜ਼ਾਨੇ ਨੂੰ ਰਗੜਾ ਲਾਇਆ ਸੀ। ਜਿਨ੍ਹਾਂ ਬੱਸਾਂ ਵਿਚ ਕਬੱਡੀ ਕੱਪ ਵਾਸਤੇ ਦਰਸ਼ਕਾਂ ਨੂੰ ਢੋਇਆ ਦਿਖਾਇਆ ਗਿਆ, ਉਹ ਬੱਸਾਂ ਨਹੀਂ ਬਲਕਿ ਸਕੂਟਰਾਂ ਦੇ ਨੰਬਰ ਸਨ। ਸਕੂਟਰਾਂ ਤੇ ਮੋਟਰ ਸਾਈਕਲਾਂ ਦੇ ਰਜਿਸਟ੍ਰੇਸ਼ਨ ਨੰਬਰ ਕਾਗ਼ਜ਼ਾਂ ਵਿਚ ਦਿਖਾ ਕੇ ਬੱਸਾਂ ਦੀ ਅਦਾਇਗੀ ਲੈ ਲਈ ਪਰ ਇਸ ਬਾਰੇ ਨਿਰਪੱਖ ਜਾਂਚ ਤੋਂ ਟਾਲਾ ਵੱਟਿਆ ਜਾ ਰਿਹਾ ਹੈ।

# ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਬਰਾਬਰ ਖੜ੍ਹੇਗਾ ਯਾਦਵ ਧੜਾ

**ਚੰਡੀਗੜ੍ਹ:** ਯੋਗੇਂਦਰ ਯਾਦਵ ਦਾ ਸਵਰਾਜ ਅਭਿਆਨ 'ਜੈ ਕਿਸਾਨ ਅੰਦੋਲਨ' ਰਾਹੀਂ ਪੰਜਾਬ ਵਿਚ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ (ਆਪ) ਨੂੰ ਚੁਣੌਤੀ ਦੇਣ ਦੀ ਤਾਕ ਵਿਚ ਹੈ। ਸਵਰਾਜ ਅਭਿਆਨ ਦੇ ਆਗੂ ਪੰਜਾਬ ਵਿਚ ਕਿਸਾਨ ਮੁੱਦਿਆਂ ਦੇ ਨਾਂ ਹੇਠ 'ਆਪ' ਦੇ ਬਰਾਬਰ ਆਪਣੀ ਹੋਂਦ ਦੱਸਣ ਦਾ ਯਤਨ ਕਰਨਗੇ। ਯਾਦਵ ਦੇ ਸਵਰਾਜ ਅਭਿਆਨ ਨਾਲ ਪਹਿਲਾਂ ਹੀ ਲੀਡਰਸ਼ਿਪ ਦੀ ਲੜਾਈ ਵਿਚ ਉਲਝੀ ਪੰਜਾਬ ਦੀ 'ਆਪ' ਇਕਾਈ ਨੂੰ ਨਵਾਂ ਖ਼ਤਰਾ ਪੈਦਾ ਹੋ ਗਿਆ ਹੈ ਕਿਉਂਕਿ ਪੰਜਾਬ ਇਕਾਈ ਦੇ 'ਆਪ' ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਤੇ ਸੰਸਦ ਮੈਂਬਰਾਂ ਸਮੇਤ ਹੋਰ ਲੀਡਰਸ਼ਿਪ ਵਿਚ ਚੱਲ ਰਹੀ ਖਿੱਚੋਤਾਣ ਕਾਰਨ ਪਾਰਟੀ ਦੇ ਵਾਲੰਟੀਅਰ ਪਹਿਲਾਂ ਹੀ ਦੁਵਿਧਾ ਵਿਚ ਹਨ।

ਸਵਰਾਜ ਲਹਿਰ ਪੰਜਾਬ ਦੀ ਪ੍ਰਚਾਰ ਕਮੇਟੀ ਦੀ ਇਥੇ ਕਿਸਾਨ ਭਵਨ ਵਿਚ ਹੋਈ ਸੂਬਾਈ ਮੀਟਿੰਗ ਦੌਰਾਨ 'ਜੈ ਕਿਸਾਨ ਅੰਦੋਲਨ' ਤਹਿਤ ਸੂਬੇ ਦੇ ਪਿੰਡ-ਪਿੰਡ ਜਾ ਕੇ 'ਜਾਗੋ ਕਿਸਾਨ ਜਾਗੋ' ਦਾ ਹੋਕਾ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤਹਿਤ ਪਹਿਲੇ ਪੜਾਅ ਵਿਚ ਸੰਪਰਕ ਮੁਹਿੰਮ ਚਲਾਉਣ, ਦੂਜੇ ਪੜਾਅ ਵਿਚ ਪਿੰਡ-ਪਿੰਡ ਜਾ ਕੇ ਕਿਸਾਨਾਂ ਦੇ ਘਰਾਂ ਦਾ ਕੁੰਡਾ ਖੜਕਾਉਣ ਤੇ ਇਸ ਤੋਂ ਬਾਅਦ ਜੁਲਾਈ ਵਿਚ ਪੰਜਾਬ ਤੋਂ ਕਿਸਾਨ ਮਾਰਚ ਵਿੱਢਣ ਦਾ ਫ਼ੈਸਲਾ ਕੀਤਾ ਗਿਆ ਹੈ। ਸਵਰਾਜ ਅਭਿਆਨ ਤਹਿਤ 27 ਮਈ ਨੂੰ ਨੋਇਡਾ ਵਿਚ ਕੀਤੀ ਕੌਮੀ ਪੱਧਰੀ ਮੀਟਿੰਗ ਦੌਰਾਨ 'ਜੈ ਕਿਸਾਨ ਅੰਦੋਲਨ' ਦੀ ਮੁਹਿੰਮ ਚਲਾਉਣ ਤੋਂ ਬਾਅਦ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੌਰਾਨ ਅਰਵਿੰਦ ਕੇਜਰੀਵਾਲ ਦੀ 'ਰਿਆਸਤ' ਦਿੱਲੀ ਵਿਚ ਕੌਮੀ ਪੱਧਰੀ ਰੈਲੀ ਕਰਕੇ ਆਪਣੀ ਧਿਰ ਦੀ ਤਾਕਤ ਦਾ ਮੁਜ਼ਾਹਰਾ ਕਰਨ ਦੀ ਰਣਨੀਤੀ ਬਣਾ ਲਈ ਗਈ ਹੈ। ਇਸ ਦੌਰਾਨ ਸਾਰੇ ਰਾਜਾਂ ਦੇ ਕਿਸਾਨ ਤੇ ਖੇਤ ਮਜ਼ਦੂਰ ਪਿੰਡ-ਪਿੰਡ ਦੀ ਮਿੱਟੀ ਲੈ ਕੇ ਦਿੱਲੀ ਪੁੱਜਣਗੇ ਤੇ ਭੂਮੀ ਪ੍ਰਾਪਤੀ ਐਕਟ ਸਮੇਤ ਹੋਰ ਕਿਸਾਨੀ ਮੁੱਦਿਆਂ ਨੂੰ ਉਭਾਰਿਆ ਜਾਵੇਗਾ।

**ਕਿਸਾਨ ਮੁੱਦਿਆਂ ਨਾਲ ਪੈਰ ਗੱਡਣ ਦੀ ਤਿਆਰੀ**



ਸਵਰਾਜ ਲਹਿਰ ਪੰਜਾਬ ਦੀ ਮੀਟਿੰਗ ਤੋਂ ਬਾਅਦ ਇਸ ਧਿਰ ਦੇ ਕੌਮੀ ਮੈਂਬਰ ਪ੍ਰੋਫੈਸਰ ਮਨਜੀਤ ਸਿੰਘ, ਰਾਜੀਵ ਗੋਦਾਰਾ ਤੇ ਤਰਸੇਮ ਜੋਧਾ ਨੇ ਕਿਹਾ ਕਿ ਸਵਰਾਜ ਅਭਿਆਨ ਦੀ ਕੌਮੀ ਪੱਧਰੀ ਮੀਟਿੰਗ ਵਿਚ ਲਏ ਫ਼ੈਸਲੇ ਤਹਿਤ ਪੰਜਾਬ ਵਿਚ ਕਿਸਾਨ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਹੈ। ਛੇ ਮਹੀਨੇ ਵੱਖ-ਵੱਖ ਰਾਜਾਂ ਵਿਚ ਅਜਿਹਾ ਅੰਦੋਲਨ ਚਲਾਉਣ ਤੋਂ ਬਾਅਦ ਸਿਆਸੀ ਪਾਰਟੀ ਬਣਾਉਣ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਜਰੀਵਾਲ ਵੱਲੋਂ 'ਆਪ' ਦੇ ਮਿੱਥੇ ਮਿਸ਼ਨ ਤੋਂ ਭਟਕਣ ਤੇ 'ਵਨ ਮੈਨ ਸ਼ੋਅ' ਕਾਰਨ ਹੀ ਉਨ੍ਹਾਂ ਨੂੰ ਵੱਖਰਾ ਰਸਤਾ ਅਖ਼ਤਿਆਰ ਕਰਨਾ ਪਿਆ ਹੈ।

# ਰਿਜ਼ੌਰਟ ਤੱਕ ਸੜਕ ਵਾਲੇ ਮਾਮਲੇ ਬਾਦਲ ਪਰਿਵਾਰ ਨੂੰ ਨੋਟਿਸ



**ਚੰਡੀਗੜ੍ਹ:** ਨਿਊ ਚੰਡੀਗੜ੍ਹ ਵਿਚ ਬਾਦਲਾਂ ਦੇ ਬਣ ਰਹੇ ਰਿਜ਼ੌਰਟ ਤੱਕ ਪੱਕੀ ਸੜਕ ਬਣਾਉਣ ਦੇ ਮਾਮਲੇ ਵਿਚ ਪੰਜਾਬ ਹਰਿਆਣਾ ਹਾਈਕੋਰਟ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਧਿਰ ਬਣਾਉਣ ਲਈ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਰਿਜ਼ੌਰਟ ਵਿਚ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਦਾ ਵੀ ਹਿੱਸਾ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਧਿਰ ਬਣਾਉਣ ਲਈ ਨੋਟਿਸ ਜਾਰੀ ਹੋਇਆ ਸੀ। ਇਹ ਪਟੀਸ਼ਨ ਜੁਵੀਜ਼ਾ ਚੱਢਾ ਨੇ ਦਾਖ਼ਲ ਕੀਤੀ ਸੀ ਜਿਸ ਵਿਚ ਦੋਸ਼ ਲਾਇਆ ਹੈ ਕਿ ਭੂਮੀ ਗ੍ਰਹਿਣ ਪ੍ਰਕਿਰਿਆ ਨੂੰ ਕਾਹਲੀ ਵਿਚ ਨਿਯਮਾਂ ਦੀ ਉਲੰਘਣਾ ਕਰਕੇ ਅਮਲ ਵਿਚ ਲਿਆਂਦਾ ਗਿਆ ਹੈ।

ਆਪਣੇ ਵਕੀਲ ਰਾਜੀਵ ਆਤਮਾ ਰਾਮ ਜ਼ਰੀਏ ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਮਾਜਰਾ ਪਿੰਡ ਰਾਹੀਂ 100 ਫੁਟ ਚੌੜੀ ਤੇ 1.3 ਕਿਲੋਮੀਟਰ ਲੰਬੀ ਸੜਕ ਬਣਾਈ ਜਾ ਰਹੀ ਹੈ ਜੋ ਮੁਹਾਲੀ ਜ਼ਿਲ੍ਹੇ ਦੇ ਪੱਲ੍ਹਣਪੁਰ ਪਿੰਡ ਵਿਚ ਬਣ ਰਹੇ ਮੈਟਰੋ ਈਕੋ ਗਰੀਨ ਰਿਜ਼ੌਰਟਸ ਤੱਕ ਜਾਂਦੀ ਹੈ। ਇਹ ਮਸਲਾ ਜ਼ਮੀਨ ਦੇ ਉਸ ਟੁਕੜੇ ਲਈ ਹੈ, ਜਿਥੋਂ ਰਿਜ਼ੌਰਟ ਲਈ ਰਾਹ ਜਾਂਦਾ ਹੈ। ਭੂਮੀ ਪ੍ਰਾਪਤੀ ਦੀ ਪ੍ਰਕਿਰਿਆ 2014 ਵਿਚ ਸ਼ੁਰੂ ਹੋਈ ਸੀ ਤੇ ਇਸ ਸਾਲ ਦੇ ਸ਼ੁਰੂ ਵਿਚ ਇਹ ਅਮਲ ਮੁਕੰਮਲ ਕਰ ਲਿਆ ਗਿਆ। ਪਟੀਸ਼ਨਰ ਨੇ ਸੱਤ ਕਨਾਲ 15 ਮਰਲਾ ਜ਼ਮੀਨ ਦੀ ਪ੍ਰਾਪਤੀ ਉਤੇ ਇਤਰਾਜ਼ ਜਤਾਉਂਦਿਆਂ ਇਸ ਫ਼ੈਸਲੇ ਨੂੰ ਅਦਾਲਤ 'ਚ ਚੁਣੌਤੀ ਦਿੱਤੀ ਹੈ।

# ਸੰਸਦ ਵਿਚ ਮਾਸਟਰ ਤਾਰਾ ਸਿੰਘ ਦਾ ਬੁੱਤ ਲਾਉਣ ਦੀ ਮੰਗ ਉਠੀ

**ਨਵੀਂ ਦਿੱਲੀ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤੇ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਮਾਸਟਰ ਤਾਰਾ ਸਿੰਘ ਦਾ ਬੁੱਤ ਸੰਸਦ ਦੇ ਕੇਂਦਰੀ ਹਾਲ ਵਿਚ ਲਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਇਹ ਮੰਗ ਅਜਿਹੇ ਸਮੇਂ ਕੀਤੀ ਹੈ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਸਦ ਦੇ ਕੇਂਦਰੀ ਹਾਲ ਵਿਚ ਅਜ਼ਾਦੀ ਘੁਲਾਟੀਏ ਵਿਨਾਇਕ ਦਾਮੋਦਰ ਸਾਵਰਕਰ ਨੂੰ ਸ਼ਰਧਾਂਜਲੀ ਦਿੱਤੀ। ਲੋਕ ਸਭਾ ਦੀ ਸਪੀਕਰ ਸੁਮਿਤਰਾ ਮਹਾਜਨ ਨੂੰ ਲਿਖੀ ਚਿੱਠੀ ਵਿਚ ਲਿਖਿਆ ਹੈ ਕਿ ਕਿਵੇਂ ਸਾਵਰਕਰ ਨੂੰ ਮਹਾਤਮਾ ਗਾਂਧੀ ਦੇ ਕਤਲ ਕੇਸ ਵਿਚ ਗ੍ਰਿਫ਼ਤਾਰ ਕਰਨ ਮੌਕੇ ਮਾਸਟਰ ਤਾਰਾ ਸਿੰਘ ਉਨ੍ਹਾਂ ਦੇ ਬਚਾਅ ਵਿਚ ਨਿੱਤਰੇ ਸਨ।

ਯਾਦ ਰਹੇ ਕਿ 2002 ਵਿਚ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਮਾਸਟਰ ਤਾਰਾ ਸਿੰਘ ਦਾ ਬੁੱਤ ਸੰਸਦ ਦੇ ਕੇਂਦਰੀ ਹਾਲ ਵਿਚ ਸਥਾਪਤ ਕੀਤਾ ਗਿਆ ਸੀ, ਪਰ ਹਾਰ ਅਰਪਿਤ ਕਰਨ ਪਿੱਛੋਂ ਇਸ ਨੂੰ ਉਥੋਂ ਤਬਦੀਲ ਕਰ ਦਿੱਤਾ। ਹੁਣ ਇਹ ਬੁੱਤ ਸੰਸਦ ਦੀ ਲਾਇਬਰੇਰੀ ਵਿਚ ਪਿਆ ਹੈ।

# ਹਵਾਈ ਅੱਡੇ ਦੇ ਉਦਘਾਟਨ 'ਚ ਪੰਜਾਬ ਦਾ ਅੜਿੱਕਾ

## ਉਦਘਾਟਨ ਤੋਂ ਪਹਿਲਾਂ ਕੌਮਾਂਤਰੀ ਉਡਾਨਾਂ ਸ਼ੁਰੂ ਕਰਨ ਦੀ ਮੰਗ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਵੱਲੋਂ ਚੰਡੀਗੜ੍ਹ ਹਵਾਈ ਅੱਡੇ ਨੂੰ ਇਕ ਸਾਲ ਦੀਆਂ ਪ੍ਰਾਪਤੀਆਂ ਵਿਚ ਸ਼ੁਮਾਰ ਕਰਨ ਲਈ ਉਦਘਾਟਨ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਮੂਹਰੇ ਅਕਾਲੀ ਸਰਕਾਰ ਨੇ ਸ਼ਰਤਾਂ ਦਾ ਅੜਿੱਕਾ ਲਾ ਦਿੱਤਾ ਹੈ।

ਸੂਤਰਾਂ ਮੁਤਾਬਕ ਕੇਂਦਰ ਸਰਕਾਰ ਦੇ ਪੱਤਰ ਦੇ ਜਵਾਬ ਵਿਚ ਰਾਜ ਸਰਕਾਰ ਨੇ ਕਿਹਾ ਹੈ ਕਿ ਇਸ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਸ਼ੁਰੂ ਕੀਤੀਆਂ ਜਾਣ, ਤਾਂ ਕਿ ਇਸ ਨੂੰ ਕੌਮਾਂਤਰੀ ਹਵਾਈ ਅੱਡੇ ਦਾ ਅਸਲੀ ਅਰਥਾਂ ਵਿਚ ਦਰਜਾ ਮਿਲ ਸਕੇ। ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਅਸ਼ੋਕ ਗਜਾਪਤੀ ਰਾਜੂ ਪੂਸਾਪਤੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਿੱਠੀ ਲਿਖ ਕੇ ਚੰਡੀਗੜ੍ਹ ਹਵਾਈ ਅੱਡੇ ਦਾ ਤੁਰੰਤ ਉਦਘਾਟਨ ਕਰਨ ਦੀ ਇੱਛਾ ਪ੍ਰਗਟਾਈ ਹੈ। ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਕੀਤੇ ਜਾਣ ਦੇ ਆਸਾਰ ਹਨ। ਰਾਜ ਸਰਕਾਰ ਦਾ ਕਹਿਣਾ ਹੈ ਕਿ ਕੇਂਦਰ ਵੱਲੋਂ ਕੀਤੀ ਜਾਣ ਵਾਲੀ ਉਦਘਾਟਨੀ ਰਸਮ ਦਾ ਸਵਾਗਤ ਕਰਦੇ ਹਨ ਪਰ ਠੀਕ ਇਹੀ ਹੋਵੇਗਾ ਕਿ ਕੌਮਾਂਤਰੀ ਉਡਾਣਾਂ ਵੀ ਸ਼ੁਰੂ ਕੀਤੀਆਂ ਜਾਣ। ਗ਼ੌਰਤਲਬ ਹੈ ਕਿ ਅੱਡੇ ਦੇ ਉਦਘਾਟਨ ਲਈ ਰਾਜ ਸਰਕਾਰ ਦੀ ਸਹਿਮਤੀ ਜ਼ਰੂਰੀ ਹੈ, ਕਿਉਂਕਿ ਸਭ ਤੋਂ ਜ਼ਿਆਦਾ ਖ਼ਰਚ ਪੰਜਾਬ ਨੇ ਹੀ ਕੀਤਾ ਹੈ। ਮੁੱਖ ਮੰਤਰੀ ਦਫ਼ਤਰ ਮੁਤਾਬਕ ਸ. ਬਾਦਲ ਨੇ ਇਸ ਬਾਰੇ ਕੇਂਦਰੀ ਮੰਤਰੀ ਨੂੰ ਪੱਤਰ ਭੇਜਣ ਬਾਰੇ ਸਹਿਮਤੀ ਦੇ ਦਿੱਤੀ ਹੈ।

ਚੰਡੀਗੜ੍ਹ ਦੇ ਘਰੇਲੂ ਹਵਾਈ ਅੱਡੇ ਨੂੰ ਕੌਮਾਂਤਰੀ ਦਰਜਾ ਦੇਣ ਦਾ ਮਾਮਲਾ ਰਾਜ ਸਰਕਾਰ ਦੇ ਵੱਕਾਰੀ ਪ੍ਰੋਜੈਕਟਾਂ ਵਿਚ ਸ਼ਾਮਲ ਹੈ। ਸ. ਬਾਦਲ ਪਿਛਲੇ ਤਿੰਨ ਸਾਲਾਂ ਤੋਂ ਕੇਂਦਰ ਨਾਲ ਮੁਲਾਕਾਤਾਂ ਦੌਰਾਨ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਚਲਾਉਣ ਦੀ ਪੈਰਵੀ ਕਰਦੇ ਰਹੇ ਹਨ, ਪਰ ਕੇਂਦਰ ਨੇ ਕਿਸੇ ਨਾ ਕਿਸੇ ਬਹਾਨੇ ਘਰੇਲੂ ਉਡਾਣਾਂ ਤੋਂ ਅੱਗੇ ਮਾਮਲਾ ਨਹੀਂ ਵਧਣ ਦਿੱਤਾ। ਤਕਰੀਬਨ ਡੇਢ ਸਾਲ ਪਹਿਲਾਂ ਏਅਰ ਅਰੇਬੀਆ ਨੂੰ ਦੁਬਈ-ਚੰਡੀਗੜ੍ਹ ਉਡਾਣ ਲਈ ਪ੍ਰਵਾਨਗੀ ਵੀ ਦੇ ਦਿੱਤੀ ਗਈ ਸੀ ਪਰ ਰੱਖਿਆ ਮੰਤਰਾਲੇ ਦੇ ਇਤਰਾਜ਼ਾਂ ਕਾਰਨ ਇਹ ਸ਼ੁਰੂ ਨਹੀਂ ਸੀ ਹੋ ਸਕੀ। ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਦਾ ਕਹਿਣਾ ਹੈ ਕਿ ਇੰਡੀਗੋ ਤੇ ਸਪਾਈਸਜੈਟ ਦੀਆਂ ਸਿੰਗਾਪੁਰ ਤੇ ਦੁਬਈ ਉਡਾਣਾਂ ਨੂੰ ਡਾਇਰੈਕਟਰ ਜਨਰਲ ਸ਼ਹਿਰੀ ਹਵਾਬਾਜ਼ੀ ਨੇ ਤਾਂ ਪ੍ਰਵਾਨਗੀ ਦੇ ਦਿੱਤੀ ਹੈ ਪਰ ਮੰਤਰਾਲੇ ਵੱਲੋਂ ਹਰੀ ਝੰਡੀ ਨਹੀਂ ਦਿੱਤੀ ਗਈ। ਵਿਭਾਗ ਮੁਤਾਬਕ ਏਅਰ ਅਰੇਬੀਆ, ਤੁਰਕਿਸ਼ ਏਅਰਲਾਈਨ ਤੇ ਉਜ਼ਬੇਕਿਸਤਾਨ ਏਅਰਲਾਈਨ ਨੇ ਵੀ ਚੰਡੀਗੜ੍ਹ ਤੋਂ ਉਡਾਣਾਂ ਲਈ ਅਰਜ਼ੀ ਦਿੱਤੀ ਹੈ। ਪੰਜਾਬ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਉਤੇ ਦਬਾਅ ਬਣਾਉਣ ਦਾ ਇਹ ਢੁਕਵਾਂ ਮੌਕਾ ਹੈ। ਪਹਿਲਾਂ ਯੂ.ਪੀ.ਏ. ਸਰਕਾਰ ਨੇ ਇਸ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਦੀ ਪ੍ਰਵਾਨਗੀ ਨਹੀਂ ਦਿੱਤੀ ਤੇ ਹੁਣ ਐਨ.ਡੀ.ਏ. ਸਰਕਾਰ ਵੀ ਹੁੰਗਾਰਾ ਨਹੀਂ ਭਰ ਰਹੀ।

# ਹਰਸਿਮਰਤ ਬਾਦਲ ਦੀ ਚੋਣ ਖ਼ਿਲਾਫ਼ ਨਜ਼ਰਸਾਨੀ ਪਟੀਸ਼ਨ

**ਚੰਡੀਗੜ੍ਹ:** ਕੇਂਦਰੀ ਮੰਤਰੀ ਹਰਸਿਮਰਤ ਬਾਦਲ ਦੀ ਚੋਣ ਨੂੰ ਲੈ ਕੇ ਪੰਜਾਬ ਹਰਿਆਣਾ ਹਾਈਕੋਰਟ ਵਿਚ ਪੁਨਰ ਵਿਚਾਰ ਪਟੀਸ਼ਨ ਦਾਖ਼ਲ ਕੀਤੀ ਗਈ ਹੈ। ਅਦਾਲਤ ਨੇ ਪਟੀਸ਼ਨ ਦਾਖ਼ਲ ਕਰਨ ਵਿਚ ਇਕ ਦਿਨ ਦੀ ਦੇਰੀ ਕਰਕੇ ਉਸ ਨੂੰ ਪਹਿਲਾਂ ਖਾਰਜ ਕਰ ਦਿੱਤਾ ਸੀ। ਮੁਕਤਸਰ ਜ਼ਿਲ੍ਹੇ ਵਿਚ ਡੱਬਵਾਲੀ ਢਾਬ ਦੇ ਨਵਜੋਤ ਸਿੰਘ ਨੇ ਰਿਵੀਊ ਪਟੀਸ਼ਨ ਵਿਚ ਕਿਹਾ ਹੈ ਕਿ 30 ਜੂਨ ਨੂੰ ਪਟੀਸ਼ਨ ਦਾਖ਼ਲ ਕਰਨ ਦੀ ਆਖਰੀ ਤਰੀਕ ਸੀ ਤੇ ਉਨ੍ਹਾਂ ਇਸੇ ਤਰੀਕ ਨੂੰ ਹੀ ਪਟੀਸ਼ਨ ਦਾਖ਼ਲ ਕੀਤੀ ਸੀ।



# ਮੋਗਾ ਕਾਂਡ: ਹਾਈਕੋਰਟ ਨੇ ਮੁਆਵਜ਼ਾ ਨੀਤੀ ਬਾਰੇ ਵੇਰਵਾ ਮੰਗਿਆ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈਕੋਰਟ ਨੇ ਮੋਗਾ ਬੱਸ ਕਾਂਡ ਵਿਚ ਪੀੜਤ ਪਰਿਵਾਰ ਨੂੰ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇਣ ਦੀ ਨੀਤੀ ਬਾਰੇ ਪੰਜਾਬ ਸਰਕਾਰ ਨੂੰ ਵੇਰਵੇ ਦੇਣ ਲਈ ਕਿਹਾ ਹੈ। ਡਿਵੀਜ਼ਨ ਬੈਂਚ ਨੇ ਸੂਬਾ ਸਰਕਾਰ ਨੂੰ ਪੁੱਛਿਆ ਹੈ ਕਿ ਉਸ ਨੇ ਕਿਹੜੀ ਯੋਜਨਾ ਤੇ ਨੀਤੀ ਦੇ ਆਧਾਰ ਉਤੇ ਚੱਲਦੀ ਬੱਸ ਵਿਚੋਂ ਮਾਂ ਤੇ ਧੀ ਨੂੰ ਸੁੱਟਣ ਤੇ ਧੀ ਦੀ ਮੌਤ ਹੋਣ ਉਤੇ ਪਰਿਵਾਰ ਨੂੰ 24 ਲੱਖ ਰੁਪਏ ਮੁਆਵਜ਼ਾ ਤੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ। ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਹਲਫ਼ਨਾਮਾ ਦਾਖ਼ਲ ਕਰਨ ਲਈ ਸਮਾਂ ਮੰਗੇ ਜਾਣ ਉਤੇ ਬੈਂਚ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ 30 ਜੁਲਾਈ ਨੂੰ ਨਿਰਧਾਰਤ ਕਰ ਦਿੱਤੀ ਗਈ। ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੇ ਇਸ ਉਤੇ ਪੂਰਾ ਵੇਰਵਾ ਦਿੰਦਿਆਂ ਦੱਸਿਆ ਕਿ ਪਰਿਵਾਰ ਨੂੰ ਕੁੱਲ 29 ਲੱਖ 55 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਇਸ ਵਿਚੋਂ 24 ਲੱਖ ਰੁਪਏ ਔਰਬਿਟ ਏਵੀਏਸ਼ਨ ਵੱਲੋਂ ਦਿੱਤੇ ਗਏ ਹਨ। ਅਦਾਲਤ ਨੇ 19 ਮਈ ਨੂੰ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਨੋਟਿਸ ਜਾਰੀ ਕਰਨ ਦੇ ਨਾਲ ਵਕੀਲ ਜਸਦੀਪ ਸਿੰਘ ਬੈਂਸ ਵੱਲੋਂ ਕੇਸ ਦੀ ਸੀ.ਬੀ.ਆਈ. ਤੋਂ ਜਾਂਚ ਕਰਾਉਣ ਦੀ ਮੰਗ ਸਬੰਧੀ ਨੋਟਿਸ ਜਾਰੀ ਕੀਤੇ ਸਨ। ਇਨ੍ਹਾਂ ਨੋਟਿਸਾਂ ਬਾਰੇ ਹਲਫ਼ਨਾਮੇ ਵੀ ਕੇਸ ਦੀ ਅਗਲੀ ਤਰੀਕ ਉਤੇ ਦਾਖ਼ਲ ਕੀਤੇ ਜਾਣਗੇ।

# ਪਿੰਕੀ ਨੇ ਹਾਈਕੋਰਟ ਦਾ ਦਰ ਖੜਕਾਇਆ

**ਚੰਡੀਗੜ੍ਹ:** ਸਾਬਕਾ ਪੁਲਿਸ ਅਧਿਕਾਰੀ ਗੁਰਮੀਤ ਸਿੰਘ ਪਿੰਕੀ ਨੇ ਸੇਵਾ ਵਿਚੋਂ ਕੱਢੇ ਜਾਣ ਦੇ ਹੁਕਮਾਂ ਖ਼ਿਲਾਫ਼ ਪੰਜਾਬ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਖ਼ਲ ਕਰ ਦਿੱਤੀ ਹੈ। ਪਟੀਸ਼ਨ ਵਿਚ 20 ਮਈ ਨੂੰ ਜਾਰੀ ਹੁਕਮਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਇਹ ਕਾਨੂੰਨੀ ਰੂਪ ਵਿਚ ਠੀਕ ਫ਼ੈਸਲਾ ਨਹੀਂ ਸੀ ਤੇ ਸਬੰਧਤ ਅਧਿਕਾਰੀਆਂ ਨੂੰ ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਪਿੰਕੀ ਨੇ ਪਟੀਸ਼ਨ ਆਪਣੇ ਵਕੀਲ ਕੰਵਲਜੀਤ ਸਿੰਘ ਰਾਹੀਂ ਜਸਟਿਸ ਅਰੁਣ ਪੱਲੀ ਮੂਹਰੇ ਦਾਇਰ ਕੀਤੀ ਸੀ। ਇਸ ਮਾਮਲੇ ਨੂੰ ਦੂਜੀ ਬੈਂਚ ਹਵਾਲੇ ਕਰ ਦਿੱਤਾ ਗਿਆ ਹੈ ਤੇ ਕਾਰਜਕਾਰੀ ਚੀਫ਼ ਜਸਟਿਸ ਦੇ ਹੁਕਮਾਂ ਉਤੇ ਬਣਨ ਵਾਲੀ ਨਵੀਂ ਬੈਂਚ ਇਸ 'ਤੇ ਸੁਣਵਾਈ ਕਰੇਗੀ। ਜ਼ਿਕਰਯੋਗ ਹੈ ਕਿ ਪਿੰਕੀ ਨੂੰ ਹੱਤਿਆ ਦੇ ਜੁਰਮ ਵਿਚ ਉਮਰ ਕੈਦ ਹੋਈ ਸੀ ਪਰ ਉਸ ਨੂੰ ਪਿਛਲੇ ਸਾਲ ਜੇਲ੍ਹ ਵਿਚੋਂ ਪਹਿਲਾਂ ਹੀ ਰਿਹਾਅ ਕਰ ਦਿੱਤਾ ਗਿਆ ਸੀ। ਉਸ ਨੂੰ 16 ਮਈ ਨੂੰ ਮੁੜ ਅਹੁਦੇ ਉਤੇ ਨਿਯੁਕਤ ਕਰ ਦਿੱਤਾ ਗਿਆ ਸੀ ਪਰ 20 ਮਈ ਨੂੰ ਉਸ ਦੀ ਨਿਯੁਕਤੀ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਗਿਆ ਸੀ।

# ਭਾਰਤ ਵਿਚ ਹਰ ਸਾਲ 10 ਲੱਖ ਜ਼ਿੰਦੜੀਆਂ ਨਿਗਲ ਜਾਂਦਾ ਹੈ ਤੰਬਾਕੂ

**ਚੰਡੀਗੜ੍ਹ:** ਦੇਸ਼ ਵਿਚ ਹਰ ਸਾਲ ਤਕਰੀਬਨ 10 ਲੱਖ ਲੋਕਾਂ ਦੀ ਮੌਤ ਤੰਬਾਕੂ ਕਰਕੇ ਹੋ ਜਾਂਦੀ ਹੈ। ਦੇਸ਼ ਵਿਚ 30 ਫੀਸਦੀ ਤੋਂ ਜ਼ਿਆਦਾ ਲੋਕ ਕਿਸੇ ਨਾ ਕਿਸੇ ਰੂਪ ਵਿਚ ਤੰਬਾਕੂ ਦੀ ਵਰਤੋਂ ਕਰ ਰਹੇ ਹਨ। 26 ਫੀਸਦੀ ਸਕੂਲੀ ਬੱਚੇ ਵੀ ਚੋਰੀ ਛਿਪੇ ਇਸ ਦਾ ਸੇਵਨ ਕਰ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਤੰਬਾਕੂ ਨਾਲ ਫੇਫੜੇ, ਮੂੰਹ ਦਾ ਕੈਂਸਰ ਤੇ ਦਿਲ ਨਾਲ ਸਬੰਧਤ ਬਿਮਾਰੀਆਂ ਵੀ ਹੁੰਦੀਆਂ ਹਨ ਤੇ ਪੁਰਸ਼ਾਂ ਵਿਚ 50 ਫੀਸਦੀ ਤੇ ਔਰਤਾਂ ਵਿਚ ਇਕ ਤਿਹਾਈ ਕੈਂਸਰ ਤੰਬਾਕੂ ਨਾਲ ਹੋ ਰਿਹਾ ਹੈ। ਟੀ.ਬੀ. ਨਾਲ ਹੋਣ ਵਾਲੀ 40 ਫੀਸਦੀ ਮੌਤ ਸਿਗਰਟਨੋਸ਼ੀ ਨਾਲ ਹੁੰਦੀ ਹੈ।

ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਸਾਲ 2020 ਤੱਕ ਵਿਸ਼ਵ ਵਿਚ ਤੰਬਾਕੂ ਦੀ ਵਰਤੋਂ ਨਾਲ 84 ਲੱਖ ਲੋਕਾਂ ਦੀ ਮੌਤ ਹੋ ਸਕਦੀ ਹੈ। ਤੰਬਾਕੂ ਉਤੇ ਰੋਕ ਬਾਰੇ ਅਦਾਲਤ ਵਿਚ ਚੁਣੌਤੀ ਦਿੱਤੇ ਜਾਣ ਦੇ ਬਾਅਦ ਤੰਬਾਕੂ ਨਿਯੰਤਰਨ ਸੈੱਲ ਨੇ ਆਪਣੀ ਰਣਨੀਤੀ ਵਿਚ ਬਦਲਾਅ ਕੀਤਾ ਹੈ ਤੇ ਇਸ ਦੇ ਅਧੀਨ ਜਨ-ਪ੍ਰਤੀਨਿਧੀਆਂ, ਸਾਂਸਦਾਂ, ਵਿਧਾਇਕਾਂ, ਪਾਰਸ਼ਦਾਂ ਤੇ ਵਕੀਲਾਂ ਨੂੰ ਤੰਬਾਕੂ ਦੇ ਪ੍ਰਭਾਵ ਸਬੰਧੀ ਜਾਗਰੂਕ ਕਰਨ ਦਾ ਵਿਚਾਰ ਹੋ ਰਿਹਾ ਹੈ। ਏਮਸ (ਹਸਪਤਾਲ) ਦੇ ਨੈਸ਼ਨਲ ਡਰਗ ਡਿਪੈਂਡੈਂਸ ਟਰੀਟਮੈਂਟ ਸੈਂਟਰ (ਐਨ.



ਡੀ.ਡੀ.ਟੀ.ਸੀ.) ਨੂੰ ਤੰਬਾਕੂ ਦੀ ਰੋਕਥਾਮ ਲਈ ਵਿਸ਼ਵ ਸਵਾਸਥ ਸੰਗਠਨ ਨੇ ਆਪਣਾ ਸਹਿਯੋਗੀ ਕੇਂਦਰ ਬਣਾਇਆ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਏਮਸ ਵਿਖੇ 'ਤੰਬਾਕੂ ਛੱਡੋ, ਸਵਾਸਥ ਚੁਣੋ' ਵਿਸ਼ੇ ਉਤੇ ਇਕ ਸੰਮੇਲਨ ਵੀ ਕੀਤਾ ਗਿਆ ਹੈ। ਇਸ ਸੰਮੇਲਨ ਵਿਚ ਸਿਹਤ ਕਰਮਚਾਰੀਆਂ ਨੂੰ ਸਿਖਲਾਈ ਦੇਣ ਸਬੰਧੀ ਵੀ ਜ਼ੋਰ ਦਿੱਤਾ ਗਿਆ। ਸੰਮੇਲਨ ਵਿਚ ਐਨ.ਡੀ.ਡੀ.ਟੀ.ਸੀ. ਦੇ ਮੁਖੀ ਡਾ. ਐਸ. ਖੰਡੇਲਵਾਲ ਦਾ ਕਹਿਣਾ ਸੀ ਕਿ ਵੈਸਵਿਕ ਤੰਬਾਕੂ ਸਰਵੇ 2009-10 ਅਨੁਸਾਰ ਦੇਸ਼ ਵਿਚ 35 ਫੀਸਦੀ ਲੋਕ ਤੰਬਾਕੂ ਦੀ ਵਰਤੋਂ ਕਰਦੇ ਹਨ ਤੇ 48 ਫੀਸਦੀ ਪੁਰਸ਼ ਤੇ 20 ਫੀਸਦੀ ਔਰਤਾਂ ਤੰਬਾਕੂ ਤੋਂ ਪੀੜਤ ਹਨ। ਦੂਜੇ ਪਾਸੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੂੰ ਤੰਬਾਕੂ ਸਬੰਧੀ ਸਕੂਲੀ ਬੱਚਿਆਂ ਨੂੰ ਜਾਣਕਾਰੀ ਦੇਣ ਲਈ ਦਿੱਲੀ ਸਰਕਾਰ ਦੇ ਸਿਹਤ ਵਿਭਾਗ ਨੇ ਸਿਫਾਰਸ਼ ਕੀਤੀ ਹੈ ਕਿ ਛੇਵੀਂ ਤੋਂ 12ਵੀਂ ਸ਼੍ਰੇਣੀ ਦੇ ਪਾਠਕਰਮ ਵਿਚ ਤੰਬਾਕੂ ਸਬੰਧੀ ਇਕ ਅੱਧਾ ਪਾਠ ਸ਼ਾਮਲ ਕੀਤਾ ਜਾਵੇ।

# ਵਿਦੇਸ਼ੀਂ ਜਾ ਵੱਸੇ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੀ ਹੋਵੇਗੀ ਛੁੱਟੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿਦੇਸ਼ ਡੇਰੇ ਲਾਈ ਬੈਠੇ ਅਫਸਰਾਂ ਨੂੰ ਘੇਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਵਿਜੀਲੈਂਸ ਬਿਊਰੋ ਨੇ ਵਿਦੇਸ਼ ਵਿਚ ਅਸਥਾਈ ਜਾਂ ਪੱਕੇ ਤੌਰ ਉਤੇ ਨਾਗਰਿਕਤਾ ਹਾਸਲ ਕਰਨ ਵਾਲੇ 130 ਸਰਕਾਰੀ ਮੁਲਾਜ਼ਮਾਂ ਤੇ ਅਫ਼ਸਰਾਂ ਵਿਰੁੱਧ ਪੰਜਾਬ ਸਿਵਲ ਸਰਵਿਸਿਜ਼ ਨਿਯਮਾਂ ਅਧੀਨ ਸਖ਼ਤ ਕਾਰਵਾਈ ਦੀ ਸਿਫਾਰਸ਼ ਕਰ ਦਿੱਤੀ ਹੈ। ਵਿਜੀਲੈਂਸ ਬਿਊਰੋ ਦੇ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਬਿਊਰੋ ਵੱਲੋਂ ਸਰਕਾਰ ਨੂੰ ਇਸ ਮਾਮਲੇ ਉਤੇ ਪੜਤਾਲੀਆ ਰਿਪੋਰਟ ਸੌਂਪ ਦਿੱਤੀ ਗਈ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੇ ਸਾਲ ਅਕਤੂਬਰ ਵਿਚ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਨੂੰ ਸੌਂਪੀ ਸੀ। ਇਹ ਮੰਨਿਆ ਜਾ ਰਿਹਾ ਹੈ ਕਿ ਰਾਜ ਦੇ ਦੋ ਹਜ਼ਾਰ ਦੇ ਕਰੀਬ ਮੁਲਾਜ਼ਮਾਂ ਤੇ ਅਫ਼ਸਰਾਂ ਨੇ ਵਿਦੇਸ਼ਾਂ ਦੀ ਪੀ.ਆਰ. ਹਾਸਲ ਕੀਤੀ ਹੋਈ ਹੈ। ਬਿਊਰੋ ਵੱਲੋਂ 20 ਵਿਭਾਗਾਂ ਤੇ ਅਦਾਰਿਆਂ ਦੀ ਸੂਚੀ ਸਰਕਾਰ ਨੂੰ ਸੌਂਪੀ ਗਈ ਹੈ ਜਿਨ੍ਹਾਂ ਨਾਲ ਸਬੰਧਤ ਅਫ਼ਸਰਾਂ ਵੱਲੋਂ ਦੋਹਰੀ ਨਾਗਰਿਕਤਾ ਜਾਂ ਵਿਦੇਸ਼ ਵਿਚ ਹੋਰ ਸਹੂਲਤਾਂ ਦਾ ਆਨੰਦ ਮਾਣਿਆ ਜਾ ਰਿਹਾ ਹੈ। ਮੁੱਖ ਮੰਤਰੀ ਦਫ਼ਤਰ ਦੇ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਬਿਊਰੋ ਵੱਲੋਂ ਸੌਂਪੀ ਰਿਪੋਰਟ ਦੇ ਆਧਾਰ ਉਤੇ ਦੋਸ਼ੀ ਅਫ਼ਸਰਾਂ ਜਾਂ ਕਰਮਚਾਰੀਆਂ ਵਿਰੁੱਧ ਸੇਵਾ ਨਿਯਮਾਂ ਤਹਿਤ ਕਾਰਵਾਈ ਕੀਤੀ ਜਾਵੇਗੀ। ਨਿਯਮਾਂ ਮੁਤਾਬਕ ਕਿਸੇ ਕਰਮਚਾਰੀ ਨੂੰ ਨੌਕਰੀ ਤੋਂ ਬਰਖ਼ਾਸਤ ਵੀ ਕੀਤਾ ਜਾ ਸਕਦਾ ਹੈ। ਵਿਜੀਲੈਂਸ ਦੀ ਮੁਢਲੀ ਪੜਤਾਲ ਦੌਰਾਨ ਇਹ ਵੀ ਤੱਥ ਸਾਹਮਣੇ ਆਏ ਸਨ ਕਿ ਦਰਜਾ ਇਕ ਅਫ਼ਸਰਾਂ ਵੱਲੋਂ ਕਾਲੇ ਧਨ ਨੂੰ ਵਿਦੇਸ਼ਾਂ ਵਿਚ ਪਹੁੰਚਾਉਣ ਲਈ ਐਨ.ਆਰ.ਆਈ. ਖਾਤਿਆਂ ਦਾ ਰਾਹ ਅਖ਼ਤਿਆਰ ਕੀਤਾ ਜਾ ਰਿਹਾ ਹੈ। ਵਿਜੀਲੈਂਸ ਦੀ ਸੂਚੀ ਵਿਚ ਖੇਤੀ ਵਿਭਾਗ ਨਾਲ ਸਬੰਧਤ ਖੇਤੀ ਵਿਕਾਸ ਅਫ਼ਸਰਾਂ ਦੇ ਨਾਂ ਵੱਡੀ ਤਾਦਾਦ ਵਿਚ ਸ਼ਾਮਲ ਸਨ। ਵਿਭਾਗ ਦੇ ਅਫ਼ਸਰਾਂ ਦੀ ਗਿਣਤੀ 20 ਹੈ ਜਿਨ੍ਹਾਂ ਨੇ ਕੈਨੇਡਾ ਦੀ ਇੰਮੀਗ੍ਰੇਸ਼ਨ ਜਾਂ ਪੀ.ਆਰ. ਦਾ ਸਟੇਟਸ ਹਾਸਲ ਕੀਤਾ ਹੋਇਆ ਹੈ ਤੇ ਪੰਜਾਬ ਸਰਕਾਰ ਵਿਚ ਵੀ ਨੌਕਰੀਆਂ ਉਤੇ ਬਰਕਰਾਰ ਹਨ। ਸਮਾਜਿਕ ਸੁਰੱਖਿਆ ਵਿਭਾਗ ਦੇ ਸੀ.ਡੀ.ਪੀ.ਓਜ਼. ਨੂੰ ਵੀ ਨੌਕਰੀਆਂ ਦੇ ਨਾਲ-ਨਾਲ ਕੈਨੇਡਾ ਪਸੰਦ ਹੈ। ਇਸ ਵਿਭਾਗ ਦੇ 9 ਸੀ.ਡੀ.ਪੀ.ਓਜ਼. ਨੇ ਕੈਨੇਡਾ ਦੀ ਨਾਗਰਿਕਤਾ ਹਾਸਲ ਕੀਤੀ ਹੋਈ ਹੈ। ਪੰਜਾਬ ਮੰਡੀ ਬੋਰਡ ਦਾ ਨਾਂ ਵੀ ਅਜਿਹੇ ਹੀ ਵਿਭਾਗਾਂ ਵਿਚ ਸ਼ਾਮਲ ਹੈ ਜਿਸ ਨਾਲ ਸਬੰਧਤ ਮੁਲਾਜ਼ਮਾਂ ਤੇ ਅਫ਼ਸਰਾਂ ਨੂੰ ਸਰਕਾਰੀ ਨੌਕਰੀ ਦੇ ਨਾਲ ਵਿਦੇਸ਼ ਦੀ ਸਹੂਲਤ ਜ਼ਿਆਦਾ ਪਸੰਦ ਹੈ। ਬੋਰਡ ਦੇ 18 ਅਫ਼ਸਰਾਂ ਤੇ ਕਰਮਚਾਰੀਆਂ ਦੇ ਨਾਂ ਵਿਜੀਲੈਂਸ ਦੀ ਸੂਚੀ ਵਿਚ ਸ਼ਾਮਲ ਹਨ। ਇਸੇ ਤਰ੍ਹਾਂ ਬਾਗਬਾਨੀ ਵਿਭਾਗ ਦੇ ਅੱਠ, ਤਕਨੀਕੀ ਸਿੱਖਿਆ ਵਿਭਾਗ ਨਾਲ ਸਬੰਧਤ ਛੇ, ਪ੍ਰਦੂਸ਼ਣ ਬੋਰਡ ਦੇ ਦੋ, ਖੇਤੀਬਾੜੀ ਵਿਕਾਸ ਬੈਂਕ ਦਾ ਇਕ, ਇਲੈਕਟ੍ਰੀਕਲ ਇੰਸਪੈਕਟਰ ਦਾ ਇਕ, ਕਲੋਨਾਈਜ਼ੇਸ਼ਨ ਵਿਭਾਗ ਦਾ ਇਕ ਮੁਲਾਜ਼ਮ ਵਿਦੇਸ਼ ਦੀ ਨਾਗਰਿਕਤਾ ਹਾਸਲ ਕਰਨ ਵਾਲਿਆਂ ਵਿਚ ਸ਼ਾਮਲ ਹਨ।

ਬਿਊਰੋ ਰਿਪੋਰਟ ਮੁਤਾਬਕ ਪੰਜਾਬ ਪੁਲਿਸ ਵੱਲੋਂ ਬੇਹੱਦ ਅਧੂਰੀ ਰਿਪੋਰਟ ਪੇਸ਼ ਕੀਤੀ ਗਈ ਹੈ। ਕਪੂਰਥਲਾ, ਫਾਜ਼ਿਲਕਾ, ਮੋਗਾ, ਖੰਨਾ, ਬਠਿੰਡਾ, ਮੁਹਾਲੀ ਦੇ ਜ਼ਿਲ੍ਹਾ ਪੁਲਿਸ ਮੁਖੀਆਂ ਤੇ ਕਮਿਸ਼ਨਰ ਲੁਧਿਆਣਾ ਸਮੇਤ ਦੋ ਬਟਾਲੀਅਨਾਂ ਤੇ ਜੇਲ੍ਹ ਵਿਭਾਗ ਦੇ 21 ਕਰਮਚਾਰੀਆਂ ਨੇ ਵਿਦੇਸ਼ ਦੀ ਪੀ.ਆਰ. ਜਾਂ ਇੰਮੀਗ੍ਰੇਸ਼ਨ ਹਾਸਲ ਕੀਤੀ ਹੋਈ ਹੈ। ਇਨ੍ਹਾਂ ਵਿਚ ਸਿਪਾਹੀ, ਹੌਲਦਾਰ, ਏ.ਐਸ.ਆਈ. ਤੇ ਸਬ ਇੰਸਪੈਕਟਰ ਰੈਂਕ ਤੱਕ ਦੇ ਮੁਲਾਜ਼ਮ ਸ਼ਾਮਲ ਹਨ। ਸੂਤਰਾਂ ਮੁਤਾਬਕ ਗ੍ਰਹਿ ਵਿਭਾਗ ਵੱਲੋਂ ਪੀ.ਪੀ.ਐਸ. ਅਫ਼ਸਰਾਂ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਹਾਲਾਂਕਿ ਆਈ.ਪੀ.ਐਸ. ਤੇ ਪੀ.ਪੀ.ਐਸ. ਅਫ਼ਸਰਾਂ ਨੇ ਵੀ ਪੀ.ਆਰ. ਹਾਸਲ ਕੀਤੀ ਹੋਈ ਹੈ। ਵਿਜੀਲੈਂਸ ਦੀ ਇਸ ਪੜਤਾਲੀਆ ਰਿਪੋਰਟ ਮੁਤਾਬਕ ਕਰ ਤੇ ਆਬਕਾਰੀ ਵਿਭਾਗ ਦੇ ਤਿੰਨ ਸੀਨੀਅਰ ਅਫ਼ਸਰ ਵਿਦੇਸ਼ੀ ਸਹੂਲਤਾਂ ਦਾ ਆਨੰਦ ਮਾਣ ਰਹੇ ਹਨ। ਇਨ੍ਹਾਂ ਵਿਚ ਤਿੰਨ ਸਹਾਇਕ ਕਮਿਸ਼ਨਰ ਕਰ ਤੇ ਆਬਕਾਰੀ ਤੇ ਤਿੰਨ ਈ.ਟੀ.ਓ. ਸ਼ਾਮਲ ਹਨ। ਪਸ਼ੂ ਪਾਲਣ ਵਿਭਾਗ ਦੇ ਪੰਜ, ਡੀ.ਪੀ.ਆਈ. ਐਲੀਮੈਂਟਰੀ ਦੀ ਰਿਪੋਰਟ ਮੁਤਾਬਕ ਪੰਜ, ਹੋਮਿਓਪੈਥੀ, ਸ਼ੂਗਰਫੈਡ, ਲੋਕ ਨਿਰਮਾਣ, ਖ਼ਜ਼ਾਨਾ ਤੇ ਲੇਖਾ ਵਿਭਾਗ ਤੇ ਪਨਸਪ ਦੇ ਇਕ-ਇਕ, ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਦੋ, ਹਾਊਸ ਫੈਡ ਦੇ ਦੋ, ਭੂਮੀ ਰੱਖਿਆ ਵਿਭਾਗ ਦੇ ਦੋ ਅਫ਼ਸਰ, ਸਕੂਲ ਸਿੱਖਿਆ ਬੋਰਡ ਦੇ ਤਿੰਨ ਤੇ ਪੰਜਾਬ ਰਾਜ ਸਹਿਕਾਰੀ ਬੈਂਕ ਦੇ ਪੰਜ ਮੁਲਾਜ਼ਮਾਂ ਦੇ ਨਾਂ ਸ਼ਾਮਲ ਹਨ।

### ਵਿਜੀਲੈਂਸ ਬਿਊਰੋ ਵੱਲੋਂ 130 ਅਫਸਰਾਂ ਵਿਰੁਧ ਕਾਰਵਾਈ ਦੀ ਸਿਫਾਰਸ਼




### ਨਾਂ-ਮਾਤਰ ਅੰਕੜੇ ਹੀ ਇਕੱਠੇ ਕਰ ਸਕਿਆ ਬਿਊਰੋ

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ਦੇ 130 ਸਰਕਾਰੀ ਮੁਲਾਜ਼ਮਾਂ ਤੇ ਅਧਿਕਾਰੀਆਂ ਕੋਲ ਦੂਜੇ ਮੁਲਕਾਂ ਦੀ ਅਸਥਾਈ ਜਾਂ ਸਥਾਈ ਨਾਗਰਿਕਤਾ ਹੋਣ ਦਾ ਖ਼ੁਲਾਸਾ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਦੀ ਰਿਪੋਰਟ ਵਿਚੋਂ ਸਿੱਖਿਆ, ਸਿਹਤ, ਵਿੱਤ, ਮਾਲੀਆ, ਸਹਿਕਾਰਤਾ ਸਿੰਚਾਈ, ਪੰਚਾਇਤ ਤੇ ਪੇਂਡੂ ਵਿਕਾਸ, ਖ਼ੁਰਾਕ ਤੇ ਸਪਲਾਈ ਵਿਭਾਗਾਂ ਤੋਂ ਇਲਾਵਾ ਪੰਜਾਬ ਖੇਤੀਬਾੜੀ ਤੇ ਵੈਟਰਨਰੀ ਯੂਨੀਵਰਸਿਟੀਆਂ ਸਮੇਤ ਕਈ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਮੁਲਾਜ਼ਮਾਂ ਤੇ ਅਧਿਕਾਰੀਆਂ ਬਾਰੇ ਜਾਣਕਾਰੀ ਨਾਦਾਰਦ ਹੈ। ਕਈ ਆਈ.ਏ.ਐਸ., ਆਈ.ਪੀ.ਐਸ. ਤੇ ਹੋਰ ਉੱਚ ਅਧਿਕਾਰੀਆਂ ਦੇ ਨਾਂ ਵੀ ਨਸ਼ਰ ਨਹੀਂ ਕੀਤੇ ਜਾ ਰਹੇ। ਬਿਊਰੋ ਨੇ ਆਪਣੀ ਜਾਂਚ ਦੌਰਾਨ ਜ਼ਿਆਦਾਤਰ ਵਿਭਾਗਾਂ 'ਤੇ ਆਪਣੇ ਮੁਲਾਜ਼ਮਾਂ ਬਾਰੇ ਅੰਕੜੇ ਨਾ ਦੇਣ ਦੇ ਦੋਸ਼ ਲਾਏ ਹਨ।

# 'ਮੂਲ ਪ੍ਰਾਜੈਕਟ' ਰਾਹੀਂ ਘਰ ਘਰ ਪੁੱਜੇਗਾ ਸਿੱਖੀ ਦਾ ਸੁਨੇਹਾ

**ਨਿਊ ਯਾਰਕ:** ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ (ਡੀ.ਐਸ.ਜੀ.ਐਮ.ਸੀ.) ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਹੇਠ 'ਮੂਲ ਪ੍ਰੋਜੈਕਟ' ਦੀ ਪਹਿਲ ਕੀਤੀ ਗਈ ਹੈ। ਇਸ ਪ੍ਰੋਜੈਕਟ ਉਤੇ 50 ਤੋਂ 60 ਲੱਖ ਡਾਲਰ ਦਾ ਖ਼ਰਚਾ ਆਏਗਾ ਤੇ ਇਸ ਦੇ ਦੋ ਸਾਲਾਂ ਵਿਚ ਮੁਕੰਮਲ ਹੋਣ ਦੀ ਆਸ ਹੈ। ਪ੍ਰੋਜੈਕਟ ਲਈ ਮੁੱਖ ਤੌਰ ਉਤੇ ਭਾਰਤ-ਅਮਰੀਕੀ ਹੋਟਲ ਮਾਲਕ ਸੰਤ ਸਿੰਘ ਛਤਵਾਲ ਵੱਲੋਂ ਸਿੱਖੀ ਦੇ ਪ੍ਰਚਾਰ ਲਈ 10 ਲੱਖ ਡਾਲਰ ਦਾ ਯੋਗਦਾਨ ਪਾਇਆ ਜਾਏਗਾ।

ਪ੍ਰੋਜੈਕਟ ਵਿਚ ਆਡੀਟੋਰੀਅਮ, ਡਿਜੀਟਲ ਖੋਜ ਲਾਇਬ੍ਰੇਰੀ ਤੇ ਅਜਾਇਬਘਰ ਆਦਿ ਸ਼ਾਮਲ ਹੋਣਗੇ। ਪ੍ਰੋਜੈਕਟ ਉਤੇ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਸਿੱਖ ਸੈਂਟਰ ਫਾਰ ਇੰਟਰਨੈਸ਼ਨਲ ਸਟਡੀਜ਼ ਵਿਚ ਕੰਮ ਚੱਲ ਰਿਹਾ ਹੈ। ਇਸ ਪ੍ਰੋਜੈਕਟ ਵਿਚ ਸਿੱਖ ਇਤਿਹਾਸ ਦੇ ਨਾਲ-ਨਾਲ ਰਹਿਤ ਮਰਿਆਦਾ ਬਾਰੇ ਵੀ ਜਾਣਕਾਰੀ ਦਿੱਤੀ ਜਾਏਗੀ। ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਸਿੱਖ ਇਤਿਹਾਸ ਦੀਆਂ ਕਹਾਣੀਆਂ ਪੇਸ਼ ਕਰਕੇ ਤੇ ਉਨ੍ਹਾਂ ਨੂੰ ਦਿਖਾ ਕੇ ਸਿੱਖ ਨੌਜਵਾਨਾਂ ਨੂੰ ਉਚੇਚੇ ਤੌਰ ਉਤੇ ਪ੍ਰੇਰਿਤ ਕੀਤਾ ਜਾਏਗਾ। ਸ੍ਰੀ ਛਤਵਾਲ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਸਿਰਫ਼ ਸਿੱਖਾਂ ਦਾ ਨਹੀਂ ਹੈ। ਪ੍ਰੋਜੈਕਟ ਨਾਲ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਜਾਏਗਾ।

'ਮੂਲ ਪ੍ਰੋਜੈਕਟ' ਦਾ ਵਿਚਾਰ ਫਿਲਮਸਾਜ਼ ਬੌਬੀ ਬੇਦੀ ਨੇ ਦਿੱਤਾ ਤੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੇ ਉਨ੍ਹਾਂ ਦੀ ਹਮਾਇਤ ਕੀਤੀ। ਪ੍ਰੋਜੈਕਟ ਵਿਚ ਇੰਟਰਨੈਟ ਦੀ ਸਹੂਲਤ ਵੀ ਦਿੱਤੀ ਜਾਏਗੀ ਤਾਂ ਜੋ ਸਿੱਖੀ ਨਾਲ ਸਬੰਧਤ ਵਿਚਾਰਾਂ ਨੂੰ ਡਾਊਨਲੋਡ ਕਰਨ ਦੇ ਨਾਲ-ਨਾਲ ਨੌਜਵਾਨ ਮੌਕੇ ਉਤੇ ਹੀ ਇਤਿਹਾਸ ਤੋਂ ਜਾਣੂ ਹੋ ਸਕਣ। ਇਹ ਅੰਗਰੇਜ਼ੀ ਤੇ ਪੰਜਾਬੀ ਵਿਚ ਹੋਏਗਾ ਅਤੇ ਇਸ ਦੇ ਸਾਰੀਆਂ ਭਾਸ਼ਾਵਾਂ ਵਿਚ ਸਬ ਟਾਈਟਲ ਦਿੱਤੇ ਜਾਣਗੇ।

# ਜੋਸ਼ੀ ਦੇ ਭਰਾ ਉਤੇ ਹਮਲੇ ਦੇ ਕੇਸ ਵਿਚ ਸਰਕਾਰੀ ਤੰਤਰ ਦੀ ਝਾੜ-ਝੰਬ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਤੇ ਭਾਜਪਾ ਆਗੂ ਅਨਿਲ ਜੋਸ਼ੀ ਦੇ ਭਰਾ ਉਤੇ ਹੋਏ ਹਮਲੇ ਦੇ ਮਾਮਲੇ ਵਿਚ ਪੰਜਾਬ ਹਰਿਆਣਾ ਹਾਈਕੋਰਟ ਨੇ ਕੇਸ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਲਈ ਸਰਕਾਰੀ ਤੰਤਰ ਦੀ ਲਾਹ-ਪਾਹ ਕੀਤੀ ਹੈ। ਜਸਟਿਸ ਮਹੇਸ਼ ਗਰੋਵਰ ਨੇ ਡੀ.ਐਸ.ਪੀ. ਵੱਲੋਂ ਮੁਲਜ਼ਮ ਖ਼ਿਲਾਫ਼ ਦਰਜ ਕਤਲ ਦੀ ਕੋਸ਼ਿਸ਼ ਦੀ ਧਾਰਾ ਹਟਾਉਣ ਉਤੇ ਤਿੱਖੀ ਟਿੱਪਣੀ ਕੀਤੀ। ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੇ ਬਾਵਜੂਦ ਮੁਲਜ਼ਮ ਨੂੰ ਰਾਹਤ ਦਿੱਤੀ ਗਈ ਸੀ।




ਜਸਟਿਸ ਗਰੋਵਰ ਨੇ ਕਿਹਾ ਕਿ ਮੁਲਜ਼ਮਾਂ ਦੇ ਪੱਖ ਵਿਚ ਜਾਂਚ ਨੂੰ ਮੋੜਿਆ ਗਿਆ। ਉਨ੍ਹਾਂ ਕਿਹਾ ਕਿ ਇਹ ਹਮਲਾ ਦਿਨ ਦਿਹਾੜੇ ਤਰਨਤਾਰਨ ਸਬ ਡਿਵੀਜ਼ਨ ਦਫ਼ਤਰ ਦੇ ਬਾਹਰ ਹੋਇਆ ਤੇ ਸਥਾਨਕ ਸਿਆਸੀ ਹਸਤੀ ਵੀ ਇਸ ਵਿਚ ਸ਼ਾਮਲ ਸੀ ਤੇ ਬੰਦੂਕਾਂ ਦੀ ਵੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਅਦਾਲਤ ਦੀ ਇਹ ਧਾਰਨਾ ਮਜ਼ਬੂਤ ਹੁੰਦੀ ਹੈ ਕਿ ਹਸਤੀਆਂ ਦੇ ਸ਼ਾਮਲ ਹੋਣ ਕਰਕੇ ਕੇਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਡੀ.ਐਸ.ਪੀ. ਸੁਖਵਿੰਦਰ ਸਿੰਘ ਦੀ ਦਖ਼ਲਅੰਦਾਜ਼ੀ ਦਾ ਵੀ ਨੋਟਿਸ ਲਿਆ ਤੇ ਕਿਹਾ ਕਿ ਉਹ ਕੇਸ ਨੂੰ ਲੀਹੋਂ ਲਾਹੁਣ ਦੀ ਕੋਸ਼ਿਸ਼ ਵਿਚ ਹੈ। ਜਸਟਿਸ ਗਰੋਵਰ ਨੇ ਕਿਹਾ ਕਿ ਘਟਨਾ ਨੂੰ ਵਾਪਰੇ ਤਿੰਨ ਮਹੀਨੇ ਹੋ ਗਏ ਹਨ ਪਰ ਜਾਂਚ ਅਜੇ ਮੁੱਕੀ ਨਹੀਂ ਹੈ।

# ਅਕਾਲੀਆਂ ਦੀਆਂ ਅੱਖਾਂ ਹੁਣ ਮੋਦੀ ਦੇ ਅਨੰਦਪੁਰ ਸਾਹਿਬ ਦੌਰੇ 'ਤੇ ਲੱਗੀਆਂ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 19 ਜੂਨ ਦੇ ਸ੍ਰੀ ਅਨੰਦਪੁਰ ਸਾਹਿਬ ਦੌਰੇ ਤੋਂ ਵੱਡੀਆਂ ਆਸਾਂ ਹਨ। ਕੇਂਦਰ ਦੀ ਭਾਈਵਾਲ ਇਸ ਪਾਰਟੀ ਨੂੰ ਪੂਰੀ ਆਸ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਅਨੰਦਪੁਰ ਸਾਹਿਬ ਦੀ ਫੇਰੀ ਮੌਕੇ ਕੋਈ ਵੱਡਾ ਐਲਾਨ ਜ਼ਰੂਰ ਕਰਨਗੇ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸ੍ਰੀ ਅਨੰਦਪੁਰ ਸਾਹਿਬ ਦੇ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਇਥੇ ਸੱਦੀ ਗਈ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਤੋਂ ਪੰਜਾਬ ਦੇ ਵਿਕਾਸ ਲਈ ਪੈਕੇਜ ਦੇਣ ਦੀ ਆਸ ਦਾ ਖ਼ੁਲਾਸਾ ਕੀਤਾ ਹੈ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਸ੍ਰੀ ਮੋਦੀ ਨੇ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਮਾਗਮਾਂ ਵਿਚ ਆਉਣ ਦੀ ਹਾਮੀ ਭਰੀ ਹੈ।



ਬੇਸ਼ੱਕ ਉਨ੍ਹਾਂ ਦਾ ਪਹਿਲਾਂ ਪੰਜਾਬ ਆਮਦ ਵਜੋਂ ਹੁਸੈਨੀਵਾਲਾ ਦੌਰਾ ਕੁਝ ਸਮੇਂ ਦਾ ਸੀ ਪਰ ਐਤਕੀਂ ਸਾਨੂੰ ਆਸ ਹੈ ਕਿ ਉਹ ਕੋਈ ਨਾ ਕੋਈ ਵੱਡਾ ਐਲਾਨ ਜ਼ਰੂਰ ਕਰਨਗੇ। ਪ੍ਰੋ. ਚੰਦੂਮਾਜਰਾ ਪੰਜਾਬ ਨੂੰ ਕੇਂਦਰ ਵੱਲੋਂ ਆਰਥਿਕ ਪੈਕੇਜ ਨਾ ਦਿੱਤੇ ਜਾਣ ਬਾਰੇ ਸਵਾਲ ਦਾ ਜਵਾਬ ਦੇ ਰਹੇ ਸਨ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਨੰਗਲ ਸਥਿਤ ਐਨ.ਐਫ.ਐਲ. ਖਾਦ ਫੈਕਟਰੀ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਇਸ ਨਾਲ ਨਾ ਸਿਰਫ ਪੰਜਾਬ ਤੇ ਹਰਿਆਣਾ ਬਲਕਿ ਆਲੇ ਦੁਆਲੇ ਦੇ ਖੇਤਰਾਂ ਵਾਸਤੇ ਵੀ ਯੂਰੀਆ ਖਾਦ ਦੀ ਜ਼ਰੂਰਤ ਪੂਰੀ ਹੋ ਸਕੇਗੀ।

# ਮਹਿੰਗੇ ਪੰਜਾਬ ਦਾ ਡਟ ਕੇ ਫਾਇਦਾ ਉਠਾ ਰਹੇ ਨੇ ਗੁਆਂਢੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਹਰ ਸਾਲ ਵੈਟ ਦਰਾਂ ਵਿਚ ਕੀਤੇ ਜਾ ਰਹੇ ਵਾਧੇ ਦਾ ਫਾਇਦਾ ਗੁਆਂਢੀ ਸੂਬਿਆਂ ਨੂੰ ਵੱਧ ਮਿਲ ਰਿਹਾ ਹੈ। ਪਿਛਲੇ ਸੱਤ ਸਾਲਾਂ ਵਿਚ ਪੰਜਾਬ ਦੇ ਗੁਆਂਢੀ ਰਾਜਾਂ ਵਿਚ ਤੇਲ ਤੇ ਇਸ ਤੋਂ ਨਿਕਲਦੇ ਉਤਪਾਦਾਂ ਦੀ ਵਿਕਰੀ ਦੁੱਗਣੀ ਹੋਈ ਹੈ ਜਦਕਿ ਇਸੇ ਸਮੇਂ ਵਿਚ ਪੰਜਾਬ ਵਿਚ ਇਨ੍ਹਾਂ ਦੀ ਵਿਕਰੀ ਵਿਚ ਮਾਮੂਲੀ ਵਾਧਾ ਹੋਇਆ ਹੈ। ਪੰਜਾਬ ਵਿਚ ਵੈਟ ਦੀ ਦਰ ਸਭ ਤੋਂ ਜ਼ਿਆਦਾ ਹੋਣ ਕਰਕੇ ਹਰਿਆਣਾ ਸਮੇਤ ਦੂਸਰੇ ਗੁਆਂਢੀ ਰਾਜਾਂ ਵਿਚ ਤੇਲ ਦੀ ਵਿਕਰੀ ਤਬਦੀਲ ਹੋ ਗਈ ਹੈ। ਜ਼ਿਆਦਾ ਵਸੂਲੀ ਖ਼ਾਤਰ ਸਾਰੇ ਦੇਸ਼ ਤੋਂ ਜ਼ਿਆਦਾ ਵੈਟ ਦੀ ਦਰ ਰੱਖਣ ਦੇ ਬਾਵਜੂਦ ਪੰਜਾਬ ਵਿਚ ਤੇਲ ਤੋਂ ਮਿਲਣ ਵਾਲੇ ਵੈਟ ਵਿਚ ਵਾਧਾ ਨਹੀਂ ਹੋਇਆ ਹੈ।

ਉੱਤਰੀ ਰਾਜਾਂ ਵਿਚ ਤੇਲ ਦੀ ਵਿਕਰੀ ਦੇ ਅੰਕੜੇ ਹੀ ਦੱਸਦੇ ਹਨ ਕਿ ਪੰਜਾਬ ਵਿਚ ਤੇਲ, ਡੀਜ਼ਲ, ਫਰਨੇਸ ਆਇਲ, ਲੁਬਰੀਕੇਂਟ, ਲਾਈਟ ਡੀਜ਼ਲ ਦੀ ਵਿਕਰੀ 2008-09 ਵਿਚ 5411.1 ਸੀ ਪਰ ਸੱਤ ਸਾਲ ਬਾਅਦ ਵੀ ਦੇਸ਼ ਭਰ ਵਿਚੋਂ ਸਭ ਤੋਂ ਜ਼ਿਆਦਾ ਵੈਟ ਲਗਾਉਣ ਦੇ ਬਾਵਜੂਦ ਵੀ ਤੇਲ ਦੀ ਵਿਕਰੀ ਵਿਚ ਮਾਮੂਲੀ ਅੰਤਰ 5713.5 ਟੀ.ਐਮ. ਟੀ. ਹੋਈ ਸੀ ਜਦਕਿ ਪੰਜਾਬ ਦੇ ਬਿਲਕੁਲ ਨਾਲ ਲੱਗੇ ਹਰਿਆਣਾ ਵਿਚ ਤਾਂ ਇਨ੍ਹਾਂ ਦੀ ਵਿਕਰੀ ਸੱਤ ਸਾਲਾਂ ਤੋਂ 6300.1 ਤੋਂ ਦੁੱਗਣੀ ਹੋਣ ਜਾ ਰਹੀ ਹੈ। ਇਸ ਤਰ੍ਹਾਂ ਨਾਲ ਹਿਮਾਚਲ, ਚੰਡੀਗੜ੍ਹ ਵਿਚ ਵੀ ਤੇਲ ਸਮੇਤ ਇਸ ਦੇ ਉਤਪਾਦਾਂ ਦੀ ਵਿਕਰੀ ਤੇਜ਼ੀ ਨਾਲ ਵਧ ਰਹੀ ਹੈ। ਇਸ ਵੇਲੇ ਪੰਜਾਬ ਵਿਚ ਪੈਟਰੋਲ ਉੱਪਰ ਵੈਟ 34 ਫ਼ੀਸਦੀ ਦੇ ਕਰੀਬ ਤੱਕ ਪੁੱਜ ਗਿਆ ਹੈ ਤੇ ਡੀਜ਼ਲ ਉੱਪਰ ਵੈਟ ਦੀ ਦਰ 14 ਫ਼ੀਸਦੀ ਕਰ ਦਿੱਤੀ ਗਈ ਹੈ ਜਦਕਿ ਹਰਿਆਣਾ ਵਿਚ ਭਾਜਪਾ ਸਰਕਾਰ ਆਉਣ ਤੋਂ ਬਾਅਦ ਹੀ ਪੈਟਰੋਲ ਦੇ ਉੱਪਰ ਵੈਟ 20 ਤੋਂ ਵਧਾ ਕੇ 25 ਫ਼ੀਸਦੀ ਕਰ ਦਿੱਤਾ ਗਿਆ ਹੈ।

ਡੀਜ਼ਲ ਉੱਪਰ ਵੈਟ 12.5 ਫ਼ੀਸਦੀ ਤੋਂ ਵਧਾ ਕੇ 14 ਫ਼ੀਸਦੀ ਕਰਨ ਤੋਂ ਬਾਅਦ ਹੁਣ ਪੰਜਾਬ ਦੇ ਮੁਕਾਬਲੇ ਹਰਿਆਣਾ ਵਿਚ ਡੀਜ਼ਲ 1.50 ਰੁਪਏ ਸਸਤਾ ਹੋ ਗਿਆ ਹੈ। ਪੰਜਾਬ ਦੇ ਮੁਕਾਬਲੇ ਹਰਿਆਣਾ ਵਿਚ ਪੈਟਰੋਲ ਅਜੇ ਵੀ ਅੱਠ ਰੁਪਏ ਪ੍ਰਤੀ ਲੀਟਰ ਸਸਤਾ ਹੈ ਤੇ ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਵਿਚ ਇਹ ਅੰਤਰ ਪੰਜ ਰੁਪਏ ਪ੍ਰਤੀ ਲੀਟਰ ਹੈ। ਹਰਿਆਣਾ ਵਿਚ ਪੰਜਾਬ ਦੇ ਮੁਕਾਬਲੇ ਜਿਥੇ ਡੀਜ਼ਲ 1.50 ਰੁਪਏ ਪ੍ਰਤੀ ਲਟਰ ਸਸਤਾ ਹੈ ਜਦਕਿ ਚੰਡੀਗੜ੍ਹ ਵਿਚ 2.50 ਰੁਪਏ ਪ੍ਰਤੀ ਲੀਟਰ ਸਸਤਾ ਹੈ। ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਵਿਚ ਪੈਟਰੋਲ ਤੇ ਡੀਜ਼ਲ ਸਸਤਾ ਹੋਣ ਕਰਕੇ ਇਨ੍ਹਾਂ ਦੇ ਨਾਲ ਲੱਗਦੇ ਇਲਾਕੇ ਹੁਸ਼ਿਆਰਪੁਰ, ਫ਼ਤਿਹਗੜ੍ਹ ਸਾਹਿਬ, ਮੋਹਾਲੀ, ਰਾਜਪੁਰਾ ਵਿਚ ਤਾਂ ਪੰਪ ਬੰਦ ਹੋਣ ਦੇ ਕੰਢੇ ਹਨ ਕਿਉਂਕਿ ਇਨ੍ਹਾਂ ਇਲਾਕਿਆਂ ਤੋਂ ਤਾਂ ਲੋਕ ਸਕੂਟਰਾਂ ਕਾਰਾਂ ਵਿਚ ਹੀ ਤੇਲ ਲੈਣ ਲਈ ਕੁਝ ਕਿਲੋਮੀਟਰ ਚਲੇ ਜਾਂਦੇ ਹਨ।

ਭਾਵੇਂ ਆਬਕਾਰੀ ਤੇ ਕਰ ਵਿਭਾਗ ਵੈਟ ਦੀ ਦਰ ਇਹ ਕਹਿ ਕੇ ਵਧਾਉਣ ਦੀ ਸਲਾਹ ਦਿੰਦਾ ਰਿਹਾ ਹੈ ਕਿ ਇਸ ਨਾਲ ਵੈਟ ਦੀ ਵਸੂਲੀ ਵਿਚ ਭਾਰੀ ਵਾਧਾ ਹੋਇਆ ਹੈ ਪਰ ਤੇਲ ਕੰਪਨੀ ਤੋਂ ਮਿਲੇ ਅੰਕੜੇ ਹੀ ਇਸ ਦਾਅਵੇ ਦੀ ਸਚਾਈ ਦੱਸ ਰਹੇ ਹਨ ਕਿ ਪੰਜਾਬ ਵਿਚ ਪੈਟਰੋਲੀਅਮ ਦੀਆਂ ਵਸਤਾਂ ਉਤੇ ਕਈ ਗੁਣਾ ਵੈਟ ਤਾਂ ਵਧਾ ਕੇ ਲਾਗੂ ਕੀਤਾ ਜਾ ਰਿਹਾ ਹੈ ਪਰ ਤੇਲ ਦੀ ਵਿਕਰੀ ਵਿਚ ਕਿਸੇ ਤਰ੍ਹਾਂ ਦਾ ਵਾਧਾ ਨਹੀਂ ਹੋਇਆ ਹੈ। ਵੈਟ ਦੀ ਦਰ ਵਧਾਉਣ ਵੇਲੇ ਤਾਂ ਇਹ ਦਾਅਵੇ ਜ਼ਰੂਰ ਕੀਤੇ ਜਾਂਦੇ ਹਨ ਕਿ ਵੈਟ ਵਸੂਲੀ ਵਧ ਰਹੀ ਹੈ ਪਰ ਅੰਕੜੇ ਤਾਂ ਦੱਸਦੇ ਹਨ ਕਿ ਤੇਲ ਦੀ ਵਿਕਰੀ ਤਾਂ ਵਧੀ ਨਹੀਂ ਹੈ ਤਾਂ ਫਿਰ ਵੈਟ ਵਸੂਲੀ ਵਿਚ ਕਿਸ ਤਰ੍ਹਾਂ ਨਾਲ ਵਾਧਾ ਹੋ ਸਕਦਾ ਹੈ। ਪੰਜਾਬ ਵਿਚ ਆਬਕਾਰੀ ਤੇ ਕਰ ਵਿਭਾਗ ਨੂੰ ਇਸ ਵੇਲੇ 3300 ਕਰੋੜ ਰੁਪਏ ਦੇ ਕਰੀਬ ਵੈਟ ਆਉਂਦਾ ਹੈ ਜਦਕਿ ਬੀਤੇ ਦਿਨੀਂ ਇਕ ਰੁਪਏ ਸੈਸ ਲਗਾਉਣ ਤੋਂ ਬਾਅਦ ਪੈਟਰੋਲ, ਡੀਜ਼ਲ ਗੁਆਂਢੀ ਰਾਜਾਂ ਦੇ ਮੁਕਾਬਲੇ ਹੋਰ ਵੀ ਮਹਿੰਗਾ ਹੋ ਗਿਆ ਹੈ ਜਿਸ ਕਾਰਨ ਇਸ ਦੀ ਵਿਕਰੀ ਵਧਣ ਦੀ ਕੋਈ ਸੰਭਾਵਨਾ ਨਹੀਂ ਹੈ। ਪੰਜਾਬ ਦੇ ਗੁਆਂਢੀ ਰਾਜਾਂ ਦੀ ਸਰਹੱਦ ਉਤੇ ਪੰਪਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ।

### ਗੁਆਂਢੀ ਸੂਬਿਆਂ ਦੇ ਮੁਕਾਬਲੇ ਤੇਲ ਦੀ ਵਿਕਰੀ ਘਟੀ



# ਭਾਰਤ ਵਿਚ ਹਰ ਸਾਲ ਲਾਪਤਾ ਹੁੰਦੇ ਨੇ ਦਸ ਲੱਖ ਲੋਕ

**ਪਟਿਆਲਾ:** ਭਾਰਤ ਵਿਚ ਹਰ ਸਾਲ ਦਸ ਲੱਖ ਲੋਕ ਲਾਪਤਾ ਹੁੰਦੇ ਹਨ ਜਿਨ੍ਹਾਂ ਵਿਚੋਂ 2,000,00 ਤੋਂ ਜ਼ਿਆਦਾ ਬੱਚੇ ਸ਼ਾਮਲ ਹਨ। ਬੱਚਿਆਂ ਦੇ ਗਾਇਬ ਹੋਣ ਦੀਆਂ ਸਭ ਤੋਂ ਜ਼ਿਆਦਾ ਘਟਨਾਵਾਂ ਪੱਛਮੀ ਬੰਗਾਲ ਵਿਚ ਵਾਪਰਦੀਆਂ ਹਨ। ਉਸ ਤੋਂ ਬਾਅਦ ਪੰਜਾਬ, ਮਹਾਰਾਸ਼ਟਰ, ਜੰਮੂ-ਕਸ਼ਮੀਰ, ਉੜੀਸਾ, ਝਾਰਖੰਡ ਆਦਿ ਸ਼ਾਮਲ ਹਨ। ਸਾਲ 2011 ਵਿਚ ਦਿੱਲੀ ਅੰਦਰੋਂ ਹੀ 5111 ਬੱਚੇ ਗਾਇਬ ਹੋਏ। ਮੱਧ ਪ੍ਰਦੇਸ਼ ਵਿਚੋਂ 7797 ਤੇ ਪੱਛਮੀ ਬੰਗਾਲ ਵਿਚੋਂ 12 ਹਜ਼ਾਰ ਬੱਚੇ ਗ਼ਾਇਬ ਹੋਏ। 2008 ਤੋਂ ਲੈ ਕੇ 2010 ਵਿਚਕਾਰ ਗ਼ਾਇਬ ਹੋਏ 41546 ਬੱਚਿਆਂ ਦੀ ਕੋਈ ਖ਼ਬਰ ਹੀ ਨਹੀਂ ਹੈ।

ਇਸ ਮਾਮਲੇ ਵਿਚ ਪੰਜਾਬ ਦੀ ਸਥਿਤੀ ਸਭ ਤੋਂ ਮਾੜੀ ਹੈ। ਕ੍ਰਾਈਮ ਵਿਭਾਗ ਦੀ ਰਿਪੋਰਟ ਮੁਤਾਬਕ ਸਾਲ 1992 ਤੋਂ ਲੈ ਕੇ ਸਾਲ 2012 ਤੱਕ ਗ਼ਾਇਬ ਹੋਏ ਸੈਂਕੜੇ ਲੋਕਾਂ ਦਾ ਕੋਈ ਪਤਾ ਹੀ ਨਹੀਂ ਹੈ। ਸ਼ਹਿਰੀ ਥਾਣਾ ਮਾਨਸਾ ਅਧੀਨ 86 ਵਿਅਕਤੀ ਗੁੰਮ ਹੋਏ ਜਿਨ੍ਹਾਂ ਵਿਚੋਂ 10 ਵਿਅਕਤੀ ਮਾਰੇ ਗਏ, 37 ਵਾਪਸ ਆਏ ਤੇ ਬਾਕੀ ਅਜੇ ਵੀ ਗ਼ਾਇਬ ਹਨ। ਥਾਣਾ ਬੁਢਲਾਡਾ ਅਧੀਨ ਗੁੰਮ ਹੋਏ ਪੰਜ ਵਿਅਕਤੀਆਂ ਵਿਚੋਂ ਇਕ ਦੀ ਮੌਤ ਹੋ ਗਈ ਤੇ ਚਾਰ ਦਾ ਕੋਈ ਪਤਾ ਨਹੀਂ ਲੱਗਿਆ। ਝੁਨੀਰ 'ਚੋਂ ਗੁੰਮ ਹੋਏ 33 ਵਿਅਕਤੀਆਂ ਵਿਚੋਂ 16 ਵਾਪਸ ਹੀ ਨਹੀਂ ਆਏ। ਬੋਹਾ ਵਿਚ ਗੁੰਮ ਹੋਏ 28 ਵਿਅਕਤੀਆਂ ਵਿਚੋਂ 10 ਤੇ ਬੁਢਲਾਡਾ ਸ਼ਹਿਰੀ ਵਿਚੋਂ ਗੁੰਮ ਹੋਏ 37 ਵਿਅਕਤੀਆਂ ਵਿਚੋਂ 10 ਨਹੀਂ ਲੱਭੇ ਜਾ ਸਕੇ। ਜੋਗਾ ਵਿਚੋਂ ਗੁੰਮ ਹੋਏ ਤਿੰਨ ਵਿਅਕਤੀਆਂ ਵਿਚੋਂ ਕੋਈ ਵੀ ਨਹੀਂ ਲੱਭਿਆ। ਜ਼ਿਲ੍ਹਾ ਗੁਰਦਾਸਪੁਰ ਵਿਚ 219 ਵਿਅਕਤੀ ਗੁੰਮ ਹੋਏ, 165 ਨਹੀਂ ਮਿਲੇ।

ਫ਼ਰੀਦਕੋਟ ਵਿਚ 527 ਗੁੰਮ ਹੋਏ ਵਿਅਕਤੀਆਂ ਵਿਚੋਂ 442 ਵਾਪਸ ਹੀ ਨਹੀਂ ਆਏ। ਪਟਿਆਲੇ ਦੀ ਅਰਬਨ ਅਸਟੇਟ ਵਿਚੋਂ ਗੁੰਮ ਹੋਏ 20 ਵਿਅਕਤੀਆਂ ਵਿਚੋਂ ਕੋਈ ਨਹੀਂ ਲੱਭਿਆ ਜਾ ਸਕਿਆ। ਕਪੂਰਥਲਾ ਵਿਖੇ ਗ਼ਾਇਬ ਹੋਏ 80 ਵਿਅਕਤੀਆਂ ਵਿਚੋਂ ਤਕਰੀਬਨ 26 ਲਾਪਤਾ ਹਨ। ਫਗਵਾੜਾ ਵਿਚ 136 ਵਿਅਕਤੀ ਗੁੰਮ ਹੋਏ ਤੇ 74 ਨਹੀਂ ਲੱਭੇ। ਮੋਗਾ ਵਿਚ 132 ਲਾਪਤਾ ਵਿਚੋਂ 20 ਨਹੀਂ ਲੱਭੇ, ਜਲੰਧਰ ਵਿਚ 1872 ਲਾਪਤਾ ਵਿਚੋਂ 1085 ਵਿਅਕਤੀ ਅਜੇ ਵੀ ਗ਼ਾਇਬ ਹਨ। ਮੋਹਾਲੀ ਵਿਚ 982 ਵਿਚੋਂ 393 ਨਹੀਂ ਮਿਲੇ, ਬਰਨਾਲਾ ਵਿਚ 412 ਵਿਚੋਂ 217 ਤੇ ਲੁਧਿਆਣਾ ਦਿਹਾਤੀ 300 ਵਿਚੋਂ 104 ਲਾਪਤਾ ਨਹੀਂ ਮਿਲੇ। ਰੂਪਨਗਰ 205 ਵਿਚੋਂ 107 ਵਿਅਕਤੀ ਹੁਣ ਤੱਕ ਲਾਪਤਾ। ਨੂਰਪੁਰ ਬੇਦੀ ਵਿਚੋਂ ਗ਼ਾਇਬ ਹੋਏ 9 ਵਿਅਕਤੀਆਂ ਵਿਚੋਂ ਕੋਈ ਵੀ ਵਾਪਸ ਨਹੀਂ ਆਇਆ। ਸ੍ਰੀ ਆਨੰਦਪੁਰ ਸਾਹਿਬ 125 ਵਿਚੋਂ 59 ਦੀ ਵਾਪਸੀ ਨਹੀਂ ਹੋਈ। ਗੜ੍ਹਸ਼ੰਕਰ 161 ਵਿਚੋਂ 66 ਲਾਪਤਾ, ਟਾਂਡਾ ਉੜਮੁੜ 266 ਵਿਚੋਂ ਸਿਰਫ਼ 49 ਵਿਅਕਤੀਆਂ ਦੀ ਵਾਪਸੀ ਹੀ ਹੋਈ। ਮੁਕੇਰੀਆਂ ਵਿਚ 167 ਵਿਅਕਤੀ ਗ਼ਾਇਬ ਹੋਏ, 82 ਅਜੇ ਵੀ ਲਾਪਤਾ ਹਨ। ਚੱਬੇਵਾਲ ਵਿਚ 42 ਵਿਚੋਂ 22, ਦਸੂਹਾ ਵਿਚ 177 ਵਿਚੋਂ 88, ਅਮਲੋਹ ਵਿਚ 103 ਵਿਅਕਤੀਆਂ ਵਿਚੋਂ 78 ਵਿਅਕਤੀਆਂ ਦੀ ਪਰਿਵਾਰ ਵਾਲਿਆਂ ਨੂੰ ਅਜੇ ਵੀ ਉਡੀਕ ਹੈ।

ਜ਼ਿਲ੍ਹਾ ਸੰਗਰੂਰ ਵਿਚੋਂ ਗ਼ਾਇਬ ਹੋਏ 521 ਵਿਅਕਤੀ ਅਜੇ ਤੱਕ ਲਾਪਤਾ ਹਨ। ਸਦਰ ਥਾਣਾ ਫ਼ਾਜ਼ਿਲਕਾ ਅਧੀਨ ਗੁੰਮ ਹੋਏ 32 ਵਿਅਕਤੀਆਂ ਵਿਚੋਂ 22 ਲਾਪਤਾ ਹਨ।

ਸਦਰ ਥਾਣਾ ਜਲਾਲਾਬਾਦ ਅਧੀਨ ਗ਼ਾਇਬ ਹੋਏ 9 ਵਿਅਕਤੀਆਂ ਵਿਚੋਂ ਸਿਰਫ਼ ਦੋ ਹੀ ਮਿਲੇ। ਸਦਰ ਥਾਣਾ ਅਬੋਹਰ ਵਿਚ ਲਾਪਤਾ ਹੋਏ 45 ਵਿਚੋਂ 34 ਅਜੇ ਵੀ ਲਾਪਤਾ, ਸੁਲਤਾਨਵਿੰਡ ਵਿਚ 179 ਵਿਚੋਂ 91 ਵਿਅਕਤੀ ਅਜੇ ਵੀ ਲਾਪਤਾ ਹਨ। ਫ਼ਿਰੋਜ਼ਪੁਰ 528 ਵਿਅਕਤੀਆਂ ਵਿਚੋਂ 417 ਅਜੇ ਵੀ ਲਾਪਤਾ ਹਨ। ਖੰਨਾ ਵਿਖੇ ਗੁੰਮ ਹੋਏ 799 ਵਿਅਕਤੀਆਂ ਵਿਚੋਂ 659 ਅਜੇ ਵੀ ਲਾਪਤਾ ਹਨ। ਤਰਨਤਾਰਨ ਵਿਖੇ 367 ਵਿਚੋਂ 156, ਸ੍ਰੀ ਮੁਕਤਸਰ ਸਾਹਿਬ ਵਿਚ 778 ਵਿਅਕਤੀ ਗੁੰਮ ਹੋਏ ਜਿਨ੍ਹਾਂ ਵਿਚੋਂ 348 ਅਜੇ ਵੀ ਘਰ ਵਾਪਸ ਨਹੀਂ ਆਏ।



### ਐਫ.ਆਈ.ਆਰ. ਤੋਂ ਅੱਗੇ ਕੁਝ ਨਹੀਂ ਕਰਦੀ ਪੁਲਿਸ

ਲਾਪਤਾ ਹੋਣ ਦੇ ਜ਼ਿਆਦਾਤਰ ਮਾਮਲਿਆਂ ਵਿਚ ਪੁਲਿਸ ਸਿਰਫ਼ ਐਫ.ਆਈ.ਆਰ. ਦਰਜ ਕਰਕੇ ਆਪਣੀ ਜ਼ਿੰਮੇਵਾਰੀ ਮੁਕਾ ਲੈਂਦੀ ਹੈ। ਸੂਚਨਾ ਅਧਿਕਾਰ ਐਕਟ ਤਹਿਤ ਮਿਲੀ ਜਾਣਕਾਰੀ ਮੁਤਾਬਕ ਜ਼ਿਲ੍ਹਾ ਸੰਗਰੂਰ ਅੰਦਰ ਸਾਲ 2000 ਤੋਂ ਲੈ ਕੇ ਸਾਲ 2009 ਤੱਕ 259 ਮਰਦ, 48 ਔਰਤਾਂ ਤੇ 19 ਬੱਚੇ ਗਾਇਬ ਹੋਏ ਜਿਨ੍ਹਾਂ ਦੀ ਗੁੰਮਸ਼ੁਦਗੀ ਬਾਰੇ ਪੁਲਿਸ ਥਾਣਿਆਂ ਵਿਚ ਮਾਮਲੇ ਦਰਜ ਹੋਏ। ਬਹੁ-ਗਿਣਤੀ ਲੋਕ ਅਜਿਹੇ ਹਨ ਜਿਨ੍ਹਾਂ ਦੀ ਗੁੰਮਸ਼ੁਦਗੀ ਬਾਰੇ ਪਰਿਵਾਰ ਵੱਲੋਂ ਮਾਮਲੇ ਦਰਜ ਹੀ ਨਹੀਂ ਕਰਵਾਏ ਜਾਂਦੇ। ਸਾਲ 2010 ਵਿਚ ਪੰਜਾਬ ਵਿਚੋਂ 483 ਬੱਚੇ ਗ਼ਾਇਬ ਹੋਏ ਜਿਨ੍ਹਾਂ ਵਿਚੋਂ 273 ਬੱਚਿਆਂ ਦਾ ਪਤਾ ਹੀ ਨਹੀਂ ਲੱਗ ਸਕਿਆ। ਘਰੋਂ ਗ਼ਾਇਬ ਹੋਣ ਵਾਲੇ ਬੱਚਿਆਂ ਵਿਚੋਂ 40 ਫ਼ੀਸਦੀ ਬੱਚੇ ਨਹੀਂ ਮਿਲੇ।

# ਮੁਹਾਲੀ ਤੇਜ਼ਾਬ ਕਾਂਡ ਦੇ ਦੋਵੇਂ ਦੋਸ਼ੀਆਂ ਨੂੰ ਉਮਰ ਕੈਦ

**ਮੁਹਾਲੀ:** ਤਕਰੀਬਨ ਚਾਰ ਸਾਲ ਪੁਰਾਣੇ ਤੇਜ਼ਾਬ ਕਾਂਡ ਮਾਮਲੇ ਵਿਚ ਅਦਾਲਤ ਨੇ ਹਰਦੀਪ ਸਿੰਘ ਉਰਫ਼ ਦੀਪਾ ਤੇ ਜਗਵੰਤ ਸਿੰਘ ਉਰਫ਼ ਬਿੱਟੂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਧਾਰਾ 307 ਤੇ 302, 34 ਦੇ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ। ਦੋਵਾਂ ਦੋਸ਼ੀਆਂ ਨੂੰ ਪੰਜ-ਪੰਜ ਲੱਖ ਜੁਰਮਾਨਾ ਵੀ ਕੀਤਾ ਗਿਆ। ਇਹ ਰਕਮ ਮ੍ਰਿਤਕਾਂ ਦੇ ਪਰਿਵਾਰ ਤੇ ਜ਼ਖ਼ਮੀ ਰਾਕੇਸ਼ ਕੁਮਾਰ ਵਿਚ ਵੰਡੀ ਜਾਵੇਗੀ। ਜ਼ਿਕਰਯੋਗ ਹੈ ਕਿ ਤੇਜ਼ਾਬ ਕਾਂਡ ਦੀ ਇਹ ਘਟਨਾ ਇਕ ਸਤੰਬਰ 2011 ਦੀ ਹੈ। ਮੁਹਾਲੀ ਫੇਜ਼-1 ਦਾ ਪ੍ਰਾਪਰਟੀ ਡੀਲਰ ਹਰ ਵੀਰਵਾਰ ਨੂੰ ਚਿੰਤਪੁਰਨੀ ਮਾਤਾ ਮੰਦਿਰ ਵਿਚ ਆਪਣੇ ਸਟਾਫ਼ ਸਮੇਤ ਮੱਥਾ ਟੇਕਣ ਜਾਂਦਾ ਸੀ। ਘਟਨਾ ਵਾਲੇ ਦਿਨ ਵੀ ਉਹ ਚਿੰਤਪੁਰਨੀ ਜਾਣ ਲਈ ਆਪਣੀ ਫੋਰਡ ਆਈਕਾਨ ਕਾਰ ਵਿਚ ਰਵਾਨਾ ਹੋਇਆ।

ਨੈਸ਼ਨਲ ਹਾਈਵੇਅ ਉਤੇ ਮੁਹਾਲੀ ਤੇ ਖਰੜ ਦੇ ਵਿਚਕਾਰ ਸਥਿਤ ਚਾਵਲਾ ਪੈਟਰੋਲ ਪੰਪ ਉਤੇ ਪੈਟਰੋਲ ਪੁਆ ਰਿਹਾ ਸੀ ਕਿ ਅਚਾਨਕ ਗਲਤ ਸਾਈਡ ਤੋਂ ਮੋਟਰਸਾਈਕਲ ਸਵਾਰ ਦੋ ਨੌਜਵਾਨ ਆਏ। ਉਕਤ ਨੌਜਵਾਨਾਂ ਨੇ ਤੇਜ਼ਾਬ ਨਾਲ ਭਰਿਆ ਕੈਨ ਕਾਰ ਵਿਚ ਸਵਾਰ ਸਵਾਤਿਕਾ ਉਤੇ ਸੁੱਟ ਦਿੱਤਾ, ਜਿਸ ਕਾਰਨ ਉਹ ਬੁਰੀ ਤਰ੍ਹਾਂ ਝੁਲਸ ਗਈ। ਇਸ ਹਮਲੇ ਵਿਚ ਰਾਕੇਸ਼ ਤੇ ਸ਼ੇਫਾਲੀ ਵੀ ਜ਼ਖ਼ਮੀ ਹੋ ਗਏ। ਸਵਾਤਿਕਾ ਦੀ ਕੁਝ ਦਿਨਾਂ ਬਾਅਦ ਮੌਤ ਹੋ ਗਈ, ਜਦ ਕਿ ਰਾਕੇਸ਼ ਦਾ ਚਿਹਰਾ ਤੇ ਸ਼ਰੀਰ ਪੂਰੀ ਤਰ੍ਹਾਂ ਨਾਲ ਝੁਲਸ ਗਿਆ, ਜੋ ਹਾਲੇ ਤੱਕ ਵੀ ਠੀਕ ਨਹੀਂ ਹੋ ਸਕਿਆ।

# ਬਠਿੰਡੇ ਵਿਚ ਸ਼ਤਾਬਦੀ ਐਕਸਪ੍ਰੈਸ ਵੀ ਹੁਣ ਲੀਹੋਂ ਲਹਿਣ ਲੱਗੀ

**ਬਠਿੰਡਾ:** ਬਠਿੰਡਾ ਦਾ ਹਵਾਈ ਅੱਡਾ ਚੱਲਿਆ ਨਹੀਂ, ਜਦੋਂ ਕਿ ਸ਼ਤਾਬਦੀ ਐਕਸਪ੍ਰੈੱਸ ਨੂੰ ਬਰੇਕਾਂ ਲੱਗਣ ਦਾ ਡਰ ਬਣ ਗਿਆ ਹੈ। ਪੰਜਾਬ ਸਰਕਾਰ ਦੇ ਫ਼ਿਕਰ ਵਧ ਗਏ ਹਨ। ਹਵਾਈ ਕੰਪਨੀ ਦੀ ਤਲਾਸ਼ ਲਈ ਯਤਨ ਵਧਾ ਦਿੱਤੇ ਗਏ ਹਨ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਪਿਛਲੇ ਸ਼ੁੱਕਰਵਾਰ ਨੂੰ ਬਠਿੰਡਾ ਦੇ ਹਵਾਈ ਅੱਡੇ ਬਾਰੇ ਦਿੱਲੀ ਵਿਚ ਮੀਟਿੰਗਾਂ ਕੀਤੀਆਂ। ਇਧਰ ਸ਼ਤਾਬਦੀ ਐਕਸਪ੍ਰੈੱਸ ਦੀ ਬੁਕਿੰਗ ਉਤੇ ਵੀ ਸਰਕਾਰ ਰੈਗੂਲਰ ਨਜ਼ਰ ਰੱਖ ਰਹੀ ਹੈ। ਪਿਛਲੇ ਦਿਨਾਂ ਦੌਰਾਨ ਸ਼ਤਾਬਦੀ ਦੀ ਬੁਕਿੰਗ ਕਾਫੀ ਹੇਠਾਂ ਆ ਗਈ ਸੀ। ਰੇਲਵੇ ਵਿਭਾਗ ਆਸਵੰਦ ਹੈ ਕਿ ਜੂਨ ਮਹੀਨੇ ਵਿਚ ਛੁੱਟੀਆਂ ਕਾਰਨ ਬੁਕਿੰਗ ਵਧੇਗੀ।

ਸਰਕਾਰੀ ਵੇਰਵਿਆਂ ਅਨੁਸਾਰ ਪਿਛਲੇ ਦਿਨਾਂ ਵਿਚ ਸ਼ਤਾਬਦੀ ਦੀ ਬੁਕਿੰਗ 150 ਯਾਤਰੀਆਂ ਤੋਂ ਵੀ ਘਟ ਗਈ ਸੀ। ਮਈ ਦੇ ਆਖ਼ਰੀ ਹਫ਼ਤੇ ਮੁੜ ਹੁੰਗਾਰਾ ਮਿਲਿਆ ਹੈ। ਜਨਵਰੀ ਮਹੀਨੇ ਵਿਚ ਯਾਤਰੀਆਂ ਦੀ ਔਸਤਨ ਬੁਕਿੰਗ ਤਿੰਨ ਸੌ ਦੇ ਆਸਪਾਸ ਰਹੀ ਸੀ। ਸ਼ਤਾਬਦੀ ਵਿਚ ਕੁੱਲ 515 ਸੀਟਾਂ ਹਨ, ਜਿਨ੍ਹਾਂ ਵਿਚੋਂ 46 ਐਗਜ਼ੈਕਟਿਵ ਕਲਾਸ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸ਼ਤਾਬਦੀ ਨੂੰ ਵੱਡੀ ਪ੍ਰਾਪਤੀ ਮੰਨਦੇ ਹਨ। ਹੁਣ ਉਹ ਇਸ ਗੱਡੀ ਨੂੰ ਚਾਲੂ ਰੱਖਣ ਵਾਸਤੇ ਵੀ ਹੀਲੇ ਕਰ ਰਹੇ ਹਨ। ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਸ਼ਤਾਬਦੀ ਦੀ ਬੁਕਿੰਗ ਉਤੇ ਰੈਗੂਲਰ ਨਜ਼ਰ ਰੱਖੀ ਜਾ ਰਹੀ ਹੈ।

ਕੇਂਦਰੀ ਮੰਤਰੀ ਬੀਬਾ ਬਾਦਲ ਖ਼ੁਦ ਵੀ ਇਸ ਦੀ ਬੁਕਿੰਗ ਦੇ ਵੇਰਵੇ ਹਾਸਲ ਕਰਦੇ ਹਨ। ਕੇਂਦਰੀ ਰੇਲ ਮੰਤਰੀ ਸੁਰੇਸ਼ ਪ੍ਰਭੂ ਨੇ 18 ਦਸੰਬਰ ਨੂੰ ਇਸ ਗੱਡੀ ਨੂੰ ਹਰੀ ਝੰਡੀ ਦਿਖਾਈ ਸੀ। ਵੇਰਵਿਆਂ ਅਨੁਸਾਰ ਜਨਵਰੀ ਮਹੀਨੇ ਵਿਚ ਬਠਿੰਡਾ ਤੋਂ ਦਿੱਲੀ ਲਈ ਬੁਕਿੰਗ ਔਸਤਨ 230 ਤੋਂ 330 ਤੱਕ ਰਹੀ, ਜਦੋਂ ਕਿ ਦਿੱਲੀ ਤੋਂ ਬਠਿੰਡਾ ਦੀ ਬੁਕਿੰਗ 175 ਤੋਂ 250 ਸੀਟਾਂ ਤੱਕ ਦੀ ਰਹੀ ਹੈ। ਧੁੰਦਾਂ ਮਗਰੋਂ ਸਥਿਤੀ ਵਿਚ ਸੁਧਾਰ ਹੋਇਆ ਸੀ ਪਰ ਪਿਛਲੇ ਸਮੇਂ ਦੌਰਾਨ ਸ਼ਤਾਬਦੀ ਦੀ ਬੁਕਿੰਗ 150 ਸੀਟਾਂ ਤੱਕ ਹੀ ਰਹਿ ਗਈ ਸੀ, ਜਿਸ ਨੇ ਰੇਲਵੇ ਦੀ ਚਿੰਤਾ ਵਧਾ ਦਿੱਤੀ।

# ਕਤਲੇਆਮ 84: ਪੀੜਤਾਂ ਨੇ ਬਿਆਨ ਦਰਜ ਕਰਵਾਏ

**ਚੰਡੀਗੜ੍ਹ:** ਹੋਦ ਚਿੱਲੜ ਬਾਰੇ ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀ.ਪੀ. ਗਰਗ ਦੀ ਅਦਾਲਤ ਵਿਚ ਚਾਰ ਪੀੜਤਾਂ ਨੇ ਆਪਣੇ ਬਿਆਨ ਦਰਜ ਕਰਵਾਏ ਤੇ ਨਵੰਬਰ 1984 ਵਿਚ ਉਨ੍ਹਾਂ ਦੇ ਪਰਿਵਾਰਾਂ ਨੇ ਜੋ ਸੰਤਾਪ ਭੋਗਿਆ, ਉਸ ਦੀ ਦਾਸਤਾਨ ਬਿਆਨ ਕੀਤੀ। ਇਸ ਕੇਸ ਦੀ ਅਗਲੀ ਸੁਣਵਾਈ 10 ਜੂਨ ਨੂੰ ਹੋਵੇਗੀ। ਇਕ ਮੈਂਬਰੀ ਕਮਿਸ਼ਨ ਦੀ ਹਿਸਾਰ ਲੱਗਦੀ ਅਦਾਲਤ ਵਿਚ ਦੋ ਪੀੜਤ ਭੈਣਾਂ ਪਰਵਿੰਦਰ ਕੌਰ ਤੇ ਬਲਜੀਤ ਕੌਰ ਜੋ ਉਸ ਵੇਲੇ 15 ਤੇ 17 ਸਾਲ ਦੀਆਂ ਸਨ, ਨੇ ਦੱਸਿਆ ਕਿ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਦਰਿੰਦਿਆਂ ਨੇ ਉਨ੍ਹਾਂ ਦੀ ਆਲੀਸ਼ਾਨ ਕੋਠੀ ਨੂੰ ਅੱਗ ਲਾ ਦਿੱਤੀ ਤੇ ਉਨ੍ਹਾਂ ਨੇ ਗੁਆਂਢੀ ਪਰਿਵਾਰ ਦੇ ਪਾਖਾਨੇ ਵਿਚ ਦੋ ਦਿਨ ਲੁੱਕ ਕੇ ਜਾਨ ਬਚਾਈ। ਉਨ੍ਹਾਂ ਦਾ ਪਰਿਵਾਰ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਦੇ ਰਾਵਲਪਿੰਡੀ ਤੋਂ ਉਜੜ ਕੇ ਗੁੜਗਾਉਂ ਵਿਚ ਵਸਿਆ ਸੀ ਪਰ '84 ਵੇਲੇ ਮੁੜ ਉਜਾੜ ਦਿੱਤਾ ਗਿਆ।



ਉਨ੍ਹਾਂ ਕਿਹਾ ਕਿ ਭੀੜ ਦੀ ਅਗਵਾਈ ਕਾਂਗਰਸ ਆਗੂ ਕਰ ਰਿਹਾ ਸੀ। ਪੀੜਤ ਪਰਿਵਾਰਾਂ ਲਈ ਰਾਹਤ ਕੈਂਪ ਲਾਇਆ ਗਿਆ ਜਿਸ ਵਿਚ ਕਾਂਗਰਸ ਵਿਧਾਇਕ ਧਰਮਵੀਰ ਗਾਬਾ ਖਾਣਾ ਲੈ ਕੇ ਪਹੁੰਚਿਆ ਤਾਂ ਪੀੜਤਾਂ ਨੇ ਖਾਣਾ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਾਤਲ ਕਹਿ ਕੇ ਭਜਾ ਦਿੱਤਾ। ਉਨ੍ਹਾਂ ਤੋਂ ਬਾਅਦ ਸ਼ਿਵਾਜੀ ਨਗਰ ਵਾਸੀ ਅਵਤਾਰ ਸਿੰਘ ਤੇ ਰਾਵਿੰਦਰ ਸਿੰਘ ਨੇ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਉਨ੍ਹਾਂ ਨੇ ਦੋ ਦਿਨ ਪਾਣੀ ਦੀ ਟੈਂਕੀ ਵਿਚ ਲੁਕ ਕੇ ਜਾਨ ਬਚਾਈ ਸੀ। ਗੁੜਗਾਉਂ ਦੇ ਕੁਲ 150 ਪੀੜਤਾਂ ਵਿਚੋਂ 131 ਦੀ ਸੁਣਵਾਈ ਹੋ ਚੁੱਕੀ ਹੈ ਤੇ ਬਾਕੀ 19 ਦੀ ਅਗਲੀ ਪੇਸ਼ੀ ਸਮੇਂ ਸੁਣਵਾਈ ਹੋਵੇਗੀ।

# ਪੰਜਾਬ ਵਿਚ ਮਾਂ ਬੋਲੀ ਤੋਂ ਹੀ ਮੁਖ ਮੋੜੀ ਬੈਠੀ ਹੈ ਨਵੀਂ ਪੀੜ੍ਹੀ

**ਪਟਿਆਲਾ:** ਨਵੀਂ ਪੀੜ੍ਹੀ ਮਾਤ ਭਾਸ਼ਾ ਪੰਜਾਬੀ ਤੋਂ ਦੂਰ ਹੁੰਦੀ ਜਾ ਰਹੀ ਹੈ। ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀ 70 ਫੀਸਦੀ ਅੰਗਰੇਜ਼ੀ ਮਾਧਿਅਮ ਵਿਚ, 24.5 ਫ਼ੀਸਦੀ ਪੰਜਾਬੀ ਤੇ 5.5 ਫ਼ੀਸਦੀ ਹਿੰਦੀ ਮਾਧਿਅਮ ਵਿਚ ਪੜ੍ਹਾਈ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ ਦੇ 45 ਫ਼ੀਸਦੀ ਅਧਿਆਪਕ ਅੰਗਰੇਜ਼ੀ ਵਿਚ, 35 ਫ਼ੀਸਦੀ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਰਲਵੀਂ ਭਾਸ਼ਾ ਵਿਚ, 15 ਫ਼ੀਸਦੀ ਪੰਜਾਬੀ ਵਿਚ ਤੇ ਪੰਜ ਫ਼ੀਸਦੀ ਹਿੰਦੀ ਵਿਚ ਪੜ੍ਹਾਉਂਦੇ ਹਨ। ਪੰਜਾਬੀ ਯੂਨੀਵਰਸਿਟੀ ਦੇ 62.5 ਫ਼ੀਸਦੀ ਵਿਦਿਆਰਥੀ ਪੰਜਾਬੀ ਬੋਲਦੇ ਹਨ, 32.5 ਫ਼ੀਸਦੀ ਰਲਵੀਂ ਮਿਲਵੀਂ ਤੇ ਪੰਜ ਫ਼ੀਸਦੀ ਹਿੰਦੀ ਭਾਸ਼ਾ ਵਿਚ ਗੱਲਬਾਤ ਕਰਦੇ ਹਨ।

ਇਹ ਤੱਥ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਦੇ ਮੁਖੀ ਡਾ. ਹਰਜਿੰਦਰ ਵਾਲੀਆ ਦੀ ਅਗਵਾਈ ਵਿਚ ਕੀਤੇ ਗਏ ਸਰਵੇਖਣ ਦੌਰਾਨ ਸਾਹਮਣੇ ਆਏ ਹਨ। ਸਰਵੇਖਣ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ 71.5 ਫ਼ੀਸਦੀ ਵਿਦਿਆਰਥੀਆਂ ਦੇ ਮਾਤਾ ਪਿਤਾ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਪੜ੍ਹਾਉਣਾ ਚਾਹੁੰਦੇ ਹਨ, ਜਦੋਂਕਿ ਪੰਜਾਬੀ ਨੂੰ ਤਰਜੀਹ ਦੇਣ ਵਾਲੇ ਮਾਪੇ ਸਿਰਫ਼ 25.5 ਫ਼ੀਸਦੀ ਹਨ। ਪੰਜਾਬੀ ਯੂਨੀਵਰਸਿਟੀ ਦੇ 55 ਫ਼ੀਸਦੀ ਵਿਦਿਆਰਥੀ ਪੰਜਾਬੀ ਅਖ਼ਬਾਰ, 35 ਫ਼ੀਸਦੀ ਅੰਗਰੇਜ਼ੀ ਤੇ ਪੰਜ ਫ਼ੀਸਦੀ ਹਿੰਦੀ ਅਖ਼ਬਾਰ ਪੜ੍ਹਨਾ ਪਸੰਦ ਕਰਦੇ ਹਨ।

ਸਿਰਫ਼ 11 ਫ਼ੀਸਦੀ ਵਿਦਿਆਰਥੀ ਖ਼ਬਰਾਂ ਜਦ ਕਿ 62.5 ਫ਼ੀਸਦੀ ਗੀਤ ਸੰਗੀਤ ਤੇ 21 ਫ਼ੀਸਦੀ ਫ਼ਿਲਮਾਂ ਵੇਖਦੇ ਹਨ। 75 ਫ਼ੀਸਦੀ ਵਿਦਿਆਰਥੀ ਰੇਡਿਓ ਨਹੀਂ ਸੁਣਦੇ। ਸਰਵੇਖਣ ਦੌਰਾਨ ਹੈਰਾਨੀਜਨਕ ਤੱਥ ਸਾਹਮਣੇ ਆਇਆ ਕਿ 41 ਫ਼ੀਸਦੀ ਵਿਦਿਆਰਥੀ ਪੰਜਾਬੀ ਵਰਨਮਾਲਾ ਦੇ ਅੱਖਰਾਂ ਦੀ ਗਿਣਤੀ ਨਹੀਂ ਦਸ ਸਕੇ। ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਬਾਰੇ ਸਿਰਫ਼ 25 ਫ਼ੀਸਦੀ ਵਿਦਿਆਰਥੀਆਂ ਨੂੰ ਹੀ ਪਤਾ ਹੈ। ਖ਼ਾਲਸਾ ਰਾਜ ਸਮੇਂ ਦਫ਼ਤਰੀ ਕੰਮਾਂ ਵਿਚ ਵਰਤੀ ਜਾਣ ਵਾਲੀ ਭਾਸ਼ਾ ਬਾਰੇ ਸਿਰਫ਼ 12.5 ਫ਼ੀਸਦੀ ਵਿਦਿਆਰਥੀਆਂ ਨੂੰ ਹੀ ਪਤਾ ਹੈ।

ਪੰਜਾਬੀ ਦੇ ਲੇਖਕਾਂ ਵਿਚੋਂ 33 ਫ਼ੀਸਦੀ ਵਿਦਿਆਰਥੀ ਸ਼ਿਵ ਕੁਮਾਰ ਨੂੰ, 20 ਫੀਸਦੀ ਅੰਮ੍ਰਿਤਾ ਪ੍ਰੀਤਮ ਨੂੰ, 18 ਫ਼ੀਸਦੀ ਸੁਰਜੀਤ ਪਾਤਰ ਨੂੰ, 10 ਫ਼ੀਸਦੀ ਨਰਿੰਦਰ ਸਿੰਘ ਕਪੂਰ ਨੂੰ ਪੜ੍ਹਨਾ ਪਸੰਦ ਕਰਦੇ ਹਨ। 57.5 ਫ਼ੀਸਦੀ ਨੇ ਸਿਲੇਬਸਾਂ ਤੋਂ ਬਿਨਾਂ ਕਦੇ ਕੋਈ ਕਿਤਾਬ ਨਹੀਂ ਪੜ੍ਹੀ। 56 ਫ਼ੀਸਦੀ ਨੇ ਆਪਣੇ ਵਿਆਹ ਦਾ ਸੱਦਾ ਪੱਤਰ ਅੰਗਰੇਜ਼ੀ ਵਿਚ ਛਪਾਉਣ ਬਾਰੇ ਕਿਹਾ। 80 ਫ਼ੀਸਦੀ ਵਿਦਿਆਰਥੀਆਂ ਅਨੁਸਾਰ ਉਹ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਾਉਣਾ ਚਾਹੁਣਗੇ। 23.5 ਪ੍ਰਤੀਸ਼ਤ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੀ ਲਿਪੀ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਮਿਲਣ ਬਾਰੇ 25 ਪ੍ਰਤੀਸ਼ਤ ਨੂੰ ਕੋਈ ਜਾਣਕਾਰੀ ਨਹੀਂ। ਇਸ ਦੇ ਬਾਵਜੂਦ ਯੂਨੀਵਰਸਿਟੀ ਦੇ 60 ਫੀਸਦੀ ਵਿਦਿਆਰਥੀ ਪੰਜਾਬੀ ਵਿਚ ਭਾਸ਼ਣ ਦੇਣਾ ਚਾਹੁੰਦੇ ਹਨ।

### 41 ਫ਼ੀਸਦੀ ਵਿਦਿਆਰਥੀ ਵਰਨਮਾਲਾ ਤੋਂ ਅਨਜਾਣ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |

### ਪੰਜਾਬੀ ਵਿਰੋਧੀ ਸਕੂਲਾਂ ਖ਼ਿਲਾਫ਼ ਧਰਨੇ ਦੇਣ ਦਾ ਫੈਸਲਾ

**ਜਲੰਧਰ:** ਪੰਜਾਬੀ ਭਾਸ਼ਾ ਤਾਲਮੇਲ ਕਮੇਟੀ ਨੇ ਉਨ੍ਹਾਂ ਸਕੂਲਾਂ ਦੀਆਂ ਪ੍ਰਬੰਧਕੀ ਕਮੇਟੀਆਂ ਵਿਰੁੱਧ ਜੁਲਾਈ ਦੇ ਤੀਜੇ ਹਫ਼ਤੇ ਰੋਸ ਧਰਨੇ ਦੇਣ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਵਿਚ 2008 ਦੇ ਰਾਜ ਭਾਸ਼ਾ (ਸੋਧ) ਕਾਨੂੰਨ ਦੀ ਧਾਰਾ ਅਨੁਸਾਰ ਪਹਿਲੀ ਤੋਂ ਦਸਵੀਂ ਤੱਕ ਅਜੇ ਵੀ ਪੰਜਾਬੀ ਨੂੰ ਇਕ ਵਿਸ਼ੇ ਵਜੋਂ ਲਾਗੂ ਨਹੀਂ ਕੀਤਾ। ਇਨ੍ਹਾਂ ਧਰਨਿਆਂ ਦੀ ਮੁੱਖ ਮੰਗ ਇਹ ਹੋਵੇਗੀ ਕਿ ਪੰਜਾਬ ਦੀ ਧਰਤੀ ਉਤੇ ਖੁਲ੍ਹੇ ਕਿਸੇ ਵੀ ਸਕੂਲ ਵਿਚ ਪੰਜਾਬੀ ਬੋਲਣ ਉਤੇ ਪਾਬੰਦੀ ਨਾ ਲਾਈ ਜਾਵੇ ਤੇ ਨਾ ਹੀ ਕਿਸੇ ਤਰ੍ਹਾਂ ਦੀ ਸਜ਼ਾ ਦਿੱਤੀ ਜਾਵੇ। ਇਹ ਫੈਸਲਾ ਪੰਜਾਬੀ ਭਾਸ਼ਾ ਤਾਲਮੇਲ ਕਮੇਟੀ ਦੀ ਡਾ. ਜੋਗਿੰਦਰ ਸਿੰਘ ਪੁਆਰ ਸਾਬਕਾ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਮੀਟਿੰਗ ਵਿਚ ਸਰਬਸੰਮਤੀ ਨਾਲ ਇਹ ਵੀ ਫੈਸਲਾ ਕੀਤਾ ਗਿਆ ਕਿ ਅਗਸਤ ਜਾਂ ਸਤੰਬਰ ਮਹੀਨੇ ਵਿਚ ਪੰਜਾਬੀ ਭਵਨ ਲੁਧਿਆਣਾ ਵਿਚ ਪੰਜਾਬੀ ਭਾਸ਼ਾ ਤਾਲਮੇਲ ਕਮੇਟੀ ਵੱਲੋਂ ਦੂਜੀ ਭਾਸ਼ਾ ਕਨਵੈਨਸ਼ਨ ਕੀਤੀ ਜਾਵੇਗੀ।

# ਰਾਜਨੀਤੀ ਅਤੇ ਧਾਰਮਿਕ ਮੁੱਦਿਆਂ ਦਾ ਨਵਾਂ ਉਬਾਲਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਜਦੋਂ ਕਾਰਲ ਮਾਰਕਸ ਨੇ ਧਰਮ ਨੂੰ ਅਫੀਮ ਵਾਂਗ ਵਰਤੇ ਜਾਣ ਦੀ ਗੱਲ ਕਹੀ ਤਾਂ ਇਹ ਜਾਨਣ ਦੀ ਕਿਸੇ ਨੇ ਲੋੜ ਨਹੀਂ ਸੀ ਸਮਝੀ ਕਿ ਮਾਰਕਸ ਨੇ ਇਹ ਗੱਲ ਕਹੀ ਕਿਉਂ ਸੀ? ਅਸਲ ਪ੍ਰਸੰਗ ਤੋਂ ਹਟ ਕੇ ਇੱਕ ਘਾੜਤ ਘੜੀ ਤੇ ਸਦਾ ਲਈ ਗੁੱਡਾ ਬੰਨ੍ਹ ਦਿੱਤਾ ਗਿਆ ਕਿ ਧਰਮ ਨੂੰ ਕਮਿਊਨਿਸਟ ਅਫੀਮ ਕਹਿੰਦੇ ਹਨ। ਇਸਲਾਮ ਨਾਲ ਜੁੜੀ ਇੱਕ ਗੱਲ ਅਸੀਂ ਕਈ ਵਾਰੀ ਕਈ ਸੁਧਾਰਵਾਦੀਆਂ ਦੇ ਮੂੰਹੋਂ ਸੁਣੀ ਹੈ ਕਿ ਇੱਕ ਸ਼ਰਾਰਤੀ ਬੰਦੇ ਨੂੰ ਸਮਝਾਉਣ ਲਈ ਇਕ ਨੇਕ-ਦਿਲ ਮੌਲਵੀ ਇੱਕ ਦਿਨ ਕਹਿ ਬੈਠਾ ਸੀ ਕਿ ਅਸੂਲ ਉਤੇ ਅਮਲ ਨਹੀਂ ਕਰਨਾ ਤਾਂ ਨਮਾਜ ਪੜ੍ਹਨੀ ਛੱਡ ਦਿਓ। ਸ਼ਰਾਰਤੀ ਬੰਦੇ ਨੇ ਭਰੀ ਸੱਥ ਵਿਚ ਰੌਲਾ ਜਾ ਪਾਇਆ ਕਿ ਮੌਲਵੀ ਕਹਿੰਦਾ ਹੈ ਕਿ ਨਮਾਜ ਪੜ੍ਹਨੀ ਛੱਡ ਦਿਓ। ਅੱਗੇ ਓਥੇ ਵੀ ਇਹੋ ਜਿਹੇ ਹੀ 'ਸਿਆਣੇ' ਬੈਠੇ ਸਨ, ਜਿਹੜੇ ਪਹਿਲਾ ਅੱਧਾ ਹਿੱਸਾ ਇਸ ਨਾਲੋਂ ਕੱਟ ਕੇ ਪਿਛਲੇ ਅੱਧੇ ਹਿੱਸੇ ਨਾਲ ਉਸ ਮੌਲਵੀ ਦੇ ਖਿਲਾਫ ਮੋਰਚਾ ਵਿੱਢ ਬੈਠੇ। ਨੁਕਸਾਨ ਤਾਂ ਸਮਾਜ ਦਾ ਹੋਇਆ ਹੋਵੇਗਾ।

ਮਾਰਕਸ ਨੇ ਵੀ ਧਰਮ ਬਾਰੇ ਇਹ ਗੱਲ ਕਹੀ ਸੀ ਕਿ ਇਸ ਦੇ ਆਧਾਰ ਉਤੇ ਲੋਕਾਂ ਨੂੰ ਕਿਹਾ ਜਾਂਦਾ ਹੈ ਕਿ ਗਰੀਬੀ ਤੇ ਭੁੱਖ-ਨੰਗ ਦਾ ਤੁਹਾਡੇ ਘਰ ਇਸ ਲਈ ਡੇਰਾ ਲੱਗਾ ਹੋਇਆ ਹੈ ਕਿ ਇਹ ਤੁਹਾਡੇ ਕਰਮਾਂ ਵਿਚ ਰੱਬ ਨੇ ਲਿਖੀ ਸੀ, ਅਤੇ ਇਸ ਤਰ੍ਹਾਂ ਲੋਕਾਂ ਨੂੰ ਲੁੱਟ ਹੋਣ ਦੇ ਖਿਲਾਫ ਬੋਲਣ ਤੋਂ ਰੋਕਿਆ ਜਾਂਦਾ ਰਿਹਾ ਹੈ। ਇਹ ਗੱਲ ਲੁਟੇਰੀ ਜਮਾਤ ਦੇ ਚਿੰਤਕਾਂ ਨੂੰ ਚੁਭੀ ਹੋਵੇਗੀ। ਗੱਲ ਧਰਮ ਨੂੰ ਅਫੀਮ ਕਹਿਣ ਦੀ ਨਾ ਹੋ ਕੇ ਬੰਦੇ ਦੀ ਕਿਰਤ ਦੀ ਲੁੱਟ ਨੂੰ ਰੱਬ ਦੇ ਮੱਥੇ ਮੜ੍ਹਨ ਲਈ ਧਰਮ ਦੀ ਦੁਰਵਰਤੋਂ ਵਾਲੀ ਸੀ ਤੇ ਰਾਜਸੀ ਪੱਖ ਤੋਂ ਮੁੱਦਾ ਇਹ ਬਣਾ ਦਿੱਤਾ ਗਿਆ ਕਿ ਧਰਮ ਨੂੰ ਅਫੀਮ ਕਿਹਾ ਗਿਆ ਹੈ। ਮੌਲਵੀ ਦੇ ਲਫਜ਼ਾਂ ਨੂੰ ਅਸਲੀ ਪ੍ਰਸੰਗ ਤੋਂ ਕੱਟ ਕੇ ਵਰਤਣ ਵਾਲੇ ਉਸ ਸ਼ਰਾਰਤੀ ਵਾਂਗ ਇਹ ਗੱਲ ਓਦੋਂ ਸਰਮਾਏਦਾਰੀ ਦੇ ਜਿਹੜੇ ਬੁਲਾਰੇ ਤੋੜ-ਮਰੋੜ ਕੇ ਪੇਸ਼ ਕਰਦੇ ਰਹੇ, ਉਨ੍ਹਾਂ ਨੇ ਵੀ ਉਸ ਸਮਾਜ ਦੀਆਂ ਜੜ੍ਹਾਂ ਟੁੱਕਣ ਦਾ ਕੰਮ ਕੀਤਾ, ਜਿਹੜੇ ਸਮਾਜ ਨੂੰ ਉਹ ਆਪਣੇ ਪਸੰਦ ਦੀ ਸਭ ਤੋਂ ਵਧੀਆ ਰਾਜ ਪ੍ਰਣਾਲੀ, ਲੋਕਤੰਤਰ ਵਜੋਂ ਪੇਸ਼ ਕਰਦੇ ਹਨ।

ਅੱਜ ਦੇ ਯੁਗ ਵਿਚ ਸਰਮਾਏਦਾਰੀ ਦੇ ਜਿਹੜੇ ਵੀ ਹਿੱਸੇ ਇਕ ਜਾਂ ਦੂਸਰੇ ਵਕਤ ਉਭਰਦੇ ਹਨ, ਉਭਰਨ ਦੇ ਬਾਅਦ ਇਹੋ ਚਾਹੁੰਦੇ ਹਨ ਕਿ ਜਿੱਥੇ ਪੈਸਾ ਲਾਉਣਾ ਹੈ, ਓਥੇ ਮਾਹੌਲ ਸ਼ਾਂਤ ਹੋਵੇ ਤੇ ਨਾ ਸਿਰਫ ਉਹ ਆਪ ਸੁਰੱਖਿਅਤ ਹੋਣ, ਉਨ੍ਹਾਂ ਦੇ ਕਾਰਖਾਨੇ ਵਿਚ ਕੰਮ ਕਰਦੇ ਮਜ਼ਦੂਰ ਵੀ ਕੰਮ ਲਈ ਆਉਂਦੇ ਵਕਤ ਮੌਤ ਤੋਂ ਨਾ ਸਹਿਮੇ ਹੋਣ। ਭਾਰਤ ਦੀ ਸਰਮਾਏਦਾਰੀ ਦੇ ਕੁਝ ਹਿੱਸਿਆਂ ਨੇ ਇੱਕ ਜਾਂ ਦੂਸਰੇ ਵਕਤ ਇਹ ਸੋਚ ਕੇ ਵੱਖਵਾਦੀ ਲਹਿਰਾਂ ਦੀ ਮਦਦ ਕਰਨ ਦੀ ਬੇਵਕੂਫੀ ਕੀਤੀ ਕਿ ਜਦੋਂ ਆਪਣੇ ਧਰਮ ਦਾ ਰਾਜ ਆ ਗਿਆ ਤਾਂ ਸਭ ਤੋਂ ਵੱਡੇ ਪੂੰਜੀਪਤੀ ਅਸੀਂ ਬਣ ਜਾਵਾਂਗੇ ਤੇ ਸਰਕਾਰ ਸਾਡੀ ਮਰਜ਼ੀ ਨਾਲ ਚੱਲਿਆ ਕਰੇਗੀ, ਪਰ ਅੰਤ ਨੂੰ ਉਨ੍ਹਾਂ ਨੂੰ ਵੀ ਨੁਕਸਾਨ ਝੱਲਣਾ ਪਿਆ। ਹੁਣ ਹਾਲ ਇਹ ਬਣ ਗਿਆ ਹੈ ਕਿ ਜਿਹੜੇ ਧਰਮ ਨੂੰ ਸਰਮਾਏਦਾਰੀ ਜਮਾਤ ਲੁੱਟ ਦੇ ਖਿਲਾਫ ਬੋਲਣ ਤੋਂ ਕਿਰਤੀ ਲੋਕਾਂ ਨੂੰ ਰੋਕਣ ਲਈ ਅਫੀਮ ਵਾਂਗ ਵਰਤਣਾ ਚਾਹੁੰਦੀ ਸੀ, ਉਸੇ ਧਰਮ ਨੂੰ ਹੁਣ ਉਸੇ ਜਮਾਤ ਦੇ ਰਾਜਸੀ ਨੁਮਾਇੰਦੇ ਆਪਣੀ ਰਾਜਸੀ ਲੋੜ ਲਈ ਵਰਤਣ ਲਈ ਹਰ ਹੱਦ ਟੱਪਣ ਨੂੰ ਤਿਆਰ ਹਨ। ਮੁੱਦਾ ਰਾਮ ਮੰਦਰ ਦਾ ਹੋਵੇ ਜਾਂ ਗਊ ਮਾਸ ਉਤੇ ਰੋਕ ਲਾਉਣ ਦਾ, ਇਨ੍ਹਾਂ ਸਾਰੀਆਂ ਖੇਡਾਂ ਦੇ ਪਿੱਛੇ ਇਹੋ ਰਾਜਸੀ ਸੋਚ ਕੰਮ ਕਰਦੀ ਨਜ਼ਰ ਆ ਰਹੀ ਹੈ।

ਕਰੀਬ ਪੰਦਰਾਂ ਸਾਲ ਪਹਿਲਾਂ ਅਸੀਂ ਇੱਕ ਵਾਰੀ ਲਿਖ ਦਿੱਤਾ ਕਿ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਦਾ ਦੋਹਰਾ ਚਿਹਰਾ ਹੈ ਕਿ ਭਾਰਤ ਵਿਚ ਗਊ ਹੱਤਿਆ ਰੋਕਣ ਦੀਆਂ ਗੱਲਾਂ ਵੀ ਕਰਦੀ ਹੈ ਤੇ ਪਾਰਲੀਮੈਂਟ ਵਿਚ ਇਹ ਵੀ ਮੰਨ ਲਿਆ ਹੈ ਕਿ ਸਾਡੀ ਸੱਤਾ ਦੌਰਾਨ ਵਿਦੇਸ਼ਾਂ ਨੂੰ ਗਊ ਮਾਸ ਦੀ ਵਿਕਰੀ ਵੱਧ ਹੋਈ ਹੈ। ਗੁੱਸੇ ਨਾਲ ਭਰੇ ਹੋਏ ਇੱਕ ਪਾਠਕ ਨੇ ਸਾਡੀ ਇਸ ਗੱਲ ਉਤੇ ਬੜੀ ਭੱਦੀ ਸ਼ਬਦਾਵਲੀ ਵਿਚ ਕਿੰਤੂ ਕੀਤਾ, ਪਰ ਜਦੋਂ ਅਸੀਂ ਉਸ ਨੂੰ ਪਾਰਲੀਮੈਂਟ ਦੀ ਕਾਰਵਾਈ ਦੇ ਉਸ ਹਿੱਸੇ ਦੀ ਅਖਬਾਰੀ ਰਿਪੋਰਟ ਭੇਜ ਦਿੱਤੀ, ਸਬੱਬ ਨਾਲ ਰਿਪੋਰਟ ਵੀ ਭਾਜਪਾ ਦੇ ਹਮਾਇਤੀ ਅਖਬਾਰ ਵਿਚ ਛਪੀ ਸੀ ਤਾਂ ਉਹ ਭਾਜਪਾ ਵੱਲੋਂ ਲੋਕਾਂ ਨਾਲ ਧੋਖੇ ਦੇ ਲੇਖ ਲਿਖਣ ਲੱਗ ਪਿਆ।

ਇਸ ਵਾਰ ਇਹ ਗੱਲ ਲੋਕਾਂ ਸਾਹਮਣੇ ਬਹਿਸ ਦੇ ਮੁੱਢ ਵਿਚ ਹੀ ਸਪੱਸ਼ਟ ਹੈ। ਭਾਜਪਾ ਦਾ ਇੱਕ ਹਿੱਸਾ ਕਹਿ ਰਿਹਾ ਹੈ ਕਿ ਭਾਰਤ ਵਿਚ ਗਊ ਮਾਸ ਖਾਣ ਨਹੀਂ ਦੇਣਾ। ਇਨ੍ਹਾਂ ਵਿਚ ਅਸੀਂ ਉਸ ਮੁਖਤਾਰ ਅੱਬਾਸ ਨਕਵੀ ਨੂੰ ਸ਼ਾਮਲ ਨਹੀਂ ਕਰਦੇ, ਜਿਸ ਦੇ ਸਾਹਮਣੇ ਭਾਜਪਾ ਲੀਡਰਸ਼ਿਪ ਵਿਚ ਰਹਿਣ ਲਈ ਹਿੰਦੂਤਵ ਦੇ ਆਗੂਆਂ ਨਾਲੋਂ ਹਿੰਦੂਤਵ ਦਾ ਵੱਡਾ ਸਮੱਰਥਕ ਬਣ ਕੇ ਪੇਸ਼ ਹੋਣ ਦੀ ਮਜਬੂਰੀ ਹੈ। ਆਰ ਐਸ ਐਸ ਅਤੇ ਭਾਜਪਾ ਨਾਲ ਜੁੜੇ ਕੁਝ ਲੋਕ ਇਸ ਬਹਿਸ ਵਿਚ ਬੜੇ ਤਿੱਖੇ ਬੋਲੇ ਸਨ, ਪਰ ਜਦੋਂ ਇਹ ਗੱਲ ਬਾਹਰ ਆਈ ਕਿ ਗੋਆ ਵਿਚ ਭਾਜਪਾ ਦੀ ਆਪਣੀ ਸਰਕਾਰ ਨੇ ਇਸ ਉਤੇ ਨਾ ਕਦੇ ਪਾਬੰਦੀ ਲਾਈ ਹੈ ਤੇ ਨਾ ਲਾਉਣ ਨੂੰ ਤਿਆਰ ਹੈ ਤਾਂ ਇਹ ਕਹਿਣ ਲੱਗ ਪਏ ਕਿ ਓਥੇ ਸੱਭਿਆਚਾਰਕ ਮਾਹੌਲ ਬਾਕੀ ਦੇਸ਼ ਨਾਲੋਂ ਵੱਖਰਾ ਹੈ। ਸੱਭਿਆਚਾਰਕ ਪੱਖ ਹੀ ਵੇਖਣਾ ਹੈ ਤਾਂ ਇਹ ਦੇਸ਼ ਦੇ ਕਈ ਹੋਰ ਰਾਜਾਂ ਵਿਚ ਵੀ ਵੱਖਰਾ ਹੈ, ਜਿਨ੍ਹਾਂ ਵਿਚ ਭਾਜਪਾ ਇਹੋ ਪਾਬੰਦੀ ਲਾਉਣ ਲਈ ਰਾਜਸੀ ਲੋੜ ਜੋਗੇ ਮੋਰਚੇ ਲਾਉਣ ਲੱਗੀ ਰਹਿੰਦੀ ਹੈ।

ਇਹ ਇੱਕ ਸੱਚਾਈ ਹੈ ਕਿ ਪਿਛਲੇ ਸਾਲਾਂ ਵਿਚ ਭਾਰਤ ਵਿਚੋਂ ਵਿਦੇਸ਼ਾਂ ਨੂੰ ਮੀਟ ਦੀ ਸਪਲਾਈ ਹੁਣ ਬਾਸਮਤੀ ਤੋਂ ਵੀ ਵੱਧ ਹੋਣ ਲੱਗ ਪਈ ਹੈ ਤੇ ਇਹ ਕੰਮ ਜਿਹੜੀਆਂ ਫਰਮਾਂ ਕਰਦੀਆਂ ਹਨ, ਉਨ੍ਹਾਂ ਵਿਚ ਕਈ ਹਿੰਦੂ ਵਪਾਰੀ ਵੀ ਸ਼ਾਮਲ ਹਨ। ਇਸ ਸੱਚ ਉਤੇ ਕਿਸੇ ਨੂੰ ਹੈਰਾਨ ਹੋਣ ਦੀ ਵੀ ਲੋੜ ਨਹੀਂ। ਪੰਜਾਬ ਨੂੰ ਇਸ ਸਬੰਧ ਵਿਚ ਬਹੁਤ ਸਾਲ ਪਹਿਲਾਂ ਇੱਕ ਤਜਰਬਾ ਹੋ ਚੁੱਕਾ ਹੈ। ਮਾਲਵੇ ਵਿਚ ਇਕ ਫਰਮ ਘਿਓ ਵਿਚ ਗਾਂ ਦੀ ਚਰਬੀ ਮਿਲਾ ਕੇ ਵੇਚਦੀ ਫੜੀ ਗਈ ਸੀ। ਤੀਹ ਸਾਲ ਕੇਸ ਕਿਸੇ ਪਾਸੇ ਨਹੀਂ ਸੀ ਲੱਗਾ, ਪਰ ਜਦੋਂ ਲੱਗਾ ਅਤੇ ਉਨ੍ਹਾਂ ਲੋਕਾਂ ਨੂੰ ਸਜ਼ਾ ਹੋਈ, ਜ਼ਮਾਨਤ ਹੁੰਦੇ ਸਾਰ ਪਹਿਲੇ ਹਫਤੇ ਉਨ੍ਹਾਂ ਨੂੰ ਹੌਸਲਾ ਦੇਣ ਵਾਸਤੇ ਉਨ੍ਹਾਂ ਦੇ ਘਰ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਬਾਦਲ ਨੇ ਉਚੇਚਾ ਗੇੜਾ ਲਾਇਆ ਸੀ। ਘਿਓ ਵਿਚ ਗਾਂ ਦੀ ਚਰਬੀ ਪਾਉਣ ਦੇ ਦੋਸ਼ੀ ਸਾਬਤ ਹੋ ਚੁੱਕੇ ਉਹ ਲੋਕ ਹਿੰਦੂ ਧਰਮ ਨਾਲ ਹੀ ਸਬੰਧਤ ਹਨ। ਕਿਸੇ ਵੀ ਹਿੰਦੂ ਸੰਗਠਨ ਨੇ ਉਨ੍ਹਾਂ ਨੂੰ ਬੁਰਾ ਕਹਿਣ ਦੀ ਲੋੜ ਨਹੀਂ ਸਮਝੀ। ਇਸੇ ਫਰਮ ਵਾਲੇ ਲੋਕ ਜੇ ਕਾਂਗਰਸ ਨਾਲ ਜੁੜੇ ਹੋਏ ਹੁੰਦੇ ਤਾਂ ਸ਼ਾਇਦ ਸਭ ਤੋਂ ਵੱਧ ਰੌਲਾ ਭਾਜਪਾ ਨੇ ਪਾਉਣਾ ਸੀ, ਜਿਹੜੀ ਹੁਣ ਲਿਹਾਜੂ ਬਣ ਗਈ ਹੈ ਤੇ ਵਿਰੋਧ ਕਰਨ ਮੌਕੇ ਅਕਾਲੀ ਭਾਈ ਵੀ ਭਾਜਪਾ ਦੇ ਨਾਲ ਖੜੇ ਹੋਣੇ ਸਨ। ਇਹੋ ਤਾਂ ਰਾਜਨੀਤੀ ਹੈ।

ਹੁਣ ਭਾਜਪਾ ਇਕ ਵਾਰੀ ਫਿਰ ਉਹ ਮੁੱਦੇ ਚੁੱਕਣ ਲੱਗ ਪਈ ਹੈ, ਜਿਹੜੇ ਧਰਮ ਦੇ ਨਾਂ ਉਤੇ ਭਾਵਨਾਵਾਂ ਨੂੰ ਉਬਾਲਾ ਦੇ ਸਕਦੇ ਹਨ। ਇਸ ਵਾਰੀ ਇਹ ਮੁੱਦੇ ਬਿਹਾਰ ਵਿਧਾਨ ਸਭਾ ਦੀ ਚੋਣ ਵਾਸਤੇ ਉਠਾਏ ਜਾ ਰਹੇ ਹਨ।

ਅਯੁਧਿਆ ਉਤਰ ਪ੍ਰਦੇਸ਼ ਦੇ ਫੈਜ਼ਾਬਾਦ ਜ਼ਿਲ੍ਹੇ ਵਿਚ ਹੈ ਅਤੇ ਬਿਹਾਰ ਇਸ ਤੋਂ ਅਗਲਾ ਰਾਜ ਹੈ। ਬਿਹਾਰ ਦੀ ਵਿਧਾਨ ਸਭਾ ਚੋਣ ਦੀ ਵਾਰੀ ਪਹਿਲਾਂ ਹੈ, ਪਰ ਡੇਢ ਸਾਲ ਪਿੱਛੋਂ ਉਤਰ ਪ੍ਰਦੇਸ਼ ਦੀ ਵਾਰੀ ਵੀ ਆਈ ਖੜੀ ਹੈ। ਉਤਰ ਪ੍ਰਦੇਸ਼ ਵਿਚ ਭਾਜਪਾ ਹਮੇਸ਼ਾ ਉਦੋਂ ਸੱਤਾ ਵਿਚ ਆਈ ਹੈ, ਜਦੋਂ ਹਿੰਦੂਤਵ ਦਾ ਮੁੱਦਾ ਉਭਾਰਿਆ ਤੇ ਪਾਰਲੀਮੈਂਟ ਦੀਆਂ ਅੱਸੀਆਂ ਵਿਚੋਂ ਸੱਤਰ ਤੋਂ ਵੱਧ ਸੀਟਾਂ ਵੀ ਉਦੋਂ ਜਿੱਤਣ ਜੋਗੀ ਹੋਈ ਹੈ, ਜਦੋਂ ਇਸ ਨੇ ਗੁਜਰਾਤ ਵਿਚ ਹਿੰਦੂਤੱਵ ਦਾ ਚਿਹਰਾ ਬਣ ਚੁੱਕੇ ਨਰਿੰਦਰ ਮੋਦੀ ਨੂੰ ਅੱਗੇ ਲਾਇਆ ਸੀ। ਮੋਦੀ ਨੇ ਉਤਰ ਪ੍ਰਦੇਸ਼ ਵਿਚ ਵਿਕਾਸ ਜਾਂ ਅਮਨ-ਕਾਨੂੰਨ ਦੇ ਮੁੱਦੇ ਨਹੀਂ ਸੀ ਉਭਾਰੇ, ਸਗੋਂ ਇਹ ਗੱਲ ਕਹੀ ਸੀ ਕਿ 'ਨਾ ਮੈਨੂੰ ਕਿਸੇ ਨੇ ਭੇਜਿਆ ਹੈ, ਨਾ ਮੈਂ ਆਪ ਆਇਆ ਹਾਂ, ਮੈਨੂੰ ਤਾਂ ਗੰਗਾ ਮਈਆ ਨੇ ਬੁਲਾਇਆ ਹੈ।' ਇਸ ਦਾਅਵੇ ਵਿਚ ਧਰਮ ਦੀ ਦੁਰਵਰਤੋਂ ਲੁਕੀ ਹੋਈ ਸੀ। ਅਗਲੇ ਚੋਣ ਚੱਕਰ ਵਿਚ ਉਹ ਬਿਹਾਰ ਦੀਆਂ ਚੋਣਾਂ ਤੋਂ ਸ਼ੁਰੂ ਕਰ ਕੇ ਹਿੰਦੂਤਵ ਦੇ ਮੁੱਦੇ ਨੂੰ ਉਤਰ ਪ੍ਰਦੇਸ਼ ਤੱਕ ਲਿਜਾਣ ਲਈ ਤਿਆਰੀ ਕਰੀ ਫਿਰਦੇ ਹਨ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮਾਰਗ ਦਰਸ਼ਕ ਮੰਡਲ ਦੀ ਹੁਣੇ ਹੋਈ ਮੀਟਿੰਗ ਵਿਚ ਪਾਸ ਕੀਤੇ ਗਏ ਮਤੇ ਇਸ ਰਾਜਨੀਤੀ ਦੀ ਅਗਲੀ ਉਠਾਣ ਦਾ ਪੜੁੱਲ ਬੰਨ੍ਹਣ ਦਾ ਕੰਮ ਕਰਨ ਵਾਲੇ ਹਨ।

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮਾਰਗ ਦਰਸ਼ਕ ਮੰਡਲ ਦੀ ਮੀਟਿੰਗ ਵਿਚ ਇਹ ਮੁੱਦਾ ਜ਼ੋਰ ਨਾਲ ਉਠਾਇਆ ਗਿਆ ਹੈ ਕਿ ਅਯੁਧਿਆ ਵਿਚ ਉਸੇ ਥਾਂ ਰਾਮ ਮੰਦਰ ਦੀ ਉਸਾਰੀ ਕਰਨੀ ਹੈ, ਜਿੱਥੇ ਰਾਮ ਲੱਲਾ ਦੀਆਂ ਮੂਰਤੀਆਂ ਹਨ। ਅਗਲੀ ਗੱਲ ਇਹ ਕਹਿ ਦਿੱਤੀ ਹੈ ਕਿ ਅਯੁਧਿਆ ਵਿਚ ਇਸਲਾਮ ਨਾਲ ਜੁੜਦਾ ਕੋਈ ਅਸਥਾਨ ਨਹੀਂ ਰਹਿਣ ਦੇਣਾ। ਸਾਡੀ ਜਾਣਕਾਰੀ ਮੁਤਾਬਕ ਇਹ ਗੱਲ ਅੱਜ ਤੱਕ ਉਸ ਨਗਰ ਨਾਲ ਜੁੜੇ ਕਿਸੇ ਹਿੰਦੂ ਆਗੂ ਨੇ ਕਦੇ ਵੀ ਨਹੀਂ ਕਹੀ, ਉਹ ਤਾਂ ਮਿਲ ਕੇ ਰਹਿਣ ਨੂੰ ਪਹਿਲ ਦੇਂਦੇ ਹਨ। ਜਿਨ੍ਹਾਂ ਲੋਕਾਂ ਨੇ ਇਹ ਕਿਹਾ ਹੈ ਕਿ ਅਯੁਧਿਆ ਵਿਚ ਇਸਲਾਮ ਦੇ ਨਾਲ ਜੁੜਿਆ ਕੋਈ ਅਸਥਾਨ ਨਹੀਂ ਰਹਿਣ ਦੇਣਾ, ਉਹ ਹੋਰ ਅੱਗੇ ਵਧ ਕੇ ਇਹ ਕਹਿਣ ਤੱਕ ਚਲੇ ਗਏ ਹਨ ਕਿ ਹੁਣ ਪੂਰੇ ਦੇਸ਼ ਵਿਚ ਬਾਬਰ ਦੇ ਨਾਂ ਨਾਲ ਜੁੜਦਾ ਕੋਈ ਪ੍ਰਤੀਕ ਸਾਨੂੰ ਮਨਜ਼ੂਰ ਨਹੀਂ। ਇਹ ਨਾਅਰੇ ਉਹ ਆਪਣੇ ਆਪ ਨਹੀਂ ਲਾ ਰਹੇ, ਇਸ ਪਿੱਛੇ ਰਾਜਨੀਤੀ ਦੀ ਲੋੜ ਵਾਲੇ ਵਿਸ਼ੇਸ਼ ਪਿਆਦੇ ਕੰਮ ਕਰ ਰਹੇ ਹਨ।

ਬਿਹਾਰ ਵਿਚ 83 ਫੀਸਦੀ ਹਿੰਦੂ ਵੱਸਦੇ ਹਨ ਤੇ ਉਤਰ ਪ੍ਰਦੇਸ਼ ਵਿਚ 82 ਫੀਸਦੀ। ਇਸ ਦੇ ਬਾਵਜੂਦ ਬਿਹਾਰ ਵਿਚ ਕਦੇ ਹਿੰਦੂਤਵ ਦੀ ਲਹਿਰ ਨਹੀਂ ਸੀ ਚੱਲੀ, ਪਰ ਪਿਛਲੇ ਸਾਲ ਨਰਿੰਦਰ ਮੋਦੀ ਦੀ ਆਮਦ ਉਤੇ ਇਸ ਨੂੰ ਮਹਿਸੂਸ ਕੀਤਾ ਗਿਆ। ਬਿਹਾਰ ਦੇ ਇੱਕ ਪੱਤਰਕਾਰ ਨਾਲ ਜਦੋਂ ਗੱਲ ਹੋਈ ਤਾਂ ਸ਼ਾਹਨਵਾਜ ਹੁਸੈਨ ਦਾ ਜ਼ਿਕਰ ਆ ਗਿਆ, ਜਿਹੜਾ ਇੱਕ ਵਾਰੀ ਉਪ ਚੋਣ ਜਿੱਤ ਗਿਆ ਅਤੇ ਦੂਸਰੀ ਵਾਰੀ ਆਮ ਚੋਣਾਂ ਵਿਚ ਸਫਲ ਰਿਹਾ ਸੀ, ਪਰ ਮੋਦੀ ਲਹਿਰ ਵੇਲੇ ਹਾਰ ਗਿਆ। ਉਹ ਪੱਤਰਕਾਰ ਇਹ ਕਹਿੰਦਾ ਸੀ ਕਿ ਪਿਛਲੇ ਸਾਲ ਬਿਹਾਰ ਵਿਚ ਵਿਕਾਸ ਦਾ ਮੁੱਦਾ ਹੀ ਨਹੀਂ ਸੀ, ਬਾਕੀ ਦੇਸ਼ ਵਾਂਗ ਉਥੇ ਵੀ ਇੱਕ ਤਰ੍ਹਾਂ ਹਿੰਦੂਤੱਵ ਦੀ ਲਹਿਰ ਚੱਲੀ ਤੇ ਆਮ ਹਿੰਦੂ ਇਹ ਕਹਿ ਰਹੇ ਸਨ ਕਿ 'ਅਭੀ ਨਹੀਂ ਤੋ ਕਭੀ ਨਹੀਂ'। ਜੇ ਬਿਹਾਰ ਵਿਚ ਹਿੰਦੂਤਵ ਦੀ ਲਹਿਰ ਚੱਲੀ ਹੋਵੇ ਤਾਂ ਭਾਗਲਪੁਰ ਵਿਚ ਭਾਜਪਾ ਦੇ ਉਮੀਦਵਾਰ ਸ਼ਾਹਨਵਾਜ਼ ਹੁਸੈਨ ਦੀ ਹਾਰ ਦਾ ਸਬੱਬ ਕੀ ਸੀ, ਇਹ ਅਸੀਂ ਜਾਣਨਾ ਚਾਹਿਆ। ਉਸ ਪੱਤਰਕਾਰ ਨੇ ਇਹ ਕਹਿਣ ਵਿਚ ਸੰਕੋਚ ਨਹੀਂ ਸੀ ਕੀਤਾ ਕਿ ਜਿਹੜੀ ਲਹਿਰ ਹਿੰਦੂਤਵ ਦੇ ਨਾਂ ਉਤੇ ਭਾਜਪਾ ਨੇ ਚਲਾਈ, ਉਸ ਦੌਰਾਨ ਭਾਗਲਪੁਰ ਵਿਚ ਉਸ ਦੇ ਆਪਣੇ ਬੰਦਿਆਂ ਨੇ ਵੀ ਇਸ ਗੈਰ-ਹਿੰਦੂ ਲਈ ਵੋਟ ਨਹੀਂ ਸੀ ਪਾਈ। ਭਾਜਪਾ ਨੇ ਭਾਰਤ ਦੇ ਉਨ੍ਹਾਂ ਪੰਜ ਹਲਕਿਆਂ ਤੋਂ ਮੁਸਲਮਾਨ ਉਮੀਦਵਾਰ ਬਣਾਏ ਸਨ, ਜਿੱਥੇ ਜਿੱਤਣ ਦੀ ਆਸ ਨਹੀਂ ਸੀ, ਸਿਰਫ ਚੋਣ ਵਿਚ ਉਮੀਦਵਾਰ ਖੜੇ ਕਰਨ ਲਈ ਹੀ ਕੀਤੇ ਸਨ, ਸਿਰਫ ਇੱਕ ਟਿਕਟ ਸ਼ਾਹਨਵਾਜ਼ ਹੁਸੈਨ ਨੂੰ ਬਿਹਾਰ ਦੇ ਜੇਤੂ ਜਾਪਦੇ ਹਲਕੇ ਤੋਂ ਦਿੱਤੀ ਗਈ ਸੀ, ਪਰ ਇਸ ਨੂੰ ਵੀ ਭਾਜਪਾ ਦੇ ਬੰਦਿਆਂ ਨੇ ਵੋਟ ਨਹੀਂ ਸੀ ਪਾਈ। ਉਨ੍ਹਾਂ ਨੂੰ ਇਸ ਹਲਕੇ ਦੀ ਹਾਰ ਨਾਲ ਮਤਲਬ ਨਹੀਂ, ਬਿਹਾਰ ਦੀਆਂ ਚਾਲੀਆਂ ਵਿਚੋਂ ਭਾਈਵਾਲਾਂ ਸਮੇਤ ਇਕੱਤੀ ਸੀਟਾਂ ਜਿੱਤਣ ਦੀ ਖੁਸ਼ੀ ਸੀ। ਇਹ ਸੀਟਾਂ ਸੰਸਾਰ ਵਿਚ ਡੰਕਾ ਵਜਾਉਣ ਲਈ ਨਹੀਂ, ਅਤੇ ਕਿਸੇ ਸਥਿਰ ਸਰਕਾਰ ਲਈ ਵੀ ਨਹੀਂ, ਇਕ ਫਿਰਕੇ ਦੇ ਲੋਕਾਂ ਨੂੰ ਉਨ੍ਹਾਂ ਦੇ ਧਰਮ ਦੀ ਚੜ੍ਹਤ ਦਾ ਸੁਫਨਾ ਵਿਖਾ ਕੇ ਜਿੱਤੀਆਂ ਗਈਆਂ ਸਨ।

ਅਗਲੇ ਦਿਨਾਂ ਵਿਚ ਇਕ ਵਾਰੀ ਫਿਰ ਭਾਜਪਾ ਧਰਮ ਦੇ ਮੁੱਦੇ ਨੂੰ ਉਛਾਲ ਕੇ ਕੇਂਦਰੀ ਤੇ ਉਤਰੀ ਭਾਰਤ ਵਿਚ ਆਪਣਾ ਝੰਡਾ ਝੁਲਾਉਣ ਦੀ ਕੋਸ਼ਿਸ਼ ਵਿਚ ਹੈ। ਗਊ ਦਾ ਮੁੱਦਾ ਵੀ ਵਿਖਾਵੇ ਦਾ ਹੈ ਅਤੇ ਰਾਮ ਮੰਦਰ ਲਈ ਵੀ ਭਾਜਪਾ ਨੂੰ ਕੋਈ ਕਾਹਲੀ ਨਹੀਂ। ਕਾਹਲੀ ਦੋ ਵੱਡੇ ਰਾਜਾਂ ਵਿਚ ਸੱਤਾ ਹਾਸਲ ਕਰਨ ਦੀ ਹੈ। ਸੱਚੀ ਗੱਲ ਇਹ ਹੈ ਕਿ ਇਹ ਮੁੱਦੇ ਭਾਜਪਾ ਇਸ ਵੇਲੇ ਸੱਤਾ ਲਈ ਵਰਤ ਰਹੀ ਹੈ, ਪਰ ਅੰਤਲਾ ਨਿਸ਼ਾਨਾ ਉਹੋ ਹੈ, ਜਿਹੜਾ ਨਾਗਪੁਰ ਵਿਚ ਬੈਠੇ ਇਸ ਪਿੱਛੇ ਅਸਲੀ ਤਾਕਤ ਗਿਣੇ ਜਾਂਦੇ ਆਰ ਐਸ ਐਸ ਦਾ ਹੈ। ਭਾਰਤ ਦਾ ਜਿਹੜਾ ਰੂਪ ਆਰ ਐਸ ਐਸ ਚਾਹੁੰਦਾ ਹੈ, ਉਹ ਇਥੋਂ ਦੀ ਸਰਮਾਏਦਾਰੀ ਲਈ ਵੀ ਸੁਖਾਵਾਂ ਨਹੀਂ ਹੋਣਾ, ਜਿਹੜੀ ਲੁੱਟ ਦੇ ਖਿਲਾਫ ਲੜਦੇ ਲੋਕਾਂ ਲਈ ਧਰਮ ਦੀ ਵਰਤੋਂ ਅਫੀਮ ਵਾਂਗ ਕਰਨ ਨੂੰ ਤਿਆਰ ਹੈ। ਧਰਮ ਨਾਲ ਸਰਮਾਏਦਾਰੀ ਦਾ ਮੋਹ ਆਪਣੇ ਮਾਲ ਦੇ ਗਾਹਕਾਂ ਦੇ ਖਾਤਮੇ ਤੱਕ ਨਹੀਂ ਜਾ ਸਕਦਾ। ਉਹ ਮੰਡੀ ਨੂੰ ਮੰਡੀ, ਤੇ ਗਾਹਕਾਂ ਵਾਲੀ ਮੰਡੀ ਵਜੋਂ ਰੱਖਣਾ ਚਾਹੁੰਦੀ ਹੈ। ਪਿਛਲੇ ਸਾਲ ਭਾਰਤ ਵਿਚ ਆਉਣ ਲਈ ਕਾਹਲੀ ਜਾਪ ਰਹੀ ਵਿਦੇਸੀ ਸਰਮਾਏਦਾਰੀ ਵੀ ਏਸੇ ਲਈ ਪੈਰ ਪਿੱਛੇ ਖਿੱਚਣ ਲੱਗ ਪਈ ਹੈ ਅਤੇ ਸਾਰੇ ਸਾਲ ਵਿਚ ਸਿਰਫ ਗੱਲਾਂ ਕੀਤੀਆਂ ਹਨ, ਨਿਵੇਸ਼ ਨਹੀਂ ਸੀ ਕੀਤਾ। ਹਾਲਾਤ ਦਾ ਸ਼ੀਸ਼ਾ ਹੈ ਇਹ। ਨਰਿੰਦਰ ਮੋਦੀ ਦੀ ਸਰਕਾਰ ਇਸ ਸ਼ੀਸ਼ੇ ਵਿਚ ਜਦੋਂ ਵੇਖੇਗੀ ਤਾਂ ਉਸ ਨੂੰ ਹਕੀਕਤ ਸਮਝ ਆ ਜਾਵੇਗੀ, ਪਰ ਅਜੇ ਉਹ ਇਸ ਸ਼ੀਸ਼ੇ ਦਾ ਸਾਹਮਣਾ ਕਰਨ ਨੂੰ ਤਿਆਰ ਨਹੀਂ, ਅਜੇ ਸੱਤਾ ਲਈ ਦੌੜ ਦੇ ਕੁਝ ਪੜਾਅ ਰਹਿੰਦੇ ਹਨ।

# ਮਾਲਵੇ ਵਿਚ ਕੈਂਸਰ ਰੋਕਣ ਲਈ ਕੇਂਦਰ ਦੇਵੇਗਾ ਮਦਦ

**ਬਠਿੰਡਾ:** ਕੇਂਦਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਬੀਰੇਂਦਰ ਸਿੰਘ ਨੇ ਆਖਿਆ ਹੈ ਕਿ ਕੇਂਦਰ ਸਰਕਾਰ ਮਾਲਵੇ ਵਿਚ ਕੈਂਸਰ ਦਾ ਕਹਿਰ ਠੱਲ੍ਹਣ ਲਈ ਪੀਣ ਵਾਲੇ ਪਾਣੀ ਦੇ ਸੁਧਾਰ 'ਤੇ ਜ਼ੋਰ ਦੇਵੇਗੀ। ਉਨ੍ਹਾਂ ਮੰਨਿਆ ਕਿ ਕਿਸੇ ਨਾ ਕਿਸੇ ਰੂਪ ਵਿਚ ਖ਼ਰਾਬ ਪਾਣੀ ਵੀ ਕੈਂਸਰ ਲਈ ਜ਼ਿੰਮੇਵਾਰ ਹੈ। ਕੇਂਦਰੀ ਮੰਤਰੀ ਨੇ ਦਾਅਵਾ ਕੀਤਾ ਕਿ ਪੇਂਡੂ ਵਿਕਾਸ ਵਾਸਤੇ ਦਿਲ ਖੋਲ੍ਹ ਕੇ ਫੰਡ ਦਿੱਤੇ ਜਾ ਰਹੇ ਹਨ। ਰਾਜ ਵਿਚ 2200 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਸ੍ਰੀ ਬੀਰੇਂਦਰ ਸਿੰਘ ਨੇ ਸੈਨੀਟੇਸ਼ਨ ਤੇ ਪੀਣ ਵਾਲੇ ਪਾਣੀ ਸਬੰਧੀ ਉਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨਾਲ ਜਨ ਸਿਹਤ ਮੰਤਰੀ ਸੁਰਜੀਤ ਸਿੰਘ ਰੱਖੜਾ ਵੀ ਹਾਜ਼ਰ ਸਨ। ਵਿਕਾਸ ਕੰਮਾਂ ਲਈ ਵਿਸ਼ਵ ਬੈਂਕ ਨਾਲ ਸਮਝੌਤੇ ਬਾਰੇ ਉਨ੍ਹਾਂ ਕਿਹਾ ਕਿ 1540 ਕਰੋੜ ਰੁਪਏ ਵਿਸ਼ਵ ਬੈਂਕ ਤੇ 660 ਕਰੋੜ ਰੁਪਏ ਕੇਂਦਰ ਸਰਕਾਰ ਵੱਲੋਂ ਦਿੱਤੇ ਜਾਣਗੇ।

ਮਾਲਵੇ ਵਿਚ ਪੀਣ ਵਾਲੇ ਪਾਣੀ ਦੀ ਮੁਸ਼ਕਲ ਦਾ ਹੱਲ ਉਨ੍ਹਾਂ ਆਧੁਨਿਕ ਤਕਨੀਕਾਂ ਜ਼ਰੀਏ ਕਰਨ ਦੀ ਗੱਲ ਆਖੀ। ਨਹਿਰੀ ਪਾਣੀ ਨਾਲ ਸਬੰਧਤ ਵੱਡੇ ਪ੍ਰਾਜੈਕਟ ਲਿਆਂਦੇ ਜਾ ਰਹੇ ਹਨ। ਰਾਜ ਦੇ ਛੱਪੜਾਂ ਦੀ ਸਫ਼ਾਈ ਪਹਿਲ ਦੇ ਆਧਾਰ ਉਤੇ ਕਰਵਾਈ ਜਾਏਗੀ ਤਾਂ ਜੋ ਪਸ਼ੂਆਂ ਨੂੰ ਵੀ ਕਿਸੇ ਪ੍ਰਕਾਰ ਦੀ ਬਿਮਾਰੀ ਨਾ ਲੱਗ ਸਕੇ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

ਸਨਿਚਰਵਾਰ, 6 ਜੂਨ 2015

## ਇਕੱਤੀ ਸਾਲਾਂ ਦਾ ਕਹਿਰ

ਇਕੱਤੀ ਸਾਲ ਪਹਿਲਾਂ ਹੋਇਆ ਕਹਿਰ ਇਕ ਵਾਰ ਫਿਰ ਸਾਹਮਣੇ ਹੈ। ਇਨ੍ਹਾਂ ਇਕੱਤੀ ਸਾਲਾਂ ਦੌਰਾਨ ਅਣਗਿਣਤ ਸਵਾਲ ਸਾਹਮਣੇ ਆਏ ਜਿਨ੍ਹਾਂ ਵਿਚੋਂ ਬਹੁਤ ਸਾਰੇ ਅਜੇ ਵੀ ਜਿਉਂ ਦੀ ਤਿਉਂ ਬੂਹੇ ਮੱਲੀ ਬੈਠੇ ਹਨ। ਬੂਹਿਆਂ ਉਤੇ ਇਨ੍ਹਾਂ ਸਵਾਲਾਂ ਦੀ ਲਗਾਤਾਰ ਠੱਕ ਠੱਕ ਬੇਚੈਨੀ ਦਾ ਸਬੱਬ ਬਣਦੀ ਹੈ। ਮਸਲਾ ਇਹ ਨਹੀਂ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਅਹੁੜ ਰਹੇ ਜਾਂ ਮਿਲ ਰਹੇ, ਮਸਲਾ ਇਹ ਹੈ ਕਿ ਹਰ ਕੋਈ ਸਾਹਮਣੇ ਸੇਕ ਛੱਡਦੇ ਸਵਾਲ ਦਾ ਜਵਾਬ ਦੇਣ ਦੀ ਥਾਂ ਆਪਣਾ ਸਵਾਲ ਅੱਗੇ ਕਰ ਦਿੰਦਾ ਹੈ। ਜ਼ਾਹਿਰ ਹੈ ਕਿ ਇਸ ਮਸਲੇ ਨਾਲ ਜੁੜੀ ਹਰ ਧਿਰ ਦੇ ਆਪਣੇ ਸਵਾਲ ਹਨ ਅਤੇ ਹਰ ਧਿਰ ਆਪਣੇ ਸਵਾਲ ਨੂੰ ਹੀ ਅੰਤਿਮ ਸਮਝ ਕੇ ਅਖਾੜੇ ਵਿਚ ਪਿਛਲੇ ਤਿੰਨ ਦਹਾਕਿਆਂ ਤੋਂ ਗੇੜੀਆਂ ਲਾ ਰਹੀ ਹੈ ਪਰ ਸਵਾਲਾਂ ਦੇ ਜਵਾਬ ਤਾਂ ਉਦੋਂ ਹੀ ਮਿਲਣੇ ਹਨ ਜਦੋਂ ਦੂਜਿਆਂ ਦੇ ਸਵਾਲਾਂ ਦੇ ਰੂ-ਬ-ਰੂ ਹੋਣਾ ਹੈ; ਬਲਕਿ ਇਕ-ਦੂਜੇ ਦੇ ਰੂ-ਬ-ਰੂ ਹੋਣ ਇਸ ਤੋਂ ਪਹਿਲਾਂ ਖੁਦ ਦੇ ਰੂ-ਬ-ਰੂ ਹੋਣਾ ਪੈਂਦਾ ਹੈ। ਮਸਲਾ ਇਹੀ ਹੈ ਕਿ ਕੋਈ ਵੀ ਖੁਦ ਦੇ ਰੂ-ਬ-ਰੂ ਹੋਣ ਲਈ ਤਿਆਰ ਨਹੀਂ ਹੈ, ਕਿਉਂਕਿ ਸਭ ਨੇ ਆਪੋ-ਆਪਣੇ ਸੱਚ ਘੜੇ ਹੋਏ ਹਨ ਅਤੇ ਇਧਰ-ਉਧਰ ਹੋਣ ਦੀ ਰੱਤੀ ਭਰ ਵੀ ਗੁੰਜਾਇਸ਼ ਨਹੀਂ ਛੱਡੀ ਹੋਈ। ਆਮ ਭਾਸ਼ਾ ਵਿਚ ਕਹਿਣਾ ਹੋਵੇ ਤਾਂ ਇਹ ਸੌੜਾਪਣ ਹੈ ਅਤੇ ਇਹ ਸੌੜਾਪਣ ਜਦੋਂ ਸਿਆਸਤ ਤੇ ਧਰਮ ਦੇ ਖੇਤਰ ਵਿਚ ਪੈਰ ਪਾਉਂਦਾ ਹੈ ਤਾਂ ਪੰਜਾਬ ਦਾ ਮਸਲਾ ਬਣਦਾ ਹੈ। ਸਿੱਟੇ ਵਜੋਂ ਬਾਬੇ ਨਾਨਕ ਦਾ ਉਚਰਿਆ 'ਕਿਛੁ ਸੁਣੀਐ ਕਿਛੁ ਕਹੀਐ' ਸ਼ਾਇਦ ਵਿੱਸਰ ਹੀ ਗਿਆ ਹੈ। ਇਹੀ ਨਹੀਂ, ਅੰਤਾਂ ਦੇ ਇਸ ਘਮਾਸਾਣ ਵਿਚ ਬਹੁਤ ਕੁਝ ਹੋਰ ਵੀ ਵਿੱਸਰ ਗਿਆ ਹੈ। ਜੋ ਯਾਦ ਰੱਖਿਆ ਜਾ ਰਿਹਾ ਹੈ, ਉਹ ਸਭ ਧਿਰਾਂ ਦੀ ਆਪਣੀ ਸਹੂਲਤ ਮੁਤਾਬਕ ਹੈ। ਇਸੇ ਲਈ ਤਿੰਨ ਦਹਾਕਿਆਂ ਤੋਂ ਅਖਾੜੇ ਦੇ ਭਲਵਾਨੀ ਗੇੜੇ ਮੁੱਕਣ ਦਾ ਨਾਂ ਨਹੀਂ ਲੈ ਰਹੇ। ਇਹ ਆਪਣੇ ਆਪ ਨਾਲ ਅਵੱਲਾ ਘੋਲ, ਸੱਚਮੁੱਚ 'ਕਿਛੁ ਸੁਣੀਐ ਕਿਛੁ ਕਹੀਐ' ਦਾ ਰਾਹ ਰੋਕੀ ਖੜ੍ਹਾ ਹੈ। ਅਸਲ ਵਿਚ ਇਸ ਮਸਲੇ ਦਾ ਸਿਆਸੀਕਰਨ ਹੋਇਆ ਪਿਆ ਹੈ ਅਤੇ ਸਿਆਸਤ ਦੀਆਂ ਗੋਟੀਆਂ ਨੇ ਸਦਾ ਹੀ ਘਾਣ-ਦਰ-ਘਾਣ ਲਈ ਹੀ ਰਾਹ ਖੋਲ੍ਹਿਆ ਹੈ।

ਉਂਜ, ਇਨ੍ਹਾਂ ਤਿੰਨ ਦਹਾਕਿਆਂ ਦੌਰਾਨ ਇਕ ਨੁਕਤਾ ਤਾਂ ਸਪਸ਼ਟ ਹੋ ਹੀ ਗਿਆ ਹੈ, ਬਲਕਿ ਵਾਰ ਵਾਰ ਸਪਸ਼ਟ ਹੋਇਆ ਹੈ ਕਿ ਹੱਲੇ ਤੋਂ ਬਗੈਰ ਸਰ ਸਕਦਾ ਸੀ। ਮਸਲਾ ਇਥੇ ਵੀ ਦਿਆਨਤਦਾਰੀ ਦਾ ਹੀ ਹੈ। ਇਸ ਗੈਰ-ਦਿਆਨਤਦਾਰੀ ਕਰ ਕੇ ਹੀ ਅਜੇ ਤੱਕ ਬੰਦੀ ਸਿੱਖਾਂ ਦਾ ਮਸਲਾ ਜਿਉਂ ਦਾ ਤਿਉਂ ਹੈ। ਕੁਝ ਧੜਿਆਂ ਦੀ ਸਿਆਸਤ ਨੂੰ ਇਹ ਦਿਆਨਤਦਾਰੀ ਕਿਉਂਕਿ ਮੁਆਫਕ ਨਹੀਂ ਹੈ, ਇਸ ਲਈ ਇਹ ਮਸਲਾ ਵੀ ਜਿਉਂ ਦਾ ਤਿਉਂ ਹੈ। ਮਸਲੇ ਉਤੇ ਮਿੱਟੀ ਪਾਉਣ ਲਈ ਪ੍ਰੈਸ ਕਾਨਫਰੰਸਾਂ ਹੋ ਸਕਦੀਆਂ ਹਨ, ਅਖਬਾਰਾਂ ਵਿਚ ਇਸ਼ਤਿਹਾਰ ਵੀ ਛਾਪੇ ਜਾ ਸਕਦੇ ਹਨ, ਪਰ ਮਸਲੇ ਦੀ ਜੜ੍ਹ ਤੱਕ ਜਾਣ ਦੀ ਲੋੜ ਹੀ ਨਹੀਂ ਸਮਝੀ ਜਾ ਰਹੀ। ਅਸਲ ਵਿਚ ਸ਼ਾਸਕ ਧਿਰ ਇਹ ਸਮਝਣ ਤੋਂ ਇਨਕਾਰੀ ਹੈ ਕਿ ਵਕਤ ਸਦਾ ਬਦਲਦਾ ਰਿਹਾ ਹੈ, ਇਸ ਨੂੰ ਇਕ ਥਾਂ ਬੰਨ੍ਹ ਕੇ ਕੋਈ ਨਹੀਂ ਬਿਠਾ ਸਕਿਆ। ਇਹ ਸੰਭਵ ਹੈ ਕਿ ਗੁਰਬਖਸ਼ ਸਿੰਘ ਜਾਂ ਸੂਰਤ ਸਿੰਘ ਦੇ ਰਾਹ ਵਿਚ ਹਰ ਅੜਿੱਕਾ ਡਾਹ ਦਿੱਤਾ ਜਾਵੇ, ਪਰ ਕਤੱਈ ਸੰਭਵ ਨਹੀਂ ਕਿ ਪੈਰ ਪੈਰ 'ਤੇ ਸਾਹਮਣੇ ਆ ਰਹੇ ਮਸਲੇ ਨੂੰ ਇਉਂ ਦਰਕਿਨਾਰ ਕਰ ਦਿੱਤਾ ਜਾਵੇ। ਤਿੰਨ ਦਹਾਕੇ ਪਹਿਲਾਂ ਵਾਲੇ ਕਹਿਰ ਦੀਆਂ ਲੜੀਆਂ ਵੀ ਇਸੇ ਭਾਂਜ ਕਰ ਕੇ ਜੁੜੀਆਂ ਸਨ ਜੋ ਅੱਜ ਤੱਕ ਵੱਖ ਹੋਣ ਦਾ ਨਾਂ ਨਹੀਂ ਲੈ ਰਹੀਆਂ, ਸਗੋਂ ਦੂਣ-ਸਵਾਇਆ ਦਰਦ ਬਣ ਕੇ ਵਿਹੜਿਆਂ ਵਿਚ ਮਥੱਲਾ ਮਾਰੀ ਬੈਠੀਆਂ ਹਨ। ਇਸ ਸੂਰਤ ਵਿਚ ਸੰਵਾਦ ਦੀ ਆਸ ਟੁੱਟਦੀ ਟੁੱਟਦੀ ਟੁੱਟ ਜਾਂਦੀ ਹੈ ਅਤੇ ਸੂਰਤ ਇਕ ਵਾਰ ਫਿਰ ਮਸਲੇ ਦੀ ਜੂਨੇ ਪੈ ਜਾਂਦੀ ਹੈ। ਇਨ੍ਹਾਂ ਹਾਲਾਤ ਨਾਲ ਨਜਿੱਠਣ ਲਈ ਆਪਾ ਬਾਲਣਾ ਪੈਂਦਾ ਹੈ, ਪਰ ਅਫਸੋਸ! ਆਪਾ ਹੀ ਬਾਲਿਆ ਨਹੀਂ ਜਾ ਰਿਹਾ। ਦਹਾਕਿਆਂ ਦਾ ਦਰਦ ਅਜੇ ਵੀ ਸਿਆਸਤ ਦੀਆਂ ਘੁੰਮਣ-ਘੇਰੀਆਂ ਦੀ ਜੂਨੇ ਪਿਆ ਹੋਇਆ ਹੈ। ਕਿਸੇ ਸਿਆਸਤਦਾਨ ਨੇ ਇਨ੍ਹਾਂ ਘੁੰਮਣ-ਘੇਰੀਆਂ ਤੋਂ ਨਿਜਾਤ ਨਹੀਂ ਦਿਵਾਉਣੀ, ਉਹ ਤਾਂ ਲੋਕਾਂ ਨੂੰ ਸਗੋਂ ਖੁਦ ਅਜਿਹੀਆਂ ਘੁੰਮਣ-ਘੇਰੀਆਂ ਦੇ ਹਵਾਲੇ ਕਰਦੇ ਹਨ।

ਜ਼ਾਹਿਰ ਹੈ ਕਿ ਮਸਲਾ ਹੁਣ ਸਿਆਸਤਦਾਨਾਂ ਦੀਆਂ ਘੁੰਮਣ-ਘੇਰੀਆਂ ਦਾ ਹੈ ਅਤੇ ਇਹ ਸਿਆਸੀ ਘੁੰਮਣ-ਘੇਰੀਆਂ ਉਥੇ ਹੀ ਸੰਭਵ ਹਨ ਜਿਥੇ ਬੌਧਿਕ ਬੁਲੰਦੀ ਅਜਿਹੀ ਸੌੜੀ ਸਿਆਸਤ ਤੋਂ ਕਿਤੇ ਪਿਛਾਂਹ ਰਹਿ ਜਾਂਦੀ ਹੈ। ਇਸ ਬੌਧਿਕ ਬੁਲੰਦੀ ਦੇ ਇਕ ਨਹੀਂ, ਅਨੇਕ ਰਸਤੇ ਹਨ ਜੋ ਇਕ ਤੋਂ ਬਾਅਦ ਇਕ ਖੁੱਲ੍ਹਦੇ ਚਲੇ ਜਾਂਦੇ ਹਨ, ਪਰ ਇਹ ਰਸਤੇ 'ਕਿਛੁ ਸੁਣੀਐ ਕਿਛੁ ਕਹੀਐ' ਵਿਚੋਂ ਹੀ ਹੋ ਕੇ ਲੰਘਦੇ ਹਨ। ਬਾਬਾ ਨਾਨਕ ਨੇ 'ਕਿਛੁ ਸੁਣੀਐ ਕਿਛੁ ਕਹੀਐ' ਉਚਰਿਆ ਹੈ; ਪਹਿਲਾਂ ਸੁਣੀਏ, ਫਿਰ ਕਹੀਏ। ਇਸ ਲਈ ਇਸ ਗੈਰ-ਦਿਆਨਤਦਾਰ ਸਿਆਸਤ ਦੇ ਘੜਮੱਸ ਵਿਚ ਦਹਾਕਿਆਂ ਤੋਂ ਮੂੰਹ-ਜ਼ੋਰ ਬਣੇ ਹੋਏ ਮਸਲਿਆਂ ਦੇ ਮੋਛੇ ਲਾਉਣ ਲਈ ਬਾਬੇ ਨਾਨਕ ਦਾ ਰਾਹ ਅਪਨਾਈਏ ਅਤੇ ਦਰਦਾਂ ਦੇ ਦਰਿਆ ਨੂੰ ਲਗਾਤਾਰ ਪੀਵੀ ਜਾਈਏ। 'ਤੈਂ ਕੀ ਦਰਦੁ ਨ ਆਇਆ' ਦਾ ਉਲਾਂਭਾ, ਉਲਾਂਭਾ ਹੈ ਅਤੇ ਇਸ ਵਿਚ ਸੱਚ ਬਿਆਨ ਕਰਨ ਦੀ ਜੋਤ ਜਗਦੀ ਹੈ। ਸੱਚ ਦੀ ਇਹ ਜੋਤ ਹੀ ਅਗਾਂਹ ਦੇ ਰਸਤੇ ਦਿਖਾ ਸਕਦੀ ਹੈ। ਇਹ ਸਿਆਸਤ ਦੀਆਂ ਖਿਲਾਰੀਆਂ ਕੀਚਰਾਂ ਸਾਫ ਕਰ ਸਕਦੀ ਹੈ। ਹੁਣ ਵੇਲਾ ਸੱਚ ਦੀ ਇਸ ਜੋਤ ਨੂੰ ਪਛਾਣਨ ਦਾ ਹੈ ਅਤੇ ਸੱਚ ਨੂੰ ਪਛਾਣਨ ਦਾ ਵੇਲਾ ਹਰ ਵੇਲੇ ਮੌਜੂਦ ਰਹਿੰਦਾ ਹੈ। ਇਹ ਵੇਲਾ ਵਾਰ ਵਾਰ ਬੂਹਿਆਂ ਉਤੇ ਠੱਕ ਠੱਕ ਕਰਦਾ ਹੈ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਦਹਾਕੇ ਪੁਰਾਣਾ ਦਰਦ ਬੂਹੇ ਠਕੋਰਦਾ ਹੈ। ਆਓ, ਸੱਚ ਦੀ ਇਸ ਦਸਤਕ 'ਤੇ ਬੂਹੇ ਚੁਪੱਟ ਖੋਲ੍ਹੀਏ ਅਤੇ ਸੰਵਾਦ ਦੀਆਂ ਲੜੀਆਂ ਨੂੰ ਆਪੋ-ਆਪਣੇ ਵਿਹੜਿਆਂ ਵਿਚ ਬੈਠਣ ਜੋਗੀ ਥਾਂ ਦੇਈਏ। ਕੱਲ੍ਹ ਵੀ ਇਸੇ ਦੀ ਲੋੜ ਸੀ, ਅੱਜ ਵੀ ਇਸੇ ਦੀ ਲੋੜ ਹੈ ਅਤੇ ਭਲਕ ਨੂੰ ਵੀ ਇਸੇ ਦੀ ਹੀ ਲੋੜ ਰਹਿਣੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### 'ਵਾਈ-ਫਾਈ' ਦੀ ਫਾਹੀ!

ਬੰਦਾ ਹੋਇਆ ਗੁਲਾਮ ਮਸ਼ੀਨਰੀ ਦਾ, ਤਾਂਹੀਓਂ ਬੀ.ਪੀ. ਤੇ ਸੂਗਰਾਂ ਗ੍ਰੱਸਿਆ ਏ।
ਦਿੱਤੇ ਸਾਇੰਸ ਨੇ 'ਸੁੱਖ' ਅਪਾਰ ਲੇਕਿਨ, ਸਬਰ-ਸਹਿਜ ਵੀ ਘਰਾਂ 'ਚੋਂ ਨੱਸਿਆ ਏ।
ਜਣਾ-ਖਣਾ ਹੁਣ ਆਪੇ 'ਚ ਮਸਤ ਹੋਇਆ, 'ਨਿਜਵਾਦ' ਦੇ ਨਾਗ ਨੇ ਡੱਸਿਆ ਏ।
ਹਰ ਕੋਈ ਤਣਿਆ ਤੇ ਖਿੱਚਿਆ ਨਜ਼ਰ ਆਵੇ, ਤਬਲਾ ਜਿਉਂ ਵਜਾਉਣ ਲਈ ਕੱਸਿਆ ਏ।
'ਟੀ.ਵੀ.-ਨੈਟ' ਨੇ ਗਲੀਆਂ ਵਿਚ ਸੁੰਨ ਪਾਈ, ਜੀਆ-ਜੰਤ ਸਭ ਅੰਦਰੀ ਵੱਸਿਆ ਏ।
ਸੁਣਦਾ ਨਹੀਂ ਹੁਣ 'ਵਾਈਫ' ਦੀ ਗੱਲ ਮਾਹੀ, 'ਵਾਈ-ਫਾਈ' ਦੀ ਫਾਹੀ 'ਚ ਫੱਸਿਆ ਏ।

### ਕੁਝ ਲੋਕ ਵੀ ਸ਼ਹਿਰ ਦੇ ਜ਼ਾਲਮ ਸੀ, ਕੁਝ ਮੈਨੂੰ ਮਰਨ ਦਾ ਸ਼ੌਕ ਵੀ ਸੀ

# 'ਸਾਕਾ ਨੀਲਾ ਤਾਰਾ' ਸਭ ਧਿਰਾਂ ਸਭ ਪੱਖ ਵਿਚਾਰਨ

ਹਰਜਿੰਦਰ ਦੁਸਾਂਝ, ਕੈਲੀਫੋਰਨੀਆ

ਜੂਨ ਮਹੀਨਾ ਮੁੜ ਚੜ੍ਹ ਆਇਆ ਹੈ। ਯਾਦ ਆਇਆ ਹੈ ਚੁਰਾਸੀ ਦਾ ਦੁਖਾਂਤ। ਮੁੜ ਗੱਲਾਂ ਤੁਰੀਆਂ ਉਸ ਖੌਫਨਾਕ ਵਕਤ ਦੀਆਂ, ਜਦੋਂ ਘਰੋਂ ਗਏ ਪੰਜਾਬੀਆਂ ਦੇ ਘਰ ਪਰਤਣ ਦੀ ਕੋਈ ਗਾਰੰਟੀ ਨਹੀਂ ਸੀ ਹੁੰਦੀ। ਉਸ ਦੌਰ ਨੂੰ ਚੇਤੇ ਕਰਨ ਲਈ ਵੱਖ-ਵੱਖ ਧਿਰਾਂ ਵਲੋਂ ਆਪੋ-ਆਪਣੇ ਤਰੀਕੇ ਨਾਲ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਰੂਪ-ਰੇਖਾ ਦੇਖ ਕੇ ਲਗਦਾ ਹੈ ਕਿ ਤਿੰਨ ਦਹਾਕੇ ਬੀਤ ਜਾਣ ਦੇ ਬਾਵਜੂਦ ਕੋਈ ਵੀ ਧਿਰ ਉਸ ਕਾਲੇ ਦੌਰ ਨੂੰ ਸਾਰਥਕ ਢੰਗ ਨਾਲ ਸਮਝਣ, ਪਰਖਣ, ਵਿਚਾਰਨ ਤੇ ਪੜਚੋਲਣ ਲਈ ਤਿਆਰ ਨਹੀਂ। ਇਸ ਤੋਂ ਵੀ ਦੁਖਦਾਈ ਪਹਿਲੂ ਇਹ ਹੈ ਕਿ ਬੀਤੇ ਸਮੇਂ ਵਾਂਗ ਇਸ ਵਾਰ ਵੀ, ਉਸ ਦੌਰ ਦੇ ਨਾਂ ਉਤੇ ਸੱਤਾ ਦੀ ਲਾਲਸਾ ਅਤੇ ਸੌੜੀ ਸਿਆਸਤ ਦੀਆਂ ਗੀਟੀਆਂ ਖੇਡੀਆਂ ਜਾ ਰਹੀਆਂ ਹਨ। ਇਸ ਵਾਰ ਦੀਆਂ ਚਾਲਾਂ ਪਿਛਲੇ ਸਾਲਾਂ ਨਾਲੋਂ ਵੀ ਖਤਰਨਾਕ ਹਨ। ਸ਼ਾਇਦ ਇਸ ਦਾ ਮੁੱਖ ਕਾਰਨ ਅਗਲੇ ਸਾਲ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣ!

ਸਾਰੀਆਂ ਧਿਰਾਂ ਵਿਚੋਂ ਇਕ ਉਹ ਧਿਰ ਵੀ ਹੈ, ਜਿਹੜੀ ਉਸ ਦੌਰ ਨੂੰ ਡਰਾਉਣਾ ਸੁਪਨਾ ਕਹਿ ਕੇ ਭੁਲਾਉਣ ਦੀ ਵਕਾਲਤ ਕਰ ਰਹੀ ਹੈ। ਇਕ ਧਿਰ ਭਾਰਤ ਤੋਂ ਬਾਹਰ ਰਹਿੰਦੇ ਸਿੱਖਾਂ ਦੀ ਹੈ, ਜਿਸ ਦੇ ਉਸ ਕਾਲੇ ਦੌਰ ਦੇ ਸਮੇਂ ਨਾਲ ਸੌੜੇ ਹਿੱਤ ਜੁੜੇ ਹੋਏ ਹਨ। ਉਹ ਇਸ ਦੌਰ ਨੂੰ ਆਪਣੇ ਢੰਗ ਨਾਲ ਚੇਤੇ ਰੱਖਣਾ ਚਾਹੁੰਦੇ ਹਨ। ਇਸ ਧਿਰ ਲਈ ਸਿੱਕੇ ਦਾ ਇਕ ਪਾਸਾ ਖਰਾ ਤੇ ਦੂਜਾ ਪਾਸਾ ਖੋਟਾ ਹੈ। ਠੀਕ ਹੈ, ਉਸ ਦੌਰ ਨੂੰ ਭੁਲਾਇਆ ਨਹੀਂ ਜਾ ਸਕਦਾ, ਨਾ ਭੁਲਾਉਣਾ ਹੀ ਚਾਹੀਦਾ ਹੈ, ਪਰ ਸਮੇਂ ਦੀ ਲੋੜ ਹੈ, ਖਰੇ ਤੇ ਖੋਟੇ ਸਿੱਕੇ ਨੂੰ ਢਾਲ ਕੇ ਨਵਾਂ ਸਿੱਕਾ ਈਜਾਦ ਕਰਨ ਦੀ, ਜਿਸ ਦੇ ਦੋਵੇਂ ਪਾਸੇ ਖਰੇ ਹੋਣ ਤੇ ਜਿਹੜਾ ਸਦੀਆਂ ਤਕ ਖਰਚਣ ਤੇ ਵਰਤਣ ਦੇ ਯੋਗ ਹੋਵੇ।

ਸ਼ਾਇਰ ਸੁਰਜੀਤ ਪਾਤਰ ਨੇ ਉਸ ਦੌਰ ਵਿਚ ਉਸ ਬਾਰੇ ਲਿਖਿਆ ਸੀ, "ਪਾਣੀ ਮੰਗਦੇ ਜੰਗਲ ਦੇ ਵਿਚ ਕੰਡਿਆਂ ਦੀ ਇਕ ਝਿੜੀ ਉਗਾ ਦਿੱਤੀ, ਫਿਰ ਕੰਡੇ-ਕੰਡੇ ਕਹਿ ਕੇ ਸਾਰੇ ਜੰਗਲ ਨੂੰ ਅੱਗ ਲਾ ਦਿੱਤੀ।" ਰਸਦੇ-ਵਸਦੇ ਜੰਗਲ ਵਿਚ ਕੰਡਿਆਂ ਦੀ ਝਿੜੀ ਬੀਜਣ ਵਾਲੀ ਧਿਰ ਖੁਦ ਮੰਨਦੀ ਹੈ ਕਿ ਉਨ੍ਹਾਂ ਜੰਗਲ 'ਚ ਕੰਡਿਆਂ ਦੀ ਝਿੜੀ ਬੀਜੀ ਸੀ, ਪਰ ਜੰਗਲ ਲਈ ਸੋਚਣ ਤੇ ਸਮਝਣ ਵਾਲੀ ਗੱਲ ਹੈ ਕਿ ਇਹ ਗੱਲ ਮੰਨ ਲੈਣ ਨਾਲ ਜੰਗਲ ਦੀ ਹੋਈ ਵੱਢ-ਟੁੱਕ ਤੋਂ ਕੋਈ ਨਿਜਾਤ ਮਿਲੀ ਹੈ ਜਾਂ ਇਹ ਕਿਤੇ ਕਿਸੇ ਹੋਰ ਝਾੜੀ ਦਾ ਬੀਜ ਤਾਂ ਨਹੀਂ?

ਖ਼ੈਰ ਜੇ ਮੰਨ ਲਿਆ ਜਾਵੇ ਕਿ ਕੰਡਿਆਲੀ ਝਾੜੀ ਬੀਜਣ ਵਾਲੀ ਧਿਰ ਇਮਾਨਦਾਰ ਹੈ ਤਾਂ ਅਤੀਤ 'ਚ ਜਿਨ੍ਹਾਂ ਦੂਜੀਆਂ ਧਿਰਾਂ ਨੇ ਆਪਣੇ ਮੁਫਾਦ ਖਾਤਿਰ ਇਸ ਕੰਡਿਆਲੀ ਝਾੜੀ ਨੂੰ ਪਾਣੀ ਪਾ ਉਸ ਦੀਆਂ ਸੂਲਾਂ ਹੋਰ ਤਿੱਖੀਆਂ ਕੀਤੀਆਂ, ਜਿਨ੍ਹਾਂ ਨੇ ਜੰਗਲ (ਪੰਜਾਬ) ਨੂੰ ਲਹੂ-ਲੁਹਾਣ ਕਰੀ ਰੱਖਿਆ, ਉਨ੍ਹਾਂ ਧਿਰਾਂ ਨੂੰ ਖੁੱਲ੍ਹੇ ਤੌਰ 'ਤੇ ਅੱਗੇ ਆ ਕੇ ਹੁਣ ਜਾਣੇ-ਅਣਜਾਣੇ ਵਿਚ ਕੀਤੀਆਂ ਗਲਤੀਆਂ ਮੰਨਣੀਆਂ ਚਾਹੀਦੀਆਂ ਹਨ। ਜਿਹੜੀ ਧਿਰ ਮੰਨਦੀ ਹੈ ਕਿ ਕੰਡੇ ਉਸ ਨੇ ਖਿਲਾਰੇ ਸਨ, ਉਸ ਲਈ ਇਹ ਮੰਨਣ ਦੇ ਨਾਲ ਨਾਲ ਹੋਰ ਵੀ ਬਹੁਤ ਕੁਝ ਕਰਨਾ ਬਾਕੀ ਹੈ। ਉਸ ਦੌਰ 'ਚ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਤੇ ਬੁੱਧੀਜੀਵੀਆਂ, ਅਖ਼ਬਾਰਾਂ ਤੇ ਅਖ਼ਬਾਰਨਵੀਸਾਂ ਤੋਂ ਲੈ ਕੇ ਅਫਸਰਸ਼ਾਹੀ ਤੇ ਕਾਨੂੰਨਦਾਨਾਂ ਨੇ ਆਪੋ-ਆਪਣੇ ਹਿੱਤ ਜੋੜ ਲਏ ਸਨ। ਦੁਖਦਾਈ ਪਹਿਲੂ ਹੈ ਕਿ ਉਸ ਵਕਤ ਲੋਕਾਂ ਦੇ ਦੁੱਖਾਂ 'ਚੋਂ ਸੁੱਖ ਲੱਭਣ ਵਾਲੀ ਜਿਹੜੀ ਧਿਰ ਪੈਦਾ ਹੋਈ, ਉਹ ਅਜੇ ਵੀ ਗਾਹੇ-ਬਗਾਹੇ ਪੰਜਾਬ ਦੇ ਲੋਕਾਂ ਦਾ ਖਹਿੜਾ ਨਹੀਂ ਛੱਡ ਰਹੀ। ਪੰਜਾਬੀ ਦੇ ਕਵੀ ਤੇ ਵਿਗਿਆਨੀ ਡਾ. ਗੁਰੂਮੇਲ ਸਿੰਘ ਸਿੱਧੂ ਨੇ ਇਸ ਵਰਤਾਰੇ ਬਾਰੇ ਲਿਖਿਆ ਸੀ,

ਰੋਸ ਕੀ ਕਰੀਏ ਦੂਸਰਿਆਂ ਦੀ
ਘ੍ਰਿਣਾ ਆਪਣੇ ਅੰਦਰ
ਵਿਹੁ ਦੇ ਕੀੜੇ ਪਲਦੇ ਰਹੇ।
ਰਤੀ ਭਰ ਵੀ ਸੇਕ ਨਾ ਲੱਗਿਆ ਕੁਰਸੀ ਨੂੰ,
ਸਿਵਿਆਂ ਵਿਚ ਨਿਰਦੋਸ਼ਾਂ ਦੇ ਧੜ ਬਲਦੇ ਰਹੇ।
ਲਾਹ ਲਈ ਚੁੰਨੀ ਧੀਆਂ ਵਰਗੇ ਰੁੱਖਾਂ ਤੋਂ,
ਕਾਮਦੇਵ ਦੀ ਇੱਛਾ ਦੇ ਫਲ ਫੁਲਦੇ ਰਹੇ।
ਜਿਹੜੇ ਸਾਲੂ ਤਾਣ ਤੇ ਵਟਣਾ ਮਲਦੇ ਰਹੇ,
ਆਖਿਰ ਉਹ ਕੱਫਣ ਬਣ ਜਲਦੇ ਰਹੇ।

ਮੱਸਿਆ ਦੀ ਰਾਤ ਦਾ ਜ਼ਿਕਰ ਜੋ ਉਸ ਸਮੇਂ ਦੇ ਕਵੀਆਂ ਨੇ ਕੀਤਾ, ਉਹ ਰਾਤ ਅਜੇ ਵੀ ਬਾਕੀ ਹੈ। ਕਈ ਵਾਰ ਤਾਂ ਰਾਤ ਦੇ ਡਰਾਉਣੇ ਸੁਪਨੇ ਅਜੇ ਵੀ ਹੱਸਦੇ ਦਿੱਸਦੇ ਹਨ। ਜੇ ਪੰਜਾਬੀਆਂ, ਖਾਸ ਕਰ ਕੇ ਸਿੱਖ ਭਾਈਚਾਰੇ ਨੇ ਸੱਚ-ਮੁੱਚ ਹਨੇਰਿਆਂ ਤੋਂ ਖਹਿੜਾ ਛੁਡਾ ਕੇ ਸੂਰਜ ਸੰਗ ਜਿਉਣਾ ਹੈ ਤਾਂ ਪੁਰਾਣੇ ਸਮੇਂ ਤੋਂ ਸਬਕ ਲੈ ਕੇ ਉਪਰਾਲੇ ਵਿੱਢਣੇ ਪੈਣਗੇ। ਸਮੇਂ ਨੂੰ ਸੱਚ ਦੀ ਕਸਵੱਟੀ 'ਤੇ ਪਰਖਣਾ ਪਵੇਗਾ।

ਇਹ ਸੱਚ ਹੈ ਕਿ ਜੰਗਲ 'ਚ ਕੰਡਿਆਂ ਦੀ ਝਿੜੀ ਇਕ ਰਾਜਸੀ ਧਿਰ ਨੇ ਉਗਾਈ, ਪਰ ਇਹ ਵੀ ਸੱਚ ਹੈ ਕਿ ਜੇ ਜੰਗਲ ਦਾ ਪੌਣ-ਪਾਣੀ ਝਾੜੀ



ਦੇ ਵਧਣ-ਫੁੱਲਣ ਦੇ ਅਨੁਕੂਲ ਨਾ ਹੁੰਦਾ ਤਾਂ ਕੋਈ ਭਾਵੇਂ ਕਿੰਨੇ ਥੋਹਰਾਂ ਦੇ ਬੀਜ ਖਿਲਾਰ ਲੈਂਦਾ, ਇਹ ਜੰਮਣੇ ਨਹੀਂ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਭਾਈਚਾਰੇ ਤੇ ਸਮੁੱਚੇ ਪੰਜਾਬੀਆਂ ਲਈ ਇਕੋ ਸਮੇਂ ਨਾਇਕ ਵੀ ਹਨ ਤੇ ਖਲਨਾਇਕ ਵੀ। ਇਕ ਧਿਰ ਕਹਿ ਰਹੀ ਹੈ ਕਿ ਉਸ ਨੂੰ ਕਾਂਗਰਸ ਨੇ ਸ਼ਹਿ ਦਿੱਤੀ ਤੇ ਦੂਜੀ ਧਿਰ ਕਹਿ ਰਹੀ ਹੈ ਕਿ ਉਸ ਨੂੰ ਰਾਜਸੀ ਸ਼ਕਤੀ ਅਕਾਲੀਆਂ ਨੇ ਦਿੱਤੀ, ਪਰ ਹਮਾਮ ਵਿਚ ਸਭ ਨੰਗੇ ਹਨ। ਲਾਲ, ਭਗਵੇਂ, ਨੀਲੇ ਤੇ ਚਿੱਟੇ ਇਕੋ ਥੈਲੀ ਦੇ ਚੱਟੇ-ਵੱਟੇ ਹਨ।

ਅਤੀਤ ਵਿਚ ਕਾਮਰੇਡਾਂ, ਕਾਂਗਰਸੀਆਂ, ਅਕਾਲੀਆਂ ਤੇ ਭਾਜਪਾਈਆਂ ਸਮੇਤ ਖਾੜਕੂ ਜਥੇਬੰਦੀਆਂ ਤੇ ਕਈ ਹੋਰ ਧਿਰਾਂ ਨੇ ਗ਼ਲਤੀਆਂ ਕੀਤੀਆਂ ਜਿਨ੍ਹਾਂ ਕਰਕੇ ਦੋ ਦਹਾਕੇ ਪੰਜਾਬ ਦੇ ਪਿੰਡੇ 'ਚੋਂ ਲਹੂ ਸਿੰਮਦਾ ਰਿਹਾ। ਅੱਜ ਭਾਵੇਂ ਲਹੂ ਸਿੰਮਦਾ ਨਹੀਂ ਦਿਸਦਾ, ਪੰਜਾਬ ਦੇ ਪਿੰਡੇ ਉਤੇ ਲੱਗੇ ਜ਼ਖ਼ਮਾਂ ਉਤੇ ਸਮੇਂ ਦੇ ਖਰੀਂਡ ਆ ਢੁੱਕੇ ਹਨ ਪਰ ਅੰਦਰੋਂ ਜ਼ਖ਼ਮ ਅਜੇ ਵੀ ਅੱਲ੍ਹੇ ਹਨ। ਦਰਅਸਲ ਹੁਣ ਪੰਜਾਬ ਨੂੰ ਤਾਬੇ ਕਰਨ ਦੀ ਲੋੜ ਹੈ। ਦੁਖਦਾਈ ਪਹਿਲੂ ਇਹ ਹੈ ਕਿ ਪੰਜਾਬ ਨੂੰ ਸਿਹਤਯਾਬ ਕਰਨ ਲਈ ਜੋ ਹੋਣਾ ਚਾਹੀਦਾ ਸੀ, ਉਹ ਹੋ ਨਹੀਂ ਰਿਹਾ। ਜੋ ਨਹੀਂ ਹੋਣਾ ਚਾਹੀਦਾ, ਉਹ ਹੋ ਰਿਹਾ ਹੈ। ਇਸੇ ਕਰ ਕੇ ਪੰਜਾਬ ਦੇ ਜ਼ਖਮ ਠੀਕ ਹੋਣ ਦੀ ਥਾਂ ਨਾਸੂਰ ਬਣਦੇ ਜਾ ਰਹੇ ਹਨ, ਜੋ ਕਦੇ ਵੀ ਕਿਸੇ ਨਵੇਂ ਜਖ਼ਮ ਦੇ ਰੂਪ ਵਿਚ ਫਟ ਸਕਦੇ ਹਨ।

ਸਮੂਹ ਪੰਜਾਬੀਆਂ, ਖਾਸ ਕਰ ਕੇ ਸਿੱਖ ਭਾਈਚਾਰੇ ਨੇ ਜੇ ਸੱਚਮੁੱਚ ਪੰਜਾਬ ਦੇ ਪਿੰਡੇ ਦੇ ਜ਼ਖਮ ਠੀਕ ਕਰਨੇ ਹਨ ਜਿਹੜੇ ਇਕ ਦਿਨ ਕਰਨੇ ਹੀ ਪੈਣੇ ਹਨ, ਤਾਂ ਖਾੜਕੂ ਧਿਰਾਂ ਸਮੇਤ ਸਭ ਨੂੰ ਆਪਣੇ ਨਿਜੀ ਮੁਫਾਦ ਛੱਡ ਕੇ ਅਤੀਤ ਵਿਚ ਕੀਤੀਆਂ ਗਲਤੀਆਂ ਮੰਨਣੀਆਂ ਚਾਹੀਦੀਆਂ ਹਨ ਅਤੇ ਮਸਲੇ ਨੂੰ ਇਮਾਨਦਾਰੀ ਨਾਲ ਵਿਚਾਰਨਾ ਚਾਹੀਦਾ ਹੈ। ਕਾਲੇ ਦੌਰ 'ਚ ਅੰਮ੍ਰਿਤਸਰ ਦੇ ਜੰਮਪਲ ਤੇ ਉਥੇ ਦੇ ਲੰਬਾ ਸਮਾਂ ਡੀ.ਸੀ. ਰਹੇ ਸ. ਸਰਬਜੀਤ ਸਿੰਘ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਸਮੇਂ 'ਚ ਹਾਲਾਤ ਸਾਜ਼ਗਾਰ ਕਰਨ ਲਈ ਬਹੁਤ ਸਿਆਣਪ ਨਾਲ ਕੰਮ ਕੀਤਾ, ਜਿਸ ਨਾਲ ਉਨ੍ਹਾਂ ਨੂੰ ਕੌਮਾਂਤਰੀ ਪ੍ਰਸਿੱਧੀ ਵੀ ਮਿਲੀ ਤੇ ਕਈ ਵਾਰ ਭਾਰਤੀ ਖੁਫੀਆ ਏਜੰਸੀਆਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ, ਉਸ ਦੌਰ ਨੂੰ ਚੇਤੇ ਕਰਕੇ ਉਹ ਅਕਸਰ ਇਕ ਸ਼ੇਅਰ ਦੁਹਰਾਉਂਦੇ ਹਨ-'ਕੁਝ ਲੋਕ ਵੀ ਸ਼ਹਿਰ ਦੇ ਜ਼ਾਲਮ ਸੀ, ਕੁਝ ਮੈਨੂੰ ਮਰਨ ਦਾ ਸ਼ੌਕ ਵੀ ਸੀ।' ਇਸ ਸ਼ੇਅਰ 'ਚ ਦਰਦ ਦੇ ਨਾਲ ਨਾਲ ਕੌੜਾ ਸੱਚ ਵੀ ਬਿਆਨ ਕੀਤਾ ਗਿਆ ਹੈ। ਅੱਜ ਲੋੜ ਇਸ ਦਰਦ ਨੂੰ ਮਹਿਸੂਸ ਕਰਦਿਆਂ ਸੱਚ ਦੇ ਸਨਮੁੱਖ ਹੋ ਕੇ ਅਗਲਾ ਰਾਹ ਪੱਧਰਾ ਕਰਨ ਦੀ ਹੈ।

ਸੌੜੀ ਸਿਆਸਤ ਦੀ ਭੇਟ ਚੜ੍ਹੇ ਨਿਰਦੋਸ਼ਾਂ ਦੀ ਯਾਦ ਵਿਚ ਸਮਾਗਮ ਹੋ ਰਹੇ ਹਨ। ਇਕ ਧਿਰ ਸਰਕਾਰੀ ਦਹਿਸ਼ਤਗਰਦੀ ਨੂੰ ਜਾਇਜ਼ ਮੰਨਦੀ ਹੈ ਤੇ ਦੂਜੀ ਗੈਰ-ਸਰਕਾਰੀ ਧਿਰ ਨੂੰ ਦਰੁਸਤ ਦੱਸਦੀ ਹੈ। ਅਸਲੀਅਤ ਇਹ ਹੈ ਕਿ ਪੰਜਾਬੀਆਂ ਦਾ ਘਾਣ ਦੋਹਾਂ ਪੁੜਾਂ ਵਿਚਾਲੇ ਹੋਇਆ। ਜੇ ਅਸੀਂ ਸੱਚੇ ਦਿਲੋਂ ਚਾਹੁੰਦੇ ਹਾਂ ਕਿ ਮੁੜ ਅਜਿਹਾ ਨਾ ਹੋਵੇ, ਤਾਂ ਹੋ ਰਹੇ ਸਮਾਗਮਾਂ, ਖਾਸ ਕਰ ਕੇ ਗੁਰੂ ਘਰਾਂ 'ਚ ਹੋ ਰਹੇ ਧਾਰਮਿਕ ਸਮਾਗਮਾਂ 'ਚ ਇਸ ਮਸਲੇ ਦੇ ਹਰ ਪਹਿਲੂ 'ਤੇ ਵਿਚਾਰਾਂ ਹੋਣੀਆਂ ਚਾਹੀਦੀਆਂ ਹਨ। ਸੈਮੀਨਾਰ ਹੋਣੇ ਚਾਹੀਦੇ ਹਨ। ਵਿਚਾਰ-ਵਟਾਂਦਰੇ ਤੇ ਗੋਸ਼ਟੀਆਂ ਹੋਣੀਆਂ ਚਹੀਦੀਆਂ ਹਨ ਜਿਨ੍ਹਾਂ ਵਿਚ ਵਿਰੋਧੀ ਧਿਰਾਂ ਦੇ ਵਿਚਾਰ ਵੀ ਠਰੰਮੇ ਨਾਲ ਸੁਣੇ ਤੇ ਵਿਚਾਰੇ ਜਾਣ, ਨਾ ਕਿ ਆਪਣੇ ਵਿਰੋਧੀ ਦੀ ਆਵਾਜ਼ ਬੰਦ ਕਰਨ ਵਰਗਾ ਵਰਤਾਰਾ ਹੋਵੇ।

ਵਿਕਾਸ ਵਿਰੋਧ ਵਿਚੋਂ ਹੁੰਦਾ ਹੈ, ਦਵੰਦਵਾਦ ਦਾ ਦਾਮਨ ਫੜਿਆਂ ਹੀ ਮਸਲਿਆਂ ਦੇ ਹੱਲ ਨਿਕਲਦੇ ਹਨ। ਭਾਰਤੀ ਸਮਾਜ 'ਚ ਬਾਬੇ ਨਾਨਕ ਨੇ ਕੁਝ ਕਹਿਣ ਤੇ ਕੁਝ ਸੁਣਨ ਦੀ ਪਿਰਤ ਪਾਈ। ਸਿੱਖ ਭਾਈਚਾਰੇ ਨੂੰ ਆਪਣੇ ਮਸਲੇ ਹੱਲ ਕਰਨ ਲਈ ਬਾਬੇ ਨਾਨਕ ਦੀ ਕਹਿਣੀ ਅਤੇ ਕਰਨੀ ਉਤੇ ਫੁੱਲ ਚੜ੍ਹਾਉਣੇ ਚਾਹੀਦੇ ਹਨ। ਖਾੜਕੂ ਧਿਰਾਂ ਸਮੇਤ ਸਭ ਰਾਜਸੀ ਤੇ ਸਮਾਜਕ ਧਿਰਾਂ ਨੂੰ ਇਕ-ਦੂਜੇ ਦੇ ਅੰਨੇ ਵਿਰੋਧ ਤੇ ਬੇਲੋੜੀ ਦੂਸ਼ਣਬਾਜ਼ੀ ਤੋਂ ਉਪਰ ਉਠ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਪੰਜਾਬ ਦੇ ਆਰਥਿਕ, ਸਮਾਜਕ, ਧਾਰਮਿਕ, ਰਾਜਸੀ ਤੇ ਸਭਿਆਚਾਰਕ ਮਸਲੇ ਅਜੇ ਵੀ ਉਥੇ ਹੀ ਥੋਹਰਾਂ ਦੇ ਬੀਜ ਬਣ ਕੇ ਖਿੱਲਰੇ ਪਏ ਹਨ। ਇਹ ਉਹੀ ਪੁਰਾਣੇ ਮਸਲੇ ਹਨ ਜਿਨ੍ਹਾਂ ਕਰ ਕੇ ਪੰਜਾਬ ਵਿਚ ਕਦੇ 'ਪਗੜੀ ਸੰਭਾਲ ਜੱਟਾ' ਲਹਿਰ ਚੱਲੀ, ਗਦਰ ਪਾਰਟੀ ਬਣੀ, ਬੱਬਰ ਅਕਾਲੀ ਲਹਿਰ ਪੈਦਾ ਹੋਈ, ਅਕਾਲੀ ਪਾਰਟੀ ਬਣੀ, ਕਮਿਊਨਿਸਟਾਂ ਦਾ ਉਭਾਰ ਹੋਇਆ, ਪੰਜਾਬੀ ਸੂਬੇ ਦੀ ਮੰਗ ਉਠੀ, ਨਕਸਲੀ ਲਹਿਰ ਦਾ ਦੌਰ ਆਇਆ ਅਤੇ ਫਿਰ ਖਾਲਿਸਤਾਨੀ ਲਹਿਰ ਦਾ ਉਬਾਲ ਆਇਆ। ਜੇ ਇਨ੍ਹਾਂ ਲਹਿਰਾਂ ਦੇ ਕਾਰਨ ਉਥੇ ਦੇ ਉਥੇ ਹੀ ਹਨ, ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ, ਤਾਂ ਫਿਰ ਕਦੇ ਵੀ ਪੰਜਾਬ ਵਿਚ ਕਿਸੇ ਨਵੇਂ ਰੂਪ 'ਚ ਕੋਈ ਲਾਵਾ ਫੁੱਟ ਸਕਦਾ ਹੈ। ਲੋੜ ਇਨ੍ਹਾਂ ਮਸਲਿਆਂ ਨੂੰ ਕੌਮਾਂਤਰੀ ਸਿਆਸੀ ਪਿੜ ਨਾਲ ਜੋੜ ਕੇ ਵਿਚਾਰਨ ਦੀ ਹੈ, ਤਾਂ ਕਿ ਕਿਸੇ ਕਵੀ ਨੂੰ ਮੁੜ ਇਹ ਨਾ ਲਿਖਣਾ ਪਵੇ,

ਨਾ ਕੰਮ ਆਏ ਚਰਖ਼ੇ ਦੇ,
ਨਾ ਡੋਲੀ ਨਾ ਸੰਦੂਕਾਂ ਦੇ।
ਬਣ ਗਏ ਰੁੱਖ ਨਿਮਾਣੇ ਦਸਤੇ,
ਸੰਗੀਨਾਂ ਬੰਦੂਕਾਂ ਦੇ।
ਨਾ ਧੂਣੀ ਦੀ ਅੱਗ ਬਣੇ,
ਨਾ ਸੁੱਕਾ ਬਾਲਣ ਚੁੱਲਿਆਂ ਦਾ।
ਨਾ ਕੰਮ ਆਏ ਚਕਲੇ ਦੇ,
ਨਾ ਫੂਕਣੀ ਦੇ ਨਾ ਫੂਕਾਂ ਦੇ।
ਬਣਦੇ ਬਣਦੇ ਰਾਜ ਸਿੰਘਾਸਨ,
ਤਖਤਾ ਬਣ ਗਏ ਫਾਂਸੀ ਦਾ।

(ਡਾ. ਗੁਰੂਮੇਲ ਸਿੱਧੂ)

# ਹੁਣ ਅੰਬੇਡਕਰ-ਪੇਰੀਅਰ ਦੇ ਪੈਰੋਕਾਰ ਹਿੰਦੂਤਵੀ ਨਿਸ਼ਾਨੇ ਉਤੇ

*ਅੰਬੇਡਕਰ-ਪੇਰੀਅਰ ਸਟੱਡੀ ਸਰਕਲ ਮੋਦੀ ਹਕੂਮਤ ਅਤੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਮਦਰਾਸ ਦੇ ਪ੍ਰਸ਼ਾਸਨ ਦੀਆਂ ਲੋਕ ਵਿਰੋਧੀ ਪਿਛਾਂਹਖਿੱਚੂ ਕਾਰਵਾਈਆਂ ਅਤੇ ਮੋਦੀ ਹਕੂਮਤ ਦੇ ਹਿੰਦੂਤਵ+ਕਾਰਪੋਰੇਟ ਏਜੰਡੇ ਦਾ ਸਖ਼ਤ ਆਲੋਚਕ ਹੈ।... ਸੰਸਥਾ ਦਾ ਪ੍ਰਸ਼ਾਸਨ ਅਤੇ ਹਿੰਦੂਤਵੀ ਤਾਕਤਾਂ ਚੰਗੀ ਤਰ੍ਹਾਂ ਜਾਣਦੇ ਹਨ ਕਿ ਵਿਦਿਆਰਥੀਆਂ ਅੰਦਰ ਅਗਾਂਹਵਧੂ ਖ਼ਿਆਲਾਂ ਦਾ ਸੰਚਾਰ ਕਰਨ ਵਾਲੇ ਮੰਚ ਉਨ੍ਹਾਂ ਲਈ ਸਭ ਤੋਂ ਵੱਡਾ ਅੜਿੱਕਾ ਹਨ। ਉਨ੍ਹਾਂ ਦਾ ਡਰ ਨਿਰਾਧਾਰ ਨਹੀਂ ਹੈ। ਇਹ ਰੈਡੀਕਲ ਖ਼ਿਆਲਾਂ ਦੇ ਵਿਦਿਆਰਥੀ ਹੀ ਹਨ ਜੋ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਅੰਦਰ ਹਿੰਦੂਤਵੀ ਗਰੋਹਾਂ ਸਮੇਤ ਹਰ ਤਰ੍ਹਾਂ ਦੀਆਂ ਪਿਛਾਖੜੀ ਤਾਕਤਾਂ ਦਾ ਬਾਦਲੀਲ ਵਿਰੋਧ ਕਰ ਰਹੇ ਹਨ ਅਤੇ ਵਿਦਿਆਰਥੀਆਂ ਅੰਦਰ ਨਫ਼ਰਤ ਦੀ ਹਿੰਦੂਤਵੀ ਵਿਚਾਰਧਾਰਾ ਦੇ ਪਸਾਰੇ ਨੂੰ ਰੋਕਣ ਲਈ ਸਰਗਰਮ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ, ਯਾਦਵਪੁਰ ਯੂਨੀਵਰਸਿਟੀ ਆਦਿ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਰੌਸ਼ਨ-ਖ਼ਿਆਲ ਵਿਦਿਆਰਥੀਆਂ ਦੇ ਗਰੁਪ ਮੁੱਖ-ਧਾਰਾ ਸਿਆਸਤ ਅਤੇ ਹਿੰਦੂਤਵੀ ਕੈਂਪ ਵਿਰੁਧ ਵਿਚਾਰਧਾਰਕ-ਸਿਆਸੀ ਜੱਦੋਜਹਿਦ ਕਰਨ ਅਤੇ ਹਿੰਦੂਤਵ-ਕਾਰਪੋਰੇਟ ਗੱਠਜੋੜ ਨੂੰ ਚੁਣੌਤੀ ਦੇਣ ਵਾਲੀਆਂ ਮੋਹਰੀ ਟੁਕੜੀਆਂ ਵਿਚ ਸ਼ੁਮਾਰ ਹਨ।*

**ਬੂਟਾ ਸਿੰਘ**
ਫੋਨ: +91-94634-74342

ਨਰਿੰਦਰ ਮੋਦੀ ਦੀ ਅਗਵਾਈ ਹੇਠ ਭਗਵੇਂ ਬ੍ਰਿਗੇਡ ਵਲੋਂ ਮੁਲਕ ਵਿਚ ਅਣਐਲਾਨੀ ਤਾਨਾਸ਼ਾਹੀ ਨੂੰ ਅੰਜਾਮ ਦਿੰਦੇ ਹੋਏ ਕਿਸ ਤਰ੍ਹਾਂ ਜਮਹੂਰੀ ਵਿਰੋਧ ਤੇ ਵੱਖਰੇ ਖ਼ਿਆਲਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ, ਇਸ ਦੀ ਹਾਲੀਆ ਉਘੜਵੀਂ ਮਿਸਾਲ ਆਈ.ਆਈ.ਟੀ. (ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ) ਮਦਰਾਸ ਦੇ ਪ੍ਰਸ਼ਾਸਨ ਵਲੋਂ 'ਅੰਬੇਡਕਰ-ਪੇਰੀਅਰ ਸਟੱਡੀ ਸਰਕਲ' ਦੀ ਮਾਨਤਾ ਖ਼ਤਮ ਕਰਨ ਦੀ ਕਾਰਵਾਈ ਹੈ। ਇਹ ਸਟੱਡੀ ਸਰਕਲ ਜਾਗਰੂਕ ਅਗਾਂਹਵਧੂ ਖ਼ਿਆਲਾਂ ਦੇ ਵਿਦਿਆਰਥੀਆਂ ਦਾ ਗਰੁਪ ਹੈ ਜੋ 14 ਅਪਰੈਲ 2014 ਵਿਚ ਬਣਾਇਆ ਗਿਆ ਸੀ। ਇਸ ਦਾ ਮਨੋਰਥ ਵਿਚਾਰ-ਚਰਚਾ ਦੇ ਜ਼ਰੀਏ ਵਿਦਿਆਰਥੀਆਂ ਵਿਚ ਚੇਤਨਾ ਅਤੇ ਰਾਜਸੀ ਸੂਝ ਦਾ ਸੰਚਾਰ ਕਰਨਾ ਹੈ। ਇਸ ਗਰੁਪ ਦੀਆਂ ਪਿਛਲੇ ਇਕ ਸਾਲ ਦੀਆਂ ਸਰਗਰਮੀਆਂ ਇਸ ਚੌਖਟੇ ਵਿਚ ਹੀ ਰਹੀਆਂ ਹਨ ਅਤੇ ਉਨ੍ਹਾਂ ਨੇ ਸਮਾਜ ਦੇ ਭਖਦੇ ਸਰੋਕਾਰਾਂ ਤੇ ਸਵਾਲਾਂ ਬਾਰੇ ਵਿਦਵਾਨਾਂ ਨੂੰ ਬੁਲਾ ਕੇ ਗੰਭੀਰ ਸੰਵਾਦ ਰਚਾਏ ਹਨ।

ਸਵਾਲ ਇਹ ਹੈ ਕਿ ਸੰਸਥਾ ਦੇ ਪ੍ਰਸ਼ਾਸਨ ਨੂੰ ਇਸ ਚਰਚਾ ਗਰੁਪ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਲੋੜ ਕਿਉਂ ਪਈ ਜਦਕਿ ਉਥੇ ਵੱਖੋ-ਵੱਖਰੇ ਸਿਆਸੀ ਖ਼ਿਆਲਾਂ ਦੇ ਹੋਰ ਗਰੁਪ ਵੀ ਬਣੇ ਹੋਏ ਹਨ ਜੋ ਆਪੋ-ਆਪਣੀ ਮਨਪਸੰਦ ਵਿਚਾਰਧਾਰਾ ਨੂੰ ਪੁਰਜ਼ੋਰ ਪ੍ਰਚਾਰਦੇ ਹਨ। ਪ੍ਰਸ਼ਾਸਨ ਨੂੰ ਵਿਵੇਕਾਨੰਦ ਸਟੱਡੀ ਸਰਕਲ ਵਰਗੇ ਗਰੁਪਾਂ ਦੀਆਂ ਹਮਲਾਵਰ ਕਾਰਵਾਈਆਂ ਇਤਰਾਜ਼ਯੋਗ ਕਿਉਂ ਨਹੀਂ ਲੱਗਦੀਆਂ? ਸਿਰਫ਼ ਅੰਬੇਡਕਰ-ਪੇਰੀਅਰ ਗਰੁਪ ਦੀਆਂ ਸੰਵਾਦ ਸਰਗਰਮੀਆਂ ਹੀ ਉਨ੍ਹਾਂ ਨੂੰ ਕਿਉਂ ਚੁਭਦੀਆਂ ਹਨ?

ਇਸ ਕਾਰਵਾਈ ਦਾ ਆਧਾਰ ਸੰਸਥਾ ਦੇ ਕੁਝ ਵਿਦਿਆਰਥੀਆਂ ਵਲੋਂ ਲਿਖੇ ਬੇਨਾਮ ਖ਼ਤ ਨੂੰ ਬਣਾਇਆ ਗਿਆ ਜੋ ਮਨੁੱਖੀ ਵਸੀਲੇ ਅਤੇ ਵਿਕਾਸ ਮੰਤਰਾਲੇ ਨੂੰ ਲਿਖਿਆ ਗਿਆ ਸੀ। ਇਸ ਵਿਚ ਸਟੱਡੀ ਸਰਕਲ ਦੀਆਂ ਸਰਗਰਮੀਆਂ 'ਤੇ ਇਤਰਾਜ਼ ਕੀਤਾ ਗਿਆ ਸੀ ਕਿ ਇਹ 'ਐਸ.ਟੀ., ਐਸ.ਸੀ. ਅਤੇ ਹਿੰਦੂ ਵਿਦਿਆਰਥੀਆਂ ਦੀ ਪਾਲਾਬੰਦੀ ਕਰਨ ਦਾ ਯਤਨ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਮਨੁੱਖੀ ਵਸੀਲੇ ਤੇ ਵਿਕਾਸ ਮੰਤਰਾਲੇ ਅਤੇ ਕੇਂਦਰ ਸਰਕਾਰ ਦੇ ਖ਼ਿਲਾਫ਼ ਉਕਸਾ ਕੇ ਜਾਤ ਦੇ ਨਾਂ 'ਤੇ ਵਿਦਿਆਰਥੀਆਂ ਅੰਦਰ ਨਫ਼ਰਤ ਪੈਦਾ ਕਰ ਰਿਹਾ ਹੈ...ਮਾਣਯੋਗ ਪ੍ਰਧਾਨ ਮੰਤਰੀ ਅਤੇ ਹਿੰਦੂਆਂ ਦੇ ਖ਼ਿਲਾਫ਼ ਨਫ਼ਰਤ ਪੈਦਾ ਕਰਨ ਦਾ ਯਤਨ ਕਰ ਰਿਹਾ ਹੈ।' ਖ਼ਤ ਵਿਚ ਖ਼ਾਸ ਤੌਰ 'ਤੇ ਅੰਬੇਡਕਰ ਜੈਅੰਤੀ ਮੀਟਿੰਗ ਅਤੇ ਇਸ ਮਨੋਰਥ ਲਈ ਇਸਤੇਮਾਲ ਕੀਤੇ ਗਏ ਇਸ਼ਤਿਹਾਰਾਂ ਦਾ ਜ਼ਿਕਰ ਕੀਤਾ ਗਿਆ।

ਚੇਤੇ ਰਹੇ, 14 ਅਪਰੈਲ ਨੂੰ ਇਸ ਗਰੁਪ ਨੇ ਅੰਬੇਡਕਰ ਜੈਅੰਤੀ ਮੌਕੇ ਵਿਚਾਰ-ਚਰਚਾ ਕੀਤੀ ਸੀ ਜਿਸ ਵਿਚ ਕੁਪਮ ਯੂਨੀਵਰਸਿਟੀ ਆਂਧਰਾ ਪ੍ਰਦੇਸ਼ ਤੋਂ ਡਾ. ਆਰ. ਵਿਵੇਕਾਨੰਦ ਗੋਪਾਲ ਨੂੰ ਮੁੱਖ ਵਕਤਾ ਵਜੋਂ ਸ਼ਾਮਲ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਮਾਰਚ 2015 ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਤੋਂ ਵਿਸ਼ਾ-ਮਾਹਰ ਡਾ. ਚਮਨ ਲਾਲ ਨੂੰ ਸੱਦਿਆ ਗਿਆ ਸੀ ਜੋ ਸ਼ਹੀਦ ਭਗਤ ਸਿੰਘ ਬਾਰੇ ਮਸ਼ਹੂਰ ਵਿਦਵਾਨ ਹੈ ਅਤੇ ਅੱਜ ਕੱਲ੍ਹ ਹਿੰਦੁਸਤਾਨੀ ਦਲਿਤ ਸਾਹਿਤ ਉਪਰ ਕੰਮ ਕਰ ਰਿਹਾ ਹੈ। ਮੰਤਰਾਲੇ ਨੇ ਫਟਾਫਟ ਸੰਸਥਾ ਪ੍ਰਸ਼ਾਸਨ ਨੂੰ ਖ਼ਤ ਲਿਖ ਭੇਜਿਆ ਕਿ 'ਆਈ.ਆਈ.ਟੀ.-ਮਦਰਾਸ ਦੇ ਕੈਂਪਸ ਵਿਚ ਅੰਬੇਡਕਰ ਪੇਰੀਅਰ ਨਾਂ ਦੇ ਵਿਦਿਆਰਥੀ ਗਰੁਪ ਵਲੋਂ ਵਿਵਾਦਪੂਰਨ ਇਸ਼ਤਿਹਾਰ ਤੇ ਪੈਂਫਲੈਟ ਵੰਡਣ ਅਤੇ ਵਿਦਿਆਰਥੀਆਂ ਵਿਚ ਨਫ਼ਰਤ ਪੈਦਾ ਕਰਨ' ਵਿਚ ਜੁਟਿਆ ਹੋਇਆ ਹੈ। ਹੁਣ ਭਾਵੇਂ ਮੰਤਰਾਲੇ ਦੀ ਮੁਖੀ ਸਮ੍ਰਿਤੀ ਇਰਾਨੀ ਸਪਸ਼ਟੀਕਰਨ ਦਿੰਦਿਆਂ ਕਹਿ ਰਹੀ ਹੈ ਕਿ ਉਸ ਦੇ ਮੰਤਰਾਲੇ ਨੇ ਇਸ ਵਿਦਿਆਰਥੀ ਗਰੁਪ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਪ੍ਰਸ਼ਾਸਨ ਨੂੰ ਨਹੀਂ ਕਿਹਾ, ਉਸ ਨੇ ਤਾਂ ਮਹਿਜ਼ ਕੁਝ ਅਣਪਛਾਤੇ ਵਿਦਿਆਰਥੀਆਂ ਵਲੋਂ ਮੰਤਰਾਲੇ ਨੂੰ ਲਿਖੇ ਖ਼ਤ ਨੂੰ ਸੰਸਥਾ ਦੇ ਪ੍ਰਸ਼ਾਸਨ ਨੂੰ ਭੇਜ ਦਿੱਤਾ ਸੀ। ਹਕੀਕਤ ਇਹ ਹੈ ਕਿ ਮੰਤਰਾਲੇ ਦੇ ਖ਼ਤ ਦੇ ਆਧਾਰ 'ਤੇ ਸੰਸਥਾ ਦੇ ਡੀਨ ਨੇ ਸੱਤ ਦਿਨਾਂ ਪਿਛੋਂ ਹੀ ਅੰਬੇਡਕਰ-ਪੇਰੀਅਰ ਸਟੱਡੀ ਸਰਕਲ ਨੂੰ ਈ-ਮੇਲ ਭੇਜ ਕੇ ਵਿਦਿਆਰਥੀ ਜਥੇਬੰਦੀ ਵਜੋਂ ਉਸ ਦੀ ਮਾਨਤਾ ਰੱਦ ਕਰਨ ਦਾ ਨੋਟਿਸ ਭੇਜ ਦਿੱਤਾ। ਸੰਸਥਾ ਪ੍ਰਸ਼ਾਸਨ ਵਲੋਂ ਗਰੁਪ ਉਪਰ ਲਗਾਏ 'ਸਹੂਲਤਾਂ ਦੀ ਦੁਰਵਰਤੋਂ' ਦੇ ਇਲਜ਼ਾਮ ਦੀ ਕੋਈ ਵਿਆਖਿਆ ਨਹੀਂ ਦਿੱਤੀ ਗਈ। ਪਿਛੋਂ ਜਦੋਂ ਗਰੁਪ ਵਲੋਂ ਇਸ ਬਾਬਤ ਸਵਾਲ ਉਠਾਇਆ ਗਿਆ, ਫਿਰ ਮੀਡੀਆ ਦੇ ਨਾਂ ਬਿਆਨ ਜਾਰੀ ਕਰ ਕੇ ਕਿਹਾ ਗਿਆ ਕਿ ਸਟੱਡੀ ਸਰਕਲ ਨੇ ਮੀਟਿੰਗਾਂ ਜਥੇਬੰਦ ਕਰਦੇ ਵਕਤ ਇਸ ਸਬੰਧੀ ਸੰਸਥਾ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ।

ਬੇਨਾਮੀ ਖ਼ਤ ਨੂੰ ਕਾਰਵਾਈ ਦਾ ਆਧਾਰ ਬਣਾਏ ਜਾਣ ਅਤੇ ਸਬੰਧਤ ਵਿਦਿਆਰਥੀ ਗਰੁਪ ਨੂੰ ਆਪਣਾ ਪੱਖ ਪੇਸ਼ ਕਰਨ ਦਾ ਕੋਈ ਮੌਕਾ ਹੀ ਨਾ ਦੇਣ ਤੋਂ ਹੀ ਸਪਸ਼ਟ ਹੈ ਕਿ ਮਾਨਤਾ ਰੱਦ ਕਰਨ ਵਾਲਿਆਂ ਦੇ ਇਰਾਦੇ ਕੀ ਹਨ। ਅਸਲੀਅਤ ਇਹ ਹੈ ਕਿ ਇਹ ਉਸ ਵਿਆਪਕ ਹਮਲਾਵਰ ਹਿੰਦੂਤਵੀ ਮੁਹਿੰਮ ਦਾ ਹਿੱਸਾ ਹੈ ਜਿਸ ਤਹਿਤ ਕਦੇ ਤਾਂ ਮਸ਼ਹੂਰ ਅਮਰੀਕੀ ਵੈਂਡੀ ਡੌਨੀਗਰ ਦੀ ਕਿਤਾਬ ਬੁੱਕ ਸਟੋਰਾਂ ਤੋਂ ਵਾਪਸ ਮੰਗਵਾ ਕੇ ਨਸ਼ਟ ਕਰਵਾਈ ਜਾਂਦੀ ਹੈ, ਕਦੇ ਤਾਮਿਲ ਲੇਖਕ ਨੂੰ ਡਰਾ-ਧਮਕਾ ਕੇ ਲਿਖਣਾ ਬੰਦ ਕਰਨ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਕਿਤੇ ਦੀਨਾਨਾਥ ਬਤਰਾ ਦੀਆਂ ਵਾਹਯਾਤ ਕਿਤਾਬਾਂ ਸਕੂਲੀ ਸਿਲੇਬਸ ਉਪਰ ਥੋਪੀਆਂ ਜਾਂਦੀਆਂ ਹਨ ਅਤੇ ਜਿਸ ਤਹਿਤ ਆਏ ਦਿਨ ਹਿੰਦੂਤਵੀ ਕੈਂਪ ਦਾ ਕੋਈ ਨਾ ਕੋਈ ਤਰਜਮਾਨ, ਸਾਧਵੀ ਜਾਂ ਸਾਧ ਬੇਖ਼ੌਫ਼ ਜ਼ਹਿਰ ਉਗਲਦਾ ਹੈ।



*ਅੰਬੇਡਕਰ-ਪੇਰੀਅਰ ਸਟੱਡੀ ਸਰਕਲ ਦੀ ਮਾਨਤਾ ਖ਼ਤਮ ਕਰਨ ਖਿਲਾਫ ਉਠੇ ਰੋਹ ਦੀ ਝਲਕ।*

ਇਹ ਕਾਰਵਾਈ ਹਿੰਦੂਤਵੀ ਕੈਂਪ ਦੇ ਅਸਲ ਚਿਹਰੇ ਨੂੰ ਪਛਾਣਨ ਦਾ ਪੈਮਾਨਾ ਵੀ ਹੈ ਜੋ ਇਕ ਪਾਸੇ ਤਾਂ ਦਲਿਤ ਭਾਈਚਾਰੇ ਨੂੰ ਵਰਗਲਾਉਣ ਤੇ ਗੁੰਮਰਾਹ ਕਰਨ ਲਈ ਡਾ. ਅੰਬੇਡਕਰ ਦਾ 125ਵਾਂ ਜਨਮ ਦਿਨ ਮਨਾਉਣ ਲਈ ਸੈਂਕੜੇ ਕਰੋੜ ਰੁਪਏ ਉਸ ਦੀਆਂ ਯਾਦਗਾਰਾਂ 'ਤੇ ਖ਼ਰਚਣ ਦੇ ਐਲਾਨ ਕਰ ਰਿਹਾ ਹੈ (ਲੰਡਨ ਵਿਚ ਉਹ ਘਰ ਖ਼ਰੀਦਿਆ ਜਾ ਰਿਹਾ ਹੈ ਜਿਥੇ ਅੰਬੇਡਕਰ ਕਦੇ ਰਿਹਾ ਸੀ, 197 ਕਰੋੜ ਰੁਪਏ ਰਾਜਧਾਨੀ ਵਿਚ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਉਸਾਰਨ ਲਈ ਅਤੇ 99 ਕਰੋੜ ਰੁਪਏ ਅਲੀਪੁਰ, ਦਿੱਲੀ ਵਿਚ ਅੰਬੇਡਕਰ ਦੀ ਯਾਦਗਾਰ ਬਣਾਉਣ ਲਈ ਰਾਖਵੇਂ ਰੱਖੇ ਗਏ ਹਨ); ਦੂਜੇ ਪਾਸੇ ਅੰਬੇਡਕਰ-ਪੇਰੀਅਰ ਦੇ ਖ਼ਿਆਲਾਂ ਨੂੰ ਫੈਲਾਉਣ ਲਈ ਸਰਗਰਮ ਵਿਦਿਆਰਥੀ ਗਰੁਪਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਦਰਅਸਲ, ਇਹ ਮਹਿਜ਼ ਸਟੱਡੀ ਸਰਕਲ ਦੀਆਂ ਸਰਗਰਮੀਆਂ ਨੂੰ ਦਬਾਉਣ ਦਾ ਬਹਾਨਾ ਹੈ। ਕੈਂਪਸ ਵਿਚ ਸਰਗਰਮ ਹਰ ਵਿਦਿਆਰਥੀ ਗਰੁਪ ਆਪਣੀ ਪ੍ਰਚਾਰ ਸਮੱਗਰੀ ਵਿਚ 'ਆਈ.ਆਈ.ਟੀ. ਮਦਰਾਸ' ਦਾ ਜ਼ਿਕਰ ਕਰਦਾ ਹੈ। ਵਿਵੇਕਾਨੰਦ ਸਟੱਡੀ ਸਰਕਲ ਵਰਗੇ ਪਿਛਾਂਹਖਿੱਚੂ ਖ਼ਿਆਲਾਂ ਦੇ ਗਰੁਪ ਦੀ ਵੈਬ-ਸਾਈਟ ਸੰਸਥਾ ਦਾ ਨਾਂ ਉਭਰਵੇਂ ਰੂਪ 'ਚ ਇਸਤੇਮਾਲ ਕੀਤਾ ਗਿਆ ਹੈ। ਸਵਾਲ ਇਹ ਹੈ ਕਿ ਸੰਸਥਾ ਦਾ ਜ਼ਾਬਤਾ ਸਿਰਫ਼ ਇਕ ਵਿਦਿਆਰਥੀ ਗਰੁਪ ਉਪਰ ਹੀ ਕਿਉਂ ਲਾਗੂ ਕੀਤਾ ਗਿਆ ਹੈ? ਇਸ ਦੀ ਵਜ੍ਹਾ ਸਿਆਸੀ ਹੈ। 'ਵਿਵੇਕਾਨੰਦ', 'ਧਰੁਵ' ਅਤੇ 'ਸੰਤੁਲਨ' ਵਰਗੇ ਪਿਛਾਂਹਖਿੱਚੂ ਗਰੁਪ ਸੰਸਥਾ ਦੇ ਪ੍ਰਸ਼ਾਸਨ ਦੇ ਚਹੇਤੇ ਗਰੁਪ ਹੋਣ ਕਾਰਨ ਨਾ ਸਿਰਫ਼ ਉਨ੍ਹਾਂ ਦੀਆਂ ਘੋਰ ਉਲੰਘਣਾਵਾਂ ਮਾਫ਼ ਹਨ ਸਗੋਂ ਉਨ੍ਹਾਂ ਦੀ ਪੁਸ਼ਤ-ਪਨਾਹੀ ਕੀਤੀ ਜਾਂਦੀ ਹੈ। ਉਨ੍ਹਾਂ ਦੀਆਂ ਸਰਗਰਮੀਆਂ ਸਥਾਪਤੀ ਦੇ ਭਗਵੇਂਕਰਨ ਦੇ ਆਪਣੇ ਪਿਛਾਂਹਖਿੱਚੂ ਏਜੰਡੇ ਨੂੰ ਰਾਸ ਆਉਂਦੀਆਂ ਹਨ। ਸੰਸਥਾ ਦਾ ਪ੍ਰਸ਼ਾਸਨ ਤਾਂ ਖ਼ੁਦ ਸੰਸਥਾ ਨੂੰ ਭਗਵੇਂ ਰੰਗ ਵਿਚ ਰੰਗਣ ਦੇ ਯਤਨਾਂ ਵਿਚ ਲੱਗਿਆ ਹੋਇਆ ਹੈ।

ਅੰਬੇਡਕਰ-ਪੇਰੀਅਰ ਸਟੱਡੀ ਸਰਕਲ ਮੋਦੀ ਹਕੂਮਤ ਅਤੇ ਸੰਸਥਾ ਪ੍ਰਸ਼ਾਸਨ ਦੀਆਂ ਲੋਕ ਵਿਰੋਧੀ ਪਿਛਾਂਹਖਿੱਚੂ ਕਾਰਵਾਈਆਂ ਅਤੇ ਮੋਦੀ ਹਕੂਮਤ ਦੇ ਹਿੰਦੂਤਵ+ਕਾਰਪੋਰੇਟ ਏਜੰਡੇ ਦਾ ਸਖ਼ਤ ਆਲੋਚਕ ਹੈ। ਮਨੁੱਖੀ ਵਸੀਲੇ ਤੇ ਵਿਕਾਸ ਮੰਤਰਾਲੇ ਵਲੋਂ ਕੈਂਪਸਾਂ ਅੰਦਰ ਵੱਖਰੀਆਂ ਸ਼ਾਕਾਹਾਰੀ ਮੈੱਸ ਬਣਾਏ ਜਾਣ, ਇਮਾਰਤਾਂ ਦੇ ਨਾਂਵਾਂ ਦੇ ਬੋਰਡ ਸੰਸਕ੍ਰਿਤ ਵਿਚ ਲਿਖਵਾਏ ਜਾਣ ਅਤੇ ਪਿਛਾਂਹਖਿੱਚੂ ਖ਼ਿਆਲਾਂ ਨੂੰ ਪ੍ਰਚਾਰਨ ਵਾਲੇ ਵਿਦਿਆਰਥੀ ਗਰੁਪਾਂ ਨੂੰ ਸ਼ਹਿ ਤੇ ਸਰਪ੍ਰਸਤੀ ਦੇਣ ਦੀਆਂ ਕਾਰਵਾਈਆਂ ਦਾ ਉਸ ਵਲੋਂ ਤਿੱਖਾ ਵਿਰੋਧ ਕੀਤਾ ਜਾਂਦਾ ਰਿਹਾ ਹੈ।

ਸੰਸਥਾ ਦਾ ਪ੍ਰਸ਼ਾਸਨ ਅਤੇ ਹਿੰਦੂਤਵੀ ਤਾਕਤਾਂ ਚੰਗੀ ਤਰ੍ਹਾਂ ਜਾਣਦੇ ਹਨ ਕਿ ਵਿਦਿਆਰਥੀਆਂ ਅੰਦਰ ਅਗਾਂਹਵਧੂ ਖ਼ਿਆਲਾਂ ਦਾ ਸੰਚਾਰ ਕਰਨ ਵਾਲੇ ਮੰਚ ਉਨ੍ਹਾਂ ਲਈ ਸਭ ਤੋਂ ਵੱਡਾ ਅੜਿੱਕਾ ਹਨ। ਉਨ੍ਹਾਂ ਦਾ ਡਰ ਨਿਰਾਧਾਰ ਨਹੀਂ ਹੈ। ਇਹ ਰੈਡੀਕਲ ਖ਼ਿਆਲਾਂ ਦੇ ਵਿਦਿਆਰਥੀ ਹੀ ਹਨ ਜੋ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਅੰਦਰ ਹਿੰਦੂਤਵੀ ਗਰੋਹਾਂ ਸਮੇਤ ਹਰ ਤਰ੍ਹਾਂ ਦੀਆਂ ਪਿਛਾਖੜੀ ਤਾਕਤਾਂ ਦਾ ਬਾਦਲੀਲ ਵਿਰੋਧ ਕਰ ਰਹੇ ਹਨ ਅਤੇ ਵਿਦਿਆਰਥੀਆਂ ਅੰਦਰ ਨਫ਼ਰਤ ਦੀ ਹਿੰਦੂਤਵੀ ਵਿਚਾਰਧਾਰਾ ਦੇ ਪਸਾਰੇ ਨੂੰ ਰੋਕਣ ਲਈ ਸਰਗਰਮ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ, ਯਾਦਵਪੁਰ ਯੂਨੀਵਰਸਿਟੀ ਆਦਿ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਰੌਸ਼ਨ-ਖ਼ਿਆਲ ਵਿਦਿਆਰਥੀਆਂ ਦੇ ਗਰੁਪ ਮੁੱਖ-ਧਾਰਾ ਸਿਆਸਤ ਅਤੇ ਹਿੰਦੂਤਵੀ ਕੈਂਪ ਵਿਰੁਧ ਵਿਚਾਰਧਾਰਕ-ਸਿਆਸੀ ਜੱਦੋਜਹਿਦ ਕਰਨ ਅਤੇ ਹਿੰਦੂਤਵ-ਕਾਰਪੋਰੇਟ ਗੱਠਜੋੜ ਨੂੰ ਚੁਣੌਤੀ ਦੇਣ ਵਾਲੀਆਂ ਮੋਹਰੀ ਟੁਕੜੀਆਂ ਵਿਚ ਸ਼ੁਮਾਰ ਹਨ। ਇਹ ਵੀ ਤੈਅ ਹੈ ਕਿ ਜਿਉਂ-ਜਿਉਂ ਭਵਿੱਖ ਵਿਚ ਪਿਛਾਖੜੀ ਤਾਕਤਾਂ ਦੇ ਪ੍ਰਚਾਰ ਹਮਲੇ ਤੇਜ਼ ਹੋਣਗੇ, ਉਨ੍ਹਾਂ ਨਾਲ ਸਖ਼ਤ ਟੱਕਰ ਵੀ ਖੱਬੇ-ਪੱਖੀ ਗਰੁਪ ਹੀ ਲੈਣਗੇ। ਇਹ ਕਾਰਵਾਈ ਇਹ ਮਨਹੂਸ ਇਸ਼ਾਰਾ ਵੀ ਹੈ ਕਿ ਆਉਣ ਵਾਲੇ ਵਕਤ ਵਿਚ ਅਗਾਂਹਵਧੂ ਖ਼ਿਆਲਾਂ ਦੇ ਧਾਰਨੀਆਂ ਲਈ ਮੋਦੀ ਦੇ ਰਾਜ ਵਿਚ ਕਿਸ ਤਰ੍ਹਾਂ ਦੇ ਖ਼ਤਰੇ ਵਜੂਦ-ਸਮੋਏ ਹੋਏ ਹਨ। ਪਿਛਾਖੜੀ ਹਿੰਦੂਤਵੀ ਕੈਂਪ ਅਗਾਂਹਵਧੂ ਤਾਕਤਾਂ ਵਿਰੁਧ ਖੁੱਲ੍ਹੇਆਮ ਫਾਸ਼ੀਵਾਦੀ ਹਮਲਿਆਂ ਲਈ ਸਮਾਜੀ ਆਧਾਰ ਤਿਆਰ ਕਰਨ 'ਚ ਜੁਟਿਆ ਹੋਇਆ ਹੈ। ਇਨਕਲਾਬੀ-ਜਮਹੂਰੀ ਤਾਕਤਾਂ ਦੀ ਪੇਸ਼ਕਦਮੀ ਅਤੇ ਉਨ੍ਹਾਂ ਵਲੋਂ ਹਿੰਦੂਤਵੀ-ਕਾਰਪੋਰੇਟ ਗੱਠਜੋੜ ਦੇ ਵਿਰੋਧ ਨੂੰ ਰੋਕਣ ਲਈ ਰਾਜਕੀ ਹਥਿਆਰਬੰਦ ਮਸ਼ੀਨਰੀ ਦੇ ਨਾਲ-ਨਾਲ ਹਿੰਦੂਤਵੀ ਮਿਲੀਸ਼ੀਆ ਨੂੰ ਹਰਕਤ ਵਿਚ ਲਿਆਂਦਾ ਜਾਵੇਗਾ।

ਮੁਲਕ ਦੀਆਂ ਅਗਾਂਹਵਧੂ ਤਾਕਤਾਂ ਵਲੋਂ ਇਸ ਧੱਕੜ ਕਾਰਵਾਈ ਵਿਰੁਧ ਆਵਾਜ਼ ਉਠਾਏ ਜਾਣ ਅਤੇ ਹੋਣ ਵਾਲੀ ਬਦਨਾਮੀ ਨੂੰ ਦੇਖਦਿਆਂ ਭਾਵੇਂ ਆਈ.ਆਈ.ਟੀ. ਪ੍ਰਸ਼ਾਸਨ ਥੋੜ੍ਹਾ ਪਿੱਛੇ ਹਟਿਆ ਹੈ ਅਤੇ ਮਨੁੱਖੀ ਵਸੀਲੇ ਤੇ ਵਿਕਾਸ ਮੰਤਰਾਲੇ ਨੇ ਵੀ ਇਸ ਕਾਰਵਾਈ ਨਾਲ ਕੋਈ ਸਬੰਧ ਹੋਣ ਤੋਂ ਪੱਲਾ ਝਾੜਨ ਦਾ ਰੱਖਿਆਤਮਕ ਪੈਂਤੜਾ ਅਖ਼ਤਿਆਰ ਕੀਤਾ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਉਨ੍ਹਾਂ ਨੇ ਇਸ ਤੋਂ ਸਬਕ ਸਿੱਖ ਕੇ ਆਪਣੇ ਤਾਨਾਸ਼ਾਹ ਇਰਾਦੇ ਤਿਆਗ ਦਿੱਤੇ ਹਨ। ਭਵਿੱਖ ਵਿਚ ਇਹ ਇਰਾਦੇ ਲੁਕਵੇਂ ਪਰ ਵੱਧ ਖ਼ਤਰਨਾਕ ਰੂਪ 'ਚ ਸਾਹਮਣੇ ਆਉਣਗੇ। ਸਭ ਤੋਂ ਅਹਿਮ ਸਵਾਲ ਤਾਂ ਇਹ ਹੈ ਕਿ ਸਮੂਹ ਅਗਾਂਹਵਧੂ ਤਾਕਤਾਂ ਵਿਚ ਇਸ ਤਰ੍ਹਾਂ ਦੇ ਹਮਲਿਆਂ ਦਾ ਰਲ-ਮਿਲ ਕੇ ਟਾਕਰਾ ਕਰਨ ਲਈ ਅਤੇ ਇਸ ਖ਼ਾਤਰ ਆਵਾਮ ਨੂੰ ਜਾਗਰੂਕ ਤੇ ਲਾਮਬੰਦ ਕਰਨ ਲਈ ਕਿੰਨੀ ਕੁ ਸ਼ਿੱਦਤ ਤੇ ਸੰਜੀਦਗੀ ਹੈ।

## ਤੁਸੀਂ ਦੁਖਦੀ ਰਗ ਛੇੜ ਦਿੱਤੀ ਹੈ...

### ਘਟਨਾਕ੍ਰਮ ਉਪਰ ਅਰੁੰਧਤੀ ਰਾਏ ਦਾ ਪ੍ਰਤੀਕਰਮ



ਆਖ਼ਿਰ ਵਿਦਿਆਰਥੀ ਜਥੇਬੰਦੀ ਅੰਬੇਡਕਰ-ਪੇਰੀਅਰ ਸਟੱਡੀ ਸਰਕਲ (ਏ.ਪੀ.ਐਸ.ਸੀ.) ਵਿਚ ਐਸਾ ਕੀ ਹੈ ਜਿਸ ਨੇ ਆਈ.ਟੀ.ਟੀ. ਮਦਰਾਸ ਦੇ ਡੀਨ ਆਫ ਸਟੂਡੈਂਟਸ ਨੂੰ ਐਨਾ ਭੈਭੀਤ ਕਰ ਦਿੱਤਾ ਕਿ ਇਕਤਰਫ਼ਾ ਤੌਰ 'ਤੇ ਉਨ੍ਹਾਂ ਨੂੰ ਮਾਨਤਾ ਰੱਦ ਕਰਨੀ ਪਈ?

ਇਸ ਦੀ ਜੋ ਵਜ੍ਹਾ ਦੱਸੀ ਗਈ ਹੈ, ਉਹ ਹਮੇਸ਼ਾ ਵਾਂਗ ਹੀ ਬੇਵਕੂਫ਼ੀ ਭਰੀ ਸੀ, ਅਖੇ, "ਭਾਈਚਾਰਿਆਂ ਦਰਮਿਆਨ ਨਫ਼ਰਤ ਫੈਲਾਉਂਦੇ ਹਨ।" ਵਿਦਿਆਰਥੀਆਂ ਅਨੁਸਾਰ ਉਨ੍ਹਾਂ ਨੂੰ ਦੂਜੀ ਵਜ੍ਹਾ ਇਹ ਦੱਸੀ ਗਈ ਕਿ ਉਨ੍ਹਾਂ ਦੀ ਜਥੇਬੰਦੀ ਦੇ ਨਾਂ ਨੂੰ ਬਹੁਤ ਹੀ 'ਸਿਆਸੀ' ਮੰਨਿਆ ਗਿਆ ਹੈ। ਜ਼ਾਹਿਰ ਹੈ ਕਿ ਇਹੀ ਗੱਲ ਵਿਵੇਕਾਨੰਦ ਸਟੱਡੀ ਸਰਕਲ ਵਰਗੀ ਜਥੇਬੰਦੀ ਉਪਰ ਲਾਗੂ ਨਹੀਂ ਹੁੰਦੀ।

ਇਕ ਐਸੇ ਵਕਤ, ਜਦੋਂ ਹਿੰਦੂਤਵੀ ਜਥੇਬੰਦੀਆਂ ਅਤੇ ਮੀਡੀਆ ਦੀਆਂ ਦੁਕਾਨਾਂ ਅੰਬੇਡਕਰ ਜਿਸ ਨੇ ਸ਼ਰੇਆਮ ਹਿੰਦੂ ਧਰਮ ਨੂੰ ਤਿਆਗ ਦਿੱਤਾ ਸੀ, ਘਿਨਾਉਣੇ ਢੰਗ ਨਾਲ ਆਪਣੇ ਖ਼ਾਸ ਆਦਮੀ ਵਜੋਂ ਪ੍ਰਚਾਰ ਰਹੀਆਂ ਹਨ, ਇਕ ਐਸੇ ਵਕਤ ਜਦੋਂ ਹਿੰਦੂ ਘਰ-ਵਾਪਸੀ ਮੁਹਿੰਮ (ਆਰੀਆ ਸਮਾਜ ਦੇ 'ਸ਼ੁੱਧੀ' ਪ੍ਰੋਗਰਾਮ ਦਾ ਸੱਜਰਾ ਚਿਹਰਾ) ਵਿੱਢੀ ਹੋਈ ਹੈ ਤਾਂ ਕਿ ਦਲਿਤਾਂ ਨੂੰ ਵਾਪਸ 'ਹਿੰਦੂ ਸਮਾਜ' ਵਿਚ ਲਿਆਂਦਾ ਜਾ ਸਕੇ, ਤਾਂ ਐਸਾ ਕੀ ਹੈ ਕਿ ਜਦੋਂ ਅੰਬੇਡਕਰ ਦੇ ਸੱਚੇ ਪੈਰੋਕਾਰ ਜੇ ਉਸ ਦਾ ਨਾਂ ਜਾਂ ਉਸ ਦੇ ਪ੍ਰਤੀਕਾਂ ਨੂੰ ਇਸਤੇਮਾਲ ਕਰਦੇ ਹਨ ਤਾਂ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਂਦਾ ਹੈ, ਜਿਵੇਂ ਖੈਰਲਾਂਜੀ ਵਿਚ ਸੁਰੇਖਾ ਭੋਟਮਾਂਗੇ ਦੇ ਪਰਿਵਾਰ ਨਾਲ ਕੀਤਾ ਗਿਆ? ਐਸਾ ਕਿਉਂ ਹੈ ਕਿ ਜੇ ਇਕ ਦਲਿਤ ਦੇ ਫ਼ੋਨ ਵਿਚ ਅੰਬੇਡਕਰ ਬਾਰੇ ਗੀਤ ਦੀ ਰਿੰਗਟੋਨ ਹੋਵੇ ਤਾਂ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਹੈ? ਏ.ਪੀ.ਐਸ.ਸੀ. ਦੀ ਮਾਨਤਾ ਕਿਉਂ ਰੱਦ ਕੀਤੀ ਗਈ? ਇਸ ਲਈ ਕਿ ਉਨ੍ਹਾਂ ਨੇ ਇਸ ਜਾਅਲਸਾਜ਼ੀ ਦੀ ਅਸਲੀਅਤ ਦੇਖ ਲਈ ਹੈ ਅਤੇ ਸੰਭਵ ਤੌਰ 'ਤੇ ਉਨ੍ਹਾਂ ਨੇ ਸਭ ਤੋਂ ਖ਼ਤਰਨਾਕ ਜਗ੍ਹਾ ਉਪਰ ਆਪਣੀ ਉਂਗਲ ਰੱਖ ਦਿੱਤੀ ਹੈ। ਉਨ੍ਹਾਂ ਨੇ ਕਾਰਪੋਰੇਟ ਆਲਮੀਕਰਨ ਅਤੇ ਜਾਤ-ਪਾਤ ਦੇ ਬਰਕਰਾਰ ਰਹਿਣ ਦਰਮਿਆਨ ਰਿਸ਼ਤੇ ਦੀ ਸ਼ਨਾਖ਼ਤ ਕਰ ਲਈ ਹੈ। ਮੌਜੂਦਾ ਰਾਜ-ਪ੍ਰਬੰਧ ਲਈ ਇਸ ਤੋਂ ਵੱਧ ਖ਼ਤਰਨਾਕ ਸ਼ਾਇਦ ਹੀ ਕੋਈ ਹੋਰ ਚੀਜ਼ ਹੋਵੇਗੀ ਜੋ ਏ.ਪੀ.ਐਸ.ਸੀ. ਨੇ ਕੀਤੀ ਹੈ- ਉਹ ਭਗਤ ਸਿੰਘ ਅਤੇ ਅੰਬੇਡਕਰ, ਦੋਹਾਂ ਦਾ ਪ੍ਰਚਾਰ ਕਰ ਰਹੇ ਸਨ।

ਇਹੀ ਉਹ ਚੀਜ਼ ਹੈ ਜਿਸ ਨਾਲ ਉਹ ਨਿਸ਼ਾਨੇ 'ਤੇ ਆ ਗਏ। ਇਹੀ ਉਹ ਚੀਜ਼ ਹੈ ਜਿਸ ਨੂੰ ਕੁਚਲਣ ਦੀ ਲੋੜ ਦੱਸੀ ਜਾ ਰਹੀ ਹੈ। ਉਨਾ ਹੀ ਖ਼ਤਰਨਾਕ ਵੀ.ਸੀ.ਕੇ. (ਵਿਦੂਥਲਾਈ ਚਿਰੂਥਾਈਗਲ ਕਾਚੀ) ਦਾ ਇਹ ਐਲਾਨ ਹੈ ਕਿ ਉਹ ਖੱਬੇਪੱਖੀ ਅਤੇ ਅਗਾਂਹਵਧੂ ਮੁਸਲਿਮ ਜਥੇਬੰਦੀਆਂ ਨਾਲ ਇਕਮੁੱਠਤਾ ਬਣਾ ਰਹੇ ਹਨ।

ਏ.ਪੀ.ਐਸ.ਸੀ. ਦੀ ਮਾਨਤਾ ਰੱਦ ਕਰਨਾ, ਇਕ ਤਰ੍ਹਾਂ ਦੀ 'ਮਾਨਤਾ' ਹੈ। ਇਸ ਗੱਲ ਦੀ ਮਾਨਤਾ ਕਿ ਐਸੇ ਰਿਸ਼ਤੇ ਗੰਢਣਾ ਬਿਲਕੁਲ ਸਹੀ ਅਤੇ ਵਾਜਬ ਹੈ ਜਿਸ ਤਰ੍ਹਾਂ ਦੇ ਰਿਸ਼ਤੇ ਇਸ ਨੇ ਗੰਢੇ; ਤੇ ਇਹ ਵੀ ਕਿ ਅਨੇਕ ਲੋਕ ਇਹ ਰਿਸ਼ਤੇ ਗੰਢਣ ਲੱਗੇ ਹਨ।

# ਜਦ ਜੂਨ ਮਹੀਨਾ ਚੜ੍ਹਦਾ ਹੈ...


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268


ਪੇਂਡੂ ਇਲਾਕਿਆਂ ਵਿਚ ਦੋ-ਮੂੰਹੇਂ ਸੱਪ ਬਾਬਤ ਇਕ ਮਿੱਥ ਬੜੀ ਪ੍ਰਚਲਿਤ ਹੈ। ਅਖੇ, ਜਿਸ ਕਿਸੇ ਦੇ ਇਹ ਦੋ-ਮੂੰਹਾਂ ਲੜ ਜਾਵੇ, ਉਹ ਬੰਦਾ ਮਰਦਾ ਤਾਂ ਨਹੀਂ, ਪਰ ਜਿਨ੍ਹਾਂ ਦਿਨਾਂ ਵਿਚ ਕਿਸੇ ਦੇ ਲੜਿਆ ਹੁੰਦਾ ਹੈ, ਹਰ ਸਾਲ ਮੁੜ ਉਨ੍ਹਾਂ ਹੀ ਦਿਨਾਂ ਵਿਚ ਜ਼ਰੂਰ ਆ ਕੇ ਲੜਦਾ ਹੈ। ਇਸ ਮਿੱਥ ਪਿੱਛੇ ਅਸਲੀਅਤ ਇਹ ਦੱਸੀ ਜਾਂਦੀ ਹੈ ਕਿ ਇਸ ਸੱਪ ਦੇ ਕੱਟੇ ਹੋਏ ਥਾਂ ਜੋ ਜ਼ਖਮ ਬਣਦਾ ਹੈ, ਉਹ ਉਤੋਂ ਉਤੋਂ ਜ਼ਰੂਰ ਸੁੱਕ ਗਿਆ ਜਾਪਦਾ ਹੈ, ਪਰ ਹਰ ਸਾਲ ਉਨ੍ਹਾਂ ਹੀ ਦਿਨਾਂ ਵਿਚ ਫਿਰ ਰਿਸਣ ਲੱਗ ਪੈਂਦਾ ਹੈ ਅਤੇ ਸਾਰੀ ਉਮਰ ਰਿਸਦਾ ਹੀ ਰਹਿੰਦਾ ਹੈ।

ਇਸੇ ਤਰ੍ਹਾਂ ਜੂਨ ਚੁਰਾਸੀ ਦੇ ਘੱਲੂਘਾਰੇ ਨੇ ਸਿੱਖ ਪੰਥ ਨੂੰ ਜੋ ਜ਼ਖਮ ਦਿੱਤੇ, ਇਹ ਕਈ ਪੀੜ੍ਹੀਆਂ ਤਕ ਅੱਲੇ ਹੀ ਰਹਿਣਗੇ। ਦਰਅਸਲ ਜੂਨ ਚੁਰਾਸੀ ਦੇ ਘੱਲੂਘਾਰੇ ਦੀ ਵਿਉਂਤਕਾਰ ਤਤਕਾਲੀ ਹਕੂਮਤ ਸਿੱਖ ਕੌਮ ਲਈ ਫਨੀਅਰ ਸੱਪ ਵੀ ਬਣੀ ਤੇ ਦੋ-ਮੂੰਹਾਂ ਵੀ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ ਦੇ ਅੱਗੜ-ਪਿੱਛੜ ਜੋ ਦਿਲ-ਕੰਬਾਊ ਵਾਕਿਆਤ ਵਾਪਰੇ, ਉਨ੍ਹਾਂ ਵਿਚ ਜਾਨਾਂ ਗੁਆਉਣ ਵਾਲਿਆਂ ਲਈ ਉਹ ਹਕੂਮਤ ਫਨੀਅਰ ਸੱਪ ਹੀ ਹੋ ਨਿੱਬੜੀ ਜਿਸ ਦੇ ਡੰਗ ਮਾਰਿਆਂ ਬੰਦਾ ਘੜੀਆਂ ਪਲਾਂ ਵਿਚ ਹੀ ਢੇਰ ਹੋ ਜਾਂਦਾ ਹੈ। ਉਸ ਅਤਿ ਭੀਹਾਵਲੇ ਦੌਰ ਨੂੰ ਪਿੰਡੇ 'ਤੇ ਹੰਢਾਉਣ ਵਾਲੇ ਜਿਊਂਦੇ ਬਚ ਗਏ ਲੋਕਾਂ ਲਈ ਉਹ ਜਾਬਰ ਸਰਕਾਰ, ਦੋ-ਮੂੰਹਾਂ ਸੱਪ ਹੀ ਸਮਝੋ। ਜਦ ਵੀ ਜੂਨ ਮਹੀਨਾ ਚੜ੍ਹਦਾ ਹੈ, ਉਨ੍ਹਾਂ ਦੇ ਸੀਨਿਆਂ 'ਤੇ ਪਏ ਜ਼ਖਮ ਫਿਰ ਰਿਸਣ ਲੱਗਦੇ ਹਨ।

ਪੰਜਾਬ ਦਾ ਕਾਲਾ ਦੌਰ ਕਹੇ ਜਾਂਦੇ ਉਸ ਜ਼ੁਲਮ-ਓ-ਤਸ਼ੱਦਦ ਭਰੇ ਸਮੇਂ ਹਰ ਕਿਸੇ ਦੀ ਰੂਹ ਨਪੀੜੀ ਗਈ। ਬਹੁਤਿਆਂ ਨੂੰ ਕੌਮੀ ਪੀੜਾਂ ਨੇ ਰੁਆਇਆ ਅਤੇ ਕਈਆਂ ਨੂੰ ਨਿੱਜੀ ਤਕਲੀਫ਼ਾਂ ਅਤੇ ਜੀਆਂ ਦੇ ਸਦੀਵੀ ਵਿਛੋੜੇ ਝੱਲਣੇ ਪਏ। ਹਜ਼ਾਰਾਂ ਪੁਲਿਸ ਤਸੀਹਾ ਕੇਂਦਰਾਂ ਵਿਚ ਅਣ-ਮਨੁੱਖੀ ਤਸ਼ੱਦਦ ਦਾ ਸ਼ਿਕਾਰ ਹੋ ਕੇ ਸਦਾ ਲਈ ਨਕਾਰਾ ਬਣ ਕੇ ਰਹਿ ਗਏ। ਸ਼ਾਇਦ ਹੀ ਕੋਈ ਅਜਿਹਾ ਕਿਸਮਤ ਵਾਲਾ ਪੰਜਾਬੀ ਸੁੱਕਾ ਬਚਿਆ ਹੋਵੇਗਾ ਜਿਸ ਨੂੰ ਉਨ੍ਹਾਂ ਸਮਿਆਂ ਵਿਚ ਬਲ ਰਹੀ ਅੱਗ ਦਾ ਸੇਕ ਨਾ ਲੱਗਿਆ ਹੋਵੇ। ਚਾਹੇ ਖਾੜਕੂ ਧਿਰ ਨਾਲ ਜਾਂ ਸੁਰੱਖਿਆ ਦਲਾਂ ਨਾਲ, ਸਿੱਧਾ ਜਾਂ ਅਸਿੱਧਾ ਵਾਹ-ਵਾਸਤਾ ਹਰ ਇਕ ਦਾ ਪਿਆ, ਥੋੜ੍ਹਾ ਜਾਂ ਬਹੁਤਾ।

ਜਦ ਵੀ ਜੂਨ ਚੜ੍ਹਦਾ ਹੈ ਤਾਂ ਮੈਨੂੰ ਉਸ ਚੰਦਰੇ ਸਮੇਂ ਨਾਲ ਸਬੰਧਤ ਆਪਣੇ ਨਿਜੀ ਵਾਕਿਆਤ ਰਿਸਦੇ ਜ਼ਖ਼ਮਾਂ ਵਾਂਗ ਯਾਦ ਆ ਜਾਂਦੇ ਹਨ। ਸੋਚਦਿਆਂ ਖੁਦ ਨੂੰ ਹੈਰਾਨੀ ਵੀ ਹੁੰਦੀ ਹੈ ਤੇ ਉਹ ਵੇਲਾ ਯਾਦ ਕਰ ਕੇ ਕੰਬਣੀ ਵੀ ਛਿੜਦੀ ਹੈ ਕਿ ਕਿਵੇਂ ਮੈਂ ਮੌਤ ਦੇ ਮੂੰਹ ਵਿਚੋਂ ਬਚ ਕੇ ਆ ਗਿਆ ਸਾਂ। ਇਕ-ਦੋ ਵਾਰ ਮੈਂ ਮੌਤ ਨੂੰ 'ਵਾਜਾਂ ਮਾਰਨ ਵਾਲੀ ਗੱਲ ਕੀਤੀ, ਪਰ ਉਸ ਨੇ ਸੁਣੀ ਨਾ।

ਪੁਲਿਸ ਦੇ ਤਸੀਹਾ ਕੇਂਦਰਾਂ ਵਿਚ ਹੁੰਦੇ ਅਣ-ਮਨੁੱਖੀ ਤਸ਼ੱਦਦ ਦੀਆਂ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀਆਂ ਕਹਾਣੀਆਂ ਪਿੰਡਾਂ ਵਿਚ ਉਦੋਂ ਆਮ ਹੀ ਸੁਣੀ ਦੀਆਂ ਸਨ। ਅਜਿਹੇ ਦਰਦਨਾਕ ਵੇਰਵੇ ਅਖਬਾਰਾਂ ਵਿਚ ਵੀ ਛਪਦੇ ਰਹਿੰਦੇ ਹਨ। ਉਤੋਂ ਪੁਲਿਸ ਦੀ ਮਾਰ ਝੱਲ ਕੇ ਆਏ ਆਪਣੇ ਪਿੰਡ ਦੇ ਹੀ ਦੋਸਤ ਮੰਗਲ ਸਿੰਘ ਦੀ ਬੁਰੀ ਹਾਲਤ ਮੈਂ ਵੇਖ ਲਈ। ਥਾਂ-ਥਾਂ ਤੋਂ ਪੱਛੇ ਪਏ ਤੇ ਹੱਥ ਪੈਰ ਹਿਲਾਉਣ ਤੋਂ ਵੀ ਅਵਾਜ਼ਾਰ ਮੰਗਲ ਸਿੰਘ ਨੂੰ ਮੈਂ ਪੁੱਛਿਆ ਕਿ ਐਨੀ ਬੇਦਰਦੀ ਨਾਲ ਸੀ. ਆਰ. ਪੀ. ਐਫ. ਵਾਲੇ ਸਿੱਖ ਮੁੰਡਿਆਂ ਉਤੇ ਤਸ਼ੱਦਦ ਢਾਹੁੰਦੇ ਹੋਣਗੇ? ਉਸ ਨੇ ਮਰਕੁਲਾਂਦੀ ਆਵਾਜ਼ ਵਿਚ ਦੱਸਿਆ ਕਿ ਪੰਜਾਬ ਦੇ ਪੁਲਸੀਏ ਹੀ ਯਮਦੂਤਾਂ ਵਾਂਗ ਚਿੰਬੜਦੇ ਆ ਭਰਾਵਾ! ਉਸ ਦੇ ਮੂੰਹੋਂ ਮੁਗਲਾਂ ਤੇ ਅੰਗਰੇਜ਼ਾਂ ਨੂੰ ਵੀ ਮਾਤ ਪਾਉਂਦੇ ਜ਼ੁਲਮ ਦੇ ਢੰਗ-ਤਰੀਕੇ ਸੁਣ ਕੇ ਮੈਨੂੰ ਤਾਅ ਚੜ੍ਹ ਗਿਆ।

ਘਰੇ ਆ ਕੇ ਆਮ ਜਿਹੀ ਲਕੀਰੀ ਕਾਪੀ ਵਿਚੋਂ ਵਰਕੇ ਪੁੱਟ ਕੇ ਲਿਖਣਾ ਸ਼ੁਰੂ ਕਰ ਦਿੱਤਾ, ਸਿਰਲੇਖ ਰੱਖਿਆ- 'ਧਰਮ ਰਾਜ ਦਾ ਪ੍ਰੈਸ ਨੋਟ'। ਥੱਲੇ ਕੁਝ ਇਹੋ ਜਿਹੀ ਇਬਾਰਤ ਲਿਖੀ:

...ਧਰਮ ਰਾਜ ਕੋਲ 'ਗੁਨਾਹਗਾਰਾਂ' ਨੂੰ ਸਜ਼ਾਵਾਂ ਦੇਣ ਲਈ ਯਮਦੂਤਾਂ ਦੀ ਬਹੁਤ ਘਾਟ ਪੈ ਗਈ ਹੈ। ਮਾਤ-ਲੋਕ ਵਿਚੋਂ ਪੁੱਠੇ-ਸਿੱਧੇ ਕੰਮ ਮ੍ਰਿਤ-ਲੋਕ ਵਿਚ ਗਿਆਂ ਨੂੰ ਕੋਹਲੂ ਵਿਚ ਪੀੜਨ, ਤਪਦੇ ਤੇਲ ਦੇ ਕੜਾਹਿਆਂ ਵਿਚ ਤਲਣ ਅਤੇ ਦਰਖਤਾਂ ਨਾਲ ਬੰਨ੍ਹ ਕੇ ਕੋਰੜੇ ਮਾਰਨ ਵਾਲੇ ਸਟਾਫ ਦੀ ਭਰਤੀ ਖੁੱਲ੍ਹ ਗਈ ਹੈ। ਧਰਮ ਰਾਜ ਆਪਣੇ ਪੀ.ਏ. ਨੂੰ ਪ੍ਰੈਸ ਨੋਟ ਲਿਖਾਉਂਦਾ ਕਹਿੰਦਾ ਹੈ ਕਿ ਛੇਤੀ ਹੀ ਪੰਜਾਬ ਦੀਆਂ ਅਖਬਾਰਾਂ ਵਿਚ 'ਐਡ' ਦਿਓ ਕਿ ਇਨ੍ਹਾਂ ਪੋਸਟਾਂ ਲਈ ਸਿਰਫ਼ ਤੇ ਸਿਰਫ਼ ਪੰਜਾਬ ਪੁਲਿਸ ਦੇ ਜਵਾਨ ਹੀ ਅਪਲਾਈ ਕਰਨ, ਕਿਉਂਕਿ ਮ੍ਰਿਤ-ਲੋਕ ਵਿਚ ਪਹਿਲੋਂ ਕੰਮ ਕਰਨ ਵਾਲੇ ਸਾਰੇ ਹੀ ਯਮਦੂਤ ਪੰਜਾਬ ਦੇ 'ਪੁਲਿਸ ਤਸੀਹਾ ਕੇਂਦਰਾਂ' ਵਿਚ ਵਰਤੇ ਜਾਂਦੇ ਢੰਗ-ਤਰੀਕਿਆਂ ਦੇ ਵੇਰਵੇ ਸੁਣ ਕੇ ਭੈਅ-ਭੀਤ ਹੁੰਦਿਆਂ ਕੰਮ ਹੀ ਛੱਡ ਗਏ ਨੇ।

ਯਮਦੂਤਾਂ ਦੀ ਜੌਬ ਲਈ ਬਿਨੈ ਪੱਤਰ ਭੇਜਣ ਵਾਲਿਆਂ ਲਈ ਕੁਝ ਖਾਸ ਸ਼ਰਤਾਂ ਇਹ ਹੋਣਗੀਆਂ ਕਿ ਉਨ੍ਹਾਂ ਵਿਚ ਤਰਸ ਜਾਂ ਰਹਿਮ ਨਾਂ ਦੀ ਕੋਈ ਚੀਜ਼ ਨਾ ਹੋਵੇ, ਜ਼ਮੀਰ ਬਿਲਕੁਲ ਹੀ ਮਰੀ ਹੋਈ ਹੋਵੇ, ਸ਼ਕਲ-ਸੂਰਤੋਂ ਰਾਖਸ਼ਾਂ ਵਰਗੇ ਲੱਗਣ, ਧਰਮ ਕੌਮ ਦਾ ਰੱਤੀ ਭਰ ਵੀ ਮੋਹ ਨਾ ਹੋਵੇ ਅਤੇ ਨਵੀਆਂ ਤੋਂ ਨਵੀਆਂ ਗਾਲਾਂ ਦੀ ਵਾਛੜ ਕਰਨ ਵਿਚ ਨਿਪੁੰਨ ਹੋਣ। ਮਾਂ ਭੈਣ ਦੀ ਸ਼ਰਮ ਤੋਂ ਰਹਿਤ ਬੁੱਚੜਾਂ ਅਤੇ ਬੇਸ਼ਰਮਾਂ ਨੂੰ ਤਰਜੀਹ ਦਿੱਤੀ ਜਾਵੇਗੀ...ਵਗੈਰਾ ਵਗੈਰਾ।

ਗੱਲ ਕੀ, ਤੱਤੀ ਤੱਤੀ ਤਹਿਰੀਰ ਦੇ ਛੇ-ਸੱਤ ਸਫ਼ੇ ਲਿਖ ਕੇ, ਸਵੇਰੇ ਜਾਡਲੇ ਡਾਕਖਾਨਿਓਂ 'ਅਜੀਤ' ਅਖਬਾਰ ਨੂੰ ਭੇਜ ਦਿੱਤੇ। ਇੰਜ ਮੈਂ ਆਪਣੇ ਦਿਲ ਦਾ ਉਬਾਲ ਕੱਢ ਲਿਆ, ਪਰ ਅਗਲੇ ਐਤਵਾਰ ਜਦੋਂ ਮੈਂ ਬੀਰੋਵਾਲ ਦੇ ਗੁਰਦੁਆਰੇ ਪਹੁੰਚਿਆ, ਉਥੇ ਸੰਤ ਬਲਵੀਰ ਸਿੰਘ ਨੇ ਮੈਨੂੰ ਅਖਬਾਰ ਦਿਖਾਉਂਦਿਆਂ ਕਿਹਾ, 'ਆਹ ਤਾਂ ਤੁਸੀਂ ਕਹਿਰ ਹੀ ਕਰ ਦਿੱਤਾ!' ਸੱਚ-ਮੁੱਚ ਕਿਸੇ ਪ੍ਰਸਿੱਧ ਲੇਖਕ ਦੀ ਰਚਨਾ ਵਾਂਗ, ਮੇਰੀ ਉਹ ਲਿਖਤ 'ਅਜੀਤ' ਦੇ ਮੈਗਜ਼ੀਨ ਸੈਕਸ਼ਨ ਦੇ ਪਹਿਲੇ ਸਫੇ 'ਤੇ ਮੋਟੇ ਤੇ ਗੂੜ੍ਹੇ ਸਿਰਲੇਖ ਹੇਠ ਛਪੀ ਹੋਈ ਸੀ। ਨਾਲ ਹੀ ਤਖ਼ਤ 'ਤੇ ਬੈਠੇ ਧਰਮਰਾਜ ਦਾ ਸਕੈੱਚ ਵੀ ਛਪਿਆ ਹੋਇਆ ਸੀ। ਇਹ ਦੇਖ ਕੇ ਮੈਂ ਥੋੜ੍ਹਾ ਘਬਰਾ ਵੀ ਗਿਆ। ਕਿਤੇ 'ਹਾਸੇ ਦਾ ਮੜ੍ਹਾਸਾ' ਹੀ ਨਾ ਬਣ ਜਾਵੇ। ਸੰਤ ਬਲਵੀਰ ਸਿੰਘ ਨੇ ਗੰਭੀਰ ਹੁੰਦਿਆਂ ਮੈਨੂੰ ਇਕ-ਦੋ ਹਫ਼ਤੇ ਲਈ ਆਸੇ-ਪਾਸੇ ਹੋਣ ਦੀ ਸਲਾਹ ਵੀ ਦਿੱਤੀ।

ਦੂਜੀ ਘਟਨਾ ਵੀ ਬੀਰੋਵਾਲ ਪਿੰਡ ਲਾਗੇ ਦੀ ਹੀ ਹੈ। ਮੈਂ ਸਾਈਕਲ 'ਤੇ ਉਥੇ ਜਾ ਰਿਹਾ ਸੀ। ਜਾਡਲੇ ਦੀ ਨਹਿਰ ਕੋਲ ਇਕ ਜਾਣੂ ਨੌਜਵਾਨ ਮਿਲਿਆ। ਉਸ ਨੂੰ ਬਾਅਦ ਵਿਚ ਪੁਲਿਸ ਨੇ 'ਫਰਾਰ' ਦੱਸ ਕੇ ਲਾਪਤਾ ਕਰ ਦਿੱਤਾ ਸੀ। ਉਸ ਨੇ ਮੈਥੋਂ ਬਿਨਾਂ ਪੁੱਛੇ ਹੀ ਮੇਰੇ ਸਾਈਕਲ ਦੇ ਕੈਰੀਅਰ ਪਿੱਛੇ ਭਰਿਆ ਹੋਇਆ ਥੈਲਾ ਲੱਦ ਦਿੱਤਾ। 'ਇਹਦੇ ਵਿਚ ਕਛਹਿਰੇ ਹੀ ਆ' ਕਹਿ ਕੇ ਉਸ ਨੇ ਇਹ ਸਮਾਨ ਬੀਰੋਵਾਲ ਦੇ ਗੁਰਦੁਆਰੇ ਪਹੁੰਚਾਉਣ ਦਾ ਕਹਿ ਦਿੱਤਾ। ਉਸ ਮੁੰਡੇ ਦੇ ਖਾੜਕੂਆਂ ਨਾਲ ਸਬੰਧ ਹੋਣ ਬਾਰੇ ਇਲਾਕੇ ਵਿਚ ਚੁਰ ਚੁਰ ਹੁੰਦੀ ਰਹਿੰਦੀ ਸੀ। ਡਰਦੇ ਮਾਰੇ ਨੇ ਮੈਂ ਰਾਹ ਵਿਚ ਆਪਣਾ ਸਾਈਕਲ ਕਮਾਦ ਦੇ ਕੋਲ ਖੜ੍ਹਾ ਕਰ ਕੇ ਖਾਦ ਵਾਲਾ ਥੈਲਾ ਚੰਗੀ ਤਰ੍ਹਾਂ ਟੋਹ ਟੋਹ ਕੇ ਦੇਖਿਆ ਕਿ ਇਹਦੇ ਵਿਚ ਕੋਈ 'ਸਮਾਨ' ਨਾ ਹੋਵੇ। ਮੈਂ ਪੂਰੀ ਤਸੱਲੀ ਕਰ ਲਈ ਕਿ ਇਹਦੇ ਵਿਚ ਸਿਰਫ ਸੀਤੇ ਹੋਏ ਕਛਹਿਰੇ ਹੀ ਹਨ।

ਜਿਉਂ ਹੀ ਆਪਣਾ ਸਾਈਕਲ ਚੰਡੀਗੜ੍ਹ ਰੋਡ 'ਤੇ ਚਾੜ੍ਹਿਆ, ਮੋਹਰੇ ਸੀ.ਆਰ.ਪੀ.ਐਫ. ਦਾ ਨਾਕਾ ਲੱਗਿਆ ਦੇਖ ਮੇਰੀ ਜਾਨ ਮੁਠੀ ਵਿਚ ਆ ਗਈ। ਕਿੰਨੇ ਹੀ ਸ਼ੱਕੀ ਵਿਚਾਰਾਂ ਦੀ ਚੱਕਰੀ ਮੇਰੇ ਦਿਲ-ਦਿਮਾਗ ਵਿਚ ਘੁੰਮ ਗਈ, 'ਐਨੇ ਕਛਹਿਰੇ ਜ਼ਰੂਰ ਖਾੜਕੂਆਂ ਲਈ ਹੀ ਭੇਜੇ ਹੋਣਗੇ।...ਕਿਸੇ ਮੁਖਬਰ ਨੇ ਪਿੱਛਿਉਂ ਸੂਹ ਦੇ ਦਿੱਤੀ ਹੋਣੀ ਹੈ...ਅੱਜ ਨਹੀਂ ਬਚਦੇ ਕਿਸੇ ਹਾਲ ਵਿਚ ਵੀ...।' ਸੀ.ਆਰ.ਪੀ. ਵਾਲਿਆਂ ਨੇ ਮੈਨੂੰ ਇਕ ਪਾਸੇ ਲਿਜਾ ਕੇ ਥੈਲਾ ਢੇਰੀ ਕਰ ਦਿੱਤਾ। ਗੰਨਾਂ ਦੀਆਂ ਨਾਲੀਆਂ ਨਾਲ ਉਹ ਕਛਹਿਰਿਆਂ ਦਾ ਢੇਰ ਫਰੋਲਣ ਲੱਗ ਪਏ। ਮੈਂ ਮਨ ਹੀ ਮਨ ਅਰਦਾਸਾਂ ਕਰਾਂ ਕਿ ਹੇ ਵਾਹਿਗੁਰੂ! ਵਿਚੋਂ ਕਿਤੇ ਕੋਈ ਖਤਰਨਾਕ ਚੀਜ਼ ਨਾ ਨਿਕਲ ਆਵੇ। ਜਦ ਉਨ੍ਹਾਂ ਫਰੋਲਾ-ਫਰਾਲੀ ਕਰ ਕੇ ਤਸੱਲੀ ਕਰ ਲਈ ਕਿ ਕਛਹਿਰੇ ਹੀ ਹਨ, ਤਾਂ ਇਕ ਸੀ.ਆਰ.ਪੀ. ਵਾਲਾ ਬੋਲਿਆ, "ਯਿਹ ਤੁਮ ਆਤੰਕਵਾਦੀਓਂ ਕੇ ਲਿਏ ਲੇਕਰ ਜਾ ਰਹੇ ਹੋ ਨਾ?"

ਕਹਿੰਦੇ ਨੇ, ਰੱਬ ਨੇੜੇ ਕਿ ਘਸੁੰਨ! ਜੇ ਘਸੁੰਨ ਵੀ ਆਮ ਵਰਗਾ ਨਾ ਹੋ ਕੇ ਮੌਤ ਜਿਹਾ ਹੋਵੇ, ਤਦ ਕਦੇ ਕਦੇ ਰੱਬ ਵੀ ਕੋਈ ਬਿਧ ਬਣਾ ਦਿੰਦਾ ਹੈ। ਸਹਿਮੇ ਹੋਏ ਦੀ ਮੇਰੀ ਨਜ਼ਰ ਅਚਾਨਕ ਸੜਕ ਕੰਢੇ ਗੱਡੇ ਹੋਏ ਮੀਲ ਪੱਥਰ 'ਤੇ ਪੈ ਗਈ ਜਿਥੇ ਕੁਝ ਕੁ ਦਿਨਾਂ ਨੂੰ ਬੀਰੋਵਾਲ ਗੁਰਦੁਆਰੇ ਹੋਣ ਜਾ ਰਹੇ ਗੁਰਮਤਿ ਸਮਾਗਮ ਦਾ ਇਸ਼ਤਿਹਾਰ ਲੱਗਾ ਹੋਇਆ ਸੀ। ਮੈਨੂੰ ਇਕਦਮ ਗੱਲ ਅਹੁੜੀ, "ਨਹੀਂ ਸਰ, ਇਹ ਤੋ ਹਮਾਰੇ ਉਸ ਗੁਰਦੁਆਰੇ ਮੇਂ ਅੰਮ੍ਰਿਤ ਸੰਚਾਰ ਕਾ ਪ੍ਰੋਗਰਾਮ ਹੋ ਰਹਾ ਹੈ। ਉਥੇ ਲੇ ਜਾਨੇ ਹੈ।" ਮੈਂ ਸਾਹਮਣੇ ਦਿਸ ਰਹੇ ਗੁਰਦੁਆਰੇ ਵੱਲ ਹੱਥ ਕਰ ਕੇ ਕਿਹਾ, ਪਰ ਉਸ ਨੇ ਅੱਗੇ ਹੋਰ ਪੰਗਾ ਖੜ੍ਹਾ ਕਰ ਦਿੱਤਾ, "ਤੋ ਤੁਮ ਟੇਲਰ ਹੋ?"

ਰੇਬ ਕਛਹਿਰੇ ਸਿਊਣੇ ਮੈਂ ਆਪਣੀ ਸੱਸ ਕੋਲੋਂ ਸਿੱਖੇ ਹੋਏ ਸਨ। ਸੋ, ਹਿੰਮਤ ਜਿਹੀ ਕਰ ਕੇ ਮੈਂ ਅੱਧਾ ਸੱਚ ਅੱਧਾ ਝੂਠ ਬੋਲਦਿਆਂ 'ਹਾਂ ਜੀ ਸਰ' ਕਹਿ ਦਿੱਤਾ। ਸੀ.ਆਰ.ਪੀ.ਐਫ. ਵਾਲਿਆਂ ਦੇ ਮੂੰਹੋਂ 'ਉਠਾਓ ਔਰ ਭਾਗੋ' ਦਾ ਵਾਕ ਸੁਣ ਕੇ ਮੇਰਾ ਸਾਹ ਨਾਲ ਸਾਹ ਰਲਿਆ। ਗੁਰਦੁਆਰੇ ਤੱਕ ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ। ਅੰਦਰ ਜਾ ਕੇ ਜਦ ਮੈਂ ਸਾਈਕਲ ਦੇ ਕੈਰੀਅਰ ਤੋਂ ਥੈਲਾ ਲਾਹ ਕੇ ਸੁੱਟਿਆ, ਮਹਿਸੂਸ ਹੋਇਆ, ਇਹ ਕਛਹਿਰੇ ਨਹੀਂ ਸਗੋਂ ਖਾੜਕੂਆਂ ਦਾ 'ਅਸਲਾ' ਹੀ ਸੀ, ਪਰ 'ਜਾਨ ਬਚੀ ਔਰ ਲਾਖੋਂ ਪਾਏ' ਵਾਲਾ ਕਥਨ ਚੇਤੇ ਆ ਗਿਆ।

ਮੌਤ ਦੇ ਮੂੰਹੋਂ ਬਚਣ ਦਾ ਤੀਜਾ ਹਾਦਸਾ, ਜੂਨ ਚੁਰਾਸੀ ਦੇ ਘੱਲੂਘਾਰੇ ਤੋਂ ਦੋ ਕੁ ਮਹੀਨੇ ਬਾਅਦ ਵਾਪਰਿਆ। ਸਾਡੇ ਪਿੰਡੋਂ ਬੇਟ ਦੇ ਪਾਸੇ ਦਰਿਆ ਸਤਿਲੁਜ ਕੰਢੇ ਵਸਦੇ ਪਿੰਡ ਤਾਜੋਵਾਲ ਵਿਖੇ ਇਕ ਬਜ਼ੁਰਗ ਦਾ ਭੋਗ ਪਿਆ। ਸ਼ਰਧਾਂਜਲੀ ਭੇਟ ਕਰਦਿਆਂ ਮੈਂ ਜੋਸ਼ ਵਿਚ ਆਏ ਨੇ ਤਿੱਖੇ ਤੇ ਤੱਤੇ ਸ਼ਬਦ ਕਹਿ ਦਿੱਤੇ, "...ਕੋਈ ਗੱਲ ਨਹੀਂ, ਜੇ ਅਜੋਕੀ ਹਾਕਮ ਇੰਦਰਾ ਗਾਂਧੀ ਵਿਚ ਅਬਦਾਲੀ ਦੀ ਰੂਹ ਆ ਵਸੀ ਹੈ, ਉਸ ਨੇ ਸਾਡੇ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਹੈ, ਕਿਸੇ ਨਾ ਕਿਸੇ ਸਿੰਘ ਵਿਚ ਭਾਈ ਸੁੱਖਾ ਸਿੰਘ ਜਾਂ ਭਾਈ ਮਹਿਤਾਬ ਸਿੰਘ ਦੀ ਰੂਹ ਵੀ ਜ਼ਰੂਰ ਆਵੇਗੀ...ਕਲਗੀਆਂ ਵਾਲਾ ਪਾਤਸ਼ਾਹ ਜ਼ਰੂਰ ਕੋਈ ਕਲਾ ਵਰਤਾਏਗਾ...।" (ਅਨੇਕਾਂ ਸਿੱਖਾਂ ਵਾਂਗ ਧਾਰਮਿਕ ਜਜ਼ਬਾਤ ਛਲਨੀ ਛਲਨੀ ਹੋ ਚੁੱਕੇ ਹੋਣ ਕਾਰਨ, ਮੈਂ ਅਜਿਹਾ ਕਹਿ ਦਿੱਤਾ ਸੀ। ਅਜਿਹਾ ਭਵਿੱਖਮੁਖੀ 'ਵਾਕ' ਸਿੱਖ ਸਟੇਜਾਂ 'ਤੇ ਆਮ ਬੁਲਾਰੇ ਬੋਲਦੇ ਹੀ ਰਹਿੰਦੇ ਸਨ।)

ਲਾਊਡ ਸਪੀਕਰ ਲੱਗੇ ਹੋਏ ਹੋਣ ਕਰ ਕੇ ਮੇਰੇ ਇਹ ਜੋਸ਼ੀਲੇ ਬੋਲ ਲਾਗੇ ਹੀ ਦਰਿਆ ਦੇ ਬੰਨ੍ਹ ਉਪਰ ਗਸ਼ਤ ਕਰ ਰਹੇ ਅਰਧ ਸੈਨਿਕ ਬਲਾਂ ਦੇ ਜਵਾਨਾਂ ਦੇ ਕੰਨੀਂ ਵੀ ਪੈ ਗਏ। ਭੋਗ ਉਪਰੰਤ ਉਦੋਂ ਈ ਪਤਾ ਲੱਗਾ, ਜਦ ਜਲੇਬੀਆਂ ਖਾਂਦਿਆਂ ਨੂੰ ਬਾਹਰ ਫੌਜੀ ਗੱਡੀ ਤੇ ਪੰਜਾਬ ਪੁਲਿਸ ਦੀ ਜਿਪਸੀ ਰੁਕਣ ਦੀ ਆਵਾਜ਼ ਸੁਣੀ। ਉਨ੍ਹਾਂ ਦਿਨਾਂ ਵਿਚ ਫੌਜ ਜਾਂ ਸੀ.ਆਰ.ਪੀ. ਦੇ ਜਵਾਨਾਂ ਨਾਲ ਬੋਲੀ ਜਾਂ ਇਲਾਕੇ ਦੀ ਜਾਣਕਾਰੀ ਦੇ ਨੁਕਤੇ ਤੋਂ ਪੰਜਾਬ ਪੁਲਿਸ ਜ਼ਰੂਰ ਹੁੰਦੀ ਸੀ। ਆਪਣੇ ਨਾਲ ਦੇ ਫੌਜੀਆਂ ਤੇ ਦੋ ਕੁ ਪੁਲਸੀਆਂ ਨੂੰ ਲੰਗਰ ਛਕਣ ਲਈ ਪੰਗਤਾਂ ਵਿਚ ਬਿਠਾ ਕੇ ਭਿੰਡਰ 'ਲਾਸਟ ਨੇਮ' ਵਾਲਾ ਇਕ ਸਿੱਖ ਪੁਲਿਸ ਅਫ਼ਸਰ ਪੁੱਛਦਾ-ਪੁਛਾਉਂਦਾ ਮੇਰੇ ਲਾਗੇ ਆ ਖੜ੍ਹਿਆ। ਮੇਰੇ ਮੋਢੇ 'ਤੇ ਹੱਥ ਰੱਖ ਕੇ ਉਹ ਮੈਨੂੰ ਟੈਂਟ ਤੋਂ ਬਾਹਰ ਲੈ ਗਿਆ।

"ਜਥੇਦਾਰਾ! ਹੋਸ਼ ਤੋਂ ਕੰਮ ਲੈ...ਉਤੋਂ ਅੱਗ ਵਰ੍ਹਨ ਡਹੀ ਜੇ। ਜਦ ਤੂੰ ਲੈਕਚਰ ਝਾੜਦੇ ਨੇ ਇੰਦਰਾ ਗਾਂਧੀ ਦਾ ਜ਼ਿਕਰ ਕਰਿਆ ਸੀ, ਤਾਂ ਫੌਜੀ ਅਫ਼ਸਰ ਨੂੰ ਹੋਰ ਤਾਂ ਕੁਸ਼ ਸਮਝ ਨਾ ਲੱਗੀ, ਪਰ ਉਹਨੇ ਪ੍ਰਧਾਨ ਮੰਤਰੀ ਦਾ ਨਾਂ ਸੁਣ ਕੇ ਇਕਦਮ ਕੰਨ ਖੜ੍ਹੇ ਕਰਦਿਆਂ ਸਾਨੂੰ ਪੁੱਛਿਆ ਕਿ ਯਿਹ ਕਯਾ ਬੋਲਤਾ ਪੀ.ਐਮ. ਕੋ?...ਮੈਂ ਕਹਿ'ਤਾ ਕਿ ਸਰ, ਯਿਹ ਕੋਈ ਕਾਂਗਰਸ ਕਾ ਲੀਡਰ ਮਾਲੂਮ ਹੋਤਾ ਹੈ ਜੋ ਸ੍ਰੀਮਤੀ ਗਾਂਧੀ ਕਾ ਧੰਨਵਾਦ ਕਰ ਰਹਾ ਹੈ, ਉਨਹੋਂ ਨੇ ਬਲਿਊ ਸਟਾਰ ਅਪਰੇਸ਼ਨ ਕਰ ਕੇ ਪੰਜਾਬ ਕੋ ਬਚਾ ਲੀਆ...।"

ਜਦ ਵੀ ਜੂਨ ਮਹੀਨਾ ਚੜ੍ਹਦਾ ਹੈ, ਸਿੱਖ ਕੌਮ ਦੀ ਛਾਤੀ ਦਾ ਨਾਸੂਰ ਬਣ ਚੁੱਕੇ ਚੁਰਾਸੀ ਦੇ ਘੱਲੂਘਾਰੇ ਦੇ ਨਾਲ ਨਾਲ ਮੈਨੂੰ ਉਕਤ ਵਾਕਿਆਤ ਯਾਦ ਆ ਜਾਂਦੇ ਹਨ। ਜੇ ਭਲਾ 'ਅਜੀਤ' ਵਿਚ ਛਪਿਆ ਮੇਰਾ ਲੇਖ ਕਿਸੇ ਜ਼ਾਲਮ ਪੁਲਸੀਏ ਦੀ ਨਜ਼ਰੇ ਪੈ ਜਾਂਦਾ ਤਾਂ ਮੇਰਾ ਵੀ 'ਮੁਕਾਬਲਾ' ਬਣਿਆ ਹੋਣਾ ਪੱਕਾ ਸੀ। ਇਸ ਲੇਖ ਵਾਲੀ ਗੱਲ ਅਤੇ ਤਾਜੋਵਾਲ ਪਿੰਡ ਵਿਚ ਇੰਦਰਾ ਗਾਂਧੀ ਦੀ ਤੁਲਨਾ ਅਬਦਾਲੀ ਧਾੜਵੀ ਨਾਲ ਕਰਨ ਵਾਲੀ, ਦੋਵੇਂ ਗੱਲਾਂ ਮੌਤ ਨੂੰ 'ਵਾਜਾਂ ਮਾਰਨ ਦੇ ਤੁਲ ਸਨ। ਇਹ ਵੱਖਰੀ ਗੱਲ ਹੈ ਕਿ ਉਸ ਨੇ ਅਣਸੁਣੀਆਂ ਕਰ ਦਿੱਤੀਆਂ। ਇਸੇ ਤਰ੍ਹਾਂ ਜੇ ਸਤਲੁਜ ਦਰਿਆ ਦੇ ਬੰਨ੍ਹ 'ਤੇ ਸ. ਭਿੰਡਰ ਵਰਗੇ ਰਹਿਮ ਦਿਲ ਅਫਸਰ ਦੀ ਜਗ੍ਹਾ ਕੋਈ ਨਿਰਦਈ ਹੁੰਦਾ ਤਾਂ ਮੈਂ ਵੀ ਮੱਛੀਆਂ ਦਾ ਖਾਜਾ ਬਣਨ ਲਈ ਹੁਸੈਨੀਵਾਲੇ ਪਹੁੰਚਿਆ ਹੋਣਾ ਸੀ।

...ਦੋ-ਮੂੰਹੇਂ ਸੱਪ ਦੇ ਜ਼ਖ਼ਮ ਚੜ੍ਹਦੇ ਜੂਨ ਰਿਸਣ ਲਗ ਪੈਂਦੇ ਹਨ।

## ਕਾਵਿ-ਕਿਆਰੀ

### ਐ ! ਚੌਰਾਸੀ ਦੇ ਸ਼ਹੀਦੋ

ਫਸਲ ਸ਼ਹੀਦੀ ਦੀ ਜਿਹੜੀ ਬੀਜ ਗਏ ਓਂ,
ਵਧੇ-ਫੁਲੇਗੀ ਪਵੇਗਾ ਬੂਰ, ਇਕ ਦਿਨ।
ਡੁੱਲ੍ਹੇ ਖੂਨ ਦੀ ਮਹਿਕ, ਬਾਦੇ ਸਬਾ ਬਣ ਕੇ,
ਮੁਰਦਾ ਰੂਹਾਂ 'ਚ ਭਰੇਗੀ ਸਰੂਰ, ਇਕ ਦਿਨ।
ਨਹੀਂ ਜਾਣੀ ਕੁਰਬਾਨੀ ਅਜਾਈਂ ਤੁਹਾਡੀ,
ਵੇਖੋ, ਲਿਆਵੇਗੀ ਰੰਗ ਜ਼ਰੂਰ, ਇਕ ਦਿਨ।
ਜੋ ਕੁਝ ਕੀਤਾ ਤੁਸੀਂ ਹੱਕ-ਹਕੂਕ ਦੇ ਲਈ,
ਮੁੱਲ ਪਵੇਗਾ ਉਹਦਾ ਜ਼ਰੂਰ, ਇਕ ਦਿਨ।
ਸੁੱਤੀ ਕੌਮ ਨੂੰ ਨੀਂਦਰੋਂ ਜਗਾਉਣ ਦੇ ਲਈ,
ਮਰਨਾ ਪੈਂਦੈ ਵਾਂਗਣ ਮਨਸੂਰ, ਇਕ ਦਿਨ।
ਬੇਗੈਰਤੇ ਅੱਜ ਵੀ ਨਹੀਂ ਤੇ ਕੱਲ੍ਹ ਵੀ ਨਹੀਂ,
ਉਡ ਜਾਂਦੇ ਨੇ ਵਾਂਗਣ ਕਫੂਰ, ਇਕ ਦਿਨ।
ਜਿਸ ਕੌਮ ਦੇ ਦਿਲਾਂ 'ਚ ਅਣਖ ਮਰ ਜਾਏ,
ਮਾਰੀ ਜਾਂਦੀ ਏ ਉਹ ਬੇਕਸੂਰ, ਇਕ ਦਿਨ।
ਜ਼ਖਮ, ਦਾਸਤਾਂ ਦੇ ਹਮੇਸ਼ਾਂ ਰਹਿਣ ਰਿਸਦੇ,
ਹੌਲੀ-ਹੌਲੀ ਬਣ ਜਾਣ ਨਸੂਰ, ਇਕ ਦਿਨ।
ਸ਼ਹੀਦ ਸਦਾ ਹੀ ਜੱਗ 'ਤੇ ਰਹਿਣ ਜਿਉਂਦੇ,
ਬਣਦੇ ਕੌਮ ਦੇ ਨੇ ਚਸ਼ਮੇ-ਨੂਰ, ਇਕ ਦਿਨ।
ਸੱਚ ਦੀ ਸ਼ਮ੍ਹਾਂ ਤੇ ਸੜਦੇ ਨੇ ਭੰਮਟ ਬਣ ਕੇ,
ਜਦੋਂ ਸ਼ਹੀਦੀ ਦਾ ਚੜ੍ਹਦੈ ਸਰੂਰ ਇਕ ਦਿਨ।
ਸ਼ਮ੍ਹਾਂ ਆਜ਼ਾਦੀ ਦੀ ਕੋਈ ਨ੍ਹੀਂ ਬੁਝਾ ਸਕਦਾ,
ਬੁੱਝ-ਬੁੱਝ ਕੇ ਮੱਚਦੀ ਜ਼ਰੂਰ, ਇਕ ਦਿਨ।
ਰਾਹ ਕੁਰਬਾਨੀ ਦੇ ਰੱਖਦੇ ਨੇ ਕਦਮ ਉਹੀ,
ਮੇਹਰ ਜਿਨ੍ਹਾਂ 'ਤੇ ਕਰਦੈ ਹਜ਼ੂਰ, ਇਕ ਦਿਨ।
ਹੀਲੇ ਸਾਰੇ ਜਦੋਂ ਸਿਰਾਂ ਤੋਂ ਟੱਪ ਜਾਵਣ,
ਤੇਗ ਚੁੱਕਣੀ ਜਾਇਜ਼ ਜ਼ਰੂਰ, ਇਕ ਦਿਨ।
ਝੰਡੇ ਹੱਕ, ਸੱਚ, ਇਨਸਾਫ ਦੇ ਝੁਲਦੇ ਨੇ,
ਤਿੜਕ ਜਾਂਦੇ ਨੇ ਝੂਠ, ਗ਼ਰੂਰ, ਇਕ ਦਿਨ।
ਰੱਬ ਦੇ ਘਰ ਦੀ ਬੇ-ਹੁਰਮਤੀ ਕਰਨ ਵਾਲੇ,
ਹਮੇਸ਼ਾ ਹੋਏ ਨੇ ਚਕਨਾ-ਚੂਰ, ਇਕ ਦਿਨ।
ਨਾ ਕੋਈ ਬਚਿਆ, ਨਾ ਹੀ ਬਚੇਗਾ ਕੋਈ,
ਚੁੱਕਿਆ ਜਿਨ੍ਹੇ ਵੀ ਕਦੇ ਫਤੂਰ, ਇਕ ਦਿਨ।
ਜੇਲ੍ਹੀਂ ਬੈਠਿਆਂ, ਜਿਨ੍ਹਾਂ ਦੀ ਉਮਰ ਲੰਘੀ,
ਸਾਬਤ ਹੋਣਗੇ ਉਹ ਬੇਕਸੂਰ, ਇਕ ਦਿਨ।
ਭੁੱਖੇ ਕੁਰਸੀ ਦੇ ਲੀਡਰਾਂ, ਰਹਿਬਰਾਂ ਤਾਈਂ,
ਸਮਝਣਾ ਕੌਮ ਨੂੰ ਪੈਣਾ ਜ਼ਰੂਰ, ਇਕ ਦਿਨ।
ਘਰ ਦੇ ਦੀਵਿਆਂ ਤੋਂ, ਘਰ ਨੂੰ ਅੱਗ ਲੱਗੀ,
ਸੱਚ ਆਵੇਗਾ ਬਾਹਰ ਜ਼ਰੂਰ, ਇਕ ਦਿਨ।
'ਕੌਮਾਂ' ਉਹ ਹੀ ਜਹਾਨ 'ਤੇ ਜਿਉਂਦੀਆਂ ਨੇ,
ਕਰ ਲੈਂਦੀਆਂ ਮਰਨਾ ਮਨਜ਼ੂਰ, ਇਕ ਦਿਨ।
ਕਰਮ-ਧਰਮ ਸਾਰਾ ਭ੍ਰਿਸ਼ਟ ਜਦ ਹੋ ਜਾਂਦੈ,
ਬਾਂਹ ਫੜਦਾ ਏ ਜ਼ਾਹਰ-ਜ਼ਹੂਰ, ਇਕ ਦਿਨ।
ਤੁਹਾਡੇ ਲਹੂ ਦੀ ਲਾਲੀ ਦੀ ਲੋਅ ਅਸਾਡੇ,
ਹਨੇਰੇ ਰਾਹਵਾਂ 'ਚ ਵੰਡੇਗੀ ਨੂਰ, ਇਕ ਦਿਨ।
ਇਹ ਕਾਫਲਾ, ਸਿਰਲੱਥ ਮਰਜੀਵੜਿਆਂ ਦਾ,
ਪਹੁੰਚੇਗਾ ਮੰਜ਼ਲ 'ਤੇ ਬਰ-ਜ਼ਰੂਰ, ਇਕ ਦਿਨ।

-ਚੰਨ
ਫੋਨ: 908-788-8427

### ਭਗਤ ਪੂਰਨ ਸਿੰਘ

ਤਿੰਨ ਸ਼ਬਦ ਉਹਦੇ ਨਾਮ ਦੇ
ਤਿੰਨੇ ਬੜੇ ਮਹਾਨ।
ਨੈਣ-ਨਕਸ਼ ਉਹਦੇ ਚਿਤਰਦੇ
ਜੀਵਨ ਕਰਨ ਬਿਆਨ।
ਨਿਸ਼ਕਾਮ ਕਰਮ ਦਾ ਸੂਰਮਾ,
ਨਾ ਤੱਕਿਆ ਲਾਭ ਤੇ ਹਾਨ।
ਗਿਆਨਵਾਨ ਇਨਸਾਨ ਸੀ
ਉਹ ਵੰਡਦਾ ਰਿਹਾ ਗਿਆਨ।

'ਭਗਤ' ਪਿਆਰਾ ਰੱਬ ਦਾ
ਸਭਨਾਂ ਦਾ ਸਾਂਝਾ ਸਭ ਦਾ।
ਇਹ ਸ਼ਬਦ ਉਹਦੇ 'ਤੇ ਢੁੱਕਦਾ
ਇਹ ਸ਼ਬਦ ਉਹਦੇ 'ਤੇ ਫੱਬਦਾ।
ਖਲਕਤ ਦੀ ਸੇਵਾ ਕਰਨ ਲਈ
ਦੁਖੀਏ ਰਿਹਾ ਉਹ ਲੱਭਦਾ।
ਯਤੀਮਾਂ ਗਰੀਬਾਂ ਅਪਾਹਜਾਂ ਨੂੰ,
ਦਿਸਿਆ ਸੀ ਰੂਪ ਉਹ ਰੱਬ ਦਾ।

ਅਜਨਬੀਆਂ ਨੂੰ ਜਾਣਦਾ
ਦੁਖੀਆਂ ਦੇ ਦੁੱਖ ਪਹਿਚਾਣਦਾ।
ਪਿਆਰੇ ਜਿਹੇ ਅਪਾਹਜਾਂ ਦਾ
ਦੁੱਖੜਾ ਸੀ ਉਹ ਜਾਣਦਾ।
ਕਰੀਚ ਨਹੀਂ ਨਫਰਤ ਨਹੀਂ,
ਬੱਸ ਪ੍ਰੇਮ ਨੂੰ ਸੀ ਮਾਣਦਾ।



ਰੂਹ ਸੀ ਉਹ ਭਗਤ ਦੀ,
ਰੂਪ ਸੀ ਇਨਸਾਨ ਦਾ।

'ਪੂਰਨ' ਸੀ ਉਹ ਏਸ ਲਈ
'ਪੂਰਨ' ਦੇ ਗੀਤ ਗਾਂਵਦਾ।
ਗੁਰਬਾਣੀ ਦੇ ਸੰਗ ਜੀਂਵਦਾ
ਗੁਰਬਾਣੀ ਦਾ ਰਸ ਪਾਂਵਦਾ।
ਗ੍ਰੰਥਾਂ ਨੂੰ ਉਹ ਸੀ ਵਾਚਦਾ,
ਪੁਸਤਕਾਂ ਤਾਈਂ ਸਰਾਂਹਵਦਾ।
ਵਿਦਿਆ ਦਾ ਪ੍ਰਸੰਸਕ ਸੀ,
ਸਭ ਲਈ ਵਿਦਿਆ ਚਾਂਹਵਦਾ।

ਮਨ ਬਚਨ ਕਰਮ ਦੇ ਮੇਲ ਦਾ
ਭੇਤ ਉਸ ਨੇ ਪਾ ਲਿਆ।
ਕਥਨੀ ਤੇ ਕਰਣੀ ਇਕ ਦਾ
ਰਾਹ ਉਸ ਨੇ ਅਪਨਾ ਲਿਆ।
ਖਲਕਤ ਦੀ ਸੇਵਾ ਵਿਚ ਹੀ
ਖਾਲਕ ਨੂੰ ਉਸ ਨੇ ਗਾ ਲਿਆ।
ਉਸ ਪਿੰਗਲਵਾੜਾ ਖੋਲ੍ਹ ਕੇ,
ਇਕ ਤੀਰਥ ਨਵਾਂ ਬਣਾ ਲਿਆ।

ਵਾਰਸ ਉਹ ਭਾਈ ਘਨਈਆ ਦਾ
'ਸਿੰਘ' ਸੀ ਉਹ ਕਰਮ ਦਾ।
ਦਇਆ ਧਰਮ ਦਾ ਮੂਲ ਹੈ,
ਮੂਲ ਅਪਨਾਇਆ ਧਰਮ ਦਾ।
ਹੱਥੀਂ ਗੰਦਗੀ ਚੁੱਕਦਾ
ਛੱਡ ਪੱਲਾ ਸੰਗ ਤੇ ਸ਼ਰਮ ਦਾ।
ਜ਼ਖਮਾਂ 'ਤੇ ਕਰਦਾ ਪੱਟੀਆਂ
ਡਰ ਨਹੀਂ ਸੀ ਕਿਸੇ ਵੀ ਜਰਮ ਦਾ।

ਰੁੱਖਾਂ ਜਿਹਾ ਦਰਵੇਸ਼ ਸੀ
ਰੁੱਖਾਂ ਨੂੰ ਰਿਹਾ ਪਿਆਰਦਾ।
ਕੁਦਰਤ ਦੇ ਪ੍ਰੇਮ ਵਿਚ
ਕਾਦਰ ਨੂੰ ਰਿਹਾ ਨਿਹਾਰਦਾ।
ਸਾਦਗੀ ਦੀ ਖੁਦ ਮੂਰਤ ਸੀ,
ਉਹ ਸੰਜਮ ਨੂੰ ਪ੍ਰਚਾਰਦਾ।
ਮੰਨੋ ਨਾ ਅੰਧ-ਵਿਸ਼ਵਾਸ,
ਸਾਰੀ ਉਮਰ ਰਿਹਾ ਪੁਕਾਰਦਾ।

-ਸੁਖਦੇਵ ਸਿੰਘ ਸ਼ਾਂਤ
ਫੋਨ: 317-406-0002

ਖੇਡ ਜਗਤ

# ਚਕਰ ਦੀ ਮਨਦੀਪ ਸੰਧੂ ਬਣੀ ਵਿਸ਼ਵ ਚੈਂਪੀਅਨ

ਪਿੰਡ ਚਕਰ ਦੀ ਮਨਦੀਪ ਕੌਰ ਸੰਧੂ 24 ਮਈ ਨੂੰ ਤੇਪਈ ਚੀਨ ਵਿਚ ਮੁੱਕੇਬਾਜ਼ੀ ਦੀ ਜੂਨੀਅਰ ਵਿਸ਼ਵ ਚੈਂਪੀਅਨ ਬਣ ਗਈ ਹੈ। ਇਸ ਨਾਲ ਭਾਰਤ, ਪੰਜਾਬ ਤੇ ਚਕਰ ਦਾ ਮਾਣ ਵਧਿਐ। ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਚਕਰ ਪੇਂਡੂ ਖੇਡ ਸਭਿਆਚਾਰ ਦਾ ਮਾਡਲ ਹੈ। 2006 ਵਿਚ ਸ਼ੁਰੂ ਹੋਈ ਇਸ ਅਕੈਡਮੀ ਦੇ ਖਿਡਾਰੀ ਬਿਨਾ ਕਿਸੇ ਸਰਕਾਰੀ ਸਹਾਇਤਾ ਦੇ 2015 ਤਕ ਸਟੇਟ ਪੱਧਰ ਦੇ 200 ਤੋਂ ਵੱਧ ਅਤੇ ਨੈਸ਼ਨਲ ਪੱਧਰ ਦੇ 25 ਤੋਂ ਵੱਧ ਮੈਡਲ ਜਿੱਤ ਚੁੱਕੇ ਹਨ। ਇਸ ਦਾ ਮੁੱਕੇਬਾਜ਼ ਸੁਖਦੀਪ ਚਕਰੀਆ ਭਾਰਤ ਦਾ ਨੈਸ਼ਨਲ ਚੈਂਪੀਅਨ ਹੈ ਜਿਸ ਤੋਂ ਅੰਤਰਰਾਸ਼ਟਰੀ ਪੱਧਰ 'ਤੇ ਤਮਗੇ ਜਿੱਤਣ ਦੀ ਆਸ ਹੈ। ਚਕਰ ਦੀਆਂ

**ਪ੍ਰਿੰ. ਸਰਵਣ ਸਿੰਘ**

ਤਿੰਨ ਧੀਆਂ ਕੌਮੀ ਪੱਧਰ 'ਤੇ ਜੇਤੂ ਰਹੀਆਂ ਤੇ ਕੌਮਾਂਤਰੀ ਮੁਕਾਬਲਿਆਂ ਵਿਚੋਂ 4 ਮੈਡਲ ਭਾਰਤ ਲਈ ਜਿੱਤੀਆਂ। ਹੁਣ ਤੇਪਈ ਦੀ ਮਹਿਲਾ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚ ਮਨਦੀਪ ਨੇ ਗੋਲਡ ਮੈਡਲ ਜਿੱਤਿਆ ਹੈ। ਅਣਗੌਲੇ ਪਿੰਡ ਚਕਰ ਤੇ ਉਥੋਂ ਦੀ ਸਪੋਰਟਸ ਅਕੈਡਮੀ ਨੂੰ ਉਮੀਦ ਹੈ ਕਿ ਹੁਣ ਪੰਜਾਬ ਸਰਕਾਰ ਚਕਰ ਵੱਲ ਧਿਆਨ ਦੇਵੇਗੀ।

ਅਕੈਡਮੀ ਦੇ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਕਿਸੇ ਵੀ ਦਿਨ ਕੋਈ ਵੀ ਖੇਡ ਅਧਿਕਾਰੀ ਆ ਕੇ ਵੇਖ ਲਵੇ, ਉਸ ਨੂੰ ਸੌ ਤੋਂ ਵੱਧ ਖਿਡਾਰੀ ਖੇਡ ਮੈਦਾਨਾਂ ਵਿਚ ਖੇਡਦੇ ਦਿਸਣਗੇ। ਕੋਈ ਫੁੱਟਬਾਲ ਖੇਡ ਰਿਹਾ ਹੋਵੇਗਾ, ਕੋਈ ਕਬੱਡੀ, ਕੋਈ ਅਥਲੈਟਿਕਸ ਕਰ ਰਿਹਾ ਹੋਵੇਗਾ ਤੇ ਦਰਜਨਾਂ ਬੱਚੇ ਮੁੱਕੇਬਾਜ਼ੀ ਦੀ ਸਿਖਲਾਈ ਲੈ ਰਹੇ ਹੋਣਗੇ।

ਚਕਰੀਏ ਹੁਣ ਮਾਣ ਨਾਲ ਦਸਦੇ ਹਨ ਕਿ ਉਹ ਚਾਨਣ ਮੁਨਾਰਾ ਬਣ ਰਹੇ ਚਕਰ ਦੇ ਵਾਸੀ ਹਨ ਜਿਨ੍ਹਾਂ ਨੇ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਹੀ ਸਪੋਰਟਸ ਅਕੈਡਮੀ ਚਲਾਈ, ਪਰਵਾਸੀਆਂ ਦੀ ਮਦਦ ਨਾਲ ਕਰੋੜ ਰੁਪਿਆ ਲਾ ਕੇ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨਵਿਆਈਆਂ, ਸਟੇਡੀਅਮ ਬਣਾਇਆ ਤੇ ਢਾਈ ਕਰੋੜ ਰੁਪਏ ਦੀ ਪੂੰਜੀ ਲਾ ਕੇ ਸੀਵਰੇਜ ਪਾਇਆ। ਦੋ ਕਰੋੜ ਰੁਪਏ ਖਰਚ ਕੇ ਚਾਰੇ ਅਗਵਾੜਾਂ ਦੀਆਂ ਨੌਂ ਸੱਥਾਂ ਨਵਿਆਈਆਂ, ਪਾਰਕ ਬਣਾਏ, ਨਵੀਆਂ ਇੱਟਾਂ ਨਾਲ ਗਲੀਆਂ ਪੱਕੀਆਂ ਕੀਤੀਆਂ ਅਤੇ ਗਲੀਆਂ, ਫਿਰਨੀ ਤੇ ਪਿੰਡ ਦੇ ਰਾਹਾਂ ਉਤੇ ਦਸ ਹਜ਼ਾਰ ਬੂਟੇ ਤੇ ਰੁੱਖ ਲਾਏ। ਦੂਰ ਨੇੜੇ ਦੇ ਲੋਕ ਆ ਕੇ ਵੇਖਦੇ ਹਨ ਕਿ ਇਹ ਕ੍ਰਿਸ਼ਮਾ ਹੋਇਆ ਕਿਵੇਂ?

ਇਹ ਕ੍ਰਿਸ਼ਮਾ ਕਰਨ ਵਿਚ ਪਿੰਡ ਦੇ ਹਰ ਮਾਈ-ਭਾਈ, ਬਾਲ-ਬੱਚੇ ਤੇ ਨੌਜੁਆਨ ਦਾ ਯੋਗਦਾਨ ਹੈ। ਕੈਨੇਡਾ ਤੋਂ ਆਏ ਮੌਰਗਿਨ ਕੇਵਨ ਨਾਂ ਦੇ ਇਕ ਗੋਰੇ ਨੇ ਇਕ ਕਰੋੜ ਰੁਪਿਆ ਦਾਨ ਦੇ ਕੇ ਕਿਹਾ ਕਿ ਮੈਂ ਚਕਰ ਦਾ ਨਾਗਰਿਕ ਅਖਵਾ ਕੇ ਖੁਸ਼ ਹਾਂ। ਸ਼ਾਮਲਾਟਾਂ ਰੋਕੀ ਬੈਠੇ ਭਰਾਵਾਂ ਨੇ ਸਾਂਝੀਆਂ ਥਾਂਵਾਂ ਆਪਣੇ ਆਪ ਛੱਡ ਦਿੱਤੀਆਂ। ਕਈਆਂ ਨੇ ਤਾਂ ਨਿਜੀ ਥਾਂਵਾਂ ਛੱਡ ਕੇ ਗਲੀਆਂ ਚੌੜੀਆਂ ਕਰਵਾਈਆਂ।

ਮੈਂ ਸਦਾ ਚਿਤਵਦਾ ਰਿਹਾਂ ਕਿ ਪੰਜਾਬ ਦੇ ਪਿੰਡਾਂ ਵਿਚ ਅਜਿਹਾ ਮਾਹੌਲ ਬਣੇ ਕਿ ਲੋਕ ਆਪਣੇ ਕਾਰਜ ਆਪਣੇ ਹੱਥੀਂ ਸਵਾਰਨ ਨਾ ਕਿ ਸਰਕਾਰਾਂ ਵੱਲ ਝਾਕੀ ਜਾਣ। ਪਿੰਡ ਚਕਰ ਦੇ ਵਿਕਾਸ ਵਿਚ ਪਰਵਾਸੀ ਭਰਾਵਾਂ ਦੇ ਸਹਿਯੋਗ ਨਾਲ ਦਸ ਕਰੋੜ ਰੁਪਏ ਤੋਂ ਵੱਧ ਲੱਗ ਚੁੱਕੇ ਹਨ ਜੋ ਦਿਸਦੇ ਹਨ। ਕਈ ਪਿੰਡਾਂ ਵਿਚ ਸਰਕਾਰੀ ਗਰਾਂਟਾਂ ਦੇ ਕਰੋੜਾਂ ਰੁਪਏ ਲੱਗੇ ਹਨ ਪਰ ਦਿੱਸਦੇ ਲੱਖਾਂ ਵੀ ਨਹੀਂ!

ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਕੈਨੇਡਾ ਵਸਦੇ ਸਿੱਧੂ ਭਰਾਵਾਂ ਅਜਮੇਰ ਸਿੰਘ ਤੇ ਬਲਦੇਵ ਸਿੰਘ ਦੀ ਦੇਣ ਹੈ। ਉਹ ਖੇਡਾਂ ਦੀ ਪ੍ਰਮੋਸ਼ਨ ਲਈ ਹਰ ਸਾਲ ਲੱਖਾਂ ਰੁਪਏ ਖਰਚਦੇ ਹਨ। ਅਕੈਡਮੀ ਵਿਚ ਦੋ ਸੌ ਤੋਂ ਵੱਧ ਬੱਚੇ ਖੇਡਾਂ ਦੀ ਸਿਖਲਾਈ ਲੈ ਰਹੇ ਹਨ ਜਿਨ੍ਹਾਂ ਲਈ ਤਿੰਨ ਕੋਚ ਰੱਖੇ ਹਨ। ਪ੍ਰੋ. ਬਲਵੰਤ ਸਿੰਘ ਸੰਧੂ ਅਕੈਡਮੀ ਦਾ ਕੋਆਰਡੀਨੇਟਰ ਹੈ ਤੇ ਸ. ਦਵਿੰਦਰ ਸਿੰਘ ਰਿਟਾਇਰਡ ਐਸ. ਪੀ. ਸਰਪ੍ਰਸਤ। ਕੋਚਾਂ ਨੂੰ ਮਾਣ ਭੱਤਾ, ਬੱਚਿਆਂ ਨੂੰ ਟ੍ਰੈਕ ਸੂਟ ਤੇ ਖੇਡਾਂ ਦਾ ਸਮਾਨ ਸਿੱਧੂ ਭਰਾਵਾਂ ਵਲੋਂ ਦਿੱਤਾ ਜਾ ਰਿਹੈ। ਉਨ੍ਹਾਂ ਨੇ ਐਲਾਨ ਕੀਤਾ ਹੋਇਐ ਕਿ ਇਸ ਅਕੈਡਮੀ ਦਾ ਕੋਈ ਖਿਡਾਰੀ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤੇ ਤਾਂ 50 ਲੱਖ ਰੁਪਏ, ਸਿਲਵਰ ਜਿੱਤੇ ਤਾਂ 30 ਲੱਖ, ਬਰਾਂਜ ਜਿੱਤੇ ਤਾਂ 20 ਲੱਖ ਤੇ ਜੇ




ਓਲੰਪਿਕ ਖੇਡਾਂ ਲਈ ਚੁਣਿਆ ਜਾਵੇ ਤਾਂ 10 ਲੱਖ ਰੁਪਏ ਦਾ ਇਨਾਮ ਦੇਣਗੇ।

ਮੈਂ ਜਦੋਂ ਚਕਰ ਜਾਂਦਾ ਹਾਂ ਤਾਂ ਵੇਖਦਾ ਹਾਂ ਕਿ ਸਵੇਰੇ ਸ਼ਾਮ ਬੀਹੀਆਂ ਵਿਚ ਬੱਚੇ ਅਕੈਡਮੀ ਦੇ ਟਰੈਕ ਸੂਟ ਪਾਈ ਸਟੇਡੀਅਮ ਵੱਲ ਜਾਂਦੇ ਹਨ ਤੇ ਖੇਡ ਮੈਦਾਨ ਵਿਚ ਕਸਰਤਾਂ ਤੇ ਖੇਡਾਂ ਦਾ ਅਭਿਆਸ ਕਰਦੇ ਹਨ। ਨਸ਼ਿਆਂ ਤੋਂ ਬਚੇ ਹੋਏ ਹਨ ਤੇ ਉਚੇ ਆਚਰਣ ਦੇ ਮਾਲਕ ਬਣ ਰਹੇ ਹਨ। ਜੇਕਰ ਪੰਜਾਬ ਦੇ ਸਾਰੇ ਪਿੰਡਾਂ ਵਿਚ ਹੀ ਅਜਿਹਾ ਮਾਹੌਲ ਬਣ ਜਾਵੇ ਤਾਂ ਪੰਜਾਬ ਕੀਹਦੇ ਲੈਣ ਦਾ ਹੈ? ਖੇਡ ਪ੍ਰਮੋਟਰਾਂ ਨੂੰ ਚਕਰ ਵਰਗੀਆਂ ਖੇਡ ਅਕੈਡਮੀਆਂ ਸਥਾਪਿਤ ਕਰਨੀਆਂ ਚਾਹੀਦੀਆਂ ਹਨ ਜਿਥੇ ਇਕ ਦੋ ਦਿਨ ਦੇ ਕਬੱਡੀ ਟੂਰਨਾਮੈਂਟ ਕਰਾਉਣ ਦੀ ਥਾਂ ਸਾਰਾ ਸਾਲ ਖੇਡਾਂ ਚੱਲਣ। ਪੰਜਾਬ ਨੂੰ ਨਸ਼ਿਆਂ ਦੀ ਲਾਹਨਤ ਤੋਂ ਇੰਜ ਹੀ ਬਚਾਇਆ ਜਾ ਸਕਦੈ।

ਸ਼ੇਰੇ ਪੰਜਾਬ ਅਕੈਡਮੀ ਚਕਰ ਦੀਆਂ ਸ਼ੇਰਨੀਆਂ: 2015 ਦੇ ਜਨਵਰੀ ਮਹੀਨੇ ਸਰਬੀਆ ਵਿਚ ਹੋਏ ਚੌਥੇ ਇੰਟਰਨੈਸ਼ਨਲ ਜੂਨੀਅਰ ਮੁੱਕੇਬਾਜ਼ੀ ਕੱਪ ਵਿਚ ਇਸ ਦੀਆਂ ਦੋ ਮੁੱਕੇਬਾਜ਼ਾਂ ਨੇ ਭਾਰਤ ਲਈ ਦੋ ਤਮਗੇ ਜਿੱਤੇ ਸਨ। ਸੀਨੀਅਰ ਸਰਕਾਰੀ ਸਕੂਲ ਚਕਰ ਵਿਚ ਪੜ੍ਹਦੀਆਂ ਮਨਦੀਪ ਕੌਰ ਸੰਧੂ ਨੇ ਸੋਨੇ ਤੇ ਹਰਪ੍ਰੀਤ ਕੌਰ ਸਿੱਧੂ ਨੇ ਚਾਂਦੀ ਦੇ ਮੈਡਲ ਹਾਸਲ ਕੀਤੇ ਸਨ। ਇਹ ਦੋਵੇਂ ਕੁੜੀਆਂ ਸਾਧਾਰਨ ਕਿਸਾਨ ਘਰਾਂ ਦੀਆਂ ਜੰਮਪਲ ਹਨ ਜਿਨ੍ਹਾਂ ਦੇ ਮਾਪੇ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ।

ਸ਼ੇਰੇ ਪੰਜਾਬ ਅਕੈਡਮੀ ਸਰਕਾਰੀ ਸਰਪ੍ਰਸਤੀ ਤੋਂ ਵਾਂਝੀ ਹੀ ਖਿਡਾਰੀਆਂ ਦੀ ਪਨੀਰੀ ਤਿਆਰ ਕਰਦੀ ਆ ਰਹੀ ਹੈ। ਇਸ ਨੂੰ ਕੈਨੇਡਾ ਵਿਚ ਰਹਿੰਦੇ ਚਕਰ ਦੇ ਮਸੀਹੇ ਅਜਮੇਰ ਸਿੰਘ ਸਿੱਧੂ ਤੇ ਬਲਦੇਵ ਸਿੰਘ ਸਿੱਧੂ, ਚਕਰ ਦੇ ਪੜ੍ਹੇ ਲਿਖੇ ਨੌਜੁਆਨ ਡਾ. ਬਲਵੰਤ ਸਿੰਘ ਸੰਧੂ ਦੀ ਨਿਗਰਾਨੀ ਹੇਠ ਚਲਾ ਰਹੇ ਹਨ। ਅਜਮੇਰ ਸਿੰਘ ਦਾ ਪਿੱਛੇ ਜਿਹੇ ਦਿਹਾਂਤ ਹੋ ਗਿਆ ਜਿਸ ਦਾ ਅਕੈਡਮੀ ਤੇ ਪਿੰਡ ਚਕਰ ਨੂੰ ਵੱਡਾ ਸਦਮਾ ਲੱਗਾ।

ਮੁੱਕੇਬਾਜ਼ੀ ਵਰਗੀ ਜੁਝਾਰੂ ਖੇਡ ਵਿਚ ਚਕਰ ਦੀਆਂ ਸ਼ੇਰਨੀਆਂ ਨੇ ਪੰਜਾਬ, ਭਾਰਤ ਤੇ ਕੌਮਾਂਤਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਹਨ। ਅਕੈਡਮੀ ਦੀ ਪਹਿਲੀ ਮੁੱਕੇਬਾਜ਼ ਸ਼ਵਿੰਦਰ ਕੌਰ 2012 ਦੀ ਜੂਨੀਅਰ ਨੈਸ਼ਨਲ ਬਾਕਸਿੰਗ ਚੈਂਪੀਅਨ ਬਣੀ ਤੇ ਭਾਰਤ ਦੀ ਸਰਬੋਤਮ ਮੁੱਕੇਬਾਜ਼ ਐਲਾਨੀ ਗਈ। ਉਹ ਭਾਰਤੀ ਟੀਮ ਦੀ ਮੈਂਬਰ ਬਣ ਕੇ ਸ੍ਰੀ ਲੰਕਾ ਦਾ ਬਾਕਸਿੰਗ ਕੱਪ ਖੇਡੀ। ਸੁਖਦੀਪ ਚਕਰੀਆ ਨੈਸ਼ਨਲ ਚੈਂਪੀਅਨ ਬਣਿਆ ਤੇ ਦੇਸ਼ ਦਾ ਸਰਬੋਤਮ ਮੁੱਕੇਬਾਜ਼ ਐਲਾਨਿਆ ਗਿਆ ਜੋ ਤਿੰਨ ਸਾਲਾਂ ਤੋਂ ਭਾਰਤ ਵਲੋਂ ਕੌਮਾਂਤਰੀ ਮੁਕਾਬਲੇ ਲੜ ਰਿਹੈ। ਉਸ ਦੀ ਭੈਣ ਪਰਮਿੰਦਰ ਕੌਰ ਇੰਟਰਵਰਸਿਟੀ ਚੈਂਪੀਅਨ ਬਣੀ ਤੇ ਕੌਮੀ ਪੱਧਰ 'ਤੇ ਮੈਡਲ ਜਿੱਤ ਰਹੀ ਹੈ। ਸ਼ਵਿੰਦਰ ਕੌਰ ਨੇ ਵੀ ਨੈਸ਼ਨਲ ਪੱਧਰ 'ਤੇ ਮੱਲਾਂ ਮਾਰੀਆਂ। ਅਮਨਦੀਪ ਕੌਰ ਪੰਜਾਬ ਦੀ ਚੈਂਪੀਅਨ ਬਣੀ ਤੇ ਸੀਨੀਅਰ ਨੈਸ਼ਨਲ ਵਿਚ ਜਿੱਤ ਮੰਚ 'ਤੇ ਚੜ੍ਹੀ।

ਅਮਨਦੀਪ ਦੀ ਛੋਟੀ ਭੈਣ ਸਿਮਰਨਜੀਤ ਕੌਰ ਨੈਸ਼ਨਲ ਚੈਂਪੀਅਨ ਬਣਨ ਉਪਰੰਤ 2013 ਵਿਚ 'ਦੂਜੀ ਗੋਲਡਨ ਗਲੱਵਜ਼ ਇੰਟਰਨੈਸ਼ਨਲ ਯੂਥ ਬਾਕਸਿੰਗ ਚੈਂਪੀਅਨਸ਼ਿਪ' ਖੇਡਣ ਸਰਬੀਆ ਗਈ। ਸਤੰਬਰ 2013 ਵਿਚ ਉਸ ਨੇ ਬੁਲਗਾਰੀਆ ਵਿਚ 'ਯੂਥ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ' ਵਿਚੋਂ ਬਰਾਂਜ ਮੈਡਲ ਜਿੱਤਿਆ। ਉਥੇ ਤੇਤੀ ਦੇਸ਼ਾਂ ਦੀਆਂ ਮੁੱਕੇਬਾਜ਼ ਪਹੁੰਚੀਆਂ ਸਨ। ਭਾਰਤ ਦੇ ਦੋ ਮੈਡਲਾਂ ਵਿਚੋਂ ਇਕ ਮੈਡਲ ਚਕਰ ਅਕੈਡਮੀ ਦਾ ਸੀ। ਪੰਜਾਬ ਸਰਕਾਰ ਨੇ ਕਬੱਡੀ ਦੀਆਂ ਖਿਡਾਰਨਾਂ ਨੂੰ ਤਾਂ ਕਾਰਾਂ ਤਕ ਦੇ ਇਨਾਮ ਦਿੱਤੇ ਪਰ ਵਰਲਡ ਬਾਕਸਿੰਗ ਵਿਚ ਤੀਜਾ ਸਥਾਨ ਹਾਸਲ ਕਰਨ ਵਾਲੀ ਚਕਰ ਦੀ ਸ਼ੇਰਨੀ ਨੂੰ ਕੁਝ ਵੀ ਨਾ ਦੇ ਸਕੀ।

ਜਿਸ ਮਨਦੀਪ ਕੌਰ ਨੇ ਪਹਿਲਾਂ ਸਰਬੀਆ ਤੇ ਹੁਣ ਤੇਪਈ ਵਿਚ ਗੋਲਡ ਮੈਡਲ ਜਿੱਤਿਆ ਹੈ, ਅਜੇ ਬਾਰ੍ਹਵੀਂ 'ਚ ਪੜ੍ਹਦੀ ਹੈ। ਉਸ ਤੋਂ ਵੱਡੀਆਂ ਆਸਾਂ ਹਨ। ਉਹ ਤੀਜੀ ਜਮਾਤ 'ਚ ਪੜ੍ਹਦਿਆਂ ਹੀ ਸ਼ੇਰੇ ਪੰਜਾਬ ਅਕੈਡਮੀ ਵਿਚ ਟ੍ਰੇਨਿੰਗ ਲੈਣ ਲੱਗ ਪਈ ਸੀ। ਉਹ ਤਿੰਨ ਵਾਰ ਨੈਸ਼ਨਲ ਚੈਂਪੀਅਨ ਬਣੀ ਤੇ ਉਸ ਦੀ ਚੋਣ 2020 ਵਿਚ ਹੋਣ ਜਾ ਰਹੀਆਂ ਉਲੰਪਿਕ ਖੇਡਾਂ ਦੀ ਸੰਭਾਵਤ ਮੁੱਕੇਬਾਜ਼ ਵਜੋਂ ਹੋ ਚੁੱਕੀ ਹੈ। ਸਰਬੀਆ ਤੋਂ ਚਾਂਦੀ ਦਾ ਤਮਗਾ ਜਿੱਤਣ ਵਾਲੀ ਹਰਪ੍ਰੀਤ ਕੌਰ ਵੀ ਏਸ਼ੀਅਨ ਤੇ ਕਾਮਨਵੈਲਥ ਖੇਡਾਂ ਦਾ ਮੈਡਲ ਜਿੱਤਣ ਵਾਲੀ ਮੁੱਕੇਬਾਜ਼ ਬਣ ਸਕਦੀ ਹੈ। ਨੈਸ਼ਨਲ ਪੱਧਰ 'ਤੇ ਚਾਂਦੀ ਦਾ ਤਮਗਾ ਜਿੱਤਣ ਵਾਲੀ ਮਨਪ੍ਰੀਤ ਕੌਰ ਤੇ ਹੋਣਹਾਰ ਮੁੱਕੇਬਾਜ਼ ਮੁਸਕਾਨ ਸਿੱਧੂ ਤੋਂ ਵੀ ਬੜੀਆਂ ਆਸਾਂ ਹਨ।

Syan Video Production, Inc.
ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ
ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ
Professional HD Video & Digital Photo Production
Multiple Camera shooting/Digital Still Photography (with flush mount album)
Live Video Display With Large Screens
DJ Service with Laser Lights

ਰਾਜਿੰਦਰ ਸਿੰਘ
Call Toll Free:
1-800-RAJ-SYAN
(with 17 years Experienced)
Call:734-261-0936
734-890-1767
e-mail: raj@syanvideo.com
visit at: www.syanvideo.com

Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ

24 ਘੰਟੇ ਖੁੱਲ੍ਹਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536

# ਮੀਂਹ ਦੇ ਬਾਵਜੂਦ ਖੂਬ ਭਰਿਆ ਮਿਡਵੈਸਟ ਕਲੱਬ ਦਾ ਖੇਡ ਮੇਲਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਸਥਾਨਕ ਖੇਡ ਸੰਸਥਾ ਪੰਜਾਬ ਸਪੋਰਟਸ ਕਲੱਬ ਮਿਡਵੈਸਟ ਵਲੋਂ ਇਥੇ ਬਸੀ ਵੁਡਜ਼ ਐਲਕ ਗਰੂਵ ਵਿਚ ਲੰਘੀ 24 ਮਈ ਨੂੰ ਖੇਡ ਤੇ ਸਭਿਆਚਾਰਕ ਮੇਲਾ ਕਰਵਾਇਆ ਗਿਆ। ਇਸ ਮੇਲੇ ਦੌਰਾਨ ਜਿਥੇ ਕਬੱਡੀ ਅਤੇ ਵਾਲੀਬਾਲ ਦੇ ਮੁਕਾਬਲੇ ਹੋਏ, ਉਥੇ ਲੋਕ ਗਾਇਕਾਂ ਨੇ ਗੀਤ-ਸੰਗੀਤ ਦੀਆਂ ਲਹਿਰਾਂ ਵੀ ਲਾਈਆਂ। ਖਾਣ-ਪੀਣ ਦਾ ਵੀ ਖੁੱਲ੍ਹਾ ਪ੍ਰਬੰਧ ਸੀ।



ਕਬੱਡੀ ਮੁਕਾਬਲਾ ਦੋਆਬਾ ਸਪੋਰਟਸ ਕਲੱਬ ਅਤੇ ਯੰਗ ਸਪੋਰਟਸ ਕਲੱਬ ਵਿਚਾਲੇ ਹੋਇਆ। ਇਸ ਮੁਕਾਬਲੇ ਵਿਚ ਦੋਆਬਾ ਸਪੋਰਟਸ ਕਲੱਬ ਯੰਗ ਸਪੋਰਟਸ ਕਲੱਬ ਨੂੰ 37 ਦੇ ਮੁਕਾਬਲੇ ਸਾਢੇ 38 ਅੰਕਾਂ ਨਾਲ ਹਰਾ ਕੇ ਜੇਤੂ ਰਿਹਾ। ਮੈਚ ਦੇ ਅੱਧੇ ਸਮੇਂ ਤੱਕ ਦੋਆਬਾ ਸਪੋਰਟਸ ਕਲੱਬ ਦੇ 21 ਅਤੇ ਯੰਗ ਸਪੋਰਟਸ ਕਲੱਬ ਦੇ ਸਾਢੇ 17 ਅੰਕ ਸਨ। ਕਬੱਡੀ ਦਾ ਪਹਿਲਾ ਇਨਾਮ ਪ੍ਰੀਤ ਬ੍ਰਦਰਜ਼ ਵਲੋਂ ਆਪਣੇ ਸਵਰਗਵਾਸੀ ਦਾਦਾ ਹਰਦਮ ਸਿੰਘ ਮਾਨ ਦੀ ਯਾਦ ਵਿਚ ਸੀ ਜਦਕਿ ਦੂਜਾ ਇਨਾਮ ਬੱਬੂ ਧਾਮੀ (ਪਿੰਡ ਧਾਮੀਆਂ ਕਲਾਂ) ਨੇ ਸਪਾਂਸਰ ਕੀਤਾ।

ਦੋਆਬਾ ਸਪੋਰਟਸ ਕਲੱਬ ਦੇ ਧਾਵੀਆਂ ਅਨੂਪ ਸਿੰਘ, ਮਿੰਟਾ, ਰਾਹੁਲ ਮਿਲਵਾਕੀ, ਹੈਪੀ ਮਿਲਵਾਕੀ, ਨਵੀ ਭੁਲਰ ਅਤੇ ਜਾਫੀਆਂ ਰਾਣਾ ਭੰਡਾਲ, ਜੋਧੇ ਸੋਢੀ, ਰਾਜਾ ਤਲਣ ਅਤੇ ਸੰਨੀ ਮਿਸ਼ੀਗਨ ਨੇ ਸ਼ਾਨਦਾਰ ਖੇਡ ਦਿਖਾਈ। ਯੰਗ ਸਪੋਰਟਸ ਕਲੱਬ ਵਲੋਂ ਜਾਫੀਆਂ ਕਾਲਾ ਨੀਲੋਂ, ਸੁਖਦੀਪ, ਵਿੱਕੀ, ਉਂਕਾਰ, ਕਾਲਾ ਪੱਡਾ, ਅਤੇ ਧਾਵੀ ਰੰਮੀ, ਬਲਜਿੰਦਰ ਨੀਲੋਂ ਅਤੇ ਗੌਰੀ ਵਧੀਆ ਰਹੇ। ਅੰਕ ਰਘਵਿੰਦਰ ਸਿੰਘ ਮਾਹਲ ਨੇ ਨੋਟ ਕੀਤੇ ਅਤੇ ਰੈਫਰੀ ਡਾ. ਹਰਜਿੰਦਰ ਸਿੰਘ ਖਹਿਰਾ ਤੇ ਰਾਜਾ ਸਨ।

ਵਾਲੀਵਾਲ ਮੈਚਾਂ ਦੌਰਾਨ ਖਿਡਾਰੀ ਬਰਸਾਤ ਦੀ ਪ੍ਰਵਾਹ ਕੀਤੇ ਬਿਨਾ ਨਿਰਵਿਘਨ ਆਪਣੇ ਖੇਲ ਵਿਚ ਮਗਨ ਰਹੇ। ਵਾਲੀਬਾਲ ਮੈਚਾਂ ਵਿਚ ਸ਼ਿਕਾਗੋ ਦੀ ਟੀਮ ਪਹਿਲੇ ਅਤੇ ਮਿਲਵਾਕੀ ਦੀ ਟੀਮ ਦੂਜੇ ਨੰਬਰ 'ਤੇ ਰਹੀ। ਵਾਲੀਬਾਲ ਦਾ ਪਹਿਲਾ ਇਨਾਮ ਜੈਸੀ ਸਿੰਘ (ਰੀਮੈਕਸ) ਅਤੇ ਦੂਜਾ ਹਰਜੀਤ ਸਿੰਘ ਗਿੱਲ ਵਲੋਂ ਸੀ।

ਗੁਰੂ ਕੈਟਰਿੰਗ ਵਾਲਿਆਂ ਨੇ ਚਿੱਟੇ ਛੋਲੇ-ਭਠੂਰੇ ਪਰੋਸੇ ਜਿਸ ਦਾ ਮੇਲੀਆਂ ਨੇ ਖੂਬ ਅਨੰਦ ਮਾਣਿਆ। ਇਸ ਤੋਂ ਇਲਾਵਾ ਚਿੱਲੀ-ਚਿਕਨ, ਨਾਨ, ਦਹੀਂ-ਪਰੌਂਠੇ ਵੀ ਪਰੋਸੇ ਗਏ। ਗਰਮਾ-ਗਰਮ ਚਾਹ ਪਕੌੜੇ ਤੇ ਤਾਜੀਆਂ ਜਲੇਬੀਆਂ ਤੇ ਗੁੜਪਾਰੇ ਦਰਸ਼ਕਾਂ ਦੇ ਖਾਣ ਲਈ ਸਾਰਾ ਦਿਨ ਹਾਜਰ ਸਨ। ਪੀਣ ਲਈ ਪਾਣੀ ਦੀਆਂ ਬੋਤਲਾਂ ਵਾਧੂ ਸਨ। ਜੇ ਕੋਈ ਕਸਰ ਬਾਕੀ ਸੀ ਤਾਂ ਉਹ ਬਰਸਾਤ ਦੇ ਪਾਣੀ ਨੇ ਪੂਰੀ ਕਰਨ ਲਈ ਆਲਾ-ਦੁਆਲਾ ਜਲ-ਥਲ ਕੀਤਾ ਹੋਇਆ ਸੀ। ਮੂੰਹ ਕੌੜਾ ਕਰਨ ਦੇ ਸ਼ੌਕੀਨ ਕਾਰਾਂ ਦੁਆਲੇ ਘੇਰਾ ਘੱਤੀ ਖੜ੍ਹੇ ਸਨ। ਬੱਚਿਆਂ ਲਈ ਮੂਨ ਵਾਕ ਸੀ ਜਿਸ ਵਿਚ ਕਈ ਬੱਚੇ ਮੀਂਹ-ਕਣੀ ਤੋਂ ਬੇਪ੍ਰਵਾਹ ਖਰਮਸਤੀਆਂ ਕਰਦੇ ਮੇਲੇ ਦਾ ਅਨੰਦ ਲੈ ਰਹੇ ਸਨ।

ਇਸ ਮੌਕੇ ਸਥਾਨਕ ਪਤਵੰਤੇ ਅਤੇ ਸਭਿਆਚਾਰਕ ਸੰਸਥਾ ਪੀ ਐਚ ਓ ਦੇ ਬਾਨੀ ਮੈਂਬਰ ਸਤਨਾਮ ਸਿੰਘ ਔਲਖ ਦੀ ਦੋਹਾਂ ਵਿਸ਼ਵ ਜੰਗਾਂ ਵਿਚ ਸਿੱਖ ਫੌਜੀਆਂ ਦੀਆਂ ਕੁਰਬਾਨੀਆਂ ਬਾਰੇ ਪੁਸਤਕ 'ਸਿੱਖ ਵਾਰੀਅਰਜ਼ ਆਫ ਵਰਲਡ ਵਾਰਜ਼' ਰਿਲੀਜ਼ ਕੀਤੀ ਗਈ। ਇਸ ਲਈ ਇਕ ਵੱਖਰੇ ਟੈਂਟ ਦਾ ਇੰਤਜ਼ਾਮ ਸੀ। ਪੁਸਤਕ ਰਿਲੀਜ਼ ਕਰਨ ਦੀ ਰਸਮ ਕਰਨਲ ਨਿਰਮਲ ਸਿੰਘ ਸਿੰਘਾ, ਕਰਨਲ ਰਣਜੀਤ ਸਿੰਘ ਢਿੱਲੋਂ ਅਤੇ ਕਰਨਲ ਗੁਰਮੁਖ ਸਿੰਘ ਨੇ ਨਿਭਾਈ। ਟੈਂਟ ਵਿਚ ਇਸ ਸਮੇਂ ਪਰਮਿੰਦਰ ਸਿੰਘ ਮਾਂਗਟ, ਹਰਦਿਆਲ ਸਿੰਘ ਦਿਉਲ, ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਸ਼ਿਵਚਰਨ ਸਿੰਘ ਘੁਮਾਣ, ਗੁਰਦੀਪ ਸਿੰਘ ਸੰਘਾ, ਜੈਦੇਵ ਸਿੰਘ ਭੱਠਲ, ਮਿੱਕੀ ਕਾਹਲੋਂ, ਬਾਬ ਸੰਧੂ, ਡਾ. ਰਛਪਾਲ ਸਿੰਘ ਬਾਜਵਾ, ਜੈਰਾਮ ਸਿੰਘ ਕਾਹਲੋਂ ਤੇ ਜਸਬੀਰ ਕੌਰ ਮਾਨ ਹਾਜ਼ਰ ਸਨ। ਜਸਬੀਰ ਕੌਰ ਮਾਨ ਨੇ ਸਤਨਾਮ ਸਿੰਘ ਔਲਖ ਦੇ ਸਮਾਜ-ਸੇਵੀ ਕੰਮਾਂ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਸਤਨਾਮ ਸਿੰਘ ਔਲਖ (ਫੋਨ: 847-526-1520) ਨੇ ਆਪਣੀ ਕਿਤਾਬ ਬਾਰੇ ਚਾਨਣਾ ਪਾਇਆ। ਟੈਂਟ ਵਿਚ ਸਰਹੱਦ 'ਤੇ ਖੜੇ ਫੌਜੀ ਜਵਾਨਾਂ ਵਲੋਂ ਦੁਸ਼ਮਣ ਦਾ ਮੋਰਚਾ ਜਿਤਣ 'ਤੇ ਜਸ਼ਨ ਮਨਾਉਣ ਵਰਗਾ ਮਾਹੌਲ ਸੀ। ਸਰਹੱਦਾਂ ਦੇ ਰਖਵਾਲੇ ਰਹਿ ਚੁਕੇ ਇਹ ਰਿਟਾਇਰਡ ਫੌਜੀ ਅਫਸਰ ਜੰਗ-ਏ-ਮੈਦਾਨ ਦੇ ਤਜਰਬੇ ਤੇ ਵਿਸ਼ਵ ਯੁਧਾਂ ਬਾਰੇ ਆਪੋ ਆਪਣੇ ਵਿਚਾਰ ਸਾਂਝੇ ਕਰ ਜੋਸ਼ ਨਾਲ ਭਰੇ ਆਪਣਾ ਹੀ ਫੌਜੀ ਮੇਲਾ ਲਾਈ ਬੈਠੇ ਵਿਲਖਣ ਮੇਲੀ ਜਾਪਦੇ ਸਨ। ਇਸ ਮੌਕੇ ਲਿਆਂਦੀਆਂ ਗਈਆਂ ਸਾਰੀਆਂ ਪੁਸਤਕਾਂ ਝੱਟ ਹੀ ਹੱਥੋ-ਹੱਥੀ ਵਿਕ ਗਈਆਂ। ਲੇਖਕ ਸ. ਔਲਖ ਅਨੁਸਾਰ ਪੁਸਤਕਾਂ ਦੀ ਵਿਕਰੀ ਤੋਂ ਇਕੱਠਾ ਹੋਇਆ ਪੈਸਾ ਸਰਹੱਦੀ ਇਲਾਕਿਆਂ ਵਿਚ ਲੋਕ ਭਲਾਈ ਦੇ ਕੰਮਾਂ ਉਪਰ ਖਰਚ ਕੀਤਾ ਜਾਵੇਗਾ।














*ਸਤਨਾਮ ਸਿੰਘ ਔਲਖ, ਅਤੇ ਉਨ੍ਹਾਂ ਦੀ ਕਿਤਾਬ ਰਿਲੀਜ਼ ਕਰਦੇ ਹੋਏ ਪਤਵੰਤੇ ਸੱਜਣ*

ਲੋਕ ਗਾਇਕੀ ਦੇ ਇਕ ਰੰਗਾਰੰਗ ਪ੍ਰੋਗਰਾਮ ਨੇ ਮੇਲੇ ਦਾ ਸੁਆਦ ਕਈ ਗੁਣਾ ਵਧਾ ਦਿੱਤਾ। ਇਸ ਦੀ ਸ਼ੁਰੂਆਤ ਜੱਸੀ ਸੋਹਲ ਨੇ ਕੀਤੀ। ਉਸ ਨੇ ਗੀਤ 'ਸੋਹਣਿਆਂ ਨਾਲ ਧੋਖਾ ਨਹੀਂ ਕਮਾਈਦਾ' ਤੋਂ ਪਿਛੋਂ 'ਕੰਮ ਤੀਰ ਤੁੱਕੇ ਨਾਲ ਚਲਦਾ' ਅਤੇ 'ਇਹੋ ਜਿਹੇ ਮੇਲੇ ਲਿਆਈਂ ਵੇ' ਆਦਿ ਗੀਤਾਂ ਨਾਲ ਹਾਜਰੀ ਲਵਾਈ।

ਦੀਪ ਢਿੱਲੋਂ ਤੇ ਜੱਸੀ ਜੈਸਮੀਨ ਨੇ ਕਬੱਡੀ ਨੂੰ ਸਮਰਪਿਤ ਡਿਊਟ 'ਮਾਰ ਸੋਹਣਿਆਂ ਕੈਂਚੀ' ਨਾਲ ਸ਼ੁਰੂਆਤ ਕੀਤੀ। ਮੀਂਹ ਨੇ ਸਾਊਂਡ ਸਿਸਟਮ 'ਤੇ ਵੀ ਆਪਣਾ ਦਬਦਬਾ ਬਣਾਈ ਰੱਖਿਆ। ਮਾਈਕ ਵਿਚ ਵਿਚ ਖਰਾਬ ਹੋਣ ਕਰਕੇ ਦੋਵਾਂ ਗਾਇਕਾਂ ਨੂੰ ਇਕੋ ਹੀ ਮਾਈਕ ਨਾਲ ਕੰਮ ਚਲਾਉਣਾ ਪਿਆ। ਦੀਪ ਢਿੱਲੋਂ ਨੂੰ ਵੀ ਕਹਿਣਾ ਪਿਆ, 'ਜੱਟ ਨੇ ਜਿਥੇ ਝੋਨਾ ਲਾਉਣਾ ਹੋਵੇ, ਉਥੇ ਮੀਂਹ ਨਹੀਂ ਪੈਂਦਾ, ਇਥੇ ਪੈਣੋਂ ਨ੍ਹੀਂ ਹਟਦਾ।' ਉਨ੍ਹਾਂ ਦਾ ਅਗਲਾ ਗੀਤ 'ਰੇਸ਼ਮੀ ਰੁਮਾਲ ਸਾਂਭ ਸਾਂਭ ਰਖਦਾ' ਸੀ। ਨੂੰਹ-ਸੱਸ ਦੇ ਰਿਸ਼ਤੇ ਬਾਰੇ ਇਕ ਗੀਤ ਪੇਸ਼ ਕੀਤਾ।

ਦੀਪ ਢਿੱਲੋਂ ਨੇ ਦਰਸ਼ਕਾਂ ਨੂੰ ਯਾਦ ਦਿਵਾਇਆ ਕਿ ਅਜ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ ਹੈ, 'ਮਰ ਜਾਂਦੇ ਜੋ ਦੇਸ਼ ਲਈ ਹਮੇਸ਼ਾ ਜਿਉਂਦੇ ਰਹਿੰਦੇ ਨੇ।' ਫਿਰ ਜੈਸਮੀਨ ਨਾਲ ਹਾਸਾ-ਠੱਠਾ ਕਰਦਿਆਂ ਤੇਜ ਬੀਟ ਵਾਲਾ ਗੀਤ 'ਨੱਚ ਲੈ ਹਾਣ ਦੀਏ, ਦੇ ਕੇ ਸ਼ੌਕ ਦਾ ਗੇੜਾ' ਪੇਸ਼ ਕੀਤਾ। ਪੰਜਾਬ ਦੇ ਸਾਰੇ ਸ਼ਹਿਰਾਂ ਨੂੰ ਇਕ ਲੜੀ ਵਿਚ ਪਰੋ ਕੇ ਉਨ੍ਹਾਂ ਦੀਆਂ ਖੂਬੀਆਂ ਗਿਣਾਉਂਦਿਆਂ ਗੀਤ ਹਾਜ਼ਰ ਕੀਤਾ, 'ਚੰਡੀਗੜ੍ਹ ਵਰਗਾ ਹੁਸਨ ਕੋਈ ਨਾ।' ਮਸਤੀ ਭਰਿਆ ਗੀਤ ਸੀ, 'ਮੈਂ ਨਹੀਂ ਪੀਂਦਾ, ਧੱਕੇ ਨਾਲ ਪਿਲਾਉਂਦੇ ਮੈਨੂੰ ਨੀ।' ਟਰੱਕਰ ਵੀਰਾਂ ਲਈ ਗੀਤ ਸੀ, 'ਦਿਨ ਰਾਤ ਟਰੱਕ ਚਲਾਵਾਂ ਤੂੰ ਵਿਹਲਾ ਦਸਦੀ ਨੀ...।'

ਗਾਇਕੀ ਦੇ ਦੌਰ ਨੂੰ ਅਗੇ ਵਧਾਉਂਦਿਆਂ ਜਸਵਿੰਦਰ ਬਰਾੜ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਹਰ ਗੀਤ ਨਾਲ ਸ਼ੇਅਰੋ-ਸ਼ਇਰੀ ਨਾਲ ਸ਼ਿੰਗਾਰਦਿਆਂ ਬਹੁਤੇ ਗੀਤ ਲੋਕ ਸਭਿਆਚਾਰ, ਲੋਕ-ਤੱਥ ਦੇ ਆਧਾਰ ਉਤੇ ਇਕ ਸੰਗੀਤਕ ਇਕਾਂਗੀ ਸ਼ੈਲੀ ਵਿਚ ਪੇਸ਼ ਕਰਕੇ ਦਰਸ਼ਕਾਂ ਨੂੰ ਕੀਲੀ ਰੱਖਿਆ। ਜਸਵਿੰਦਰ ਨੇ ਸ਼ੁਰੂਆਤ ਸਟੇਜ ਨੂੰ ਸਜਦਾ ਕਰਦਿਆਂ ਗੀਤ 'ਤੇਰੀ ਰਜ਼ਾ ਤੋਂ ਬਿਨਾ ਪੱਤਾ ਨਹੀਂ ਹਿਲਦਾ' ਅਤੇ 'ਸਤਿਗੁਰ ਤੁਮਰੇ ਕਾਜ ਸਵਾਰੇ' ਸ਼ਬਦਾਂ ਨਾਲ ਵਾਹਿਗੁਰੂ ਨੂੰ ਨਮੋ ਕਰਕੇ ਕੀਤੀ।

ਉਪਰੰਤ 'ਗਿੱਧੇ ਵਿਚ ਗਿੱਧਾ ਪੰਜਾਬ ਦਾ' ਅਤੇ ਕਬੱਡੀ ਦਾ ਗੀਤ 'ਖੇਡਾਂ ਵਿਚ ਖੇਡ ਕਬੱਡੀ, ਜਫਾ 'ਕੱਲੇ 'ਕੱਲੇ ਦਾ', 'ਜੁੱਤੀ ਕਸੂਰੀ...ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ', ਇੰਤਜ਼ਾਰ ਦਾ ਗੀਤ 'ਇਹ ਨਾ ਗੱਲਾਂ ਚੰਗੀਆਂ' ਆਦਿ ਇਕ ਪਿਛੋਂ ਇਕ ਕਈ ਗੀਤ ਦਰਸ਼ਕਾਂ/ਸਰੋਤਿਆਂ ਦੀ ਨਜ਼ਰ ਕੀਤੇ।

ਆਮ ਤੌਰ 'ਤੇ ਲੋਕ ਗੀਤ 'ਛੱਲੇ' ਨੂੰ ਉਂਗਲੀ ਦਾ ਛੱਲਾ ਹੀ ਸਮਝਿਆ ਜਾਂਦਾ ਹੈ ਪਰ ਜਸਵਿੰਦਰ ਬਰਾੜ ਨੇ ਡੱਲੇ ਮਲਾਹ ਦੇ ਬੇਟੇ ਛੱਲੇ ਦਾ ਕਿੱਸਾ 'ਜਾਉ ਨੀ ਕੋਈ ਮੋੜ ਲਿਆਉ' ਬੜੇ ਹੀ ਭਾਵਪੂਰਤ ਤਰੀਕੇ ਨਾਲ ਪੇਸ਼ ਕਰਕੇ ਦਰਸ਼ਕਾਂ ਨੂੰ ਸੰਜੀਦਾ ਕਰ ਦਿੱਤਾ। ਜਜ਼ਬਾਤ ਦੀ ਲਹਿਰ ਅਗੇ ਤੋਰਦਿਆਂ ਗੀਤ 'ਚੰਨਾਂ ਵਿਚ ਚੰਨ ਗੁਜਰੀ ਦਾ ਚੰਨ' ਰਾਹੀਂ ਸਰੋਤਿਆਂ ਨੂੰ ਵਜਦ ਵਿਚ ਲੈ ਆਂਦਾ। ਉਸ 'ਮਿਰਜਾ' ਪੇਸ਼ ਕਰਕੇ ਖਾਸ ਕਰ ਵਡੇਰੀ ਉਮਰ ਦੇ ਦਰਸ਼ਕਾਂ ਨੂੰ ਬਾਗੋ ਬਾਗ ਕਰ ਦਿੱਤਾ। ਗਾਇਕ ਕਈ ਵਾਰੀ ਸਟੇਜ 'ਤੇ ਗਾਣੇ ਨਾਲ ਉਛਲ-ਕੁੱਦ ਸਿਰਫ ਦਰਸ਼ਕਾਂ ਦਾ ਧਿਆਨ ਖਿਚਣ ਦੇ ਮਕਸਦ ਨਾਲ ਕਰਦੇ ਹਨ ਪਰ ਜਸਵਿੰਦਰ ਦੀ ਸੰਵਾਦ-ਅਦਾਇਗੀ ਤੇ ਨਪੀ ਤੁਲੀ ਰਿਦਮ-ਲੈਅ ਸ਼ੈਲੀ ਦਰਸ਼ਕਾਂ ਦਾ ਮਨ ਮੋਹ ਰਹੀ ਸੀ। ਅੰਤ ਵਿਚ ਜਸਵਿੰਦਰ ਬਰਾੜ, ਦੀਪ ਢਿੱਲੋਂ ਤੇ ਜੱਸੀ ਸੋਹਲ ਨੇ ਮਿਲ ਕੇ ਬੋਲੀਆਂ ਪਾਈਆਂ। ਡਾ. ਹਰਜਿੰਦਰ ਸਿੰਘ ਖਹਿਰਾ ਨੇ ਮੰਚ ਸੰਚਾਲਨ ਵਿਚ ਹੱਥ ਵਟਾਇਆ।

ਮੇਲੇ ਦੀ ਖਾਸ ਗੱਲ ਇਹ ਰਹੀ ਕਿ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਵਿਸ਼ੇਸ਼ ਮਾਣ ਪੱਤਰ ਦਿੱਤੇ ਗਏ। ਮਾਣ ਪੱਤਰ ਹਾਸਲ ਕਰਨ ਵਾਲਿਆਂ ਵਿਚ ਹਰਪ੍ਰੀਤ ਮਾਨ, ਸ਼ਿਖਾ ਕਾਹਲੋਂ, ਹਰਪ੍ਰੀਤ ਕੌਰ ਦੋਸਾਂਝ, ਹਰਵਨ ਸਿੰਘ ਤੇ ਪ੍ਰਭਜੋਤ ਸਿੰਘ ਖੈੜਾ ਸ਼ਾਮਲ ਸਨ। ਪ੍ਰਬੰਧਕਾਂ ਨੇ ਮੁਖ ਮਹਿਮਾਨ ਜੀਤ ਸਿੰਘ ਆਇਓਆ ਦਾ ਪਲੇਕ ਦੇ ਕੇ ਸਨਮਾਨ ਕੀਤਾ। ਕਲਾਕਾਰਾਂ-ਜਸਵਿੰਦਰ ਬਰਾੜ, ਜੱਸੀ ਸੋਹਲ, ਦੀਪ ਢਿੱਲੋਂ-ਜੈਸਮੀਨ ਨੂੰ ਵੀ ਸਨਮਾਨ ਚਿੰਨ ਦਿੱਤੇ ਗਏ।

ਇਸ ਦਿਹਾੜੇ ਕੁਦਰਤ ਆਪਣੀ ਕਬੱਡੀ ਖੇਡ ਰਹੀ ਸੀ। ਟੀਮਾਂ ਵਿਚ ਇਕ ਪਾਸੇ ਇੰਦਰ ਦੇਵਤਾ ਤੇ ਦੂਜੇ ਪਾਸੇ ਸ਼ਿਕਾਗੋ ਦੇ ਮੇਲੀ ਸਨ। ਕਦੀ ਇੰਦਰ ਦੇਵਤਾ ਦੇ ਧਾਵੀ ਕਾਲੇ ਬੱਦਲ ਆਪਣਾ ਜੋਰ ਦਿਖਾਉਂਦੇ ਤੇ ਦਰਸ਼ਕਾਂ ਨੂੰ ਟੈਂਟਾਂ ਵੱਲ ਭੱਜਣਾ ਪੈਂਦਾ। ਮੀਂਹ ਹਟਿਆ ਵੇਖ ਕੇ ਜਦੋਂ ਦਰਸ਼ਕ ਟੈਂਟਾਂ ਹੇਠੋਂ ਨਿਕਲ ਕੇ ਮੈਦਾਨ ਵਿਚ ਆਉਂਦੇ ਤਾਂ ਝੱਟ ਹੀ ਇੰਦਰ ਦੇਵਤਾ ਮੀਂਹ ਵਰ੍ਹਾਉਣ ਲੱਗ ਪੈਂਦਾ।

ਉਂਜ ਮੇਲੇ ਦੇ ਮੁਖ ਮਹਿਮਾਨ ਜੀਤ ਸਿੰਘ ਆਪਣੇ ਪਰਿਵਾਰ ਸਮੇਤ ਸਾਰਾ ਸਮਾਂ ਛਤਰੀਆਂ ਲੈ ਕੇ ਮੈਦਾਨ ਵਿਚ ਡਟੇ ਰਹੇ। ਆਖਿਰ ਜਿੱਤ ਦਰਸ਼ਕਾਂ ਦੀ ਹੋਈ, ਇੰਦਰ ਦੇਵਤਾ ਨੂੰ ਹਾਰ ਮੰਨਣੀ ਪਈ ਤੇ ਸੂਰਜ ਦੇਵਤਾ ਨੂੰ ਆਪਣੀ ਝਲਕ ਦਿਖਾਉਣ ਦਾ ਮੌਕਾ ਮਿਲ ਗਿਆ। ਪਰ ਉਦੋਂ ਤਕ ਸਮਾਂ ਪੂਰਾ ਹੋ ਚੁਕਾ ਸੀ।









ਮੇਲੇ ਨੂੰ ਕਾਮਯਾਬ ਕਰਨ ਲਈ ਪ੍ਰਧਾਨ ਬਿਕਰਮ ਸਿੰਘ ਸਿੱਧੂ ਦੀ ਅਗਵਾਈ ਹੇਠ ਪ੍ਰਬੰਧਕਾਂ-ਸਤਿੰਦਰ ਸਿੰਘ ਸੁਸਾਣਾ, ਜਗਦੇਵ ਸਿੰਘ ਖੈੜਾ, ਜਸਵੀਰ ਸਿੰਘ (ਜੱਸੀ) ਧਾਲੀਵਾਲ, ਮਨਜੀਤ ਸਿੰਘ ਧਨੋਆ, ਜੋਧ ਸਿੰਘ ਸਿੱਧੂ, ਇੰਦਰਜੀਤ ਸਿੰਘ ਮੁੱਕਰ, ਬਲਵੀਰ ਸਿੰਘ ਬੈਦਵਾਣ, ਲਖਵੀਰ ਸਿੰਘ ਔਜਲਾ, ਦਿਲਰਾਜ ਸਿੰਘ ਢੀਂਡਸਾ, ਸੁਭਾਸ਼ ਸਿੰਘ, ਪਰਮਿੰਦਰ ਸਿੰਘ ਪਿੰਦਾ, ਜਰਨੈਲ ਸਿੰਘ ਮੱਲ੍ਹੀ ਅਤੇ ਸੰਨੀ ਸੇਖੋਂ ਨੇ ਪੂਰੇ ਤਾਲਮੇਲ ਨਾਲ ਕੰਮ ਕੀਤਾ।

ੴ ਵਾਹਿਗੁਰੂ ਜੀ ਕੀ ਫਤਿਹ॥

# ਜੂਨ 1984 ਦੇ ਘੱਲੂਘਾਰੇ ਨੂੰ ਸਮਰਪਿਤ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ




# ਪੰਥਕ ਕਾਨਫਰੰਸ

## ਸਿੱਖਾਂ ਦੇ ਅਹਿਮ ਮਸਲਿਆਂ 'ਤੇ ਹੋਣਗੀਆਂ ਗੰਭੀਰ ਵਿਚਾਰਾਂ









## 13 ਜੂਨ 2015 (ਸਨਿਚਰਵਾਰ) ਸਵੇਰੇ 10 ਵਜੇ ਤੋਂ ਸ਼ਾਮੀਂ 6 ਵਜੇ ਤੱਕ

**India Palace Banquet Hall:** 4213 Lafayette Rd., Indianapolis, IN 46254

### ਪਹੁੰਚ ਰਹੇ ਪੰਥਕ ਵਿਦਵਾਨ

**ਡਾ. ਗੁਰਦਰਸ਼ਨ ਸਿੰਘ ਢਿੱਲੋਂ (ਚੰਡੀਗੜ੍ਹ)**
ਵਿਸ਼ਾ: ਆਰ. ਐਸ. ਐਸ ਦਾ ਭਗਵਾਂ ਏਜੰਡਾ ਸਿੱਖ ਕੌਮ ਲਈ ਘਾਤਕ ਕਿਵੇਂ?

**ਸ. ਕਰਮਜੀਤ ਸਿੰਘ ਚੰਡੀਗੜ੍ਹ**
*(ਸਾਬਕਾ ਸਹਾਇਕ ਸੰਪਾਦਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ)*
ਵਿਸ਼ਾ: ਬਿਪਰਵਾਦੀ ਸਰਕਾਰੀ ਤੰਤਰ ਜੂਨ 1984 ਦੇ ਘੱਲੂਘਾਰੇ ਨੂੰ ਭੁੱਲ ਜਾਣ ਦੀਆਂ ਸਲਾਹਾਂ ਕਿਉਂ ਦੇ ਰਿਹੈ ਅਤੇ ਇਹ ਰਿਸਦੇ ਜ਼ਖਮ ਸਿੱਖਾਂ ਦੇ ਮਨਾਂ ਅੰਦਰ ਸੂਰਜ ਦੀ ਤਰ੍ਹਾਂ ਮਘਦੇ ਰਹਿਣੇ ਕਿਉਂ ਜਰੂਰੀ?

**ਡਾ. ਅਮਰਜੀਤ ਸਿੰਘ**
*(ਮੁਖੀ ਖਾਲਿਸਤਾਨ ਅਫੇਅਰ ਸੈਂਟਰ)*
ਵਿਸ਼ਾ: ਭਾਰਤੀ ਖਿੱਤੇ ਅੰਦਰ ਬਿਪਰਵਾਦ ਦੇ ਪ੍ਰਛਾਵੇਂ ਹੇਠ ਸਿੱਖ ਕੌਮ ਦਾ ਆਪਣੇ ਦੇਸ਼ ਖਾਲਿਸਤਾਨ ਤੋਂ ਬਿਨਾ ਵਰਤਮਾਨ ਅਤੇ ਭਵਿੱਖ?

**ਭਾਈ ਦਵਿੰਦਰ ਸਿੰਘ ਕੈਲੀਫੋਰਨੀਆ**
*(ਚੀਫ ਆਰਗੇਨਾਈਜ਼ਰ, ਏ ਐਸ ਓ)*
ਵਿਸ਼ਾ: ਗੁਰਮੁਖੀ ਭਾਸ਼ਾ, ਸਿੱਖ ਸਭਿਆਚਾਰ ਤੇ ਕੌਮੀ ਆਜ਼ਾਦੀ ਦੇ ਆਪਸੀ ਸਬੰਧ?

**ਗੁਰੂ ਪਿਆਰੇ ਖਾਲਸਾ ਪੰਥ ਜੀਓ! ਗੁਰੂ ਨਾਨਕ ਸਾਹਿਬ ਜੀ ਦੇ ਇਲਾਹੀ ਪ੍ਰਮਾਣ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਅਨੁਸਾਰ ਇਨ੍ਹਾਂ ਕੌਮੀਂ ਮਸਲਿਆਂ ਨੂੰ ਵਿਚਾਰਨ ਲਈ ਆਪ ਜੀ ਦੀ ਸ਼ਮੂਲੀਅਤ ਕੌਮੀ ਭਵਿੱਖ ਲਈ ਸਾਰਥਕ ਹੋਵੇਗੀ। ਅਸੀਂ ਆਪ ਜੀ ਦੇ ਧੰਨਵਾਦੀ ਹੋਵਾਂਗੇ।**

ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਪੰਜਾਬੀ ਰੇਡੀਓ ਯੂ ਐਸ ਏ ਅਤੇ ਰੇਡੀਓ ਵਾਇਸ ਆਫ ਖਾਲਸਾ ਤੋਂ ਹੋਵੇਗਾ

------> ਗੁਰੂ ਪੰਥ ਦੇ ਦਾਸ <------

ਭਾਈ ਜਸਦੀਪ ਸਿੰਘ ਜੱਸੀ, ਭਾਈ ਅਮਰਦੀਪ ਸਿੰਘ ਅਮਰ, ਭਾਈ ਬਲਵਿੰਦਰ ਸਿੰਘ
ਜਾਣਕਾਰੀ ਲਈ ਸੰਪਰਕ ਕਰੋ: (317) 560-0019, (765) 987-5197, (570) 604-3177

# ਬੇਨਤੀ ਕਰਤਾ: ਅਮੈਰਿਕਨ ਸਿੱਖ ਆਰਗੇਨਾਈਜੇਸ਼ਨ

# ਕੀਰਤਨ-ਮਹਿਮਾ



## ਮਨਿਕਾ ਕੌਰ

### ਗਿਟਾਰ ਵਾਲੀ ਕੁੜੀ ਨੇ ਸੇਵਾ ਅਤੇ ਸੰਗੀਤ ਦੇ ਸੰਗਮ ਨਾਲ ਛੋਹੀਆਂ ਬੁਲੰਦੀਆਂ...

ਕਲਾ ਪਰਿਕਰਮਾ

ਕੀਰਤਨ ਕਰਨ ਵਾਲੀ ਕੁੜੀ ਮਨਿਕਾ ਕੌਰ ਦੇ ਘਰ ਦਾ ਮਾਹੌਲ ਅਤੇ ਆਲਾ-ਦੁਆਲਾ ਸਭ ਕੁਝ ਸੇਵਾ, ਸਬਰ-ਸੰਤੋਖ, ਸਹਿਜ ਅਤੇ ਸੁਹਜ ਨਾਲ ਭਰਿਆ-ਭੁਕੰਨਾ ਸੀ। ਇਸ ਮਾਹੌਲ ਵਿਚੋਂ ਸੰਸਾਰ ਦੇ ਸਾਹਮਣੇ ਆਈ ਕੁੜੀ ਅੱਜ ਸੰਗੀਤ ਅਤੇ ਸੇਵਾ ਦੇ ਸੁਮੇਲ ਨਾਲ ਹੋਰਾਂ ਲਈ ਮਿਸਾਲ ਬਣ ਗਈ ਹੈ। ਉਹ ਅੱਜ 'ਕੀਰਤਨ ਫਾਰ ਕਾਜਜ਼' (ਉਦੇਸ਼ ਖਾਤਰ ਕੀਰਤਨ) ਦੀ ਕਰਤਾ-ਧਰਤਾ ਹੈ ਅਤੇ ਸੁਰਾਂ ਰਾਹੀਂ ਸੇਵਾ ਕਮਾ ਰਹੀ ਹੈ। ਹੁਣੇ ਹੁਣੇ ਉਹ ਭਾਰਤ ਦਾ ਗੇੜਾ ਲਾ ਕੇ ਆਈ ਹੈ ਅਤੇ ਹੁਣ ਉਹ 22 ਅਗਸਤ ਨੂੰ

**ਕੀਰਤ ਕਾਸ਼ਣੀ**

ਲੰਡਨ (ਯੂ.ਕੇ.) ਵਿਚ ਯੂਨੀਅਨ ਚੈਪਲ ਵਿਖੇ ਆਪਣੇ ਸ਼ੋਅ ਦੀ ਤਿਆਰੀ ਵਿਚ ਰੁਝੀ ਹੋਈ ਹੈ। ਭਾਰਤ ਵੀ ਉਹ ਆਪਣੀ ਨਵੀਂ ਐਲਬਮ ਵਿਚ ਸ਼ਾਮਲ ਸ਼ਬਦ 'ਔਖੀ ਘੜੀ' ਦਾ ਸੰਗੀਤ-ਵੀਡੀਓ ਤਿਆਰ ਕਰਨ ਗਈ ਸੀ।

ਮੈਲਬਰਨ (ਆਸਟਰੇਲੀਆ) ਵਸਦੀ 32 ਸਾਲਾ ਮਨਿਕਾ ਕੌਰ ਨੇ ਆਪਣੀ ਸੰਗੀਤ-ਕਲਾ ਨੂੰ ਸੇਵਾ ਦੇ ਲੇਖੇ ਲਾਇਆ ਹੋਇਆ ਹੈ। ਆਪਣੀਆਂ ਐਲਬਮਾਂ ਤੋਂ ਹੁੰਦੀ ਸਾਰੀ ਕਮਾਈ ਉਹ ਸੇਵਾ ਦੇ ਲੇਖੇ ਲਾ ਰਹੀ ਹੈ। ਇਹ ਕਮਾਈ ਉਹ ਬੜੂ ਸਾਹਿਬ ਆਰਗੇਨਾਈਜੇਸ਼ਨ ਨੂੰ ਸੌਂਪ ਰਹੀ ਹੈ ਜੋ ਬੱਚਿਆਂ ਲਈ ਵੱਡੇ ਪੱਧਰ ਉਤੇ ਪੜ੍ਹਾਈ ਦਾ ਪ੍ਰਬੰਧ ਕਰ ਰਹੀ ਹੈ। ਹਾਲ ਹੀ ਵਿਚ ਆਸਟਰੇਲੀਆ ਦੇ 'ਰੇਡੀਓ ਨੈਸ਼ਨਲ' ਤੋਂ ਨਸ਼ਰ ਹੋਏ ਇੰਟਰਵਿਊ ਵਿਚ ਉਸ ਨੇ ਸਿੱਖੀ ਅਤੇ ਸੇਵਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਸ ਦੀ ਪਹਿਲੀ ਐਲਬਮ 'ਵੰਦਨਾ' ਰਿਲੀਜ਼ ਹੋਈ ਸੀ ਅਤੇ ਪਿਛੋਂ ਇਸ ਨੂੰ 'ਸਤਿਨਾਮ ਵਾਹਿਗੁਰੂ' ਦੇ ਨਾਂ ਹੇਠ ਦੁਬਾਰਾ ਵੀ ਰਿਲੀਜ਼ ਕੀਤਾ



*ਹਾਰਮੋਨੀਅਮ ਨਾਲ ਮਨਿਕਾ ਕੌਰ।*

ਗਿਆ ਹੈ। ਇਸ ਐਲਬਮ ਤੋਂ ਹੋਈ ਕਮਾਈ ਦੁਬਈ ਵਿਚ ਉਸਾਰੀ ਅਧੀਨ ਗੁਰੂ ਨਾਨਕ ਦਰਬਾਰ ਨੂੰ ਦਿੱਤੀ ਗਈ ਹੈ। ਉਸ ਨੇ ਦੱਸਿਆ ਕਿ ਦਸ ਕੁ ਸਾਲ ਪਹਿਲਾਂ ਉਸ ਦੇ ਪਰਿਵਾਰ ਨੇ ਲੋੜਵੰਦ ਬੱਚਿਆਂ ਲਈ ਐਸ.ਓ.ਐਸ. ਪ੍ਰਾਜੈਕਟ ਉਲੀਕਿਆ ਸੀ। ਹੁਣ ਇਹ ਪ੍ਰਾਜੈਕਟ ਲੀਹ ਉਤੇ ਪੈ ਚੁੱਕਾ ਹੈ। ਇਸ ਵੇਲੇ ਮਨਿਕਾ ਕੌਰ ਦੇ ਮਾਪੇ ਤਕਰੀਬਨ 500 ਬੱਚਿਆਂ ਨੂੰ ਸਪਾਂਸਰ ਕਰ ਰਹੇ ਹਨ। ਉਹ ਦੱਸਦੀ ਹੈ ਕਿ ਉਨ੍ਹਾਂ ਦੇ ਪਿਤਾ ਨੇ ਬਾਬਾ ਇਕਬਾਲ ਸਿੰਘ (ਬੜੂ ਸਾਹਿਬ) ਨਾਲ ਸੰਪਰਕ ਕੀਤਾ ਸੀ ਅਤੇ ਫਿਰ ਬੱਚਿਆਂ ਲਈ ਸੇਵਾ ਦਾ ਕਾਰਜ ਅਗਾਂਹ ਤੁਰਦਾ ਗਿਆ।

ਮਨਿਕਾ ਕੌਰ ਮੁਤਾਬਕ, ਉਸ ਦੇ ਪਰਿਵਾਰ ਦੇ ਧਾਰਮਿਕ ਮਾਹੌਲ ਨੇ ਉਸ ਨੂੰ ਇਸ ਕਾਜ ਨੂੰ ਸਮਰਪਿਤ ਕੀਤਾ। ਉਨ੍ਹਾਂ ਦਾ ਪਰਿਵਾਰ ਪਿਛਲੇ 20 ਸਾਲ ਤੋਂ ਆਮ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜ ਰਿਹਾ ਹੈ। ਉਸ ਨੇ ਦੱਸਿਆ, "ਜਿਸ ਤਰ੍ਹਾਂ ਆਮ ਘਰਾਂ ਵਿਚ ਰਾਤ ਨੂੰ ਸੌਂਦੇ ਵਕਤ ਬੱਚਿਆਂ ਨੂੰ ਬਾਤਾਂ ਸੁਣਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਮਾਪੇ ਗੁਰੂਆਂ ਦੀ ਸਾਖੀਆਂ ਸੁਣਾਉਂਦੇ ਹੁੰਦੇ ਸਨ। ਇਹੀ ਨਹੀਂ, ਬਾਕਾਇਦਾ ਜਾਪ ਵੀ ਕੀਤਾ ਜਾਂਦਾ ਸੀ। ਮੇਰੇ ਭਰਾ ਤਬਲਾ ਵਜਾਉਂਦੇ ਅਤੇ ਮੇਰੀ ਭੈਣ ਤੇ ਮੈਂ ਹਾਰਮੋਨੀਅਮ ਨਾਲ ਸੁਰਾਂ ਮੇਲਦੀਆਂ ਸਨ। ਇਸ ਮਾਹੌਲ ਨੇ ਹੀ ਅਗਾਂਹ ਸੰਗੀਤ ਅਤੇ ਸੇਵਾ ਵਾਲਾ ਰਾਹ ਖੋਲ੍ਹਿਆ।"

ਮਨਿਕਾ ਕੌਰ ਦੀ ਪਛਾਣ, ਗਿਟਾਰ ਵਾਲੀ ਕੁੜੀ ਕਰ ਕੇ ਵੀ ਹੈ। ਕੁਝ ਲੋਕਾਂ ਨੇ ਇਸੇ ਕਾਰਨ ਉਸ ਦੀ ਆਲੋਚਨਾ ਵੀ ਕੀਤੀ ਹੈ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਕਦੀ ਵੀ ਇਉਂ ਕੀਰਤਨ ਨਹੀਂ ਕੀਤਾ/ਕਰਵਾਇਆ, ਕੀਰਤਨ ਰਵਾਇਤੀ ਸਾਜ਼ਾਂ ਨਾਲ ਹੋਣਾ ਚਾਹੀਦਾ ਹੈ। ਮਨਿਕਾ ਸਹਿਜ ਨਾਲ ਉਤਰ ਦਿੰਦੀ ਹੈ, "ਹਾਰਮੋਨੀਅਮ ਦੀ ਕਾਢ ਫਰਾਂਸੀਸੀ ਸ਼ਖਸ ਅਲੈਗਜਾਂਦਰ ਦੁਬੇਨ ਨੇ 1700 ਈਸਵੀ ਦੇ ਨੇੜੇ-ਤੇੜੇ ਕੀਤੀ ਸੀ। ਜ਼ਾਹਿਰ ਹੈ ਕਿ ਗੁਰ-ਸੰਗੀਤ ਨਾਲ ਹਾਰਮੋਨੀਅਮ ਬਾਅਦ ਵਿਚ ਜੁੜਿਆ ਹੈ।" ਉਸ ਮੁਤਾਬਕ, ਪਹਿਲਾਂ-ਪਹਿਲ ਅਜਿਹੀ ਆਲੋਚਨਾ ਉਸ ਨੂੰ ਬੇਚੈਨ ਕਰਦੀ ਸੀ, ਪਰ ਹੁਣ ਉਹ ਅਜਿਹੇ ਨਾਂ-ਪੱਖੀ ਨੁਕਤਿਆਂ ਨੂੰ ਨੇੜੇ ਨਹੀਂ ਫਟਕਣ ਦਿੰਦੀ। 'ਕੀਰਤਨ ਫਾਰ ਕਾਜਜ਼ ਫਾਊਂਡੇਸ਼ਨ' ਰਾਹੀਂ ਉਸ ਨੇ ਕਈ ਪ੍ਰਾਜੈਕਟ ਆਪਣੇ ਹੱਥਾਂ ਵਿਚ ਲਏ ਹੋਏ ਹਨ। ਉਹ ਚਾਹੁੰਦੀ ਹੈ ਕਿ ਲਗਦੀ ਵਾਹ, ਕੋਈ ਵੀ ਬੱਚਾ ਸਿੱਖਿਆ ਤੋਂ ਵਿਰਵਾਂ ਨਾ ਰਹੇ।



*ਸੰਗੀਤ ਨੂੰ ਸਮਰਪਿਤ... ਮਨਿਕਾ ਕੌਰ।*

## 'ਵੰਦਨਾ' ਨਾਲ ਸ਼ੁਭ ਅਰੰਭ...

***ਮਨਿਕਾ ਕੌਰ ਨੇ ਆਪਣੀ ਪਹਿਲੀ ਐਲਬਮ 'ਵੰਦਨਾ' ਰਿਕਾਰਡ ਕਰਵਾਈ ਸੀ। ਉਹ ਅੱਜ ਤੱਕ ਹੈਰਾਨ ਹੈ ਕਿ ਇਸ ਐਲਬਮ ਤੋਂ 10 ਲੱਖ ਦਰਹਾਮ (ਇਕ ਕਰੋੜ ਸੱਤਰ ਲੱਖ ਰੁਪਏ ਤੋਂ ਵੀ ਵੱਧ) ਇਕੱਠੇ ਹੋ ਗਏ। ਇਸ ਤੋਂ ਬਾਅਦ ਉਹਦੇ ਮਨ ਅੰਦਰ 'ਕੀਰਤਨ ਫਾਰ ਕਾਜਜ਼' ਦਾ ਖਿਆਲ ਪੈਦਾ ਹੋਇਆ। ਹੁਣ ਉਸ ਦਾ ਦਾਈਆ ਹੈ ਕਿ ਉਹ ਐਲਬਮਾਂ ਨਾਲ ਲਗਾਤਾਰ ਸੇਵਾ ਕਰੀ ਜਾਵੇ ਅਤੇ ਇਕ ਉਦੇਸ਼ ਲਈ ਕੀਤੀ ਕਮਾਈ ਵਾਲੀ ਮਾਇਆ ਸੇਵਾ ਦੇ ਲੇਖੇ ਲੱਗੀ ਜਾਵੇ। ਐਲਬਮਾਂ ਤੋਂ ਇਲਾਵਾ ਮਨਿਕਾ ਕੌਰ ਨੂੰ 'ਯੂਟਿਊਬ' ਉਤੇ ਵੀ ਵੱਡਾ ਹੁੰਗਾਰਾ ਮਿਲਿਆ ਹੈ। ਹੁਣ ਉਸ ਦਾ ਨਵਾਂ ਸ਼ਬਦ 'ਔਖੀ ਘੜੀ' ਰਿਲੀਜ਼ ਹੋ ਰਿਹਾ ਹੈ। ਇਹ ਐਲਬਮ ਇਸੇ ਸਾਲ ਸਤੰਬਰ ਵਿਚ ਰਿਲੀਜ਼ ਹੋਣੀ ਹੈ।***



# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਜੂਨ 2015 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-172



***ਰਾਜ-ਭਾਗ ਦਾ ਗਊ-ਭਗਤਾਂ ਦੇ, ਸਿਰ 'ਤੇ ਸਜਿਆ ਤਾਜ।***
***ਗਾਈਆਂ-ਵੱਛਿਆਂ ਦਾ ਵੀ ਹੋਇਆ, ਸੜਕਾਂ ਦੇ ਵਿਚ ਰਾਜ!***

## ਕੈਪਸ਼ਨ ਮੁਕਾਬਲਾ-170



ਲੋੜ ਮੁਤਾਬਕ ਕਾਢ ਹੈ ਕੱਢੀ
ਹੈ ਸੀ ਮੋਪਿਡ, ਬਣਾ ਲਈ ਗੱਡੀ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਉਪਰੋਥਲੀ ਜੰਮ ਪਏ ਇਹ ਬੱਚੇ,
ਨਹੀਂ ਉਨ੍ਹਾਂ ਦਾ ਕੋਈ ਕਸੂਰ।
ਕੋਈ ਕਹਿੰਦਾ ਜੰਮੋ ਤਿੰਨ,
ਕੋਈ ਕਹਿੰਦਾ ਅੱਜ ਕੱਲ੍ਹ ਚਾਰ।
ਮੀਆਂ ਬੀਵੀ ਜਾਣਾ ਜਿਥੇ ਵੀ,
ਨਹੀਂ ਛੱਡ ਸਕਦੇ ਘਰ ਸੰਤਾਨ।
ਪਾਈ ਖੁਰਜੀ ਮੋਪਡ ਪਿੱਛੇ,
ਫਿੱਟ ਕਰ ਦਿੱਤੇ ਕੁਝ ਬੱਚੇ ਉਥੇ,
ਫੜਾ ਦਿੱਤਾ ਇਕ ਕੁੱਛੜ ਬੀਵੀ ਦੇ।
ਜਾ ਰਹੇ ਹਨ ਜੇ ਨਾਨੀ ਕੋਲੇ,
ਖੁਸ਼ ਹੋਵੇਗੀ ਦੋਹਤੇ ਆਏ,
ਨਹੀਂ ਕਸਰ ਛੱਡੇਗੀ ਸੇਵਾ ਵਿਚ।
ਜੇ ਬਣਨ ਜਾ ਰਹੇ ਧੱਕੇ ਦੇ ਮਹਿਮਾਨ,
ਪਾਉਣਗੇ ਉਹ ਤਿਊੜੀਆਂ ਮੱਥੇ,
ਬਹਿ ਜਾਣਗੇ ਵੱਟ ਕੇ ਪਾਸਾ।
***-ਦਰਸ਼ਨ ਪਾਲ ਦੁਸਾਂਝ***

---

ਲੱਦੀਆਂ ਕਮਾਈਆਂ ਦੇਖੋ
ਕਰ ਕੇ ਮਿਹਨਤਾਂ
ਤੇ ਜੁਗਤੂ ਨੇ ਲਾਇਆ ਏ ਜੁਗਾੜ।
ਇਹ ਵੀ ਕਿਹੜਾ ਘੱਟ
ਹਨੂੰਮਾਨ ਕੋਲੋਂ ਮਿੱਤਰਾ ਵੇ
ਜੀਹਨੇ ਕਹਿੰਦੇ ਚੁੱਕਿਆ ਪਹਾੜ।
***-ਪ੍ਰੇਮ ਸਿੰਘ ਅਹਿਲਾਵਤ***

## ਯਾਰੀਆਂ

***-ਦਿਲਾਵਰ ਸਿੰਘ ਜੌਹਲ***

ਚੰਗੇ ਯਾਰ ਯਾਰਾਂ ਦੇ, ਜੋ ਯਾਰੀਆਂ ਨਿਭਾਉਂਦੇ ਨੇ,
ਕਈ ਐਸੇ ਯਾਰ, ਛੁਰੀ ਪਿੱਠ 'ਤੇ ਚਲਾਉਂਦੇ ਨੇ।
ਉਤੋਂ ਉਤੋਂ ਯਾਰੀ ਵਿਚ ਕੰਮ ਕਢਵਾਉਂਦੇ ਨੇ,
ਮੂੰਹ ਦੇ ਉਤੇ ਮਿੱਠੇ, ਪਿਛੋਂ ਆਰੀਆਂ ਚਲਾਉਂਦੇ ਨੇ।
ਹਾਂ ਜੀ, ਹਾਂ ਜੀ ਕਹਿ ਕੇ ਹੁੰਦੇ ਲੋੜ ਤੋਂ ਵੀ ਵੱਧ ਨੀਵੇਂ,
ਜਿਵੇਂ ਤੀਰ ਲਈ ਸ਼ਿਕਾਰੀ ਸਿਰ ਦੂਣਾ ਹੀ ਝੁਕਾਉਂਦੇ ਨੇ।
ਸੀਨੇ ਸੱਲ ਪਾ ਕੇ ਉਹ ਬੇਦੋਸ਼ ਜੀਵ-ਜੰਤੂਆਂ ਦੇ,
ਉਚੀ ਉਚੀ ਹੱਸ ਤਾੜੀ ਜੋਰ ਨਾਲ ਵਜਾਉਂਦੇ ਨੇ।
ਯਾਰੋ ਰੱਬ ਕੋਲੋਂ ਡਰੋ, ਕੱਲੇ ਪੈਸੇ 'ਤੇ ਨਾ ਮਰੋ,
ਕੋਈ ਛੋਲਿਆਂ ਦਾ ਵੱਢ, ਮੋਛੇ ਤੂਤ ਦੇ ਕਹਾਉਂਦੇ ਨੇ।
ਸੱਚੇ ਬੰਦੇ ਯਾਰੀਆਂ ਦੇ ਉਤੋਂ ਜਾਨ ਵਾਰ ਦਿੰਦੇ,
ਕੋਈ ਯਾਰ ਮਾਰ ਕਰੇ ਦੋਖੀ ਰੱਬ ਦੇ ਸਦਾਉਂਦੇ ਨੇ।
ਕਿਹੜਾ ਰੱਬ, ਕਿਥੇ ਬੈਠਾ, ਆਖ ਦਿੰਦੇ ਝੱਟ-ਪੱਟ,
ਦੇਖੀ ਜਾਊ ਜਿਹੜੀ ਹੋਊ, ਮੂੰਹੋਂ ਕਹਿ ਸੁਣਾਉਂਦੇ ਨੇ।
'ਦਿਲਾਵਰ' ਉਦੋਂ ਪਤਾ ਲੱਗੂ ਰੱਬ ਕਿਹੜਾ, ਕਿਥੇ ਬੈਠਾ,
ਜਦੋਂ ਘੜੇ ਵਾਲੇ ਪਾਣੀ ਵਾਂਗ ਪਾਪ ਕੰਢੇ ਆਉਂਦੇ ਨੇ।

# ਗੁਰਬਤ ਦੇ ਪੰਜੇ ਵਿਚੋਂ ਨਾ ਨਿਕਲ ਸਕਿਆ ਭਾਰਤ ਮਹਾਨ

**ਰੋਮ:** ਭਾਰਤ ਵਿਚ ਸਭ ਤੋਂ ਵੱਧ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਸੰਯੁਕਤ ਰਾਸ਼ਟਰ ਦੀ ਭੁੱਖਮਰੀ ਬਾਰੇ ਸਾਲਾਨਾ ਰਿਪੋਰਟ ਮੁਤਾਬਕ ਭਾਰਤ ਵਿਚ ਇਸ ਵੇਲੇ 19 ਕਰੋੜ 46 ਲੱਖ ਲੋਕ ਰੋਟੀ ਨੂੰ ਤਰਸ ਰਹੇ ਹਨ। ਉਂਝ ਸਾਲ 1990-92 ਵਿਚ ਜਿਥੇ ਦੁਨੀਆ ਅੰਦਰ ਇਕ ਅਰਬ ਲੋਕ ਭੁੱਖਮਰੀ ਦੇ ਸ਼ਿਕਾਰ ਸਨ ਉਥੇ ਸਾਲ 2014-15 ਦੌਰਾਨ ਇਹ ਗਿਣਤੀ ਘਟ ਕੇ 79 ਕਰੋੜ 50 ਲੱਖ ਉਤੇ ਆ ਗਈ। ਦੱਖਣੀ ਏਸ਼ੀਆ ਵਿਚੋਂ ਚੀਨ ਨੇ ਭੁੱਖਮਰੀ ਉਤੇ ਕਾਬੂ ਪਾਉਣ ਲਈ ਚੰਗਾ ਕੰਮ ਕੀਤਾ ਹੈ। ਭਾਵੇਂ ਭਾਰਤ ਨੇ ਵੀ ਸਥਿਤੀ ਸੁਧਾਰੀ ਹੈ ਪਰ ਇਹ ਸਲਾਹੁਣਯੋਗ ਨਹੀਂ ਹੈ।

ਸਾਲ 1990-92 ਵਿਚ ਭਾਰਤ ਅੰਦਰ ਭੁੱਖੇ ਢਿੱਡ ਸੌਣ ਵਾਲਿਆਂ ਦੀ ਗਿਣਤੀ 21 ਕਰੋੜ ਤੋਂ ਵੱਧ ਸੀ ਜੋ ਸਾਲ 2014-2015 ਤੱਕ ਘਟ ਕੇ 19 ਕਰੋੜ 46 ਲੱਖ ਆ ਗਈ। ਭੁੱਖਮਰੀ 'ਤੇ ਕਾਬੂ ਪਾਉਣ ਲਈ ਭਾਰਤ ਨੇ ਚੀਨ ਵਾਂਗ ਕਾਰਗੁਜ਼ਾਰੀ ਨਹੀਂ ਦਿਖਾਈ। ਰਿਪੋਰਟ ਅਨੁਸਾਰ ਭਾਰਤ ਨੂੰ ਇਸ ਬੁਰਾਈ ਦੇ ਖਾਤਮੇ ਲਈ ਆਪਣੀਆਂ ਸਮਾਜਿਕ ਯੋਜਨਾਵਾਂ ਜਾਰੀ ਰੱਖਣੀਆਂ ਪੈਣਗੀਆਂ ਤਾਂ ਜੋ ਦੇਸ਼ ਵਿਚੋਂ ਗਰੀਬੀ ਤੇ ਭੁੱਖਮਰੀ ਖਤਮ ਕੀਤੀ ਜਾ ਸਕੇ। ਦੂਜੇ ਪਾਸੇ ਚੀਨ ਜਿਥੇ ਸਾਲ 1990-92 ਭੁੱਖਿਆਂ ਦੀ ਗਿਣਤੀ 28 ਕਰੋੜ 90 ਲੱਖ ਸੀ, ਉਹ ਸਾਲ 2014-15 ਵਿਚ ਘਟ ਕੇ 13 ਕਰੋੜ 38 ਲੱਖ ਰਹਿ ਗਈ।

## ਭਾਰਤ ਵਿਚ ਹਨ ਸਭ ਤੋਂ ਵੱਧ ਭੁੱਖਮਰੀ ਦੇ ਸ਼ਿਕਾਰ ਲੋਕ



### ਭੁੱਖਮਰੀ ਦੇ ਖਾਤਮੇ ਲਈ ਰਫ਼ਤਾਰ ਸੁਸਤ

ਭੁੱਖਮਰੀ ਨੂੰ ਦੂਰ ਕਰਨ ਵੱਲ ਭਾਰਤ ਦੀ ਰਫ਼ਤਾਰ ਬਹੁਤ ਸੁਸਤ ਰਹੀ ਹੈ। ਮੁਲਕ ਦੇ 19.46 ਕਰੋੜ ਲੋਕ ਅਜੇ ਵੀ ਭੁੱਖਮਰੀ ਦਾ ਸ਼ਿਕਾਰ ਹਨ। ਰਿਪੋਰਟ ਅਨੁਸਾਰ ਚੀਨ, ਥਾਈਲੈਂਡ, ਵੀਅਤਨਾਮ ਤੇ ਇੰਡੋਨੇਸ਼ੀਆ ਨੇ ਇਸ ਪਾਸੇ ਵੱਡੀ ਪੁਲਾਂਘ ਪੁੱਟੀ ਹੈ। ਲਾਤੀਨੀ ਅਮਰੀਕੀ ਮੁਲਕਾਂ ਨੇ ਭੁੱਖਮਰੀ ਦੀ ਮੁਸੀਬਤ ਨੂੰ ਦੂਰ ਕਰਨ ਲਈ ਮਾਅਰਕੇ ਦਾ ਕੰਮ ਕੀਤਾ ਹੈ। ਰਿਪੋਰਟ ਵਿਚ ਇਨ੍ਹਾਂ ਦੇਸ਼ਾਂ ਤੋਂ ਸਬਕ ਲੈਣ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਸੰਸਾਰ ਪੱਧਰ ਉਤੇ ਟੀਚਾ ਸੀ ਕਿ 2015 ਤੱਕ ਭੁੱਖਮਰੀ ਅੱਧੀ ਘਟਾ ਦਿੱਤੀ ਜਾਵੇਗੀ। ਯਾਦ ਰਹੇ ਕਿ ਭਾਰਤ ਵਿਚ ਸਰਕਾਰਾਂ ਨੇ ਸਕੀਮਾਂ ਤਾਂ ਬਥੇਰੀਆਂ ਚਲਾਈ, ਪਰ ਇਨ੍ਹਾਂ ਸਕੀਮਾਂ ਦਾ ਬਹੁਤਾ ਪੈਸਾ ਲੀਡਰਾਂ ਅਤੇ ਅਫਸਰਾਂ ਦੇ ਢਿੱਡ ਅੰਦਰ ਹੀ ਪੈ ਗਿਆ।

ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੁਨੀਆ ਦੇ ਦੇਸ਼ ਵਿਚ ਗਰੀਬੀ ਤੇ ਭੁੱਖਮਰੀ ਨੂੰ ਦੂਰ ਕਾਰਨ ਲਈ ਉਸ ਤੇਜ਼ੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਹੋ ਰਹੇ ਜਿਵੇਂ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਸਲਾਹ ਦਿੱਤੀ ਗਈ ਹੈ ਕਿ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਮੁਲਕ ਆਪਣੇ ਆਰਥਿਕ ਵਿਕਾਸ, ਖੇਤੀ ਨਿਵੇਸ਼ ਤੇ ਸਮਾਜਿਕ ਸੁਰੱਖਿਆ ਦੇ ਨਾਲ ਸਿਆਸੀ ਸਥਿਰਤਾ ਵੱਲ ਖਾਸ ਧਿਆਨ ਦੇਣ। ਰਿਪੋਰਟ ਵਿਚ ਲਾਤੀਨੀ ਅਮਰੀਕਾ ਤੇ ਕੈਰੇਬਿਆਈ, ਦੱਖਣੀ ਪੂਰਬੀ ਤੇ ਕੇਂਦਰੀ ਏਸ਼ੀਆ ਦੇ ਕੁਝ ਹਿੱਸਿਆਂ ਅੰਦਰ ਭੁੱਖਮਰੀ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਕੰਮਾਂ ਦੀ ਪ੍ਰਸ਼ੰਸਾ ਕੀਤੀ ਹੈ। ਭਾਰਤ ਵਿਚ ਅਨਾਜ ਭੰਡਾਰਾਂ ਵਿਚ ਸੜ ਰਹੇ ਅਨਾਜ ਨੂੰ ਗ਼ਰੀਬਾਂ ਵਿਚ ਵੰਡ ਦੇਣ ਦੀ ਸੁਪਰੀਮ ਕੋਰਟ ਦੀ ਨਸੀਹਤ ਨੂੰ ਸਰਕਾਰ ਨੇ ਅਣਗੌਲਿਆ ਕਰ ਦਿੱਤਾ ਹੈ। ਯੂ.ਪੀ.ਏ. ਸਰਕਾਰ ਨੇ ਜਾਂਦੇ-ਜਾਂਦੇ ਖ਼ੁਰਾਕ ਸੁਰੱਖਿਆ ਬਿਲ ਨੂੰ ਕਾਹਲੀ ਵਿਚ ਪਾਸ ਕਰਵਾ ਲਿਆ ਤੇ ਗਰੀਬਾਂ ਨੂੰ ਸਸਤੇ ਭਾਅ ਅਨਾਜ ਦੇਣ ਦੀ ਕਾਨੂੰਨੀ ਗਰੰਟੀ ਤਾਂ ਦੇ ਦਿੱਤੀ ਪਰ ਇਸ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦਾ ਅਜੇ ਤੱਕ ਠੋਸ ਵਿਧਾਨ ਨਹੀਂ ਬਣ ਸਕਿਆ। ਸੰਸਾਰ ਭਰ ਵਿਚ ਮੌਸਮ ਵਿਚ ਵੱਡੀਆਂ ਤਬਦੀਲੀਆਂ, ਕੁਦਰਤੀ ਆਫ਼ਤਾਂ, ਸਿਆਸੀ ਅਸਥਿਰਤਾ ਤੇ ਗ੍ਰਹਿ ਯੁੱਧ ਵਰਗੇ ਹਾਲਾਤ ਨੂੰ ਜ਼ਿੰਮੇਵਾਰ ਮੰਨਿਆ ਗਿਆ ਹੈ। ਰਿਪੋਰਟ ਇਸ ਨੁਕਸ ਨੂੰ ਵੀ ਸਾਹਮਣੇ ਲਿਆਉਂਦੀ ਹੈ ਕਿ ਦੁਨੀਆ ਵਿਚ ਗ਼ਰੀਬੀ ਤੇ ਭੁੱਖਮਰੀ ਦੂਰ ਕਰਨ ਲਈ ਉਸ ਤੇਜ਼ੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਹੋ ਰਹੇ ਜਿੰਨੇ ਹੋਣੇ ਚਾਹੀਦੇ ਹਨ।

### ਚੀਨ ਵਿਚ 3.60 ਕਰੋੜ ਲੋਕ ਬੇਹੱਦ ਗ਼ਰੀਬ

**ਪੇਈਚਿੰਗ:** ਚੀਨ ਭਾਵੇਂ ਦੁਨੀਆ ਦੀ ਵੱਡੀ ਤਾਕਤ ਬਣ ਗਿਆ ਹੋਵੇ ਪਰ ਆਪਣੇ ਲੋਕਾਂ ਨੂੰ ਉਹ ਸਹੂਲਤਾਂ ਦੇਣ ਵਿਚ ਨਾਕਾਮ ਰਿਹਾ ਹੈ। ਚੀਨ ਵਿਚ ਤਿੰਨ ਕਰੋੜ 60 ਲੱਖ ਲੋਕ ਅਜਿਹੇ ਹਨ ਜਿਹੜੇ ਬੇਹੱਦ ਗ਼ਰੀਬੀ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਵਿਚ ਛੇ ਸਾਲ ਤੋਂ ਘੱਟ ਉਮਰ ਦੇ 40 ਲੱਖ ਬੱਚੇ ਵੀ ਸ਼ਾਮਲ ਹਨ। ਸਰਕਾਰੀ ਜਥੇਬੰਦੀਆਂ ਆਲ ਚੀਨੀ ਮਹਿਲਾ ਫੈਡਰੇਸ਼ਨ ਤੇ ਕੌਮੀ ਸਿਹਤ ਤੇ ਪਰਿਵਾਰ ਨਿਯੋਜਨ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਇਹ ਖ਼ੁਲਾਸਾ ਕੀਤਾ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਿਹੜੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਦਾ ਪਾਲਣ ਪੋਸ਼ਣ ਸ਼ਹਿਰੀ ਇਲਾਕਿਆਂ ਦੇ ਬੱਚਿਆਂ ਨਾਲੋਂ ਕਾਫ਼ੀ ਧੀਮੀ ਰਫ਼ਤਾਰ ਨਾਲ ਹੁੰਦਾ ਹੈ।

## ਆਸਟਰੇਲੀਆ ਵਿਚ ਗ਼ੈਰਕਾਨੂੰਨੀ ਪਰਵਾਸੀਆਂ ਵਿਰੁਧ ਸਖਤੀ

**ਸਿਡਨੀ:** ਆਸਟਰੇਲੀਆ ਦੇ ਇਮੀਗ੍ਰੇਸ਼ਨ ਵਿਭਾਗ ਨੇ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਤਿੰਨ ਦਰਜਨ ਤੋਂ ਵੱਧ ਪਰਵਾਸੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਭਾਗ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਛਾਪੇਮਾਰੀ ਕਰਦਿਆਂ ਖੇਤੀਬਾੜੀ, ਪੋਲਟਰੀ ਤੇ ਹੋਰ ਵਪਾਰਕ ਤੇ ਕੰਮਕਾਜੀ ਥਾਵਾਂ ਤੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਸੂਤਰਾਂ ਮੁਤਾਬਕ ਇਨ੍ਹਾਂ ਪਰਵਾਸੀਆਂ ਨੂੰ ਬਿਨਾਂ ਵੀਜ਼ੇ ਦੇ ਕੰਮ 'ਤੇ ਰੱਖਣ ਵਾਲੇ ਅਦਾਰਿਆਂ ਨੂੰ ਜੁਰਮਾਨਾ ਵੀ ਕੀਤਾ ਜਾਵੇਗਾ। ਫੜ੍ਹੇ ਗਏ ਪਰਵਾਸੀ ਕਾਮਿਆਂ ਦੀ ਪਛਾਣ ਭਾਵੇਂ ਅਜੇ ਨਹੀਂ ਦੱਸੀ ਗਈ ਹੈ, ਪਰ ਸੂਤਰਾਂ ਅਨੁਸਾਰ ਇਹ ਆਸਟਰੇਲੀਆ ਵਿਚ ਕੰਮ ਨਾ ਕਰਨ ਦੀ ਵੀਜ਼ਾ ਸ਼ਰਤ ਉਤੇ ਦਾਖ਼ਲ ਹੋਏ ਸਨ। ਇਨ੍ਹਾਂ ਵਿਚ ਵਿਦਿਆਰਥੀ ਵੀਜ਼ਾ ਧਾਰਕ ਵੀ ਸ਼ਾਮਲ ਹਨ ਜਿਨ੍ਹਾਂ ਦਾ ਵੀਜ਼ਾ ਖਤਮ ਹੋ ਚੁੱਕਾ ਹੈ, ਪਰ ਉਹ ਲੁਕ ਕੇ ਕੰਮ ਕਰ ਰਹੇ ਸਨ।

ਇਮੀਗ੍ਰੇਸ਼ਨ ਵਿਭਾਗ ਦੇ ਮੰਤਰੀ ਪੀਟਰ ਡੱਟਨ ਅਨੁਸਾਰ ਸਰਕਾਰ ਨੇ ਇਕ ਸਾਂਝਾ ਤਾਲਮੇਲ ਗਰੁੱਪ ਤਿਆਰ ਕੀਤਾ ਹੈ ਜਿਸ ਵਿਚ ਵਿਭਾਗ ਤੋਂ ਇਲਾਵਾ ਕੇਂਦਰੀ ਪੁਲਿਸ ਤੇ ਹੋਰਨਾਂ ਵਿਭਾਗਾਂ ਦੇ ਤਕਰੀਬਨ 120 ਅਫ਼ਸਰ ਤੇ ਇੰਸਪੈਕਟਰ ਲਾਏ ਗਏ ਹਨ। ਇਹ ਗਰੁੱਪ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਗੈਰਕਾਨੂੰਨੀ ਤੇ ਕਾਨੂੰਨੀ ਢੰਗ ਨਾਲ ਦੇਸ਼ ਵਿਚ ਰਹਿ ਰਹੇ ਪਰਵਾਸੀ ਤੇ ਉਨ੍ਹਾਂ ਨੂੰ ਕੰਮ 'ਤੇ ਰੱਖਣ ਵਾਲੇ ਮਾਲਕ ਨੇਮਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ।

## ਯਮਨ ਵਿਚ ਹਮਲਿਆਂ ਦੌਰਾਨ 1000 ਤੋਂ ਜ਼ਿਆਦਾ ਮੌਤਾਂ

**ਜਨੇਵਾ:** ਯਮਨ ਵਿਚ ਹੌਤੀ ਬਾਗੀਆਂ ਖਿਲਾਫ਼ ਸਾਊਦੀ ਦੀ ਅਗਵਾਈ ਵਾਲੇ ਸੈਨਾ ਗਠਬੰਧਨ ਵੱਲੋਂ ਮਾਰਚ ਮਹੀਨੇ ਸ਼ੁਰੂ ਕੀਤੇ ਗਏ ਹਵਾਈ ਹਮਲਿਆਂ ਵਿਚ 24 ਮਈ ਤੱਕ 1068 ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ ਤੇ 2551 ਜ਼ਖ਼ਮੀ ਹੋ ਚੁੱਕੇ ਹਨ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਇਕ ਅਧਿਕਾਰੀ (ਓ.ਐਚ.ਸੀ.ਐਚ.ਆਰ.) ਨੇ ਦਿੱਤੀ।

## ਭਾਰਤ ਦੀ 'ਐਕਟ ਈਸਟ' ਨੀਤੀ ਤੋਂ ਅਮਰੀਕਾ ਖੁਸ਼

**ਸਿੰਗਾਪੁਰ:** ਭਾਰਤ ਦੇ ਅਗਲੇ ਹਫ਼ਤੇ ਦੌਰੇ ਤੋਂ ਪਹਿਲਾਂ ਅਮਰੀਕੀ ਰੱਖਿਆ ਮੰਤਰੀ ਐਸ਼ਟਨ ਕਾਰਟਰ ਨੇ ਕਿਹਾ ਹੈ ਕਿ ਭਾਰਤ ਦੀ 'ਐਕਟ ਈਸਟ' ਨੀਤੀ ਸ਼ਲਾਘਾਯੋਗ ਹੈ ਤੇ ਏਸ਼ੀਆ ਖ਼ਿੱਤੇ ਵਿਚ ਸਹਿਯੋਗ ਲਈ ਰਾਹ ਲੱਭੇ ਜਾਣਗੇ। ਸ੍ਰੀ ਕਾਰਟਰ ਨੇ ਕਿਹਾ ਕਿ ਉਹ ਵਿਸ਼ਾਖਾਪਟਨਮ ਵਿਚ ਪੂਰਬੀ ਜਲ ਸੈਨਾ ਕਮਾਂਡ ਦਾ ਦੌਰਾ ਕਰਨਗੇ ਤੇ ਦਿੱਲੀ ਵਿਚ ਭਾਰਤੀ ਹਮਰੁਤਬਾ ਮਨੋਹਰ ਪਰੀਕਰ ਨਾਲ ਮੁਲਾਕਾਤ ਵੀ ਹੋਵੇਗੀ। ਭਾਰਤ ਤੇ ਅਮਰੀਕਾ ਵਿਚਕਾਰ ਰੱਖਿਆ ਸਹਿਯੋਗ ਬਾਰੇ ਸਮਝੌਤੇ ਉਤੇ ਵੀ ਦਸਤਖ਼ਤ ਹੋਣਗੇ ਤੇ ਅਗਲੇ ਦਹਾਕੇ ਤੱਕ ਦੋਵੇਂ ਮੁਲਕ ਫ਼ੌਜੀ ਸਹਿਯੋਗ ਵਿਚ ਇਕ ਦੂਜੇ ਨੂੰ ਰਾਹ ਦਿਖਾਉਣਗੇ।

## ਕੈਨੇਡਾ ਦੀ ਨਾਗਰਿਕਤਾ ਰੱਦ ਕਰਨ ਵਾਲਾ ਕਾਨੂੰਨ ਲਾਗੂ

**ਟੋਰਾਂਟੋ:** ਕੈਨੇਡਾ ਵਿਰੁੱਧ ਅਤਿਵਾਦੀ ਸਰਗਰਮੀਆਂ, ਜਾਸੂਸੀ ਤੇ ਦੇਸ਼ ਧਰੋਹ ਕਾਰਨ ਸਜ਼ਾ ਯਾਫ਼ਤਾ ਹੋਣ ਵਾਲੇ ਵਿਅਕਤੀਆਂ ਨੂੰ ਕੈਨੇਡਾ ਦੀ ਨਾਗਰਿਕਤਾ ਤੋਂ ਹੱਥ ਧੋਣੇ ਪਿਆ ਕਰਨਗੇ ਕਿਉਂਕਿ ਇਸ ਬਾਰੇ ਨਵਾਂ ਕਾਨੂੰਨ ਬੀਤੀ 29 ਮਈ ਨੂੰ ਲਾਗੂ ਕਰ ਦਿੱਤਾ ਗਿਆ ਹੈ। ਇਸ ਕਾਨੂੰਨ ਦਾ ਵਿਸ਼ੇਸ਼ ਅਸਰ ਦੋਹਰੀ ਨਾਗਰਿਕਤਾ ਰੱਖਣ ਵਾਲੇ ਲੋਕਾਂ ਉਤੇ ਪਵੇਗਾ। ਵਿਦੇਸ਼ਾਂ ਵਿਚ ਜਾ ਕੇ ਕੈਨੇਡੀਅਨ ਫੌਜ ਵਿਰੁੱਧ ਹਥਿਆਰਬੰਦ ਜੰਗ ਲੜਨ ਦੇ ਦੋਸ਼ੀ ਵੀ ਕੈਨੇਡਾ ਦੀ ਨਾਗਰਿਕਤਾ ਗਵਾ ਸਕਦੇ ਹਨ। ਇੰਮੀਗ੍ਰੇਸ਼ਨ ਤੇ ਨਾਗਰਿਕਤਾ ਮੰਤਰੀ ਕ੍ਰਿਸ ਅਲਗਜ਼ੈਂਡਰ ਨੇ ਕਿਹਾ ਕਿ ਅਤਿਵਾਦ ਦੇ ਵਧ ਰਹੇ ਖਤਰੇ ਨਾਲ ਨਜਿੱਠਣ ਲਈ ਸਖ਼ਤ ਫੈਸਲੇ ਜ਼ਰੂਰੀ ਹਨ ਤਾਂ ਕਿ ਕੈਨੇਡਾ ਦੇ ਦੁਸ਼ਮਣ ਕੈਨੇਡੀਅਨ ਸਿਟੀਜ਼ਨਸ਼ਿਪ ਦਾ ਨਾਜਾਇਜ਼ ਫਾਇਦਾ ਨਾ ਉਠਾ ਸਕਣ। ਨਵੇਂ ਕਾਨੂੰਨ ਵਿਚ ਨਾਗਰਿਕਤਾ ਰੱਦ ਕਰਨ ਦਾ ਅਧਿਕਾਰ ਨਾਗਰਿਕਤਾ ਮੰਤਰੀ ਨੂੰ ਦਿੱਤਾ ਗਿਆ ਹੈ। ਕੈਨੇਡਾ ਦੇ ਕਮਬੈਟਿੰਗ ਟੈਰੇਰਿਜ਼ਮ ਐਕਟ



ਤਹਿਤ ਅਤਿਵਾਦੀ ਕਾਰਵਾਈਆਂ ਕਰਨ ਲਈ ਕੈਨੇਡਾ ਤੋਂ ਬਾਹਰ ਜਾਣਾ ਇਕ ਅਪਰਾਧ ਹੈ ਤੇ ਅਜਿਹੇ ਅਪਰਾਧੀ ਦਾ ਪਾਸਪੋਰਟ ਕੈਂਸਲ ਕੀਤਾ ਜਾ ਸਕਦਾ ਹੈ।

# ਇਰਾਕ ਤੇ ਸੀਰੀਆ ਤੋਂ ਬਾਹਰ ਪਸਾਰੇ ਲਈ ਸਰਗਰਮ ਹੈ ਆਈ. ਐਸ.

**ਬੈਰੂਤ:** ਆਈ.ਐਸ.ਆਈ.ਐਸ. (ਇਸਲਾਮਿਕ ਸਟੇਟ) ਨਾਂ ਦਾ ਅਤਿਵਾਦੀ ਸੰਗਠਨ ਪੂਰੀ ਦੁਨੀਆ ਲਈ ਚਿੰਤਾ ਦਾ ਸਬੱਬ ਬਣਦਾ ਜਾ ਰਿਹਾ ਹੈ। ਅਮਰੀਕਾ ਸਮੇਤ ਕੁਝ ਆਲਮੀ ਸ਼ਕਤੀਆਂ ਵੱਲੋਂ ਇਸ ਸੰਗਠਨ ਖਿਲਾਫ ਵਿਆਪਕ ਲਾਮਬੰਦੀ ਦੇ ਬਾਵਜੂਦ ਇਸ ਦਾ ਪਸਾਰਾ ਇਰਾਕ ਤੇ ਸੀਰੀਆ ਤੋਂ ਬਾਹਰ ਹੋਰ ਦੇਸ਼ਾਂ ਵੱਲ ਵਧਦਾ ਜਾ ਰਿਹਾ ਹੈ।

ਭਾਰਤ, ਪਾਕਿਸਤਾਨ ਤੇ ਆਸਟਰੇਲੀਆ ਸਮੇਤ ਵੱਡੀ ਗਿਣਤੀ ਦੇਸ਼ਾਂ ਦੇ ਨਾਗਰਿਕ ਇਸ ਸੰਗਠਨ ਵੱਲ ਖਿੱਚੇ ਚਲੇ ਆ ਰਹੇ ਹਨ। ਆਸਟਰੇਲੀਆ ਵਿਚ ਅੱਲੜ੍ਹ ਕੁੜੀਆਂ ਸੰਗਠਨ ਵੱਲ ਵਿਸ਼ੇਸ਼ ਦਿਲਚਸਪੀ ਵਿਖਾ ਰਹੀਆਂ ਹਨ। ਤਾਜ਼ਾ ਰਿਪੋਰਟ ਮੁਤਾਬਕ ਇਸ ਦੇਸ਼ ਦੀਆਂ ਪੰਜ ਲੜਕੀਆਂ ਇਸਲਾਮਿਕ ਸਟੇਟ ਵਿਚ ਸ਼ਾਮਲ ਹੋਣ ਵਿਚ ਸਫ਼ਲ ਹੋ ਗਈਆਂ ਹਨ ਤੇ ਦਰਜਨ ਤੋਂ ਵਧ ਹੋਰ ਜ਼ਿਹਾਦੀ ਬਣਨਾ ਚਾਹੁੰਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਕੱਟੜ ਅਤਿਵਾਦੀਆਂ ਬਾਰੇ ਬੜੇ ਰੁਮਾਂਟਿਕ ਖਿਆਲ ਰੱਖਦੀਆਂ ਹਨ। ਵਿਕਟੋਰੀਆ ਪੁਲਿਸ ਮੁਤਾਬਕ ਉਹ 12 ਅਜਿਹੀਆਂ ਲੜਕੀਆਂ ਨੂੰ ਜਾਣਦੀ ਹੈ ਜਿਨ੍ਹਾਂ ਨੇ ਆਸਟਰੇਲੀਆ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਹੈ ਤੇ ਪੰਜ ਕੁੜੀਆਂ ਅਤਿਵਾਦੀ ਸੰਗਠਨ ਵਿਚ ਸ਼ਾਮਲ ਵੀ ਹੋ ਗਈਆਂ ਹਨ।

ਇਸ ਸੰਗਠਨ ਵੱਲੋਂ ਵਿਸ਼ਵ ਦੇ ਬਾਕੀ ਹਿੱਸਿਆਂ ਵਿਚ ਆਪਣੀਆਂ ਸਰਗਰਮੀਆਂ



ਵਧਾਉਣ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ। ਦੂਜੇ ਪਾਸੇ ਇਰਾਕ ਤੇ ਸੀਰੀਆ ਉਤੇ ਇਸ ਦੀ ਦਹਿਸ਼ਤ ਦਾ ਕਾਲਾ ਪਰਛਾਵਾਂ ਦਿਨੋ-ਦਿਨ ਹੋਰ ਵੀ ਗੂੜ੍ਹਾ ਹੁੰਦਾ ਜਾ ਰਿਹਾ ਹੈ।

ਇਸ ਵੱਲੋਂ ਸੀਰੀਆ ਤੇ ਇਰਾਕ ਦੇ ਕਾਫ਼ੀ ਵੱਡੇ ਇਲਾਕਿਆਂ ਉਤੇ ਕਬਜ਼ਾ ਕੀਤਾ ਜਾ ਚੁੱਕਾ ਹੈ। ਅਮਰੀਕੀ ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਇਰਾਕ ਤੇ ਸੀਰੀਆ ਵਿਚ 31 ਹਜ਼ਾਰ ਤੋਂ ਵਧੇਰੇ ਆਈ.ਐਸ. ਜੇਹਾਦੀ ਹਨ। ਆਈ.ਐਸ. ਤੇ ਇਸ ਦੇ ਸਹਿਯੋਗੀਆਂ ਦੇ ਕਬਜ਼ੇ ਹੇਠ ਇਰਾਕ ਤੇ ਸੀਰੀਆ ਦਾ 40 ਹਜ਼ਾਰ ਵਰਗ ਕਿਲੋਮੀਟਰ ਇਲਾਕਾ ਦੱਸਿਆ ਜਾਂਦਾ ਹੈ, ਜੋ ਕਿ ਬੈਲਜੀਅਮ ਦੇਸ਼ ਦੇ ਆਕਾਰ ਜਿੰਨਾ ਬਣਦਾ ਹੈ। ਕੁਝ ਹੋਰ ਅਨੁਮਾਨਾਂ ਮੁਤਾਬਕ ਆਈ.ਐਸ. ਦੇ ਕਬਜ਼ੇ ਹੇਠ ਇਨ੍ਹਾਂ ਦੋਵਾਂ ਦੇਸ਼ਾਂ ਦਾ 90 ਹਜ਼ਾਰ ਵਰਗ ਕਿਲੋਮੀਟਰ ਇਲਾਕਾ ਹੈ, ਜੋ ਕਿ ਜਾਰਡਨ ਦੇ ਆਕਾਰ ਦੇ ਬਰਾਬਰ ਹੈ।

ਆਈ.ਐਸ. ਵੱਲੋਂ ਪਿਛਲੇ ਦਿਨੀਂ ਇਰਾਕ ਦੇ ਅਨਬਾਰ ਸੂਬੇ ਦੇ ਰਮਾਦੀ ਸ਼ਹਿਰ 'ਤੇ ਕਬਜ਼ਾ ਕਰ ਲਿਆ ਗਿਆ। ਇਹ ਸ਼ਹਿਰ ਅਨਬਾਰ ਦੀ ਰਾਜਧਾਨੀ ਵੀ ਹੈ ਤੇ ਰਣਨੀਤਕ ਪੱਖੋਂ ਵੀ ਵੱਡੀ ਮਹੱਤਤਾ ਰੱਖਦਾ ਹੈ। ਰਮਾਦੀ ਦਾ ਆਈ.ਐਸ. ਦੇ ਕਬਜ਼ੇ ਹੇਠ ਆਉਣਾ ਪਿਛਲੀਆਂ ਗਰਮੀਆਂ ਤੋਂ ਲੈ ਕੇ ਹੁਣ ਤੱਕ, ਇਰਾਕੀ ਸਰਕਾਰ ਦੀ ਸਭ ਤੋਂ ਵੱਡੀ ਹਾਰ ਹੈ। ਰਮਾਦੀ ਉਤੇ ਆਈ.ਐਸ. ਦਾ ਕਬਜ਼ਾ ਹੋਣ ਤੋਂ ਬਾਅਦ ਇਸ ਸ਼ਹਿਰ ਵਾਸਤੇ ਨਵੇਂ ਸਿਰਿਓਂ ਸਖ਼ਤ ਲੜਾਈ ਛਿੜਨ ਦਾ ਮਾਹੌਲ ਪੂਰੀ ਤਰ੍ਹਾਂ ਤਿਆਰ ਹੋ ਚੁੱਕਾ ਹੈ। ਦੂਜੇ ਪਾਸੇ ਆਈ.ਐਸ. ਲੜਾਕਿਆਂ ਖ਼ਿਲਾਫ਼ ਅਮਰੀਕੀ ਅਗਵਾਈ ਹੇਠਲੇ ਹਵਾਈ ਹਮਲੇ ਵੀ ਤੇਜ਼ ਹੋ ਗਏ ਹਨ। ਗਠਜੋੜ ਫ਼ੌਜਾਂ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਰਾਕੀ ਫ਼ੌਜਾਂ ਦੀ ਬੇਨਤੀ ਉਤੇ ਰਮਾਦੀ ਨੇੜਲੇ ਇਲਾਕਿਆਂ 'ਤੇ 72 ਘੰਟਿਆਂ ਵਿਚ 19 ਹਵਾਈ ਹਮਲੇ ਕੀਤੇ ਗਏ।

ਪਿਛਲੇ ਕੁਝ ਦਿਨਾਂ ਦੌਰਾਨ ਰਮਾਦੀ ਸ਼ਹਿਰ ਲਈ ਹੋਈ ਲੜਾਈ ਵਿਚ 500 ਤੋਂ ਵਧੇਰੇ ਲੋਕ ਮਾਰੇ ਜਾ ਚੁੱਕੇ ਹਨ ਤੇ 8000 ਤੋਂ ਵਧੇਰੇ ਲੋਕ ਇਸ ਖੇਤਰ ਤੋਂ ਹਿਜਰਤ ਕਰ ਚੁੱਕੇ ਹਨ। ਇਸ ਸ਼ਹਿਰ ਦਾ ਖੁਸ ਜਾਣਾ ਆਈ.ਐਸ.ਆਈ.ਐਸ. ਖ਼ਿਲਾਫ਼ ਲੜ ਰਹੀਆਂ ਫ਼ੌਜਾਂ ਲਈ ਇਕ ਵੱਡਾ ਝਟਕਾ ਹੈ, ਇਨ੍ਹਾਂ ਫ਼ੌਜਾਂ ਵਿਚ ਅਮਰੀਕੀ ਅਗਵਾਈ ਹੇਠਲਾ ਗਠਜੋੜ ਤੇ ਇਰਾਕੀ ਫ਼ੌਜਾਂ ਸ਼ਾਮਲ ਹਨ, ਜਿਨ੍ਹਾਂ ਨੂੰ ਈਰਾਨੀ ਹਮਾਇਤ ਵਾਲੇ ਸ਼ੀਆ ਲੜਾਕਿਆਂ ਦਾ ਵੀ ਸਮਰਥਨ ਹਾਸਲ ਹੈ।

### ਹਰ ਪੱਖੋਂ ਸਮਰੱਥ ਹੈ ਆਈ.ਐਸ. ਸੰਗਠਨ

ਆਈ.ਐਸ. ਦੇ ਲੜਾਕੇ ਬੇਸ਼ੁਮਾਰ ਖ਼ਤਰਨਾਕ ਹਥਿਆਰਾਂ ਨਾਲ ਲੈਸ ਹਨ, ਇਨ੍ਹਾਂ ਵਿਚ ਛੋਟੇ ਟਰੱਕਾਂ ਉਤੇ ਫਿੱਟ ਮਸ਼ੀਨਗੰਨਾਂ, ਰਾਕਟ ਲਾਂਚਰ, ਹਵਾਈ ਜਹਾਜ਼ ਡੇਗਣ ਵਾਲੀਆਂ ਗੰਨਾਂ ਤੇ ਜ਼ਮੀਨ ਤੋਂ ਹਵਾ ਵਿਚ ਮਾਰ ਕਰਨ ਵਾਲੀ ਮਿਜ਼ਾਈਲ ਪ੍ਰਣਾਲੀ ਵੀ ਸ਼ਾਮਲ ਹੈ। ਇਨ੍ਹਾਂ ਮਿਜ਼ਾਈਲਾਂ ਨੂੰ ਆਸਾਨੀ ਨਾਲ ਇਕ ਥਾਂ ਤੋਂ ਦੂਜੀ ਥਾਂ ਉਤੇ ਲਿਜਾਇਆ ਜਾ ਸਕਦਾ ਹੈ। ਆਈ.ਐਸ.ਆਈ.ਐਸ. ਦੁਨੀਆ ਦਾ ਸਭ ਤੋਂ ਅਮੀਰ ਅਤਿਵਾਦੀ ਸੰਗਠਨ ਹੈ ਤੇ ਇਸ ਕੋਲ ਦੋ ਬਿਲੀਅਨ ਡਾਲਰ ਤੋਂ ਵੱਧ ਦੀ ਨਗਦੀ ਤੇ ਸੰਪਤੀ ਹੈ। ਆਪਣੇ ਕਬਜ਼ੇ ਹੇਠਲੇ ਤੇਲ ਤੇ ਗੈਸ ਉਤਪਾਦਕ ਖੇਤਰਾਂ ਤੋਂ ਇਸ ਨੂੰ ਹਰ ਮਹੀਨੇ ਲੱਖਾਂ ਡਾਲਰਾਂ ਦੀ ਕਮਾਈ ਹੁੰਦੀ ਹੈ। ਇਸ ਤੋਂ ਇਲਾਵਾ ਆਪਣੇ ਕਬਜ਼ੇ ਹੇਠਲੇ ਇਲਾਕਿਆਂ ਵਿਚ ਲਾਏ ਗਏ ਟੈਕਸਾਂ, ਟੋਲ ਕਰਾਂ ਦੇ ਨਾਲ-ਨਾਲ ਇਸ ਵੱਲੋਂ ਤਸਕਰੀ ਤੇ ਫਿਰੌਤੀਆਂ ਆਦਿ ਰਾਹੀਂ ਵੀ ਵੱਡੀ ਰਕਮ ਇਕੱਠੀ ਜਾਂਦੀ ਹੈ। ਇਸ ਵਕਤ 80 ਲੱਖ ਲੋਕ ਆਈ.ਐਸ. ਦੇ ਕਬਜ਼ੇ ਹੇਠਲੇ ਇਲਾਕਿਆਂ ਵਿਚ ਰਹਿੰਦੇ ਹਨ।

# ਸਫ਼ਾਈ ਕਾਮਿਆਂ ਦੀਆਂ ਮੁੱਦਤਾਂ ਦੀ ਉਮਰ

ਚੰਡੀਗੜ੍ਹ ਵਿਚ ਤਿੰਨ ਸਫ਼ਾਈ ਕਾਮਿਆਂ ਦੀ ਮੌਤ, ਇਕ ਦਿਨ ਤੋਂ ਬਾਅਦ ਖ਼ਬਰਾਂ ਵਿਚ ਗ਼ੈਰ-ਹਾਜ਼ਰ ਹੋ ਗਈ। ਚਾਰ ਸੌ ਰੁਪਏ ਦਿਹਾੜੀ ਉਤੇ ਉੱਤਰ ਪ੍ਰਦੇਸ਼ ਦੇ ਮੁਰਾਦਾਵਾਦ ਜ਼ਿਲ੍ਹੇ ਤੋਂ ਰੋਜ਼ਗਾਰ ਲਈ ਆਏ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਠੇਕੇਦਾਰ ਲਈ ਜ਼ਮੀਨਦੋਜ ਨਿਕਾਸੀਆਂ ਸਾਫ਼ ਕਰਦੇ ਸਨ। 'ਖ਼ੂਬਸੂਰਤ ਸ਼ਹਿਰ' ਵਿਚ ਜ਼ਮੀਨਦੋਜ ਪ੍ਰਬੰਧ ਵਾਸੀਆਂ, ਸੈਲਾਨੀਆਂ, ਪ੍ਰਬੰਧਕਾਂ ਅਤੇ ਮਾਹਰਾਂ ਦੀਆਂ ਸਿਫ਼ਤਾਂ ਦਾ ਸਬੱਬ ਬਣਦੇ ਹਨ। ਇਸ ਸ਼ਹਿਰ ਦੇ ਫੁੱਲ ਮੇਲੇ, ਫ਼ੈਸ਼ਨ ਸ਼ੋਅ, ਸਭਿਆਚਾਰਕ ਸਮਾਗਮ ਅਤੇ ਸਿਆਸੀ ਸਰਗਰਮੀ ਲਗਾਤਾਰ ਖ਼ਬਰਾਂ ਵਿਚ ਰਹਿੰਦੀ ਹਨ। ਸ਼ਹਿਰ ਦੀਆਂ ਇਮਾਰਤਾਂ, ਬਾਗ਼-ਬਗ਼ੀਚੇ ਅਤੇ ਸੜਕਾਂ ਦੇ ਅੱਗੇ-ਪਿੱਛੇ ਕੁੜੀਆਂ ਦੀਆਂ ਤਸਵੀਰਾਂ ਪੱਤਰਕਾਰਾਂ ਦੀ ਦਿਲਚਸਪੀ ਦਾ ਸਬੱਬ ਰਹਿੰਦੀਆਂ ਹਨ। ਔਰਤ ਦਿਵਸ ਉਤੇ ਪੱਥਰ ਢੋਂਦੀਆਂ ਜਾਂ ਰੋੜੀ ਕੁੱਟਦੀਆਂ ਬੀਬੀਆਂ ਦੀਆਂ ਤਸਵੀਰਾਂ ਅਖ਼ਬਾਰਾਂ-ਰਸਾਲਿਆਂ ਵਿਚ ਛਪ ਜਾਂਦੀਆਂ ਹਨ। ਹੁਣ ਇਹ ਸ਼ਹਿਰ ਮਜ਼ਦੂਰ ਦਿਵਸ ਉਤੇ ਮਜ਼ਦੂਰਾਂ ਦੀਆਂ ਤਸਵੀਰਾਂ ਛਾਪਣ ਦੀ 'ਮਜਬੂਰੀ' ਤੋਂ ਨਿਜਾਤ



**ਦਲਜੀਤ ਅਮੀ**
ਫੋਨ: +91-97811-21873

ਪਾ ਚੁੱਕਿਆ ਹੈ। ਸਕੂਲਾਂ ਤੋਂ ਲੈ ਕੇ ਨੌਕਰੀ ਵਾਲੇ ਇਮਤਿਹਾਨਾਂ ਦੇ ਨਤੀਜਿਆਂ ਦੀਆਂ ਘਰੋ-ਘਰੀ ਖਿੱਚੀਆਂ ਤਸਵੀਰਾਂ ਨੂੰ ਲੜੀਵਾਰ ਛਾਪਣਾ 'ਜ਼ਰੂਰੀ' ਹੋ ਗਿਆ ਹੈ। ਇਨ੍ਹਾਂ ਹਾਲਾਤ ਵਿਚ ਇਹ ਸੁਆਲ ਅਹਿਮ ਹਨ ਕਿ ਇਸ ਸ਼ਹਿਰ ਦੀਆਂ ਤਰਜੀਹਾਂ ਕੀ ਹਨ? ਇਹ ਤਰਜੀਹਾਂ ਕੌਣ ਤੈਅ ਕਰਦਾ ਹੈ? ਇਸ ਸ਼ਹਿਰ ਵਿਚ ਸ਼ਹਿਰੀ ਹੋਣ ਦੇ ਕੀ ਮਾਅਨੇ ਹਨ? ਸ਼ਹਿਰੀ ਦੀ ਕੀ ਪਛਾਣ ਹੈ? ਇਸ ਸ਼ਹਿਰ ਨਾਲ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਦਾ ਰਿਸ਼ਤਾ ਕੀ ਬਣਦਾ ਹੈ?

ਇਸ ਸ਼ਹਿਰ ਦਾ ਸਿਆਸੀ ਰੁਤਬਾ ਅਹਿਮ ਸੁਆਲ ਰਿਹਾ ਹੈ। ਪੰਜਾਬ-ਹਰਿਆਣਾ ਦੀ ਚੰਡੀਗੜ੍ਹ ਉਤੇ ਦਾਅਵੇਦਾਰੀ ਉਤੇ ਚਰਚਾ ਕਿੰਨੀ ਵੀ ਹੋ ਸਕਦੀ ਹੈ। ਚੰਡੀਗੜ੍ਹ ਨਾਲ ਜੁੜੇ ਇਨ੍ਹਾਂ ਸੁਆਲਾਂ ਦੇ ਜੁਆਬ 'ਊਠ ਦੇ ਬੁੱਲ੍ਹ' ਵਾਂਗ ਤਕਰੀਬਨ ਅੱਧੀ ਸਦੀ ਤੋਂ ਲਟਕ ਰਹੇ ਹਨ। ਚੰਡੀਗੜ੍ਹ ਦੇ ਜਮਹੂਰੀ, ਸ਼ਹਿਰੀ ਅਤੇ ਮਨੁੱਖੀ ਹਕੂਕ ਦੇ ਸੁਆਲਾਂ ਨੂੰ ਉਪਰੋਕਤ ਸਿਆਸੀ ਸੁਆਲਾਂ ਦੇ ਜੁਆਬਾਂ ਦੀ ਉਡੀਕ ਵਿਚ ਟਾਲਣ ਦਾ ਰੁਝਾਨ ਭਾਰੂ ਰਿਹਾ ਹੈ। ਇਨ੍ਹਾਂ ਸੁਆਲਾਂ ਨੂੰ ਦੋਇਮ ਦਰਜੇ ਦੇ ਸੁਆਲ ਮੰਨੇ ਜਾਣ ਉੱਤੇ ਅਣਐਲਾਨੀ ਸਹਿਮਤੀ ਬਣੀ ਹੋਈ ਹੈ। ਜਦੋਂ ਮੁਲਕ ਵਿਚ ਸੈਂਕੜੇ 'ਸਮਾਰਟ ਸਿਟੀ' ਬਣਾਏ ਜਾਣ ਦਾ ਐਲਾਨ ਹੋ ਚੁੱਕਿਆ ਹੈ ਤਾਂ ਸਭ ਸੂਬਿਆਂ ਦੀਆਂ ਸਰਕਾਰਾਂ 'ਸਮਾਰਟ ਸ਼ਹਿਰਾਂ ਦੇ ਗੱਫ਼ੇ' ਲੈਣ ਕੇਂਦਰ ਸਰਕਾਰ ਤੱਕ ਪਹੁੰਚ ਕਰ ਰਹੀਆਂ ਹਨ। ਇਸ ਤੋਂ ਬਾਅਦ ਸੂਬਾ ਸਰਕਾਰਾਂ ਕੇਂਦਰ ਵੱਲੋਂ ਦਿੱਤੇ 'ਸਮਾਰਟ ਸ਼ਹਿਰਾਂ' ਦੀ ਨੁਮਾਇਸ਼ ਆਪਣੀਆਂ ਪ੍ਰਾਪਤੀਆਂ ਵਜੋਂ ਕਰ ਰਹੀਆਂ ਹਨ। ਇਸ ਮਾਮਲੇ ਵਿਚ ਜੇ ਕੋਈ ਆਪਣੇ ਸੂਬੇ ਨੂੰ 'ਕੈਲੀਫੋਰਨੀਆ' ਬਣਾਉਣ ਦਾ ਦਾਅਵਾ ਕਰ ਰਿਹਾ ਹੈ ਤਾਂ ਕੁਝ ਲਈ ਚੰਡੀਗੜ੍ਹ ਮਿਸਾਲੀ ਸ਼ਹਿਰ ਹੈ। ਇਸ ਸ਼ਹਿਰ ਦੀ ਵੱਡੀ ਆਬਾਦੀ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਵਰਗਿਆਂ ਦੀ ਹੈ। ਰਸੋਈਆਂ ਵਿਚ ਰੋਜ਼ਾਨਾ ਸਮਾਨ ਭਰਨ ਤੋਂ ਲੈ ਕੇ ਘਰਾਂ ਦੀ ਸਾਫ਼-ਸਫ਼ਾਈ ਦਾ ਕੰਮ ਇਸੇ ਤਬਕੇ ਦੇ ਹਿੱਸੇ ਆਇਆ ਹੈ। ਸ਼ਹਿਰਾਂ ਦੇ ਬਾਗ਼-ਬਗ਼ੀਚੇ ਨੂੰ ਮਹਿਕਦਾ, ਜ਼ਮੀਨਦੋਜ ਪ੍ਰਬੰਧਾਂ ਨੂੰ ਚੱਲਦਾ, ਗੱਡੀਆਂ ਨੂੰ ਤੁਰਦਾ ਅਤੇ ਦਫ਼ਤਰਾਂ ਨੂੰ ਬਾਬੂਆਂ ਦੇ ਆਉਣ ਤੋਂ ਪਹਿਲਾਂ ਖੋਲ੍ਹਣ ਅਤੇ ਬਾਅਦ ਵਿਚ ਬੰਦ ਕਰਨ ਦਾ ਕੰਮ ਇਹੋ ਤਬਕਾ ਕਰਦਾ ਹੈ। ਚੌਕੀਦਾਰਾ ਇਹੋ ਕਰਦੇ ਹਨ। ਨਾਕਸ ਆਵਾਜਾਈ ਅਤੇ ਢੋਆ-ਢੁਆਈ ਪ੍ਰਬੰਧਾਂ ਦੀ ਘਾਟ ਰਿਕਸ਼ਿਆਂ, ਰਿਹੜੀਆਂ ਅਤੇ ਟੈਂਪੂਆਂ ਨਾਲ ਇਹੋ ਪੂਰੀ ਕਰਦੇ ਹਨ। ਇਨ੍ਹਾਂ ਸਾਰੇ ਕੰਮਾਂ ਲਈ ਚੰਡੀਗੜ੍ਹ ਦੇ ਲਾਗਲੇ ਪਿੰਡਾਂ ਤੋਂ ਸ਼ੁਰੂ ਹੋ ਕੇ ਮੁਲਕ ਦੇ ਤਕਰੀਬਨ ਹਰ ਹਿੱਸੇ ਵਿਚੋਂ ਲੋਕ ਆਉਂਦੇ ਹਨ।

ਇਸ ਸ਼ਹਿਰ ਵਿਚ ਮੂਲ ਨਿਵਾਸੀ ਅਤੇ ਆਵਾਸੀ ਦੀ ਬਹਿਸ ਲਗਾਤਾਰ ਚੱਲਦੀ ਰਹਿੰਦੀ ਹੈ। ਇਹ ਸ਼ਹਿਰ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ। ਪਹਿਲਾਂ ਕੁਝ ਸੈਕਟਰਾਂ ਨੂੰ ਪਿੰਡਾਂ ਦੇ ਨਾਮਾਂ ਨਾਲ ਹੀ ਜਾਣਿਆ ਜਾਂਦਾ ਸੀ। ਹੁਣ ਇਹ ਰੁਝਾਨ ਘਟ ਗਿਆ ਹੈ। ਹੁਣ ਬੜਹੇੜੀ, ਅਟਾਵਾ ਅਤੇ ਹੋਰ ਪਿੰਡਾਂ ਦੇ ਨਾਮ ਘੱਟ ਲੋਕ ਲੈਂਦੇ ਹਨ। ਜਿਹੜੇ ਪਿੰਡਾਂ ਨੂੰ ਚੰਡੀਗੜ੍ਹ ਵਸਾਉਣ ਲਈ ਉਜਾੜਿਆ ਗਿਆ ਸੀ, ਉਨ੍ਹਾਂ ਵਿਚ ਬਹੁਤ ਸਾਰੇ ਲੋਕ ਪਾਕਿਸਤਾਨ ਵਿਚੋਂ ਆ ਕੇ ਵਸੇ ਸਨ। ਇਨ੍ਹਾਂ ਪਿੰਡਾਂ ਵਿਚ ਉਜੜੇ ਕੁਝ ਲੋਕ ਚੰਡੀਗੜ੍ਹ ਦੇ ਨਾਲ ਦੇ ਇਲਾਕਿਆਂ ਵਿਚ ਵਸ ਗਏ। ਜਦੋਂ ਸ਼ਹਿਰ ਫੈਲਿਆ ਤਾਂ ਉਨ੍ਹਾਂ ਇਲਾਕਿਆਂ ਨੂੰ ਮੁੜ ਕੇ ਉਜਾੜਿਆ ਗਿਆ। ਪਿੰਡਾਂ ਅਤੇ ਪਿੰਡ ਵਾਸੀਆਂ ਦੇ ਉਜਾੜੇ ਦੀ ਦਾਸਤਾਨ ਉਜਾੜਾ-ਦਰ-ਉਜਾੜਾ ਵਾਪਰੀ ਹੈ ਪਰ ਹਾਲੇ ਤੱਕ ਇਸ ਰੁਝਾਨ ਦੀ ਮਨੁੱਖੀ ਪਿੰਡੇ ਉੱਤੇ ਥਾਹ ਪਾਉਣ ਵਾਲੇ ਅਧਿਐਨ ਨਹੀਂ ਹੋਏ। ਜ਼ਿਆਦਾਤਰ ਅਧਿਐਨ ਸ਼ਹਿਰ ਦੀ ਵਿਉਂਤਬੰਦੀ ਅਤੇ ਮੁਆਵਜ਼ੇ ਦੀ ਮਿਕਦਾਰ ਤੱਕ ਮਹਿਦੂਦ ਹੋ ਜਾਂਦੇ ਹਨ।

ਚੰਡੀਗੜ੍ਹ ਵਿਚ ਉਸਾਰੀਆਂ ਦੁਆਲੇ ਮਜ਼ਦੂਰਾਂ ਦੇ ਵਸਣ ਅਤੇ ਉਜੜਨ ਦੀ ਕਹਾਣੀ ਇਸ ਸ਼ਹਿਰ ਜਿੰਨੀ ਹੀ ਪੁਰਾਣੀ ਹੈ। ਸ਼ਹਿਰ ਵਿਚ ਉਸਰੀਆਂ ਸਹੂਲਤਾਂ ਅਤੇ ਰੋਜ਼ਗਾਰ ਦੇ ਮੌਕੇ ਬੰਦੇ ਨੂੰ ਕਿਤੋਂ ਵੀ ਖਿੱਚ ਲਿਆਉਂਦੇ ਹਨ। ਸ਼ਹਿਰ ਦੀਆਂ ਮਜ਼ਦੂਰ ਬਸਤੀਆਂ ਵਿਚ ਉਹ ਬੀਬੀ ਮਿਲ ਜਾਂਦੀ ਹੈ ਜੋ ਸੰਗਰੂਰ ਦੇ ਪਿੰਡ ਤੋਂ ਬੱਚੇ ਦਾ ਇਲਾਜ ਕਰਵਾਉਣ ਆਈ ਅਤੇ ਬਾਰ੍ਹਾਂ ਸਾਲ ਬਾਅਦ ਉਸ ਦਾ ਲਾਸ਼ ਲੈ ਕੇ ਪਰਤਣ ਦਾ ਹੀਆ ਨਹੀਂ ਪਿਆ। ਇਸੇ ਤਰ੍ਹਾਂ ਪੇਹਵੇ ਤੋਂ ਹੜ੍ਹ ਕਾਰਨ ਉਜੜੀ ਬੀਬੀ ਕਦੇ ਪਿੰਡ ਦੇ ਘਰ ਦੀ ਮੁਰੰਮਤ ਜੋਗੇ ਪੈਸੇ ਨਹੀਂ ਜੋੜ ਸਕੀ, ਪਰ ਦੋ ਡੰਗ ਦੀ ਰੋਟੀ ਜਿੰਨਾ ਕੰਮ ਕਰ ਲੈਂਦੀ ਹੈ। ਮੁਰਾਦਾਬਾਦ ਤੋਂ ਆਈ ਬੀਬੀ ਤੋਂ ਗੋਹਾ-ਕੂੜਾ ਨਹੀਂ ਹੁੰਦਾ ਸੀ। ਉਹ ਵਿਆਹ ਤੋਂ ਤਿੰਨ ਮਹੀਨੇ ਬਾਅਦ ਆਪਣੇ ਘਰਵਾਲੇ ਨਾਲ ਇਸ ਸ਼ਹਿਰ ਵਿਚ ਆਈ ਅਤੇ ਤਮਾਮ ਦੁਸ਼ਵਾਰੀਆਂ ਦੇ ਬਾਵਜੂਦ ਜ਼ਿੰਦਗੀ ਨੂੰ ਬਿਹਤਰ ਮੰਨਦੀ ਹੈ। ਇਹ ਤਿੰਨੇ ਬੀਬੀਆਂ ਪੱਚੀ ਸੈਕਟਰ ਦੀਆਂ ਝੁੱਗੀਆਂ ਵਿਚ ਰਹਿੰਦੀਆਂ ਹਨ। ਕਦੇ ਸਮਾਜ ਸ਼ਾਸਤਰੀ ਇਨ੍ਹਾਂ ਦੇ ਹਵਾਲੇ ਨਾਲ ਦਲੀਲ ਦੇਣਗੇ ਕਿ ਪਿੰਡਾਂ ਵਿਚੋਂ ਬਿਮਾਰੀਆਂ, ਕੁਦਰਤੀ ਆਫ਼ਤਾਂ ਅਤੇ ਸਮਾਜਕ ਜ਼ਲਾਲਤ ਨੇ ਲੋਕਾਂ ਨੂੰ ਸ਼ਹਿਰਾਂ ਦੀਆਂ ਬਸਤੀਆਂ ਵਿਚ ਤੁੰਨਿਆ ਸੀ। ਹਾਲ ਦੀ ਘੜੀ ਇਨ੍ਹਾਂ ਦੀ ਜ਼ਿੰਦਗੀ ਚੰਡੀਗੜ੍ਹ ਦੀ ਇਸ ਸੋਚ ਨਾਲ ਤੈਅ ਹੁੰਦੀ ਹੈ ਕਿ ਕੌਣ ਸ਼ਹਿਰੀ ਹੈ ਅਤੇ ਕੌਣ ਘੁਸਪੈਠੀਆ? ਕੌਣ ਮੂਲਵਾਸੀ ਹੈ ਅਤੇ ਕੌਣ ਪਰਵਾਸੀ?

ਇਸ ਸ਼ਹਿਰ ਵਿਚ ਬਹੁਤ ਵੱਡੀ ਗਿਣਤੀ ਨੌਕਰਸ਼ਾਹੀ ਦੀ ਹੈ ਜੋ ਸਦਾ ਸਫ਼ਰਯਾਫ਼ਤਾ ਹੈ। ਚੰਡੀਗੜ੍ਹ ਵਿਚ ਸਾਲਾਂਬੱਧੀ ਬੈਠਣ ਵਾਲੀ ਚੰਡੀਗੜ੍ਹ-ਪੰਜਾਬ ਦੀ ਅਫ਼ਸਰਸ਼ਾਹੀ ਹਿੱਕ ਥਾਪੜ ਕੇ ਕਹਿੰਦੀ ਹੈ ਕਿ ਸੂਬੇ ਦੇ ਭ੍ਰਿਸ਼ਟਾਚਾਰ ਤੋਂ ਬਾਹਰ ਬੈਠ ਕੇ ਉਨ੍ਹਾਂ ਨੇ ਇਮਾਨਦਾਰੀ ਨਾਲ ਨੌਕਰੀ ਕੀਤੀ ਹੈ। ਦੋ ਸੂਬਿਆਂ ਦੀ ਰਾਜਧਾਨੀ ਅਤੇ ਕੇਂਦਰੀ ਸਰਕਾਰ ਦੇ ਪ੍ਰਸ਼ਾਸਨ ਵਾਲੀਆਂ ਹਰ ਸਹੂਲਤ ਅਤੇ ਪਤਵੰਤਾਸ਼ਾਹੀ ਮਾਨਣ ਵਾਲੀ ਅਫ਼ਸਰਸ਼ਾਹੀ ਦੀਆਂ ਦਲੀਲਾਂ ਕਮਾਲ ਹਨ। ਸੂਬਿਆਂ ਵਿਚ ਇਨ੍ਹਾਂ ਨੇ ਕੰਮ ਕਰਨ ਤੋਂ ਗੁਰੇਜ਼ ਕੀਤਾ ਹੈ ਅਤੇ ਆਪਣੇ ਬੱਚੇ ਸਰਕਾਰੀ ਛੁੱਟੀਆਂ ਲੈ ਕੇ ਵਿਦੇਸ਼ਾਂ ਵਿਚ ਪੜ੍ਹਾਏ ਹਨ। ਬੱਚਿਆਂ ਦੀ ਪੜ੍ਹਾਈ ਇਨ੍ਹਾਂ ਦੀਆਂ ਪ੍ਰਾਪਤੀਆਂ ਹਨ। ਸਰਕਾਰੀ ਖ਼ਜ਼ਾਨੇ ਤੋਂ ਤਨਖ਼ਾਹਾਂ ਲੈ ਕੇ ਕੀਤੀ ਨਾ-ਸ਼ੁਕਰਗੁਜ਼ਾਰੀ ਇਨ੍ਹਾਂ ਦੀ ਜ਼ਮੀਰ ਉਤੇ ਬੋਝ ਨਹੀਂ ਪਾਉਂਦੀ। ਇਹ ਚੰਗਾ ਰੁਝਾਨ ਹੈ ਕਿ ਸੂਬਿਆਂ ਵਿਚ ਭ੍ਰਿਸ਼ਟਾਚਾਰ ਫੈਲਾਉਣ ਵਾਲਿਆਂ ਨੂੰ ਖੁੱਲ੍ਹਾਂ ਅਤੇ ਰਾਜਧਾਨੀ ਵਿਚ 'ਇਮਾਨਦਾਰਾਂ' ਨੂੰ ਸ਼ੌਂਕ ਪਾਲਣ ਦੀਆਂ ਤਨਖ਼ਾਹਾਂ। ਚੰਡੀਗੜ੍ਹ ਵਿਚ ਅਫ਼ਸਰਸ਼ਾਹੀ ਕਲਾਕਾਰਾਂ, ਪੱਤਰਕਾਰਾਂ ਅਤੇ ਵਿਦਵਾਨਾਂ ਦੀ ਸਰਪ੍ਰਸਤ ਹੈ। ਇਹੋ ਇਸ ਬਹਿਸ ਦਾ ਪ੍ਰਬੰਧਕੀ ਨਿਬੇੜਾ ਕਰਦੀ ਹੈ ਕਿ ਕੌਣ ਸ਼ਹਿਰੀ ਹੈ ਅਤੇ ਕੌਣ ਪਰਵਾਸੀ? ਇਹ ਸਫ਼ਰਯਾਫ਼ਤਾ ਆਬਾਦੀ ਹੀ ਆਪਣੇ ਆਪ ਨੂੰ ਮੂਲ-ਨਿਵਾਸੀ ਜਾਂ



ਮਾਲਕ ਮੰਨਦੀ ਹੈ। ਦੂਜੇ ਪਾਸੇ ਇਸੇ ਤਬਕੇ ਦੀਆਂ ਕਾਵਿਕ ਉਡਾਣਾਂ ਇਸ ਸ਼ਹਿਰ ਨੂੰ 'ਬੇਦਿਲ' ਅਤੇ 'ਪੱਥਰਾਂ ਦਾ ਸ਼ਹਿਰ' ਕਰਾਰ ਦਿੰਦੀਆਂ ਹਨ।

ਇਨ੍ਹਾਂ ਹਾਲਾਤ ਵਿਚ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਦੀ ਮੌਤ ਹੋਈ ਹੈ। ਇਹ ਜ਼ਮੀਨਦੋਜ ਨਾਲੇ ਵਿਚ ਜ਼ਹਿਰੀਲੀ ਗੈਸ ਚੜ੍ਹਨ ਨਾਲ ਇਨ੍ਹਾਂ ਦੀ ਥਾਂਏਂ ਮੌਤ ਹੋ ਗਈ। ਇਨ੍ਹਾਂ ਦੀ ਮੌਤ ਹੀ ਖ਼ਬਰ ਬਣੀ ਹੈ। ਜ਼ਿੰਦਗੀ ਦੀ ਖ਼ਬਰ ਤਾਂ ਨੌਕਰੀਆਂ ਦੇ ਇਮਤਿਹਾਨ ਵਿਚ ਉਪਰਲੇ ਦਰਜੇ ਹਾਸਲ ਕਰਨ ਵਾਲਿਆਂ ਦੀ ਆਉਂਦੀ ਹੈ। ਇਹ ਅੰਦਾਜ਼ਾ ਲਗਾਉਣ ਲਈ ਵਿਗਿਆਨੀ ਹੋਣ ਦੀ ਲੋੜ ਨਹੀਂ ਕਿ ਜ਼ਮੀਨਦੋਜ ਨਿਕਾਸੀਆਂ ਵਿਚ ਜ਼ਹਿਰੀਲੀ ਗੈਸ ਹੋ ਸਕਦੀ ਹੈ। ਇਹ ਜਾਣਨ ਲਈ ਵੀ ਮਾਹਰ ਹੋਣ ਦੀ ਲੋੜ ਨਹੀਂ ਕਿ ਜ਼ਹਿਰੀਲੀ ਗੈਸ ਜਾਨਲੇਵਾ ਹੋ ਸਕਦੀ ਹੈ। ਇਸ ਤੋਂ ਬਾਅਦ ਇਹ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਬਣਦੀ ਹੈ ਕਿ ਸਫ਼ਾਈ ਕਾਮਿਆਂ ਦੀ ਜਾਨ ਨੂੰ ਖ਼ਦਸ਼ਿਆਂ ਦੇ ਘੇਰੇ ਵਿਚੋਂ ਬਾਹਰ ਰੱਖਿਆ ਜਾਵੇ। ਦਰਅਸਲ ਪ੍ਰਸ਼ਾਸਨ ਨੇ ਇਹ ਕੰਮ ਠੇਕੇ ਉੱਤੇ ਦਿੱਤਾ ਹੋਇਆ ਹੈ ਅਤੇ ਉਸੇ ਮਹਿਕਮੇ ਦਾ ਕੋਈ ਮੁਲਾਜ਼ਮ ਆਪਣੇ ਘਰ ਦੇ ਦੂਜੇ ਜੀਅ ਦੇ ਨਾਮ ਉਤੇ ਠੇਕੇਦਾਰੀ ਕਰਦਾ ਹੈ। ਠੇਕੇਦਾਰ ਨੇ ਕੰਮ ਕਰਵਾਉਣਾ ਹੈ ਅਤੇ ਸਰਕਾਰੀ ਮਹਿਕਮੇ ਨੇ ਨਿਗਰਾਨੀ ਦੀ ਜ਼ਿੰਮੇਵਾਰੀ ਨਿਭਾਉਣੀ ਹੈ। ਇਨ੍ਹਾਂ ਹਾਲਾਤ ਵਿਚ ਤਾਂ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਦੀ ਜ਼ਿੰਦਗੀ ਸਬੱਬੀਂ ਹੀ ਲੰਮੀ ਹੋ ਸਕਦੀ ਹੈ। ਚੰਡੀਗੜ੍ਹ ਦੇ ਪ੍ਰਬੰਧ ਉਤੇ ਕਾਬਜ਼ ਅਫ਼ਸਰਸ਼ਾਹੀ ਅਤੇ ਇਨ੍ਹਾਂ ਦੇ ਨਾਲ ਰਲਿਆ ਸਿਆਸਤਦਾਨਾਂ ਅਤੇ ਠੇਕੇਦਾਰਾਂ ਦਾ ਟੋਲਾ ਕਦੇ ਆਰਜ਼ੀ ਪਰਵਾਸੀ ਮਜ਼ਦੂਰ ਦਾ ਖ਼ੈਰਖਵਾਹ ਨਹੀਂ ਹੋ ਸਕਦਾ। ਇਸ ਬੰਦੇ ਨੂੰ ਸ਼ਹਿਰੀ ਹੋਣ ਦੀ ਬਹਿਸ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ। ਉਸ ਬੰਦੇ ਦੀ ਇਸ ਸ਼ਹਿਰ ਵਿਚ ਕੀ ਔਕਾਤ ਹੈ ਜਿਸ ਨੂੰ ਜ਼ਿੰਦਗੀ ਸੈਂਕੜੇ ਮੀਲਾਂ ਤੋਂ ਸਫ਼ਾਈ ਕਾਮੇ ਵਜੋਂ ਚਾਰ ਸੌ ਰੁਪਏ ਦੀ ਦਿਹਾੜੀ ਲਈ ਲੈ ਆਈ ਹੈ?

ਚੰਡੀਗੜ੍ਹ ਵਿਚ ਸੁਰੱਖਿਆ ਦੇ ਨਾਂ ਉਤੇ ਹਜ਼ਾਰਾਂ ਕੈਮਰੇ ਹਨ। ਸਿਆਸੀ ਅਤੇ ਇੰਤਜ਼ਾਮੀਆ ਅਮਲੇ ਦੀ ਸੁਰੱਖਿਆ ਲਈ ਵੱਡੀਆਂ ਗਾਰਦਾਂ ਹਨ। ਕਿਸੇ ਅਫ਼ਸਰ ਨੂੰ ਮਿਲਣ ਲਈ ਕਈ ਸੁਰੱਖਿਆ ਘੇਰਿਆਂ ਵਿਚੋਂ ਨਿਕਲਣਾ ਪੈਂਦਾ ਹੈ। ਦੂਜੇ ਪਾਸੇ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਨੂੰ ਮੌਤ ਤੋਂ ਬਚਾਉਣ ਲਈ ਘੱਟੋ-ਘੱਟ ਸੁਰੱਖਿਆ ਬੰਦੋਬਸਤ ਤੱਕ ਯਕੀਨੀ ਨਹੀਂ ਬਣਾਏ ਜਾਂਦੇ। ਜੇ ਕਾਨੂੰਨ ਹੋਵੇ ਅਤੇ ਉਸ ਨੂੰ ਲਾਗੂ ਨਾ ਕੀਤੇ ਜਾਣ ਕਾਰਨ ਕਿਸੇ ਦੀ ਜਾਨ ਚਲੀ ਜਾਵੇ ਤਾਂ ਇਰਾਦਾ ਕਤਲ ਦਾ ਮਾਮਲਾ ਦਾ ਘੱਟੋ-ਘੱਟ ਬਣਦਾ ਹੈ। ਕੋਈ ਠੇਕੇਦਾਰ ਠੇਕੇ ਦੀਆਂ ਸ਼ਰਤਾਂ ਨਜ਼ਰਅੰਦਾਜ਼ ਕਿਵੇਂ ਕਰਦਾ ਹੈ? ਇਸ ਦਾ ਇਕ ਪੱਖ ਦਾ ਭ੍ਰਿਸ਼ਟਾਚਾਰ ਅਤੇ ਮੁਨਾਫ਼ੇ ਦੀ ਸਿਆਸਤ ਨਾਲ ਜੁੜਦਾ ਹੈ ਪਰ ਦੂਜਾ ਪੱਖ ਖ਼ਦਸ਼ਿਆਂ ਦੇ ਘੇਰੇ ਵਿਚ ਆਏ ਜੀਆਂ ਦੇ ਨਿਤਾਣੇਪਣ ਨਾਲ ਜੁੜਦਾ ਹੈ। ਪ੍ਰਸ਼ਾਸਨ ਤੋਂ ਠੇਕੇਦਾਰ ਤੱਕ ਸਭ ਨੂੰ ਪਤਾ ਹੈ ਕਿ ਇਸ ਤਬਕੇ ਦੀ ਪੈਰਵਾਈ ਕਰਨ ਵਾਲਾ ਕੋਈ ਨਹੀਂ। ਇਸ ਤਬਕੇ ਤੋਂ ਕਾਨੂੰਨੀ ਕਾਰਵਾਈ ਲਈ ਜ਼ਰੂਰੀ ਕਾਗ਼ਜ਼ ਨਹੀਂ ਜੁੜਨੇ। ਇਹ ਦੇਖਣਾ ਦਿਲਚਸਪ ਰਹੇਗਾ ਕਿ ਹੁਣ ਐਲਾਨ ਕੀਤਾ ਗਿਆ ਮੁਆਵਜ਼ਾ ਹਾਸਲ ਕਰਨ ਲਈ ਲੋੜੀਂਦੀ ਕਾਰਵਾਈ ਕਿਵੇਂ ਪੂਰੀ ਹੋਵੇਗੀ? ਕਿਸੇ ਪੱਤਰਕਾਰ ਨੇ ਇਹ ਸੁਆਲ ਨਹੀਂ ਪੁੱਛਣੇ? ਵਿਦਵਾਨਾਂ ਨੇ ਆਪਣੀ ਦਲੀਲ ਦਾ ਰਾਬਤਾ ਕਾਨੂੰਨ ਦੇ ਘੇਰੇ ਤੱਕ ਮਹਿਦੂਦ ਕਰ ਲਿਆ ਹੈ। ਨਤੀਜੇ ਵਜੋਂ ਦਲੀਲ ਕਾਨੂੰਨੀ ਚੋਰ-ਮੋਰੀਆਂ ਤੱਕ ਮਹਿਦੂਦ ਹੋ ਜਾਂਦੀ ਅਤੇ ਨਿਜ਼ਾਮ ਦੇ ਢਾਂਚੇ ਖ਼ਾਸੇ ਤੱਕ ਨਹੀਂ ਪਹੁੰਚਦੀ।

ਜੇ ਕਿਸੇ ਧਨ ਸਿੰਘ, ਪ੍ਰੇਮਪਾਲ ਜਾਂ ਅਸ਼ਰਫ਼ ਨੂੰ ਸ਼ਹਿਰੀ ਵਜੋਂ ਪ੍ਰਵਾਨ ਕੀਤਾ ਜਾਵੇਗਾ ਤਾਂ ਦਲੀਲ ਦੋ ਪਾਸੇ ਫੈਲੇਗੀ। ਇਕ ਪਾਸੇ ਇਹ ਸੁਆਲ ਆਵੇਗਾ ਕਿ ਇਨ੍ਹਾਂ ਦੀਆਂ ਮੌਤ ਤੋਂ ਪਹਿਲਾਂ ਦੀਆਂ ਦੁਸ਼ਵਾਰੀਆਂ, ਖ਼ਬਰ ਜਾਂ ਸਰੋਕਾਰ ਕਿਉਂ ਨਹੀਂ ਬਣੀਆਂ? ਦੂਜੇ ਪਾਸੇ ਸੁਆਲ ਇਹ ਆਵੇਗਾ ਕਿ ਠੇਕੇਦਾਰ ਤੋਂ ਅਫ਼ਸਰਸ਼ਾਹੀ ਅਤੇ ਨਿਜ਼ਾਮ ਦਾ ਮਰਨ ਵਾਲਿਆਂ ਦੀ ਮਜਬੂਰੀਆਂ ਨਾਲ ਕੀ ਰਿਸ਼ਤਾ ਬਣਦਾ ਹੈ? ਸਫ਼ਾਈ ਕਾਮਿਆਂ ਦੀ ਲਾਗ, ਦਮੇ ਅਤੇ ਹੋਰ ਬਿਮਾਰੀਆਂ ਨਾਲ ਜੁੜੀਆਂ ਦੁਸ਼ਵਾਰੀਆਂ ਤਾਂ ਕਦੇ ਚਰਚਾ ਵਿਚ ਆਉਂਦੀਆਂ ਹੀ ਨਹੀਂ। ਇਨ੍ਹਾਂ ਦੀ ਜ਼ਿੰਦਗੀ ਵਿਚ ਬੀਮੇ ਅਤੇ ਜ਼ਾਮਨੀ ਵਰਗੀ ਕੋਈ ਚੀਜ਼ ਨਹੀਂ ਹੈ। ਜਿੰਨੀ ਦੇਰ ਸਰੀਰ ਚਲਦਾ ਹੈ, ਉਨੀ ਦੇਰ ਦਿਹਾੜੀ ਜੁੜਦੀ ਹੈ। ਬਾਅਦ ਵਿਚ ਇਹ ਸ਼ਹਿਰ ਭੁੱਖ ਅਤੇ ਬਿਮਾਰੀਆਂ ਨਾਲ ਮਰ ਜਾਣ ਦੀ ਆਜ਼ਾਦੀ ਦਿੰਦਾ ਹੈ ਜਦਕਿ ਬਿਹਤਰੀਨ ਹਸਪਤਾਲਾਂ ਅਤੇ ਸਿਹਤਮੰਦ ਜੀਵਨਸ਼ੈਲੀ ਦਾ ਇਸ਼ਤਿਹਾਰਬਾਜ਼ੀ ਕਰਦਾ ਹੈ। ਜੇ ਇਹ ਸ਼ਹਿਰ ਇਨ੍ਹਾਂ ਮਜ਼ਦੂਰਾਂ ਨੂੰ ਸ਼ਹਿਰੀ ਵਜੋਂ ਪ੍ਰਵਾਨ ਕਰੇਗਾ ਤਾਂ ਅਖ਼ਬਾਰਾਂ ਅਤੇ ਟੈਲੀਵਿਜ਼ਨਾਂ ਨੂੰ ਇਨ੍ਹਾਂ ਦੀ ਜ਼ਿੰਦਗੀ ਦੇ ਹਾਲਾਤ ਨੂੰ ਖ਼ਬਰ ਬਣਾਉਣ ਵਾਲੇ ਪੱਤਰਕਾਰ ਰੱਖਣੇ ਪੈਣਗੇ। ਵਿਦਿਅਕ ਅਦਾਰਿਆਂ ਨੂੰ ਛੁੱਟੀਆਂ ਦੇ ਸਰਟੀਫਿਕੇਟ ਜਾਰੀ ਕਰਨ ਵਾਲੇ ਕੈਂਪਾਂ ਤੋਂ ਬਿਨਾਂ ਵੀ ਇਨ੍ਹਾਂ ਦੇ ਰਿਹਾਇਸ਼ੀ ਇਲਾਕਿਆਂ ਦੀ ਚਿੰਤਾ ਕਰਨੀ ਪਵੇਗੀ। ਉਨ੍ਹਾਂ ਹਾਲਾਤ ਵਿਚ ਸਭ ਤੋਂ ਅਹਿਮ ਸੁਆਲ ਇਹ ਆਵੇਗਾ ਕਿ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਦੀ ਮੌਤ ਨੂੰ ਹਾਦਸਾ ਕਿਉਂ ਮੰਨਿਆ ਜਾਵੇ? ਇਹ ਕਤਲ ਕਿਉਂ ਨਹੀਂ ਹਨ? ਜੇ ਇਹ ਕਤਲ ਹਨ ਤਾਂ ਕਾਤਲ ਕੌਣ ਹਨ? ਕੀ ਠੇਕੇਦਾਰ ਨੂੰ ਖੁੱਲ੍ਹਾਂ ਦੇਣ ਵਾਲਾ ਨਿਜ਼ਾਮ ਇਨ੍ਹਾਂ ਕਤਲਾਂ ਲਈ ਕਸੂਰਵਾਰ ਕਰਾਰ ਨਹੀਂ ਦਿੱਤਾ ਜਾਵੇਗਾ? ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਨੂੰ ਸ਼ਹਿਰੀ ਵਜੋਂ ਪ੍ਰਵਾਨ ਕਰਨ ਦਾ ਮਤਲਬ ਹੋਵੇਗਾ ਕਿ ਮੁਨਾਫ਼ੇ ਦੀ ਥਾਂ ਦਰਦਮੰਦੀ ਨੂੰ ਤਰਜੀਹ ਦੇਣਾ। ਦਰਦਮੰਦ ਪ੍ਰਬੰਧ ਦੀ ਗ਼ੈਰ-ਹਾਜ਼ਰੀ ਵਿਚ ਤਾਂ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਮੌਜੂਦਾ ਨਿਜ਼ਾਮ ਦਾ ਧੰਨਵਾਦ ਹੀ ਕਰ ਸਕਦੇ ਹਨ ਕਿ ਸਾਲਾਂਬੱਧੀ ਕੰਮ ਕਰਨ ਤੋਂ ਬਾਅਦ ਬਿਮਾਰੀਆਂ ਨਾਲ ਟੁੱਟੇ ਜੁੱਸਿਆਂ ਵਿਚ ਜੀਣ ਦੀ ਥਾਂ ਉਹ ਤੰਦਰੁਸਤੀ ਦੀ ਹਾਲਤ ਵਿਚ ਕਤਲ ਹੋਏ ਹਨ? ਕਦੇ ਇਨ੍ਹਾਂ ਹਾਲਾਤ ਉਤੇ ਅਫ਼ਸੋਸ ਕਰਦਿਆਂ ਕਿਸੇ ਆਸ ਨਾਲ ਕਸ਼ਮੀਰੀ ਲਾਲ ਜ਼ਾਕਿਰ ਨੇ ਲਿਖਿਆ ਸੀ-
ਵੋਹ ਚਲਾ ਜਾਏਗਾ ਜ਼ਖ਼ਮੋਂ ਕੀ ਤਿਜਾਰਤ ਕਰ ਕੇ,
ਮੁੱਦਤੋਂ ਸ਼ਹਿਰ ਮੇਂ ਉਸ ਸ਼ਖ਼ਸ ਕਾ ਚਰਚਾ ਹੋਗਾ।

ਕੀ ਧਨ ਸਿੰਘ, ਪ੍ਰੇਮਪਾਲ ਅਤੇ ਅਸ਼ਰਫ਼ ਦੀਆਂ ਮੁੱਦਤਾਂ ਦੀ ਉਮਰ ਇਕੋ ਦਿਨ ਹੈ?

# ਕਿਸਾਨੀ ਖ਼ੁਦਕੁਸ਼ੀਆਂ

**ਲਛਮਣ ਸਿੰਘ ਸੇਵੇਵਾਲਾ**

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਵਰਤਾਰਾ ਤੇਜ਼ੀ ਫੜ ਰਿਹਾ ਹੈ। ਗ਼ਲਤ ਸਰਕਾਰੀ ਨੀਤੀਆਂ ਕਾਰਨ ਘਟਦੀਆਂ ਜ਼ਮੀਨਾਂ, ਵਧਦੇ ਕਰਜ਼ੇ, ਸੁੰਗੜਦੇ ਰੁਜ਼ਗਾਰ, ਵਧਦੀ ਮਹਿੰਗਾਈ, ਸਬਸਿਡੀਆਂ ਅਤੇ ਭਲਾਈ ਸਕੀਮਾਂ ਵਿਚ ਕਟੌਤੀ ਆਦਿ ਕਾਰਨਾਂ ਸਦਕਾ ਦੇਸ ਦੇ ਕਰੋੜਾਂ ਲੋਕਾਂ ਦੇ ਮੂੰਹ ਵਿਚ ਅੰਨ ਪਾਉਣ ਵਾਲਾ ਕਿਸਾਨ ਅਤੇ ਖੇਤ ਮਜ਼ਦੂਰ ਅੱਜ ਆਪਣੇ ਮੂੰਹ ਵਿਚ ਸਲਫਾਸ ਪਾਉਣ ਲਈ ਮਜਬੂਰ ਹੈ। ਇਹੀ ਨਹੀਂ, ਉਹ ਗਲਾਂ ਵਿਚ ਫੰਦੇ ਪਾ ਕੇ, ਰੇਲ ਗੱਡੀਆਂ ਦੀਆਂ ਲਾਈਨਾਂ 'ਤੇ ਕੁੱਦ ਕੇ ਆਪਣੀਆਂ ਜਾਨਾਂ ਵਾਰ ਰਿਹਾ ਹੈ। ਇਸ ਦੇ ਬਾਵਜੂਦ ਦੇਸ ਤੇ ਪੰਜਾਬ ਦੇ ਹਾਕਮਾਂ ਕੋਲ ਇਨ੍ਹਾਂ ਅੰਨਦਾਤਿਆਂ ਦੀ ਸਾਰ ਲੈਣ ਦੀ ਵਿਹਲ ਨਹੀਂ। ਉਹ ਇਨ੍ਹਾਂ ਦੇ ਹੋ ਰਹੇ ਵਿਨਾਸ਼ ਦੇ ਬਾਵਜੂਦ ਵਿਕਾਸ ਦੇ ਦਮਗਜੇ ਮਾਰ ਰਹੇ ਹਨ।

ਅੱਜ ਜਦੋਂ ਪੰਜਾਬ ਅਤੇ ਦੇਸ ਦੇ ਹਾਕਮ ਵਿਕਾਸ ਦੇ ਦਾਅਵੇ ਕਰ ਰਹੇ ਹਨ ਤਾਂ ਸਮੁੱਚੀ ਲੋਕਾਈ ਬੇਹੱਦ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੀ ਹੈ। ਖੇਤੀ ਖੇਤਰ ਵਿਚ ਸਾਮਰਾਜੀ ਲੋੜਾਂ ਮੁਤਾਬਕ ਲਿਆਂਦੀ ਤਕਨੀਕ ਅਤੇ ਮਸ਼ੀਨਰੀ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਕੰਗਾਲੀ ਦੇ ਮੂੰਹ ਧੱਕ ਕੇ ਖ਼ੁਦਕੁਸ਼ੀਆਂ ਦੇ ਰਾਹ ਤੋਰ ਦਿੱਤਾ ਹੈ। ਰੇਹਾਂ, ਸਪਰੇਆਂ ਦੀ ਚਾਟ 'ਤੇ ਲੱਗੀਆਂ ਜ਼ਮੀਨਾਂ ਤੇ ਫ਼ਸਲਾਂ ਦੀ ਬਦੌਲਤ ਨਾ ਸਿਰਫ਼ ਖ਼ੁਦਕੁਸ਼ੀਆਂ ਹੋ ਰਹੀਆਂ ਹਨ ਸਗੋਂ ਰੁਜ਼ਗਾਰ ਤੇ ਜ਼ਮੀਨਾਂ ਖੁੱਸ ਰਹੀਆਂ ਹਨ ਅਤੇ ਕੈਂਸਰ, ਕਾਲਾ ਪੀਲੀਆ, ਗੁਰਦੇ ਫੇਲ੍ਹ ਹੋਣ ਵਰਗੀਆਂ ਅਨੇਕ ਕਿਸਮ ਦੀਆਂ ਬਿਮਾਰੀਆਂ ਵੀ ਪੱਲੇ ਪਾ ਦਿੱਤੀਆਂ ਹਨ। ਸਰਕਾਰੀ ਅੰਕੜਿਆਂ ਅਨੁਸਾਰ ਦੇਸ ਵਿਚ ਪੌਣੇ ਤਿੰਨ ਲੱਖ ਮਜ਼ਦੂਰ-ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਖ਼ੁਸ਼ਹਾਲ ਕਹਾਉਂਦੇ ਸੂਬੇ ਪੰਜਾਬ ਵਿਚ ਵੀ ਸਰਕਾਰੀ ਸਰਵੇਖਣ ਅਨੁਸਾਰ 2011 ਤਕ ਕਰਜ਼ੇ ਤੇ ਗ਼ਰੀਬੀ ਕਾਰਨ 6926 ਕਿਸਾਨ-ਮਜ਼ਦੂਰ ਖ਼ੁਦਕੁਸ਼ੀ ਕਰ ਚੁੱਕੇ ਹਨ, ਜਿਨ੍ਹਾਂ ਨੂੰ ਦੋ ਦੋ ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ ਸੂਚੀ ਵਿਚ ਦਰਜ ਕੀਤਾ ਗਿਆ ਸੀ। ਗ਼ੈਰ-ਸਰਕਾਰੀ ਸੂਤਰਾਂ ਅਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਅਨੁਸਾਰ ਇਹ ਗਿਣਤੀ 60 ਹਜ਼ਾਰ ਤੋਂ ਉਪਰ ਹੈ ਕਿਉਂਕਿ ਇਨ੍ਹਾਂ ਵਿਚ ਭੇਡਾਂ-ਬੱਕਰੀਆਂ ਚਾਰਨ ਵਾਲਿਆਂ, ਬਾਗਾਂ ਵਿਚ ਮਜ਼ਦੂਰੀ ਕਰਨ ਵਾਲਿਆਂ, ਦੋ ਚਾਰ ਏਕੜ ਬਾਗ਼ ਠੇਕੇ 'ਤੇ ਲੈਣ ਵਾਲਿਆਂ ਅਤੇ ਗ਼ਰੀਬੀ ਕਾਰਨ ਖ਼ੁਦਕੁਸ਼ੀ ਕਰਨ ਵਾਲਿਆਂ ਨੂੰ ਸਰਕਾਰੀ ਸਰਵੇਖਣ ਤੋਂ ਉੱਕਾ ਹੀ ਬਾਹਰ ਛੱਡ ਦਿੱਤਾ। ਅਨੇਕਾਂ ਪਿੰਡਾਂ ਵਿਚ ਸਰਵੇਖਣ ਦੀਆਂ ਟੀਮਾਂ ਪਹੁੰਚੀਆਂ ਹੀ ਨਹੀਂ। ਸਿਤਮਜ਼ਰੀਫ਼ੀ ਇਹ ਹੈ ਕਿ ਜਿਨ੍ਹਾਂ 6926 ਪਰਿਵਾਰਾਂ ਨੂੰ ਖ਼ੁਦਕੁਸ਼ੀ ਪੀੜਤ ਮੰਨ ਵੀ ਲਿਆ, ਉਨ੍ਹਾਂ ਵਿਚੋਂ ਵੀ 2338 ਨੂੰ ਕੁਝ ਨਹੀਂ ਦਿੱਤਾ ਗਿਆ ਕਿਉਂਕਿ ਸਰਕਾਰੀ ਨਜ਼ਰਾਂ ਵਿਚ ਇਨ੍ਹਾਂ ਪਰਿਵਾਰਾਂ ਸਿਰ ਕਰਜ਼ੇ ਦੀ ਪੁਸ਼ਟੀ ਨਹੀਂ ਹੁੰਦੀ। ਅਸਲੀਅਤ ਇਹ ਹੈ ਕਿ ਇਹ ਖ਼ੁਦਕੁਸ਼ੀਆਂ ਗ਼ਰੀਬੀ ਅਤੇ ਆਰਥਿਕ ਤੰਗੀਆਂ ਕਾਰਨ ਹੋਈਆਂ ਹਨ। ਸਰਕਾਰ ਵੱਲੋਂ ਆਰਥਿਕ ਤੰਗੀਆਂ ਕਾਰਨ ਹੋਈਆਂ ਖ਼ੁਦਕੁਸ਼ੀਆਂ ਨੂੰ ਮੁਆਵਜ਼ੇ ਦੀ ਸੂਚੀ 'ਚੋਂ ਬਾਹਰ ਰੱਖਿਆ ਜਾ ਰਿਹਾ ਹੈ। ਇਉਂ ਇਸ ਪੈਮਾਨੇ ਅਨੁਸਾਰ ਖੇਤ ਮਜ਼ਦੂਰਾਂ ਦਾ ਵੱਡਾ ਹਿੱਸਾ ਸਰਕਾਰੀ ਰਾਹਤ ਤੋਂ ਬਾਹਰ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਿਸਾਨਾਂ ਦਾ ਵੀ ਗਿਣਨਯੋਗ ਹਿੱਸਾ ਉਹ ਹੈ ਜਿਸ ਨੇ ਜ਼ਮੀਨਾਂ ਵੇਚ ਕੇ ਕਰਜ਼ਾ ਤਾਂ ਲਾਹ ਦਿੱਤਾ, ਪਰ ਪੱਲੇ ਪਈ ਘੋਰ ਗ਼ਰੀਬੀ ਅਤੇ ਨਿਰਾਸ਼ਾ ਕਾਰਨ ਖ਼ੁਦਕੁਸ਼ੀ ਕਰ ਗਏ ਹਨ। ਇਨ੍ਹਾਂ ਪੀੜਤਾਂ ਪ੍ਰਤੀ ਸਰਕਾਰ ਦੇ ਬੇਰੁਖ਼ੀ ਵਾਲੇ ਰਵੱਈਏ ਦੇ ਚੱਲਦਿਆਂ ਪੰਜਾਬ ਸਰਕਾਰ ਵੱਲੋਂ 2009 ਵਿਚ ਪੀੜਤਾਂ ਨੂੰ 2 ਲੱਖ ਰੁਪਏ ਦਾ ਮੁਆਵਜ਼ਾ ਅਤੇ ਨੌਕਰੀ ਦੇਣ ਦਾ ਕੀਤਾ ਲਿਖਤੀ ਫ਼ੈਸਲਾ ਵੀ ਅਜੇ ਤਕ ਮੁਕੰਮਲ ਤੌਰ 'ਤੇ ਲਾਗੂ ਨਹੀਂ ਹੋਇਆ। ਖ਼ੁਦਕੁਸ਼ੀਆਂ ਦੇ ਤਾਜ਼ਾ ਸਰਵੇਖਣ ਕਰਵਾਉਣ ਦੇ ਹੁਕਮਾਂ ਵਿਚ ਪਿਛਲੇ ਸਰਵੇਖਣ ਤੋਂ ਬਾਹਰ ਰਹਿੰਦੇ ਲਗਪਗ ਦਸ ਹਜ਼ਾਰ ਪਰਿਵਾਰਾਂ ਨੂੰ ਤਾਂ ਬਿਲਕੁਲ ਪਾਸੇ ਧੱਕ ਦਿੱਤਾ ਹੈ ਅਤੇ ਸਿਰਫ਼ ਕਰਜ਼ੇ ਕਾਰਨ ਹੋਈਆਂ ਖ਼ੁਦਕੁਸ਼ੀਆਂ ਨੂੰ ਦਰਜ ਕਰਨ ਦੇ ਹੀ ਹੁਕਮ ਦਿੱਤੇ ਹਨ। ਇਉਂ ਪੰਜਾਬ ਸਰਕਾਰ ਵੱਲੋਂ ਆਰਥਿਕ ਤੰਗੀਆਂ ਕਾਰਨ ਹੋਈਆਂ ਖ਼ੁਦਕੁਸ਼ੀਆਂ ਦੀ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਬਣਾਈ ਕਮੇਟੀ ਰਾਹੀਂ ਪੜਤਾਲ ਕਰਵਾਉਣ ਦੇ ਆਪਣੇ ਹੀ ਲਿਖਤੀ ਹੁਕਮਾਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਗਿਆ ਹੈ।

ਖ਼ੁਦਕੁਸ਼ੀਆਂ ਦੇ ਅਜਿਹੇ ਰੁਝਾਨ ਨੂੰ ਮੁਕੰਮਲ ਤੌਰ 'ਤੇ ਠੱਲ੍ਹਣ ਲਈ ਜ਼ਰੂਰੀ ਹੈ ਕਿ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਆਰਥਿਕ ਹਾਲਤ ਵਿਚ ਬੁਨਿਆਦੀ ਸੁਧਾਰ ਕੀਤਾ ਜਾਵੇ। ਇਸ ਲਈ ਵਿਆਪਕ ਜ਼ਮੀਨੀ ਸੁਧਾਰ ਲਾਗੂ ਕਰ ਕੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਜ਼ਮੀਨੀ ਤੋਟ ਪੂਰੀ ਕੀਤੀ ਜਾਵੇ। ਭਾਰਤ ਸਰਕਾਰ ਵੱਲੋਂ 1972 ਵਿਚ ਬਣਾਏ ਜ਼ਮੀਨੀ ਹੱਦਬੰਦੀ ਕਾਨੂੰਨ ਅਨੁਸਾਰ ਕੋਈ ਵੀ ਬੰਦਾ 17.5 ਏਕੜ ਤੋਂ ਵੱਧ ਜ਼ਮੀਨ ਨਹੀਂ ਰੱਖ ਸਕਦਾ, ਪਰ ਇਕੱਲੇ ਪੰਜਾਬ ਵਿਚ ਹੀ ਇਸ ਕਾਨੂੰਨ ਮੁਤਾਬਕ 16 ਲੱਖ 66 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਵੰਡਣ ਲਈ ਨਿਕਲਦੀ ਹੈ।

# ਆਪਣਾ ਦੂਸਰਾ ਗ਼ਜ਼ਲ-ਸੰਗ੍ਰਹਿ 'ਕਿਤਾਬ ਆਸਮਾਨ ਦੀ' ਤਿਆਰ ਕਰਦਿਆਂ

ਮੇਰਾ ਪਹਿਲਾ ਗ਼ਜ਼ਲ ਸੰਗ੍ਰਿਹ 'ਖੰਡਰ, ਖ਼ਾਮੋਸ਼ੀ ਤੇ ਰਾਤ' 2002 ਵਿਚ ਪਹਿਲੀ ਵਾਰੀ ਛਪਿਆ। ਹੁਣ ਤੱਕ ਉਸ ਦੇ ਤਿੰਨ ਐਡੀਸ਼ਨ ਛਪ ਚੁਕੇ ਹਨ। 2002 ਤੋਂ ਹੁਣ ਤੱਕ ਬਾਰਾਂ-ਤੇਰਾਂ ਸਾਲਾਂ ਵਿਚ ਮੈਂ ਸੌ ਦੇ ਕਰੀਬ ਨਵੀਆਂ ਗ਼ਜ਼ਲਾਂ ਲਿਖੀਆਂ। ਜਦੋਂ ਦੂਸਰਾ ਗ਼ਜ਼ਲ ਸੰਗ੍ਰਿਹ ਤਿਆਰ ਕਰਨ ਬਾਰੇ ਖ਼ਿਆਲ ਆਇਆ ਤਾਂ ਖਰੜਾ ਬਣਾ ਕੇ ਇਸ ਦੀ ਇਕ ਕਾਪੀ ਆਪਣੇ ਪੁਰਾਣੇ ਮਿੱਤਰਾਂ ਸੁਰਜੀਤ ਸਾਜਨ ਅਤੇ ਉਂਕਾਰਪ੍ਰੀਤ ਨੂੰ ਭੇਜੀ। ਇਕ ਕਾਪੀ ਤਨਦੀਪ ਤਮੰਨਾ ਨੂੰ।



ਸੁਰਜੀਤ ਸਾਜਨ ਨੇ ਤਿੰਨ ਹਰਫ਼ੀ ਟੁਕੜੀਆਂ ਦੇ ਵਜ਼ਨ, ਪਰੂਫ਼ ਰੀਡਿੰਗ ਅਤੇ

**ਸੁਰਿੰਦਰ ਸੋਹਲ**

ਜ਼ਿਹਾਫ਼ਾਂ ਦੀ ਵਰਤੋਂ ਨੂੰ ਬੜੀ ਬਾਰੀਕੀ ਨਾਲ ਘੋਖਿਆ ਅਤੇ ਕੀਮਤੀ ਵਿਚਾਰ ਦਿੱਤੇ। ਕੁਝ ਸ਼ਿਅਰ ਉਸ ਨੇ ਕੱਟ ਦਿੱਤੇ। ਕੁਝ ਇਕ ਵਿਚ ਬੜੀਆਂ ਹੀ ਸਾਰਥਕ ਤਬਦੀਲੀਆਂ ਕਰਨ ਦੇ ਸੁਝਾਅ ਦਿੱਤੇ।

ਉਂਕਾਰਪ੍ਰੀਤ ਨੇ ਗ਼ਜ਼ਲਾਂ ਦੇ ਵਿਚਾਰਧਾਰਾਈ ਪਰਿਪੇਖ ਨੂੰ ਮਹੀਨ ਬੁੱਧੀ ਨਾਲ ਵਿਚਾਰਿਆ। ਸਾਰਥਕ ਆਲੋਚਨਾ ਦੀ ਕਲਮ-ਨੁਮਾ ਛੁਰੀ ਨਾਲ ਗ਼ਜ਼ਲਾਂ ਦੀਆਂ ਗ਼ਜ਼ਲਾਂ 'ਤੇ ਕਾਟਾ ਮਾਰਿਆ। ਬਹੁਤ ਸਾਰੇ ਸ਼ਿਅਰ ਕੱਟੇ।

ਤਨਦੀਪ ਤਮੰਨਾ ਨੇ ਕਾਵਿਕ-ਪਹੁੰਚ ਦੇ ਦ੍ਰਿਸ਼ਟੀਕੋਣ ਤੋਂ ਗ਼ਜ਼ਲਾਂ ਦੀ ਪਰਖ-ਪੜਚੋਲ ਕੀਤੀ। ਬਿਬਲੀਕਲ ਹਵਾਲਿਆਂ ਨੂੰ ਉਸ ਨੇ ਪਾਕਿਸਤਾਨ ਵਿਚ ਵਸਦੇ ਸ਼ਾਇਰ ਦੋਸਤਾਂ ਨਾਲ ਵਿਚਾਰਿਆ ਅਤੇ ਹਵਾਲਿਆਂ ਨੂੰ ਸਹੀ ਪਰਿਪੇਖ ਵਿਚ ਵਰਤਣ ਵਿਚ ਮਦਦ ਕੀਤੀ।

ਹਰਪਾਲ ਸਿੰਘ ਭਿੰਡਰ ਦੀਆਂ ਬੇਬਾਕ ਟਿੱਪਣੀਆਂ ਨੇ ਮੇਰੇ ਖ਼ਿਆਲਾਂ ਨੂੰ ਇਕ ਦਿਸ਼ਾ, ਇਕ ਪੱਧਰ, ਇਕ ਉਚਾਈ ਬਖ਼ਸ਼ਣ ਵਿਚ ਅਣ-ਬਿਆਨਿਆ ਯੋਗਦਾਨ ਪਾਇਆ। ਸੋਢੀ ਸੁਲਤਾਨ ਸਿੰਘ ਨਾਲ ਮੈਂ ਕੋਈ ਸ਼ਿਅਰ ਸਾਂਝਾ ਕਰਦਾ ਤਾਂ ਉਹ ਅੱਗੋਂ ਉਰਦੂ ਸ਼ਿਅਰ ਸੁਣਾ ਕੇ ਕਦੇ ਮੇਰੇ ਸ਼ਿਅਰ ਦੀ ਤਾਰੀਫ਼ ਕਰਦਾ, ਕਦੇ ਅਸਿੱਧੇ ਤੌਰ 'ਤੇ ਮੈਨੂੰ ਸ਼ਿਅਰ ਕੱਟ ਦੇਣ ਦਾ ਇਸ਼ਾਰਾ ਕਰਦਾ।

ਇਸ ਤਰ੍ਹਾਂ ਸੌ ਕੁ ਗ਼ਜ਼ਲਾਂ ਦੀ ਗਿਣਤੀ ਸਿਰਫ਼ 65 ਰਹਿ ਗਈ ਹੈ। ਪਰ ਇਨ੍ਹਾਂ ਗ਼ਜ਼ਲਾਂ ਨੂੰ ਹੁਣ ਮੈਂ ਜਦੋਂ ਪੜ੍ਹਦਾ ਹਾਂ ਤਾਂ ਮਹਿਸੂਸ ਹੁੰਦਾ ਹੈ, ਜਿਵੇਂ ਕਿਸੇ ਫ਼ਸਲ ਵਿਚੋਂ ਨਦੀਨ ਕੱਢ ਦਿੱਤਾ ਗਿਆ ਹੋਵੇ। ਤੰਦਰੁਸਤ ਫ਼ਸਲ ਦੇਖ ਕੇ ਬਾਗ-ਬਾਗ ਹੋ ਰਹੇ ਮਨ ਵਰਗਾ ਅਹਿਸਾਸ ਹੋ ਰਿਹਾ ਹੈ। ਮਨ ਖੇੜੇ ਵਿਚ ਹੈ।

ਇਨ੍ਹਾਂ ਦੋਸਤਾਂ ਦੀ ਇਮਾਨਦਾਰੀ, ਸੁਹਿਰਦਤਾ, ਮਿਹਨਤ ਅਤੇ ਤੇਜ਼ ਰਫ਼ਤਾਰ ਜ਼ਿੰਦਗੀ ਵਿਚੋਂ ਕੱਢੇ ਗਏ ਸਮੇਂ ਲਈ 'ਧੰਨਵਾਦ' ਕਹਿਣਾ ਬਹੁਤ ਛੋਟੀ ਗੱਲ ਹੋਵੇਗੀ।

ਇਸ ਸਾਰੇ ਵਿਹਾਰ ਨਾਲ ਮੈਂ ਪਿਛਲੇ ਡੇਢ ਸਾਲ ਤੋਂ ਜੁੜਿਆ ਰਿਹਾ ਹਾਂ। ਮਨ ਹਰ ਵੇਲੇ ਕਾਵਿਕ ਉਡਾਰੀਆਂ ਲਾਉਂਦਾ ਰਿਹਾ। ਗ਼ਜ਼ਲ ਵਿਚ ਨਵੀਆਂ ਬਹਿਰਾਂ ਦੀ ਵਰਤੋਂ ਲਈ ਵੀ ਮਨ ਕਾਹਲਾ ਪੈਂਦਾ ਰਿਹਾ। ਮੈਂ ਬਹੁਤ ਸਾਰੀਆਂ ਉਨ੍ਹਾਂ ਬਹਿਰਾਂ ਵਿਚ ਗ਼ਜ਼ਲਾਂ ਲਿਖੀਆਂ ਜਿਨ੍ਹਾਂ ਬਾਰੇ ਮੈਂ ਕਈ ਸਾਲਾਂ ਤੋਂ ਸੋਚਦਾ ਆ ਰਿਹਾ ਸਾਂ। ਮੋਮਨ ਦੀ ਗ਼ਜ਼ਲ 'ਵੋ ਜੋ ਹਮ ਮੇਂ ਤੁਮ ਮੇਂ ਕਰਾਰ ਥਾ, ਤੁਮੇ ਯਾਦ ਹੋ ਕਿ ਨਾ ਯਾਦ ਹੋ' ਮੇਰੀ ਮਨਮਸੰਦ ਗ਼ਜ਼ਲ ਹੈ। ਇਸ ਬਹਿਰ ਦੀ ਉਤਰਾਈ-ਚੜ੍ਹਾਈ ਮੈਨੂੰ ਵਾਦੀਆਂ ਦੀ ਗਹਿਰਾਈ ਵਰਗੀ ਅਤੇ ਪਹਾੜਾਂ ਦੀ ਉਚਾਈ ਵਰਗੀ ਅਨੁਭਵ ਹੁੰਦੀ ਹੈ। ਪਰ ਮੈਂ ਇਸ ਬਹਿਰ ਵਿਚ ਗ਼ਜ਼ਲ ਲਿਖ ਨਹੀਂ ਸਾਂ ਸਕਿਆ। ਸੁਰਜੀਤ ਪਾਤਰ ਅਤੇ ਸੁਰਜੀਤ ਸਖੀ ਨੇ ਇਸ ਬਹਿਰ ਵਿਚ ਬਹੁਤ ਕਾਮਯਾਬ ਗ਼ਜ਼ਲਾਂ ਲਿਖੀਆਂ ਹਨ। ਕੁਝ ਇਕ ਹੋਰ ਸ਼ਾਇਰਾਂ ਦੀ ਰਚਨਾ ਵੀ ਇਸ ਬਹਿਰ ਵਿਚ ਮਿਲਦੀ ਹੈ। ਇਸ ਬਹਿਰ ਵਿਚ ਗ਼ਜ਼ਲ ਲਿਖ ਕੇ ਮਨ ਨੂੰ ਬਹੁਤ ਤਸੱਲੀ ਹੋਈ।

ਮਿਰਜ਼ਾ ਗ਼ਾਲਿਬ ਦੀ ਮਸ਼ਹੂਰ ਗ਼ਜ਼ਲ 'ਆਹ ਕੋ ਚਾਹੀਏ ਇਕ ਉਮਰ ਅਸਰ ਹੋਨੇ ਤਕ' ਵਾਲੀ ਬਹਿਰ 'ਤੇ ਗ਼ਜ਼ਲ ਲਿਖ ਕੇ ਮੈਨੂੰ ਬਹੁਤ ਸਕੂਨ ਪ੍ਰਾਪਤ ਹੋਇਆ। ਗ਼ਾਲਿਬ ਦੀ ਗ਼ਜ਼ਲ 'ਕਹਾਂ ਥੀ ਹਮਾਰੀ ਕਿਸਮਤ ਕਿ ਵਸਾਲੇ ਯਾਰ ਹੋਤਾ' ਵਾਲੀ ਬਹਿਰ 'ਤੇ ਗ਼ਜ਼ਲ ਲਿਖਣ ਦਾ ਮੈਂ ਕਦੇ ਖ਼ਾਬ ਵੀ ਨਹੀਂ ਸੀ ਲਿਆ। ਸੁਰਜੀਤ ਪਾਤਰ ਅਤੇ ਸੁਰਜੀਤ ਸਖੀ ਨੇ ਇਸ ਬਹਿਰ ਵਿਚ ਕਾਮਯਾਬ ਗ਼ਜ਼ਲਾਂ ਕਹੀਆਂ ਹਨ।

'ਨਸ਼ੇ ਕੀ ਰਾਤ ਢਲ ਗਈ ਅਬ ਖ਼ੁਮਾਰ ਨਾ ਰਹਾ' ਵਾਲੀ ਬਹਿਰ ਬੇਹੱਦ ਔਖੀ ਹੈ। ਇਕ ਲਘੂ ਇਕ ਗੁਰੂ ਦੀ ਬੰਦਿਸ਼ ਨਿਭਾਉਣਾ ਮੈਨੂੰ ਆਪਣੀ ਸਮਰੱਥਾ ਤੋਂ ਬਾਹਰ ਦੀ ਗੱਲ ਜਾਪਦੀ ਸੀ, ਪਰ ਇਸ ਬਹਿਰ ਵਿਚ ਗ਼ਜ਼ਲ ਸਿਰਫ਼ ਪੰਦਰਾਂ ਮਿੰਟ ਵਿਚ ਹੀ ਲਿਖ ਹੋ ਗਈ।

ਗ਼ਾਲਿਬ ਦੀ ਮਸ਼ਹੂਰ ਗ਼ਜ਼ਲ 'ਹਰੇਕ ਬਾਤ ਪੇ ਕਹਿਤੇ ਹੋ ਕਿ ਤੁਮ ਕਿਆ ਹੈ' ਵਾਲੀ ਬਹਿਰ ਵਿਚ ਸੁਰਜੀਤ ਪਾਤਰ ਨੇ ਬਹੁਤ ਗ਼ਜ਼ਲਾਂ ਲਿਖੀਆਂ ਹਨ। ਮੇਰੇ ਕੋਲੋਂ ਦਸ-ਬਾਰਾਂ ਗ਼ਜ਼ਲਾਂ ਇਸ ਬਹਿਰ ਵਿਚ ਕਦੋਂ ਲਿਖ ਹੋ ਗਈਆਂ, ਮੈਨੂੰ ਪਤਾ ਹੀ ਨਹੀਂ ਲੱਗਾ। ਉਰਦੂ ਸ਼ਾਇਰਾਂ ਨੇ ਇਸ ਬਹਿਰ ਦੀ ਭਰਪੂਰ ਵਰਤੋਂ ਕੀਤੀ ਹੈ।

ਉਰਦੂ ਵਿਚ 'ਗਿਰਾਹ' ਲਾਉਣ ਦਾ ਰਿਵਾਜ ਬਹੁਤ ਹੈ। ਕਿਸੇ ਵੱਡੇ ਸ਼ਾਇਰ ਦੀ ਮਸ਼ਹੂਰ ਗ਼ਜ਼ਲ ਦੇ ਮਿਸਰੇ ਨੂੰ ਆਪਣੀ ਕਿਸੇ ਗ਼ਜ਼ਲ ਵਿਚ ਵਰਤ ਕੇ ਸ਼ਾਇਰ ਦਿਲਚਸਪੀ ਪੈਦਾ ਕਰਦਾ ਹੈ।

ਉਰਦੂ ਵਾਲੇ ਮਜ਼ਾਹੀਆ ਸ਼ਾਇਰ ਆਪਣੇ ਹੀ ਰੰਗ ਵਿਚ ਗਿਰਾਹ ਲਾ ਕੇ ਸਰੋਤਿਆਂ ਦਾ ਦਿਲ ਮੋਹ ਲੈਂਦੇ ਹਨ। ਕਿਸੇ ਸ਼ਾਇਰ ਦਾ ਸ਼ਿਅਰ ਯਾਦ ਆ ਰਿਹਾ ਹੈ,

ਉਨ ਕੇ ਬੱਚੇ ਹਮ ਕੋ ਮਾਮੂ ਕਹਿ ਗਏ।
ਦਿਲ ਕੇ ਅਰਮਾਂ ਆਂਸੂਓਂ ਮੇਂ ਬਹਿ ਗਏ।

ਗਿਰਾਹ ਲਾਉਣ ਦੇ ਨਜ਼ਰੀਏ ਤੋਂ ਪੰਜਾਬੀ ਵਿਚ ਕੁਝ ਇਕ ਪ੍ਰਯੋਗ ਤਾਂ ਹੋਏ ਹਨ, ਪਰ ਰਵਾਇਤ ਕਾਇਮ ਨਹੀਂ ਹੋ ਸਕੀ। ਮੈਂ ਆਪਣੀ ਤੁਛ ਬੁੱਧੀ ਮੁਤਾਬਿਕ ਸੁਰਜੀਤ ਪਾਤਰ ਅਤੇ ਡਾ.




ਜਗਤਾਰ ਦੇ ਮਿਸਰਿਆਂ ਦੀ ਗਿਰਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ।

ਪਿਛਲਾ ਡੇਢ ਸਾਲ ਮੇਰੇ ਲਈ ਬਹੁਤ ਕਾਵਿ-ਮਈ ਅਤੇ ਸਾਹਿਤਕ ਮਾਹੌਲ ਵਾਲਾ ਰਿਹਾ ਹੈ। ਤਾਲਸਤਾਏ ਦੇ ਮਸ਼ਹੂਰ ਨਾਵਲ 'ਅੰਨਾ ਕਾਰੇਨਿਨਾ' (ਤੇਰਾਂ ਸੌ ਸਫ਼ੇ ਦਾ ਨਾਵਲ) ਦਾ ਰੋਜ਼ ਇਕ ਇਕ ਕਾਂਡ ਕਰਕੇ ਪੜ੍ਹਨ ਨਾਲ ਜੋ ਨਜ਼ਾਰੇ ਮੇਰੀ ਸੋਚ ਨੇ ਮਾਣੇ, ਬਿਆਨ ਤੋਂ ਬਾਹਰਾ ਹੈ। ਕਾਵਿਕ ਸ਼ੈਲੀ ਰਾਹੀਂ ਮਨੁੱਖੀ ਮਨ ਦੀਆਂ ਪਰਤਾਂ ਨੂੰ ਤਾਲਸਤਾਏ ਨੇ ਸੂਝ ਦੀ ਖੁਰਦਬੀਨ ਨਾਲ ਦੇਖ ਕੇ ਬਿਆਨਿਆ ਹੈ।

ਕੰਨੜ ਨਾਵਲ 'ਮੌਤ ਤੋਂ ਬਾਦ' ਨੇ ਮੇਰੇ ਲਈ 'ਯਥਾਰਥ' ਦੇ ਅਰਥ ਹੀ ਬਦਲ ਕੇ ਰੱਖ ਦਿੱਤੇ। ਹੰਗੇਰੀਅਨ ਨਾਵਲ 'ਬੁਜ਼ਦਿਲ' ਨੇ ਮੇਰੀ ਸੋਚ ਨੂੰ ਅਪਾਰ ਵਿਸ਼ਾਲਤਾ ਨਾਲ ਭਰਪੂਰ ਕਰ ਦਿੱਤਾ।

ਅਹਿਮਦ ਫ਼ਰਾਜ਼ ਦੀਆਂ ਚਾਰ ਕਿਤਾਬਾਂ ਦੇ ਪਾਠ ਵਿਚੋਂ ਗ਼ਜ਼ਲ ਬਾਰੇ ਬੜੀਆਂ ਬਾਰੀਕੀਆਂ ਦੀ ਸਮਝ ਲੱਗੀ।

ਸ਼ਕੇਬ ਜਲਾਲੀ, ਜਿਸ ਨੇ ਕਿ ਸਿਰਫ਼ 32 ਸਾਲ ਦੀ ਉਮਰ ਭੋਗੀ, ਦੀਆਂ ਸਮੁੱਚੀਆਂ ਗ਼ਜ਼ਲਾਂ ਪੜ੍ਹ ਕੇ ਹੈਰਾਨੀ ਹੋਈ। ਉਸ ਦੇ ਇਸ ਸ਼ਿਅਰ ਨੇ ਮੈਨੂੰ ਕਈ ਦਿਨ ਤਰੋ-ਤਾਜ਼ਾ ਰੱਖਿਆ,

ਅਜਬ ਨਹੀਂ ਜੋ ਉਗੇ ਯਾਂ ਦਰਖ਼ਤ ਪਾਨੀ ਕੇ,
ਕਿ ਅਸ਼ਕ ਬੋਏ ਹੈਂ ਸ਼ਬ ਭਰ ਕਿਸੀ ਨੇ ਧਰਤੀ ਮੇਂ।

ਪਿਆਰਾ ਸਿੰਘ ਪਦਮ ਦੀ ਕਿਤਾਬ 'ਗੁਰੂ ਗ੍ਰੰਥ ਸੰਕੇਤ ਕੋਸ਼' ਦੋ-ਦੋ ਸਫ਼ੇ ਕਰਕੇ ਦੂਜੀ ਵਾਰ ਫੇਰ ਪੜ੍ਹੀ ਗਈ। ਇਸ ਨੇ ਮੇਰੀ ਕਾਵਿਕ-ਤਰੰਗ ਨੂੰ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਕੀਤੀ। ਡਾ. ਜਗਤਾਰ ਦੀਆਂ ਸਮੁੱਚੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਦਾ ਪਾਠ ਵੀ ਨਾਲ ਨਾਲ ਚਲਦਾ, ਜਿਨ੍ਹਾਂ ਨੇ ਮੇਰੇ ਅੰਦਰ ਸ਼ਿਅਰਾਂ ਦੀ ਨਦੀ ਵਹਾਈ ਰੱਖੀ। ਗੁਰਦਰਸ਼ਨ ਬਾਦਲ ਦੀ ਕਿਤਾਬ 'ਸੁਖੈਨ ਗ਼ਜ਼ਲ' ਦੀ ਪਰੂਫ਼ ਰੀਡਿੰਗ ਕਰਦਿਆਂ ਕਰਦਿਆਂ ਬਹੁਤ ਸਾਰੇ ਸ਼ਿਅਰ ਰਚੇ ਗਏ।

ਮੇਰੇ 'ਤੇ ਇਕ ਅਜਿਹਾ ਕਾਵਿਕ ਆਸਮਾਨ ਛਾਇਆ ਰਿਹਾ ਕਿ ਮੈਨੂੰ ਲੱਗਣ ਲੱਗ ਪਿਆ ਕਿ ਸ਼ਿਅਰ ਤਾਂ ਕੁਦਰਤ ਦੀ ਹਰ ਅਦਾ ਵਿਚ ਪਿਆ ਹੈ, ਸਿਰਫ਼ ਚੁੱਕ ਕੇ ਵਰਕੇ ਬਿਠਾਉਣ ਦੀ ਹੀ ਲੋੜ ਹੈ। ਖ਼ਿਆਲ ਅਤੇ ਬਹਿਰ ਇੰਜ ਰਚ-ਮਿਚ ਕੇ ਮੇਰੇ ਕੋਲ ਪਹੁੰਚਦੇ ਰਹੇ। ਵਿਸ਼ੇ ਅਤੇ ਰੂਪ ਦਾ

(ਬਾਕੀ ਸਫ਼ਾ 25 ਉਤੇ)

# ਵੇਲਾ ਲੰਘਿਆ ਹੱਥ ਨਾ ਆਂਵਦਾ ਈ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ: 916-273-2856
www.boparaisudhar.com

ਚਮਕ ਸਿੰਘ ਦੀ ਚਮਕ ਉਸ ਵਕਤ ਮੱਧਮ ਪੈ ਗਈ ਸੀ ਜਦੋਂ ਉਹਦੀ ਧੀ ਹਰਜੀਤ ਨੇ ਅੱਖਾਂ ਆਪਣੇ ਨਾਲ ਪੜ੍ਹਦੇ ਬਿੱਟੂ ਨਾਲ ਲਾ ਲਈਆਂ। ਉਹ ਭੁੱਲ ਗਈ ਸੀ ਕਿ ਉਹਦਾ ਬਾਪ ਪਿੰਡ ਦਾ ਸਰਪੰਚ ਹੈ ਤੇ ਬੜੇ ਅੜਬ ਸੁਭਾਅ ਦਾ ਮਾਲਕ ਹੈ। ਹਰਜੀਤ ਦੀ ਵੱਡੀ ਭੈਣ ਦਾ ਰਿਸ਼ਤਾ ਕੈਨੇਡਾ ਹੋ ਚੁੱਕਾ ਸੀ। ਹਰਜੀਤ ਲਈ ਵੀ ਕੈਨੇਡਾ ਵਿਚ ਮੁੰਡਾ ਲੱਭਿਆ ਹੋਇਆ ਸੀ, ਪਰ ਉਹ ਆਪਣੇ ਪਿਆਰ ਵਿਚ ਰੁੜ੍ਹ ਗਈ ਸੀ। ਇਕ ਦਿਨ ਸਕੂਲ ਦੇ ਸੇਵਾਦਾਰ ਨੇ ਚਮਕ ਸਿੰਘ ਨੂੰ ਦੱਸਿਆ, "ਸਰਦਾਰ ਜੀ! ਮੂੰਹ ਛੋਟਾ ਹੈ ਤੇ ਬਾਤ ਵੱਡੀ। ਆਪਣੀ ਹਰਜੀਤ ਕਿਸੇ ਮੁੰਡੇ ਨਾਲ ਘੁੰਮਦੀ ਹੈ, ਜਮਾਤ ਵਿਚ ਵੀ ਘੱਟ ਆਉਂਦੀ ਹੈ। ਸਾਡੇ ਵਡੇਰਿਆਂ ਨੇ ਇਸ ਘਰ ਦਾ ਲੂਣ ਖਾਧਾ ਹੈ। ਮੈਂ ਆਪਣਾ ਫਰਜ਼ ਸਮਝਦਾ ਹੋਇਆ ਤੁਹਾਨੂੰ ਦੱਸਣ ਆ ਗਿਆ।"

"ਰਤਨ ਸਿਆਂ! ਤੈਨੂੰ ਗਲਤੀ ਲੱਗੀ ਹੋਊ। ਮੇਰੀ ਧੀ ਇੰਜ ਦੀ ਨਹੀਂ। ਜੇ ਇਹ ਸੱਚ ਹੈ ਤਾਂ ਤੇਰਾ ਧੰਨਵਾਦ, ਤੇ ਕਿਸੇ ਹੋਰ ਕੰਨ ਫੂਕ ਨਾ ਮਾਰੀਂ।" ਚਮਕ ਸਿੰਘ ਨੇ ਕਿਹਾ।

ਗੱਲ ਚਮਕ ਸਿੰਘ ਦੇ ਗਲ ਥੱਲੇ ਨਹੀਂ ਸੀ ਉਤਰ ਰਹੀ। ਉਹ ਧੀ ਦੇ ਮੂੰਹੋਂ ਸੱਚ ਸੁਣਨਾ ਚਾਹੁੰਦਾ ਸੀ। ਸ਼ਾਮ ਨੂੰ ਜਦੋਂ ਹਰਜੀਤ ਪੜ੍ਹ ਕੇ ਆਈ ਤਾਂ ਚਮਕ ਸਿੰਘ ਨੇ ਪੁੱਛਿਆ, "ਹਰਜੀਤ! ਪੁੱਤ ਪੜ੍ਹਾਈ ਕਿਵੇਂ ਚੱਲ ਰਹੀ ਐ?"

"ਪਿਤਾ ਜੀ! ਬਹੁਤ ਵਧੀਆ। ਅਗਲੇ ਮਹੀਨੇ ਪੇਪਰ ਹੋ ਜਾਣੇ ਆ।" ਹਰਜੀਤ ਨੇ ਕਿਹਾ।

"ਚੰਗਾ ਫਿਰ ਤਾਂ, ਪੇਪਰਾਂ ਤੋਂ ਬਾਅਦ ਤੇਰੀ ਮੰਗਣੀ ਜੰਡੇ ਵਾਲਿਆਂ ਦੇ ਮੁੰਡੇ ਨਾਲ ਕਰ ਦੇਣੀ ਆਂ, ਕੈਨੇਡਾ ਵਿਚ।" ਚਮਕ ਸਿੰਘ ਨੇ ਕਿਹਾ।

"ਪਿਤਾ ਜੀ, ਮੈਂ ਨਹੀਂ ਕੈਨੇਡਾ ਵਿਆਹ ਕਰਵਾਉਣਾ। ਮੈਂ ਤਾਂ ਇਥੇ ਹੀ ਰਹਿਣਾ ਤੇ ਇਥੇ ਹੀ ਵਿਆਹ ਕਰਵਾ ਲੈਣਾ।" ਹਰਜੀਤ ਨੇ ਕਿਹਾ।

ਧੀ ਦਾ ਜਵਾਬ ਸੁਣ ਕੇ ਚਮਕ ਸਿੰਘ ਨੂੰ ਅੱਧਿਓਂ ਵੱਧ ਸੱਚ ਹੋ ਗਿਆ, ਪਰ ਉਹ ਪੂਰਾ ਸੱਚ ਸੁਣਨਾ ਚਾਹੁੰਦਾ ਸੀ।

ਬਾਰ੍ਹਵੀਂ ਦੇ ਪੱਕੇ ਪੇਪਰ ਹੋ ਗਏ। ਹਰਜੀਤ ਨੂੰ ਬਾਹਰ ਜਾਣ ਦਾ ਕੋਈ ਬਹਾਨਾ ਨਾ ਮਿਲਦਾ। ਫਿਰ ਪੁੰਨਿਆ ਦੇ ਬਹਾਨੇ ਹਰਜੀਤ ਗੁਰਦੁਆਰੇ ਗਈ ਅਤੇ ਉਥੇ ਬਿੱਟੂ ਵੀ ਆ ਗਿਆ। ਦੋਵਾਂ ਦੀ ਮਿਲਣੀ ਚਮਕ ਸਿੰਘ ਨੇ ਅੱਖੀਂ ਦੇਖ ਲਈ। ਜਦੋਂ ਉਹ ਘਰ ਆਈ ਤਾਂ ਜਿਵੇਂ ਆਸਮਾਨੀ ਬਿਜਲੀ ਹਰਜੀਤ ਦੇ ਸਿਰ ਉਤੇ ਡਿੱਗ ਪਈ ਹੋਵੇ। ਹਰਜੀਤ ਦੀ ਗੁੱਤ ਚਮਕ ਸਿੰਘ ਦੇ ਹੱਥਾਂ ਵਿਚ ਸੀ।

"ਮੈਂ ਆਪਣੀਆਂ ਅੱਖਾਂ ਨਾਲ ਦੇਖ ਲਿਐ ਕਿ ਤੂੰ ਕੈਨੇਡਾ ਦਾ ਰਿਸ਼ਤਾ ਕਿਉਂ ਠੁਕਰਾ ਰਹੀ ਐਂ। ਸਾਰਾ ਪਿੰਡ ਕੀ, ਪੂਰਾ ਇਲਾਕਾ ਚਮਕ ਸਿੰਘ ਨੂੰ ਸਤਿਕਾਰ ਨਾਲ ਬੁਲਾਉਂਦਾ, ਤੇ ਤੂੰ ਮੇਰੀ ਇੱਜ਼ਤ ਮਿੱਟੀ ਵਿਚ ਰੋਲ ਰਹੀ ਹੈਂ।" ਇਹ ਕਹਿੰਦਿਆਂ ਚਮਕ ਸਿੰਘ ਨੇ ਬੈਂਤ ਦੀ ਪਰਾਣੀ (ਸੋਟੀ) ਹਰਜੀਤ 'ਤੇ ਵਰ੍ਹਾਉਣੀ ਸ਼ੁਰੂ ਕਰ ਦਿੱਤੀ।

ਮਾਂ ਨੇ ਪੁੱਛਿਆ, "ਧੀ ਦਾ ਕਸੂਰ ਕੀ ਹੈ?"

"ਆਪਣੀ ਧੀ ਕੋਲੋਂ ਹੀ ਪੁੱਛ ਲੈ।" ਚਮਕ ਸਿੰਘ ਨੇ ਕਿਹਾ।

"ਨੀ ਤੂੰ ਕੀ ਚੰਦ ਚਾੜ੍ਹ ਆਈ ਹੈਂ। ਤੇਰਾ ਪਿਉ ਕਿਉਂ ਵੈਰੀ ਬਣ ਗਿਆ।" ਹਰਜੀਤ ਉਠ ਕੇ ਮਾਂ ਦੇ ਗਲ ਲੱਗ ਗਈ ਤੇ ਰੋਂਦੀ ਨੇ ਸਭ ਕੁਝ ਮਾਂ ਨੂੰ ਦੱਸ ਦਿੱਤਾ। ਮਾਂ ਨੇ ਸੁਣ ਕੇ ਪੂਰੇ ਜ਼ੋਰ ਨਾਲ ਥੱਪੜ ਹਰਜੀਤ ਦੇ ਮੂੰਹ 'ਤੇ ਜੜ ਦਿੱਤਾ ਤੇ ਬੋਲੀ, "ਵੱਢ ਦੇ ਇਸ ਨੂੰ, ਸੋਟੀ ਨਾਲ ਕੁਝ ਨਹੀਂ ਬਣਨਾ...ਨੀ ਤੈਨੂੰ ਪਹਿਨਣ-ਖਾਣ ਤੋਂ ਨਾ ਰੋਕਿਆ...ਪੁੱਤਾਂ ਨਾਲੋਂ ਵਧ ਕੇ ਪਾਲਿਆ...ਤੇ ਤੂੰ ਆਹ ਚੰਦ ਚੜ੍ਹਾ ਰਹੀ ਐਂ। ਤੈਨੂੰ ਪਤਾ ਨਹੀਂ ਬਿੱਟੂ ਵਰਗੇ ਕਿੰਨੇ ਲੋਕ ਸਾਡੇ ਘਰੇ ਕੌਲੀਆਂ ਚੁੱਕੀ ਆਉਂਦੇ ਨੇ। ਆਵਦੇ ਪਿਉ ਦੀ ਸਰਦਾਰੀ ਵੱਲ ਦੇਖ ਲੈਂਦੀ। ਲੋਕ ਕੀ ਕਹਿਣਗੇ! ਲੋਕਾਂ ਦੀਆਂ ਧੀਆਂ ਦੇ ਫੈਸਲੇ ਕਰਵਾਉਣ ਵਾਲਾ ਅੱਜ ਆਪਣੀ ਧੀ ਦੇ ਫੈਸਲੇ ਵਿਚ ਦੋਚਿੱਤਾ ਫਸ ਗਿਆ। ਨੀ ਤੂੰ ਕੈਨੇਡਾ ਵਰਗੀ ਜ਼ਿੰਦਗੀ ਨੂੰ ਠੁਕਰਾ ਕੇ ਕਿਉਂ ਨਰਕਾਂ ਵਿਚ ਜਾਣਾ ਚਾਹੁੰਦੀ ਏਂ?" ਮਾਂ ਪਿੱਟਦੀ ਤੇ ਸਮਝਾਉਂਦੀ ਥੱਕ ਗਈ, ਪਰ ਕੁੜੀ ਦੇ ਕੰਨ 'ਤੇ ਜੂੰ ਤੱਕ ਨਾ ਸਰਕੀ। ਹੌਲੀ ਹੌਲੀ ਗੱਲ ਪੂਰੇ ਪਿੰਡ ਵਿਚ ਫੈਲ ਗਈ। ਧੀ ਦੀ ਇਸ ਕਰਤੂਤ ਨੇ ਚਮਕ ਸਿੰਘ ਦਾ ਲੱਕ ਤੋੜ ਦਿੱਤਾ। ਉਸ ਨੂੰ ਸਭ ਤੋਂ ਨਫਰਤ ਹੋਣ ਲੱਗੀ। ਧੀ ਦਾ ਸਿਰ ਤੋਂ ਦੀ ਲੰਘ ਜਾਣਾ, ਉਸ ਨੂੰ ਲੋੜੋਂ ਵੱਧ ਲਾਡ ਪਿਆਰ ਹੀ ਲੱਗਾ।

ਚਮਕ ਸਿੰਘ ਨੇ ਆਪਣੇ ਸਾਂਢੂ ਨਾਲ ਰਾਏ ਕੀਤੀ, ਧੀ ਦਾ ਕੀਰਤਨ ਸੋਹਿਲਾ ਪੜ੍ਹ ਦੇਈਏ। ਉਹਦਾ ਇਕ ਸਾਲਾ ਫੌਜ ਵਿਚ ਅਫਸਰ ਸੀ, ਬਹੁਤ ਸਿਆਣਾ ਸੀ, ਬੋਲਿਆ, "ਚਮਕ ਸਿਆਂ! ਮੌਤ ਸਭ ਤੋਂ ਵੱਡੀ ਸਜ਼ਾ ਨਹੀਂ ਹੈ। ਮੌਤ ਵਰਗੀ ਅਜਿਹੀ ਸਜ਼ਾ ਦਿੱਤੀ ਜਾਵੇ ਜਿਥੇ ਦੋਸ਼ੀ ਆਪ ਮੌਤ ਮੰਗਦਾ ਰਹੇ ਤੇ ਜ਼ਿੰਦਗੀ ਤੋਂ ਅੱਕ ਜਾਵੇ।" ਫੌਜੀ ਦੀ ਗੱਲ ਚਮਕ ਸਿੰਘ ਦੀ ਸਮਝ ਤੋਂ ਬਾਹਰ ਸੀ।

"ਉਹ ਕਿਵੇਂ?" ਚਮਕ ਸਿੰਘ ਨੇ ਪੁੱਛਿਆ।

"ਕੁੜੀ ਦਾ ਵਿਆਹ ਆਪਾਂ ਬਿੱਟੂ ਨਾਲ ਹੀ ਕਰ ਦਿੰਦੇ ਹਾਂ। ਵਿਆਹ ਤੋਂ ਬਾਅਦ ਧੀ ਨਾਲੋਂ ਸਾਰੇ ਰਿਸ਼ਤੇ ਤੋੜ ਦੇਵਾਂਗੇ। ਸਾਲ ਦੋ ਸਾਲ ਵਿਚ ਧੀ ਦੇ ਸਿਰ ਤੋਂ ਇਸ਼ਕ ਦਾ ਭੂਤ ਉਤਰ ਜਾਵੇਗਾ, ਹੋਸ਼ ਆ ਜਾਵੇਗੀ ਕਿ ਉਹਨੇ ਗਲਤ ਕਦਮ ਚੁੱਕਿਆ ਸੀ। ਉਹਨੂੰ ਤੜਫਦੀ ਦੇਖ ਕੇ ਹੋਰ ਧੀਆਂ ਨੂੰ ਅਕਲ ਆ ਜਾਵੇਗੀ ਕਿ ਮਾਪਿਆਂ ਦੀ ਮਰਜ਼ੀ ਤੋਂ ਬਿਨਾਂ ਵਿਆਹ ਕਰਾਉਣ ਦਾ ਕੀ ਮੁੱਲ ਤਾਰਨਾ ਪੈਂਦਾ।"

"ਫੌਜੀ ਸਾਹਿਬ! ਤੁਹਾਡਾ ਮਤਲਬ ਹੈ ਕਿ ਅਸੀਂ ਆਪਣੀ ਨੱਕ ਵਢਾ ਲਈਏ। ਦੋ ਪੈਸੇ ਦੇ ਮਲੰਗ ਪਿਛੇ ਧੀ ਲਾ ਦੇਈਏ।" ਚਮਕ ਸਿੰਘ ਦਾ ਸਾਂਢੂ ਬੋਲਿਆ।

"ਜਦੋਂ ਕੁੜੀ ਮੰਨਦੀ ਨਹੀਂ, ਉਹ ਤਾਂ ਕਹਿੰਦੀ ਹੈ, ਜਿਥੇ ਤੋਰੋਗੇ, ਉਥੇ ਕੁਝ ਖਾ ਕੇ ਮਰ ਜਾਊਂ। ਆਪਾਂ ਬੇਗਾਨੇ ਪੁੱਤ ਨੂੰ ਕਿਉਂ ਸੂਲੀ ਟੰਗੀਏ।" ਫੌਜੀ ਫਿਰ ਬੋਲਿਆ।

ਸਾਰੇ ਰਿਸ਼ਤੇਦਾਰਾਂ ਨੇ ਹਰਜੀਤ ਨੂੰ ਸਮਝਾਇਆ, ਭਵਿੱਖ ਬਾਰੇ ਦੱਸਿਆ ਪਰ ਹਰਜੀਤ ਟੱਸ ਤੋਂ ਮੱਸ ਨਾ ਹੋਈ। ਫਿਰ ਸਭ ਨੇ ਰਾਏ ਲਾਈ ਕਿ ਇਸ ਦਾ ਪਿਆਰ ਹੀ ਇਸ ਦੀ ਝੋਲੀ ਪਾ ਕੇ ਤਿੰਨ ਕੱਪੜਿਆਂ ਵਿਚ ਤੋਰ ਦਿਤਾ ਜਾਵੇ।

ਚਮਕ ਸਿੰਘ ਨੇ ਪੰਜ ਬੰਦੇ ਗੁਰਦੁਆਰੇ ਸੱਦ ਕੇ ਕੁੜੀ ਦਾ ਅਨੰਦ ਕਾਰਜ ਕਰਵਾ ਦਿੱਤਾ। ਕਾਰ ਵਿਚ ਬੈਠਣ ਲੱਗੀ ਨੂੰ ਕਹਿ ਦਿੱਤਾ, "ਧੀਏ! ਜਿਥੇ ਰਹੇਂ, ਖੁਸ਼ ਰਹੇਂ, ਵੱਸਦੀ ਰਹੇਂ। ਇਕ ਗੱਲ ਯਾਦ ਰੱਖੀਂ, ਬਾਪ ਦੇ ਘਰ ਦਾ ਬੂਹਾ ਬੰਦ ਕਰਨ ਨਾਲ ਤੂੰ ਪਿੰਡ ਦੇ ਦਰਵਾਜ਼ੇ ਵੀ ਬੰਦ ਕਰ ਚੱਲੀ ਹੈਂ। ਅੱਜ ਤੋਂ ਬਾਅਦ ਮੈਂ ਤੇਰੇ ਲਈ ਮਰ ਗਿਆ, ਤੂੰ ਮੇਰੇ ਲਈ ਮਰ ਗਈ।" ਹਰਜੀਤ ਦੀ ਮਾਂ ਨੇ ਤਾਂ ਕੋਈ ਸ਼ਗਨ ਵੀ ਨਹੀਂ ਕੀਤਾ। ਉਹ ਕਹਿੰਦੀ, "ਮੈਂ ਤਾਂ ਇਸ ਨੂੰ ਉਸ ਦਿਨ ਹੀ ਮਾਰ ਦਿੱਤਾ ਸੀ ਜਿਸ ਦਿਨ ਇਸ ਨੇ ਪਿਆਰ ਦੀ ਕਹਾਣੀ ਸੁਣਾਈ ਸੀ।"

ਅਗਲੇ ਸਾਲ ਪੰਚਾਇਤ ਦੀਆਂ ਚੋਣਾਂ ਆ ਗਈਆਂ। ਚਮਕ ਸਿੰਘ ਨੇ ਸਰਪੰਚੀ ਦੀ ਚੋਣ ਲੜਨ ਤੋਂ ਨਾਂਹ ਕਰ ਦਿੱਤੀ। ਵੱਡੀ ਧੀ ਨੇ ਕੈਨੇਡਾ ਤੋਂ ਪੇਪਰ ਭਰ ਦਿੱਤੇ ਸਨ। ਚਮਕ ਸਿੰਘ ਆਪਣੀ ਪਤਨੀ ਨਾਲ ਕੈਨੇਡਾ ਪੁੱਜ ਗਿਆ। ਸਾਲ ਤੋਂ ਉਪਰ ਹੋ ਗਿਆ ਸੀ, ਹਰਜੀਤ ਨੇ ਪਿੰਡ ਇਕ ਵੀ ਫੇਰੀ ਨਹੀਂ ਸੀ ਪਾਈ। ਚਮਕ ਸਿੰਘ ਨੇ ਵੀ ਕਦੇ ਉਸ ਦਾ ਹਾਲ ਜਾਣਨ ਦੀ ਕੋਸ਼ਿਸ਼ ਨਾ ਕੀਤੀ। ਹਰਜੀਤ ਕੋਲ ਬੱਸ ਉਸ ਦਾ ਪਿਆਰ ਹੀ ਰਹਿ ਗਿਆ ਸੀ। ਫਿਰ ਪਿਆਰ ਵੀ ਦਿਨੋ-ਦਿਨ ਘਟਦਾ ਗਿਆ ਅਤੇ ਬੇਰੁਜ਼ਗਾਰੀ ਤੇ ਮਹਿੰਗਾਈ ਨੇ ਹਰਜੀਤ ਦੀ ਜ਼ਿੰਦਗੀ ਖੁੰਜੇ ਲੱਗੇ ਪੱਤਝੜ ਦੇ ਪੱਤੇ ਵਰਗੀ ਕਰ ਦਿਤੀ।

ਇਕ ਦਿਨ ਬਿੱਟੂ ਨੇ ਹਰਜੀਤ ਨੂੰ ਕੁੱਟਿਆ ਤੇ ਕਿਹਾ, "ਤੂੰ ਦੋ ਸਾਲਾਂ ਵਿਚ ਮੇਰੀ ਕਿਵੇਂ ਹੋ ਸਕਦੀ ਹੈਂ ਜਿਹੜੀ ਵੀਹ ਸਾਲ ਮਾਪਿਆਂ ਦੇ ਰਹਿ ਕੇ ਵੀ ਉਨ੍ਹਾਂ ਦੀ ਨਹੀਂ ਹੋਈ।" ਬਿੱਟੂ ਦੀ ਇਸ ਗੱਲ ਨੇ ਹਰਜੀਤ ਦੀਆਂ ਅੱਖਾਂ ਤਾਂ ਖੋਲ੍ਹ ਦਿੱਤੀਆਂ ਸਨ, ਪਰ ਉਹ ਪਿਆਰ ਦੇ ਦਰਵਾਜ਼ੇ ਬੰਦ ਨਹੀਂ ਸੀ ਕਰਨਾ ਚਾਹੁੰਦੀ। ਫਿਰ ਜਦੋਂ ਬਿੱਟੂ ਰੋਜ਼ ਉਸ ਨੂੰ ਕੁੱਟਣ ਲੱਗ ਪਿਆ ਤਾਂ ਉਹਨੇ ਆਪਣੇ ਮਾਮੇ ਨੂੰ ਫੋਨ ਕਰ ਕੇ ਮਦਦ ਲਈ ਕਿਹਾ। ਮਾਮੇ ਨੇ ਅੱਗਿਉਂ ਪੱਥਰ ਵਰਗਾ ਜਵਾਬ ਦਿੱਤਾ, "ਅੱਜ ਤੋਂ ਬਾਅਦ ਇਸ ਘਰ ਫੋਨ ਨਾ ਕਰੀਂ।"

ਹਰਜੀਤ ਨੇ ਸਾਰੇ ਰਿਸ਼ਤੇਦਾਰਾਂ ਨੂੰ ਫੋਨ ਕਰ ਲਏ, ਪਰ ਕੋਈ ਮਦਦ ਲਈ ਅੱਗੇ ਨਹੀਂ ਵਧਿਆ। ਇਕ ਦਿਨ ਉਸ ਨੇ ਆਪਣਾ ਛੋਟਾ ਭਰਾ ਬਾਜ਼ਾਰ ਵਿਚ ਲੰਘਦਾ ਦੇਖਿਆ, ਉਹ ਭੱਜ ਕੇ ਅੱਗੇ ਖਲੋ ਗਈ, "ਵੀਰ, ਮੈਨੂੰ ਮੁਆਫ਼ ਕਰ ਦੇ। ਮੇਰੇ ਕੋਲੋਂ ਗਲਤੀ ਹੋ ਗਈ। ਪਿਤਾ ਨੂੰ ਆਖ, ਮੈਨੂੰ ਘਰ ਲੈ ਜਾਵੇ।" ਅੱਗਿਉਂ ਭਰਾ ਕਹਿੰਦਾ, "ਮੈਂ ਤਾਂ ਤੈਨੂੰ ਜਾਣਦਾ ਵੀ ਨਹੀਂ ਤੂੰ ਕੌਣ ਹੈਂ। ਮੇਰੀ ਤਾਂ ਇਕ ਭੈਣ ਹੈ, ਉਹ ਕੈਨੇਡਾ ਹੈ। ਦੂਜੀ ਭੈਣ ਤਾਂ ਤਿੰਨ ਸਾਲ ਪਹਿਲਾਂ ਪਿਆਰ ਦੇ ਐਕਸੀਡੈਂਟ ਵਿਚ ਮਰ ਗਈ ਸੀ।" ਭਰਾ ਤੋਂ ਬੇ-ਪਛਾਣ ਹੋ ਕੇ ਉਹ ਬਹੁਤ ਰੋਈ। ਉਸ ਨੂੰ ਮੌਤ ਤੋਂ ਭੈੜੀ ਸਜ਼ਾ ਮਿਲ ਗਈ ਸੀ। ਉਹ ਦਿਨ ਰਾਤ ਰੋਂਦੀ ਰਹਿੰਦੀ ਤੇ ਘਰ ਦਾ ਕੰਮ ਕਰ ਕੇ ਬੱਸ ਮੱਖੀਆਂ ਮਾਰਦੀ ਰਹਿੰਦੀ। ਬਿੱਟੂ ਕਦੇ ਨੌਕਰੀ ਕਰ ਲੈਂਦਾ, ਕਦੇ ਛੱਡ ਦਿੰਦਾ। ਉਹਦੇ ਮਾਪੇ ਆਪਣੀ ਥਾਂ ਔਖੇ ਸਨ ਕਿ ਇਕੱਲਾ ਪੁੱਤ ਸੀ, ਉਹ ਵੀ ਬਾਗ਼ੀ ਹੋ ਗਿਆ।

ਬਿੱਟੂ ਨੂੰ ਨੌਕਰੀ ਲੱਭਦਿਆਂ ਕਿਸੇ ਅਮੀਰ ਘਰ ਦੀ ਨੂੰਹ ਸ਼ਾਂਤੀ ਮਿਲ ਗਈ ਜਿਸ ਨਾਲ ਬਿੱਟੂ ਨੇ ਹੌਲੀ ਹੌਲੀ ਪਿਆਰ ਖੇਡ ਚਲਾ ਲਈ। ਸ਼ਾਂਤੀ ਆਪਣੇ ਸਹੁਰਿਆਂ ਦੀ ਅਮੀਰੀ ਤੋਂ ਤੰਗ ਸੀ ਤੇ ਬਿੱਟੂ ਆਪਣੀ ਗਰੀਬੀ ਤੋਂ। ਸ਼ਾਂਤੀ ਨੇ ਬਿੱਟੂ ਨੂੰ ਖੁੱਲ੍ਹੇ ਰੁਪਏ ਵਰਤਾਏ ਤੇ ਖੂਬ ਐਸ਼ ਕਰਵਾਈ। ਹੌਲੀ ਹੌਲੀ ਬਾਹਰ ਹੁੰਦੀ ਮਿਲਣੀ ਸ਼ਾਂਤੀ ਦੇ ਘਰ ਹੋਣ ਲੱਗੀ। ਗੁਆਂਢੀਆਂ ਨੂੰ ਉਹ ਕਹਿ ਦਿੰਦੀ ਕਿ ਉਹਦੇ ਘਰਵਾਲੇ ਰਮਨ ਦਾ ਮਿੱਤਰ ਹੈ।

ਰਮਨ ਬਿਜਨਸ ਦੇ ਸਿਲਸਿਲੇ ਵਿਚ ਬਹੁਤਾ ਬਾਹਰ ਹੀ ਰਹਿੰਦਾ ਸੀ। ਉਸ ਦੀ ਮਾਂ ਅਤੇ ਬਾਪ ਹੀ ਘਰ ਹੁੰਦੇ ਸਨ। ਬਿੱਟੂ ਜਦੋਂ ਰੋਜ਼ ਹੀ ਘਰੋਂ ਬਾਹਰ ਰਹਿਣ ਲੱਗ ਪਿਆ ਤਾਂ ਹਰਜੀਤ ਨੂੰ ਸ਼ੱਕ ਹੋ ਗਿਆ। ਦੂਜੇ ਪਾਸੇ ਰਮਨ ਦੇ ਪਿਤਾ ਨੇ ਨੂੰਹ ਤੇ ਬਿੱਟੂ ਦੀਆਂ ਕਰਤੂਤਾਂ ਦੇਖ ਲਈਆਂ ਸਨ। ਫਿਰ ਇਕ ਦਿਨ ਰਮਨ ਦੇ ਬਾਪ ਜੋ ਰਿਟਾਇਰਡ ਪੁਲਿਸ ਅਫਸਰ ਸੀ, ਨੇ ਬਿੱਟੂ ਨੂੰ ਗੋਲੀ ਮਾਰ ਕੇ ਸਦਾ ਦੀ ਨੀਂਦ ਸੁਆ ਦਿੱਤਾ। ਮੌਕੇ ਦਾ ਦ੍ਰਿਸ਼ ਇਸ ਤਰ੍ਹਾਂ ਬਣਾਇਆ ਕਿ ਬਿੱਟੂ ਉਨ੍ਹਾਂ ਨੂੰ ਮਾਰ ਕੇ ਘਰ ਲੁੱਟਣਾ ਚਾਹੁੰਦਾ ਸੀ। ਸ਼ਾਂਤੀ ਬਿੱਟੂ ਦੀ ਲਾਸ਼ ਦੇਖ ਕੇ ਕੁਝ ਨਾ ਬੋਲੀ। ਰਮਨ ਨੂੰ ਵੀ ਕੋਈ ਸ਼ੱਕ ਨਾ ਹੋਇਆ ਕਿ ਇਹ ਮੁੰਡਾ ਉਹਦੀ ਘਰਵਾਲੀ ਨੂੰ ਮਿਲਣ ਆਉਂਦਾ ਸੀ। ਇਉਂ ਪੁਲਿਸ ਕੇਸ ਵੀ ਨਾ ਬਣਿਆ। ਹਰਜੀਤ ਦਾ ਪਿਆਰ ਕਿਸੇ ਹੋਰ ਦੀ ਦਹਿਲੀਜ਼ 'ਤੇ ਲਹੂ ਨਾਲ ਲੱਥ-ਪੱਥ ਹੋਇਆ ਪਿਆ ਸੀ। ਹਰਜੀਤ ਨਾ ਜਿਉਂਦਿਆਂ ਵਿਚ ਹੈ, ਨਾ ਮਰਿਆਂ ਵਿਚ। ਨਾ ਉਹ ਪੇਕਿਆਂ ਦੀ ਰਹੀ ਤੇ ਨਾ ਸਹੁਰਿਆਂ ਦੀ ਬਣ ਸਕੀ। ਉਸ ਦੀ ਬਗਾਵਤ ਹੀ ਉਸ ਨੂੰ ਨਿੱਤ ਮਾਰਦੀ ਹੈ।

# ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਅਮਰਦਾਸ ਸਾਹਿਬ ਅਕਾਲ ਪੁਰਖ ਨੂੰ ਹਮੇਸ਼ਾ ਹੀ ਯਾਦ ਰੱਖਣ ਅਤੇ ਉਸ ਦੇ ਨਾਮ ਦੇ ਸਿਮਰਨ ਦਾ ਅਦੇਸ਼ ਕਰਦਿਆਂ ਕਹਿੰਦੇ ਹਨ ਕਿ ਜਿਹੜੀ ਜੀਭ ਉਸ ਇੱਕ ਨੂੰ ਛੱਡ ਕੇ ਕਿਸੇ ਦੂਸਰੇ (ਮਾਇਆ) ਦਾ ਸਿਮਰਨ ਕਰਦੀ ਹੈ, ਉਹ ਜੀਭਾ ਸੜ ਜਾਣੀ ਚਾਹੀਦੀ ਹੈ,

ਸਦਾ ਸਦਾ ਸਾਲਾਹੀਐ
ਸਚੇ ਕਉ ਬਲਿ ਜਾਉ॥
ਨਾਨਕ ਏਕੁ ਛੋਡਿ ਦੂਜੈ ਲਗੈ
ਸਾ ਜਿਹਵਾ ਜਲਿ ਜਾਉ॥੨॥ (ਪੰਨਾ ੫੧੬)

ਅਗਲੀ ਪਉੜੀ ਵਿਚ ਉਸ ਕਰਤਾ ਪੁਰਖ ਸਿਰਜਣਹਾਰ ਦੀ ਗੱਲ ਕੀਤੀ ਗਈ ਹੈ ਕਿ ਉਹ ਹੀ ਇਸ ਸ੍ਰਿਸ਼ਟੀ ਦੇ ਹਰ ਇੱਕ ਜੀਵ ਦੀ ਰਚਨਾ ਕਰਨ ਵਾਲਾ ਹੈ। ਇਸ ਪਉੜੀ ਵਿਚ ਦੱਸਿਆ ਗਿਆ ਹੈ ਕਿ ਦੇਵੀ-ਦੇਵਤੇ, ਅਵਤਾਰਾਂ ਅਤੇ ਦੂਜਾ ਭਾਉ ਅਰਥਾਤ ਮਾਇਆ ਅਤੇ ਉਸ ਨਾਲ ਪ੍ਰੇਮ ਵੀ ਅਕਾਲ ਪੁਰਖ ਨੇ ਹੀ ਪੈਦਾ ਕੀਤਾ ਹੈ। ਉਹ ਦੇਵਤੇ ਜਾਂ ਅਵਤਾਰ ਵੀ (ਜਿਵੇਂ ਰਾਮ ਚੰਦਰ ਅਤੇ ਕ੍ਰਿਸ਼ਨ) ਆਮ ਰਾਜਿਆਂ ਦੀ ਤਰ੍ਹਾਂ ਹੀ ਰਾਜ ਕਰਦੇ ਰਹੇ, ਦੁੱਖ-ਸੁੱਖ ਦੀ ਖਾਤਰ ਜੰਗ-ਯੁੱਧ ਕਰਦੇ ਰਹੇ। (ਭਾਵ ਉਹ ਕੋਈ ਰੱਬ ਨਹੀਂ ਸਨ ਬਲਕਿ ਰੱਬ ਵੱਲੋਂ ਹੀ ਆਮ ਆਦਮੀਆਂ ਵਾਂਗ ਪੈਦਾ ਕੀਤੀਆਂ ਹੋਈਆਂ ਹਸਤੀਆਂ ਸਨ)। ਬ੍ਰਹਮਾ ਅਤੇ ਸ਼ਿਵ ਆਦਿ ਦੇਵਤੇ (ਜਿਨ੍ਹਾਂ ਨੂੰ ਲੋਕ 'ਰੱਬ' ਜਾਣ ਕੇ ਪੂਜਦੇ ਹਨ) ਉਸ ਸਿਰਜਣਹਾਰ ਦੇ ਨਾਮ ਦਾ ਸਿਮਰਨ ਕਰਦੇ ਰਹੇ ਹਨ ਪਰ ਉਹ ਵੀ ਉਸ ਰਚਨਹਾਰ ਦੀ ਅਦਭੁੱਤ ਖੇਡ ਦੀ ਥਾਹ ਨਹੀਂ ਪਾ ਸਕੇ, ਉਸ ਦੇ ਕੌਤਕ ਨੂੰ ਸਮਝ ਨਹੀਂ ਸਕੇ। ਉਹ ਅਕਾਲ ਪੁਰਖ ਜੋ ਡਰ ਤੋਂ ਰਹਿਤ ਹੈ, ਅਕਾਰ ਤੋਂ ਰਹਿਤ ਹੈ ਅਤੇ ਜਿਸ ਨੂੰ ਲਖਿਆ ਨਹੀਂ ਜਾ ਸਕਦਾ, ਉਹ ਗੁਰਮੁਖ ਦੇ ਅੰਦਰ ਪਰਗਟ ਹੁੰਦਾ ਹੈ, ਅਰਥਾਤ ਗੁਰੂ ਦੇ ਦੱਸੇ ਰਸਤੇ ਤੇ ਚੱਲਣ ਵਾਲੇ ਮਨੁੱਖਾਂ ਦੇ ਅੰਦਰ ਉਸ ਦੀ ਜੋਤਿ ਪ੍ਰਕਾਸ਼ ਹੁੰਦੀ ਹੈ। ਜਿਨ੍ਹਾਂ ਅੰਦਰ ਉਸ ਅਕਾਲ ਪੁਰਖ ਦੀ ਜੋਤਿ ਪਰਗਟ ਹੋ ਜਾਂਦੀ ਹੈ ਉਨ੍ਹਾਂ ਗੁਰਮੁਖਾਂ 'ਤੇ ਦੁੱਖ ਅਤੇ ਸੁੱਖ ਅਸਰ-ਅੰਦਾਜ਼ ਨਹੀਂ ਹੁੰਦੇ ਅਤੇ ਗੁਰਮੁਖ ਸਦਾ ਅਡੋਲ ਅਵਸਥਾ ਵਿਚ ਟਿਕੇ ਰਹਿੰਦੇ ਹਨ,

ਐਸਾ ਅਉਤਾਰੁ ਉਪਾਇਓਨੁ
ਭਾਉ ਦੂਜਾ ਕੀਆ॥
ਜਿਉ ਰਾਜੇ ਰਾਜੁ ਕਮਾਵਦੇ
ਦੁਖ ਸੁਖ ਭਿੜੀਆ॥
ਈਸਰੁ ਬ੍ਰਹਮਾ ਸੇਵਦੇ
ਅੰਤੁ ਤਿਨ੍ਹੀ ਨ ਲਹੀਆ॥
ਨਿਰਭਉ ਨਿਰੰਕਾਰੁ ਅਲਖੁ ਹੈ
ਗੁਰਮੁਖਿ ਪ੍ਰਗਟੀਆ॥
ਤਿਥੈ ਸੋਗੁ ਵਿਜੋਗੁ ਨਾ ਵਿਆਪਈ
ਅਸਥਿਰੁ ਜਗਿ ਥੀਆ॥੧੯॥

ਇਸ ਸਾਰੀ ਰਚਨਾ ਜੋ ਅਕਾਲ ਪੁਰਖ ਵਲੋਂ ਕੀਤੀ ਗਈ ਹੈ, ਦੀ ਚਲਾਇਮਾਨਤਾ ਦੀ ਗੱਲ ਕਰਦਿਆਂ ਗੁਰੂ ਅਮਰਦਾਸ ਸਾਹਿਬ ਫਰਮਾਉਂਦੇ ਹਨ ਕਿ ਜੋ ਕੁਝ ਵੀ ਇਸ ਬ੍ਰਹਿਮੰਡ ਵਿਚ ਸਿਰਜਣਹਾਰ ਨੇ ਸਿਰਜਿਆ ਹੈ, ਉਹ ਸਭ ਚਲਾਇਮਾਨ ਹੈ ਅਰਥਾਤ ਇਸ ਸਾਰਾ ਸੰਸਾਰ ਜੋ ਨਜ਼ਰੀਂ ਆ ਰਿਹਾ ਹੈ, ਇਸ ਦਾ ਆਉਣ-ਜਾਣ ਬਣਿਆ ਹੋਇਆ ਹੈ ਤੇ ਇਸ ਨੇ ਸਦੀਵੀ ਕਾਇਮ ਨਹੀਂ ਰਹਿਣਾ। ਜਿਸ ਮਨੁੱਖ ਨੇ ਇਸ ਗੱਲ ਨੂੰ ਸਮਝ ਲਿਆ ਹੈ ਕਿ ਇਸ ਸੰਸਾਰ ਵਿਚ ਕੁਝ ਵੀ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ, ਉਹ ਉਸ ਅਕਾਲ ਪੁਰਖ ਦੀ ਹਜ਼ੂਰੀ ਵਿਚ ਪ੍ਰਵਾਨ ਹੋ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜੇਕਰ ਕੋਈ ਮਨੁੱਖ ਇਸ ਸੰਸਾਰਕ ਪ੍ਰਾਪਤੀਆਂ ਕਰਕੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ, ਇਸ 'ਤੇ ਮਾਣ ਕਰਦਾ ਹੈ, ਉਹ ਮਨੁੱਖ ਬਿਲਕੁਲ ਹੀ ਮੂਰਖ, ਅਗਿਆਨੀ ਤੇ ਗਵਾਰ ਹੈ,

ਏਹੁ ਸਭੁ ਕਿਛੁ ਆਵਣ ਜਾਣੁ ਹੈ
ਜੇਤਾ ਹੈ ਆਕਾਰੁ॥
ਜਿਨਿ ਏਹੁ ਲੇਖਾ ਲਿਖਿਆ
ਸੋ ਹੋਆ ਪਰਵਾਣੁ॥
ਨਾਨਕ ਜੇ ਕੋ ਆਪੁ ਗਣਾਇਦਾ
ਸੋ ਮੂਰਖੁ ਗਾਵਾਰੁ॥੧॥ (ਪੰਨਾ ੫੧੬)

ਅਗਲੇ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਮਨੁੱਖੀ ਮਨ ਦੀ ਹਾਥੀ ਨਾਲ ਤੁਲਨਾ ਕਰਦੇ ਹਨ ਜਿਸ ਦਾ ਮਹਾਵਤ ਗੁਰੂ ਹੈ ਅਤੇ ਗਿਆਨ ਉਸ ਦਾ ਕੁੰਡਾ ਹੈ ਜਿਸ ਰਾਹੀਂ ਮਨ ਨੂੰ ਵਸ ਕੀਤਾ ਜਾਂਦਾ ਹੈ। ਗੁਰੂ ਰਾਹੀਂ ਵਸ ਕੀਤਾ ਮਨ ਜਿਧਰ ਗੁਰੂ ਚਾਹੇ ਫਿਰ ਉਸੇ ਪਾਸੇ ਜਾਂਦਾ ਹੈ। ਭਾਵ ਜਿਸ ਤਰ੍ਹਾਂ ਹਾਥੀ ਨੂੰ ਮਹਾਵਤ ਕੁੰਡੇ ਰਾਹੀਂ ਕਾਬੂ ਵਿਚ ਰੱਖਦਾ ਹੈ, ਸੇਧ ਕੇ ਰੱਖਦਾ ਹੈ, ਇਸੇ ਤਰ੍ਹਾਂ ਗੁਰੂ ਰਾਹੀਂ ਹੀ ਗਿਆਨ ਪ੍ਰਾਪਤ ਕਰਕੇ ਇਹ ਮਨ ਕਾਬੂ ਵਿਚ ਆਉਂਦਾ ਹੈ। ਜਿਵੇਂ ਕੁੰਡੇ ਜਾਂ ਅੰਕੁਸ਼ ਤੋਂ ਬਿਨਾਂ ਹਾਥੀ ਬੇਕਾਬੂ ਹੋਇਆ ਇਧਰ ਉਧਰ ਭਟਕਦਾ ਫਿਰਦਾ ਹੈ, ਇਸੇ ਤਰ੍ਹਾਂ ਗੁਰੂ ਦੇ ਗਿਆਨ ਤੋਂ ਬਿਨਾਂ ਮਨੁੱਖੀ ਮਨ ਔਝੜੇ ਪਿਆ ਰਹਿੰਦਾ ਹੈ,

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ
ਕੁੰਡਾ ਜਹ ਖਿੰਚੇ ਤਹ ਜਾਇ॥
ਨਾਨਕ ਹਸਤੀ ਕੁੰਡੇ ਬਾਹਰਾ
ਫਿਰਿ ਫਿਰਿ ਉਝੜਿ ਪਾਇ॥੨॥
(ਪੰਨਾ ੫੧੬)

ਦੂਜਾ ਭਾਉ ਭਾਵ ਮਾਇਆ ਨਾਲ ਪ੍ਰੇਮ ਵੀ ਅਕਾਲ ਪੁਰਖ ਦਾ ਹੀ ਪੈਦਾ ਕੀਤਾ ਹੋਇਆ ਹੈ। ਇਸ ਲਈ ਉਸ ਸਿਰਜਣਹਾਰ ਅੱਗੇ ਅਰਦਾਸ ਕਰਨੀ ਚਾਹੀਦੀ ਹੈ। ਉਸ ਦੇ ਹੁਕਮ ਦਾ ਅਨੁਸਾਰੀ ਹੋ ਕੇ ਚੱਲਣ ਨਾਲ, ਉਸ ਦੀ ਹਜ਼ੂਰੀ ਵਿਚ ਜੁੜੇ ਰਹਿਣ ਨਾਲ ਸਾਰੇ ਫਲਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਅਕਾਲ ਪੁਰਖ ਦਾ ਸਦੀਵੀ ਕਾਇਮ ਰਹਿਣ ਵਾਲਾ ਨਾਮ ਵੀ ਸਿਮਰ ਸਕੀਦਾ ਹੈ। ਗੁਰਮੁਖਾਂ ਦੀ ਸੰਗਤ ਕਰਨ ਲਈ ਮਿਲਦੀ ਹੈ ਅਤੇ ਗੁਰਮੁਖਾਂ ਦੀ ਸੰਗਤ ਵਿਚ ਮਨ ਦੇ ਹਰ ਤਰ੍ਹਾਂ ਦੇ ਦੁੱਖ ਅਤੇ ਕਲੇਸ਼ ਤੋਂ ਨਿਜ਼ਾਤ ਪਾ ਸਕੀਦੀ ਹੈ। ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਇਸ ਤਰ੍ਹਾਂ ਉਸ ਅਕਾਲ ਪੁਰਖ ਦਾ ਸਦਾ ਕਾਇਮ ਰਹਿਣ ਵਾਲਾ ਨਾਮ-ਰੂਪੀ ਧਨ ਖੱਟ ਕੇ ਨਿਸ਼ਚਿੰਤ ਹੋ ਜਾਈਦਾ ਹੈ,

ਤਿਸੁ ਆਗੈ ਅਰਦਾਸਿ ਜਿਨਿ ਉਪਾਇਆ॥
ਸਤਿਗੁਰੁ ਆਪਣਾ ਸੇਵਿ
ਸਭ ਫਲ ਪਾਇਆ॥
ਅੰਮ੍ਰਿਤ ਹਰਿ ਕਾ ਨਾਉ ਸਦਾ ਧਿਆਇਆ॥
ਸੰਤ ਜਨਾ ਕੈ ਸੰਗਿ ਦੁਖੁ ਮਿਟਾਇਆ॥
ਨਾਨਕ ਭਏ ਅਚਿੰਤੁ
ਹਰਿ ਧਨੁ ਨਿਹਚਲਾਇਆ॥੨੦॥
(ਪੰਨਾ ੫੧੬)

ਇਸ ਪਉੜੀ ਤੋਂ ਅਗਲੇ ਸਲੋਕ ਵਿਚ ਗੁਰੂ ਅਮਰਦਾਸ ਵਰਖਾ ਦੀ ਮਸਾਲ ਰਾਹੀਂ ਹਿਰਦੇ ਵਿਚ ਭਗਤੀ ਦੇ ਵੱਸਣ ਦੀ ਗੱਲ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਬੱਦਲ ਦੇਖ ਕੇ ਕਿਸਾਨ ਖੇਤਾਂ ਦੀਆਂ ਵੱਟਾਂ ਉਚੀਆਂ ਕਰ ਦਿੰਦਾ ਹੈ ਅਤੇ ਮੀਂਹ ਪੈਣ 'ਤੇ ਖੇਤ ਵਿਚ ਪਾਣੀ ਆ ਕੇ ਖੜ੍ਹ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਜੀਵ ਦੇ ਆਪਣੇ ਮਨ ਅੰਦਰ ਭਗਤੀ ਦਾ ਵਲਵਲਾ ਉਠਦਾ ਹੈ, ਉਛਾਲ ਆਉਂਦਾ ਹੈ ਤਾਂ ਅਕਾਲ ਪੁਰਖ ਉਸ ਦੇ ਅੰਦਰ ਪ੍ਰਾਹੁਣਾ ਬਣ ਕੇ ਨਿਵਾਸ ਕਰਨ ਲਈ ਆ ਜਾਂਦਾ ਹੈ। ਜਿਸ ਤਰ੍ਹਾਂ ਕਿਸਾਨ ਬੱਦਲ ਨੂੰ ਕਹਿੰਦਾ ਹੈ ਕਿ ਮੀਂਹ ਪਾਉਣਾ ਹੈ ਤਾਂ ਹੁਣੇ ਪਾ, ਸਮਾਂ ਲੰਘੇ ਤੋਂ ਵਰਸਣ ਦਾ ਕੀ ਫਾਇਦਾ? ਇਸੇ ਤਰ੍ਹਾਂ ਜੀਵ ਅਕਾਲ ਪੁਰਖ ਅੱਗੇ ਬੇਨਤੀ ਕਰਦਾ ਹੈ ਕਿ ਜੇ ਮੇਰੇ ਹਿਰਦੇ ਵਿਚ ਵੱਸਣਾ ਹੈ ਤਾਂ ਹੁਣੇ ਵੱਸ, ਉਮਰ ਲੰਘ ਜਾਣ 'ਤੇ ਵੱਸਣ ਦਾ ਕੀ ਫਾਇਦਾ? ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਉਹ ਉਨ੍ਹਾਂ ਤੋਂ ਸਦਕੇ ਜਾਂਦੇ ਹਨ, ਜਿਨ੍ਹਾਂ ਨੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ, ਗੁਰੂ ਰਾਹੀਂ ਅਕਾਲ ਪੁਰਖ ਨੂੰ ਆਪਣੇ ਮਨ 'ਚ ਹੀ ਲੱਭ ਲਿਆ ਹੈ,

ਖੇਤਿ ਮਿਆਲਾ ਉਚੀਆ
ਘਰੁ ਉਚਾ ਨਿਰਣਉ॥
ਮਹਲ ਭਗਤੀ ਘਰ ਸਰੈ
ਸਜਣ ਪਾਹੁਣਿਅਉ॥
ਬਰਸਨਾ ਤ ਬਰਸੁ ਘਨਾ
ਬਹੁੜਿ ਬਰਸਹਿ ਕਾਹਿ॥
ਨਾਨਕ ਤਿਨ੍ ਬਲਿਹਾਰਣੈ
ਜਿਨ੍ ਗੁਰਮੁਖਿ ਪਾਇਆ ਮਨ ਮਾਹਿ॥੧॥
(ਪੰਨਾ ੫੧੭)

ਅਗਲੇ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਦਸਦੇ ਹਨ ਕਿ ਪਦਾਰਥ ਉਹ ਹੀ ਪਿਆਰਾ ਹੈ ਜਿਹੜਾ ਸਦਾ ਹੀ ਚੰਗਾ ਲਗਦਾ ਰਹੇ ਅਤੇ ਮਿੱਤਰ ਉਹ ਹੀ ਚੰਗਾ ਹੈ ਜਿਸ ਨਾਲ ਹਮੇਸ਼ਾ ਬਣੀ ਰਹੇ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਗੁਰੂ ਦੇ ਰਾਹੀਂ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ, ਜਿਨ੍ਹਾਂ ਦੇ ਅੰਦਰ ਅਕਾਲ ਪੁਰਖ ਆਪ ਚਾਨਣ ਕਰੇ,

ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ॥
ਨਾਨਕ ਗੁਰਮੁਖਿ ਜਾਣੀਐ
ਜਾ ਕਉ ਆਪਿ ਕਰੇ ਪਰਗਾਸੁ॥੨॥
(ਪੰਨਾ ੫੧੭)

ਅਗਲੀ ਪਉੜੀ ਵਿਚ ਗੁਰੂ ਅਮਰਦਾਸ ਬਿਆਨ ਕਰਦੇ ਹਨ ਕਿ ਉਸ ਅਕਾਲ ਪੁਰਖ ਅੱਗੇ ਅਰਦਾਸ ਹਲੀਮ ਹੋ ਕੇ ਕੀਤੀ ਜਾਂਦੀ ਹੈ। ਅਕਾਲ ਪੁਰਖ ਦਾ ਭਗਤ ਉਸ ਅੱਗੇ ਅਰਦਾਸ ਕਰਦਾ ਹੈ ਕਿ ਤੇਰੇ ਅੱਗੇ ਹੀ ਅਰਦਾਸ ਹੈ, ਤੂੰ ਸਾਰਿਆਂ ਦਾ ਸੱਚਾ ਮਾਲਕ ਹੈਂ। ਤੂੰ ਹੀ ਸਭ ਦੀ ਰੱਖਿਆ ਕਰਨ ਵਾਲਾ ਹੈਂ, ਇਸ ਲਈ ਸਦਾ ਤੇਰੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ, ਤੇਰਾ ਹੀ ਧਿਆਨ ਧਰਿਆ ਜਾਂਦਾ ਹੈ। ਇਸ ਸੰਸਾਰ ਦੇ ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ ਅਤੇ ਤੂੰ ਸਾਰਿਆਂ ਅੰਦਰ ਵੱਸ ਰਿਹਾ ਹੈਂ। ਜਿਹੜੇ ਮਨੁੱਖ ਤੇਰੇ ਭਗਤਾਂ ਦੀ ਨਿੰਦਿਆ ਕਰਦੇ ਹਨ, ਤੂੰ ਆਪ ਹੀ ਉਨ੍ਹਾਂ ਨੂੰ ਆਤਮਿਕ ਮੌਤ ਦੇ ਕੇ ਖੁਆਰ ਕਰਦਾ ਹੈਂ। ਗੁਰੂ ਸਾਹਿਬ ਆਪਣੇ ਆਪ ਨੂੰ ਸੰਬੋਧਨ ਕਰਦੇ ਹਨ ਕਿ ਸਾਰੇ ਫਿਕਰ ਛੱਡ ਕੇ ਨਿਸ਼ਚਿੰਤ ਹੋ ਕੇ ਉਸ ਅਕਾਲ ਪੁਰਖ ਦੇ ਚਰਨੀਂ ਲੱਗ,

ਪ੍ਰਭ ਪਾਸਿ ਜਨ ਕੀ ਅਰਦਾਸਿ
ਤੂ ਸਚਾ ਸਾਂਈ॥
ਤੂ ਰਖਵਾਲਾ ਸਦਾ ਸਦਾ
ਹਉ ਤੁਧੁ ਧਿਆਈ॥
ਜੀਅ ਜੰਤ ਸਭਿ ਤੇਰਿਆ
ਤੂ ਰਹਿਆ ਸਮਾਈ॥
ਜੋ ਦਾਸ ਤੇਰੇ ਕੀ ਨਿੰਦਾ ਕਰੇ
ਤਿਸੁ ਮਾਰਿ ਪਚਾਈ॥
ਚਿੰਤਾ ਛਡਿ ਅਚਿੰਤੁ ਰਹੁ
ਨਾਨਕ ਲਗਿ ਪਾਈ॥੨੧॥ (ਪੰਨਾ ੫੧੭)

ਅੱਗੇ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਦਨਿਆਵੀ ਆਸਾਂ ਕਰ ਕਰ ਕੇ ਇਸ ਸੰਸਾਰ ਤੋਂ ਚਲਿਆ ਜਾਂਦਾ ਹੈ ਪਰ ਇਹ ਆਸਾਂ ਵਧਦੀਆਂ ਹੀ ਰਹਿੰਦੀਆਂ ਹਨ, ਕਦੇ ਵੀ ਤ੍ਰਿਸ਼ਨਾ ਜਾਂਦੀ ਨਹੀਂ। ਮਨੁੱਖ ਦੇ ਮਨ ਨੂੰ ਸੰਤੋਖ ਤਾਂ ਹੀ ਆਉਂਦਾ ਹੈ, ਉਸ ਦਾ ਮਨ ਤ੍ਰਿਸ਼ਨਾ ਵਲੋਂ ਉਦੋਂ ਹੀ ਸ਼ਾਂਤ ਹੁੰਦਾ ਹੈ ਜਦੋਂ ਆਪਣੇ ਮਨ ਨੂੰ ਉਸ ਸਦੀਵੀ ਅਕਾਲ ਪੁਰਖ ਦੇ ਚਰਨਾਂ ਨਾਲ ਜੋੜ ਲੈਂਦਾ ਹੈ,

ਆਸਾ ਕਰਤਾ ਜਗੁ ਮੁਆ
ਆਸਾ ਮਰੈ ਨ ਜਾਇ॥
ਨਾਨਕ ਆਸਾ ਪੂਰੀਆ
ਸਚੇ ਸਿਉ ਚਿਤੁ ਲਾਇ॥੧॥ (ਪੰਨਾ ੫੧੭)

ਅਗਲੇ ਸਲੋਕ ਵਿਚ ਵੀ ਮਨੁੱਖੀ ਤ੍ਰਿਸ਼ਨਾ ਅਤੇ ਆਸਾਂ ਦੀ ਗੱਲ ਕੀਤੀ ਗਈ ਹੈ ਕਿ ਮਨ ਦੀਆਂ ਇਛਾਵਾਂ, ਮਨ ਦੀ ਤ੍ਰਿਸ਼ਨਾ ਉਦੋਂ ਹੀ ਖਤਮ ਹੁੰਦੀ ਹੈ, ਜਦੋਂ ਉਹ ਸੱਚਾ ਪਰਵਰਦਗਾਰ ਜਿਸ ਨੇ ਇਹ ਮਨੁੱਖ ਦੇ ਅੰਦਰ ਪੈਦਾ ਕੀਤੀਆਂ ਹਨ, ਇਨ੍ਹਾਂ ਨੂੰ ਖਤਮ ਕਰਦਾ ਹੈ, ਮਨੁੱਖ ਦੇ ਅੰਦਰ ਸੰਤੋਖ ਪਾਉਂਦਾ ਹੈ। ਜਦੋਂ ਮਨੁੱਖ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਅਕਾਲ ਪੁਰਖ ਦੇ ਨਾਮ ਤੋਂ ਬਿਨਾ ਹੋਰ ਸਭ ਕੁਝ ਨਾਸ਼ਵਾਨ ਹੈ, ਉਸ ਦੇ ਨਾਮ ਤੋਂ ਬਿਨਾਂ ਕੁਝ ਵੀ ਸਥਾਈ ਨਹੀਂ ਹੈ ਤਾਂ ਹੀ ਮਨੁੱਖ ਦੇ ਮਨ ਅੰਦਰੋਂ ਤ੍ਰਿਸ਼ਨਾਵਾਂ ਦਾ ਖਾਤਮਾ ਹੁੰਦਾ ਹੈ, ਤਾਂ ਹੀ ਉਸ ਨੂੰ ਸਮਝ ਆਉਂਦੀ ਹੈ,

ਆਸਾ ਮਨਸਾ ਮਰਿ ਜਾਇਸੀ
ਜਿਨਿ ਕੀਤੀ ਸੋ ਲੈ ਜਾਇ॥
ਨਾਨਕ ਨਿਹਚਲੁ ਕੋ ਨਹੀ
ਬਾਝਹੁ ਹਰਿ ਕੈ ਨਾਇ॥੨॥

ਗੁਰੂ ਅਮਰਦਾਸ ਸਾਹਿਬ ਵਲੋਂ ਰਚਿਤ ਇਸ ਵਾਰ ਦੀ ਅਗਲੀ ਅਤੇ ਆਖਰੀ ਪਉੜੀ ਵਿਚ ਦਸਿਆ ਗਿਆ ਹੈ ਕਿ ਉਸ ਅਕਾਲ ਪੁਰਖ ਨੇ ਆਪ ਹੀ ਪੂਰੀ ਬਣਤ ਬਣਾ ਕੇ ਇਹ ਸੰਸਾਰ ਪੈਦਾ ਕੀਤਾ ਹੈ। ਉਹ ਆਪ ਹੀ ਸੌਦਾ ਹੈ, ਆਪ ਹੀ ਹੱਟ ਹੈ ਅਤੇ ਆਪ ਹੀ ਵਣਜ ਕਰਨ ਵਾਲਾ ਸੌਦਾਗਰ ਹੈ ਭਾਵ ਇਹ ਸੰਸਾਰ, ਇਸ ਦੇ ਕਰਮ, ਧੰਦੇ ਅਤੇ ਇਨ੍ਹਾਂ ਨੂੰ ਕਰਨ ਵਾਲਾ ਸਭ ਕੁਝ ਅਕਾਲ ਪੁਰਕ ਆਪ ਹੀ ਹੈ ਕਿਉਂਕਿ ਉਹ ਆਪਣੀ ਰਚਨਾ ਤੋਂ ਬਾਹਰ ਨਹੀਂ ਹੈ, ਇਸ ਵਿਚ ਵਿਆਪਕ ਹੈ। ਉਹ ਆਪ ਹੀ ਸੰਸਾਰ-ਸਮੁੰਦਰ ਹੈ, ਆਪ ਹੀ ਜਹਾਜ਼ ਹੈ ਜਿਸ ਨੇ ਸੰਸਾਰ ਸਾਗਰ ਤੋਂ ਪਾਰ ਲੰਘਣਾ ਹੈ ਅਤੇ ਆਪ ਹੀ ਇਸ ਦਾ ਮਲਾਹ ਹੈ ਜਿਸ ਨੇ ਇਸ ਬੇੜੇ ਨੂੰ ਪਾਰ ਲੈ ਜਾਣਾ ਹੈ। ਉਹ ਅਕਾਲ ਪੁਰਖ ਆਪ ਹੀ ਗੁਰੂ ਹੈ ਅਤੇ ਆਪ ਹੀ ਸਿੱਖ (ਚੇਲਾ) ਹੈ ਅਤੇ ਆਪ ਹੀ ਅਗਲਾ ਕਿਨਾਰਾ ਅਰਥਾਤ ਪਾਰਲਾ ਪੱਤਣ ਦਿਖਾਉਣ ਵਾਲਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰ ਜਿਸ ਨਾਲ ਸਾਰੇ ਕਸ਼ਟ ਕੱਟੇ ਜਾਂਦੇ ਹਨ, ਸਾਰੇ ਦੁੱਖ ਦੂਰ ਹੋ ਜਾਂਦੇ ਹਨ ਕਿਉਂਕਿ ਉਸ ਦਾ ਨਾਮ ਸਿਮਰਨ ਹੀ ਸਾਰੇ ਦੁੱਖ-ਦਰਦ ਦੂਰ ਕਰਨ ਵਾਲਾ ਹੈ,

ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ॥
ਆਪੇ ਸਾਹੁ ਆਪੇ ਵਣਜਾਰਾ
ਆਪੇ ਹੀ ਹਰਿ ਹਾਟੁ॥
ਆਪੇ ਸਾਗਰੁ ਆਪੇ ਬੋਹਿਥਾ
ਆਪੇ ਹੀ ਖੇਵਾਟੁ॥
ਆਪੇ ਗੁਰੁ ਚੇਲਾ ਹੈ ਆਪੇ
ਆਪੇ ਦਸੇ ਘਾਟੁ॥
ਜਨ ਨਾਨਕ ਨਾਮੁ ਧਿਆਇ ਤੂ
ਸਭਿ ਕਿਲਵਿਖ ਕਾਟੁ॥੨੨॥੧॥ਸੁਧੁ॥
(ਪੰਨਾ ੫੧੭)

ਗੁਰੂ ਅਮਰਦਾਸ ਸਾਹਿਬ ਦੀ ਇਸ ਵਾਰ ਦਾ ਸਮੁੱਚਾ ਭਾਵ ਹੈ ਕਿ ਇਸ ਜਗਤ ਰਚਨਾ ਤੋਂ ਪਹਿਲਾਂ ਉਹ ਅਕਾਲ ਪੁਰਖ ਆਪ ਹੀ ਆਪ ਸੀ, ਹੋਰ ਕੋਈ ਹੋਂਦ ਨਹੀਂ ਸੀ। ਫਿਰ ਉਸ ਨੇ ਆਪਣੇ ਆਪ ਤੋਂ, ਆਪਣੇ ਹੁਕਮ ਵਿਚ ਹੀ ਇਸ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਜੋਤਿ ਸਰੂਪ ਹੋ ਕੇ ਆਪਣੀ ਰਚਨਾ ਵਿਚ ਸਮਾ ਗਿਆ। ਉਸ ਨੇ ਤ੍ਰੈਗੁਣਾਤਮਕ ਮਾਇਆ ਦੀ ਰਚਨਾ ਕਰਕੇ ਜੀਵਾਂ ਨੂੰ ਕਰਮ ਕਰਨ ਵਿਚ ਮਸਰੂਫ ਕਰ ਦਿੱਤਾ। ਇਸ ਤ੍ਰੈਗੁਣਾਤਮਕ ਮਾਇਆ ਦਾ ਮੋਹ ਹੀ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ ਜਿਸ ਨੂੰ ਸਮਝਣ ਦੀ ਮਨੁੱਖ ਨੂੰ ਜ਼ਰੂਰਤ ਹੈ। ਇਸ ਮਾਇਆ ਦੀਆਂ ਬੁਰਾਈਆਂ ਤੋਂ ਨਿਰਲੇਪ ਹੋਣ ਦਾ ਇੱਕੋ ਇੱਕ ਸਾਧਨ ਉਸ ਦੇ ਨਾਮ ਦਾ ਸਿਮਰਨ ਕਰਨਾ ਹੈ ਜਿਸ ਰਾਹੀਂ ਮਨੁੱਖ ਦਾ ਮਨ ਨਿਰਮਲ ਰਹਿੰਦਾ ਹੈ, ਮਾਇਆ ਮੋਹ ਦੇ ਬੰਧਨਾਂ 'ਚ ਲਿਬੜਦਾ ਨਹੀਂ। ਗੁਰੂ ਦਾ ਸ਼ਬਦ ਮਨੁੱਖ ਲਈ ਰਸਤਾ ਦਿਖਾਉਣ ਵਾਲਾ ਹੈ ਕਿਉਂਕਿ ਗੁਰੂ ਦੇ ਸ਼ਬਦ ਰਾਹੀਂ ਮਨੁੱਖ ਦਾ ਮਨ ਹਉਮੈ ਤੋਂ ਛੁਟਕਾਰਾ ਪਾ ਲੈਂਦਾ ਹੈ ਅਤੇ ਅਕਾਲ ਪੁਰਖ ਨਾਲ ਮੇਲ ਸੰਭਵ ਹੋ ਜਾਂਦਾ ਹੈ।

ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਨੇ ਮੁੱਢ ਵਿਚ ਹੀ ਬਿਆਨ ਕਰ ਦਿੱਤਾ ਹੈ ਕਿ ਮਨੁੱਖ ਅਤੇ ਪਰਮ ਸਤਿ ਵਿਚ ਹਉਮੈ ਦੀ ਦੀਵਾਰ ਹੈ ਅਤੇ 'ਸਚਿਆਰ' ਹੋਣ ਲਈ ਇਸ ਹਉਮੈ ਦੀ ਦੀਵਾਰ ਨੂੰ ਤੋੜਨਾ ਜ਼ਰੂਰੀ ਹੈ। ਇਸ ਦੀਵਾਰ ਨੂੰ ਤੋੜਨ ਲਈ ਉਸ ਅਕਾਲ ਪੁਰਖ ਦੇ ਹੁਕਮ ਦਾ ਅਨੁਸਾਰੀ ਹੋ ਕੇ ਚਲਣਾ ਪੈਂਦਾ ਹੈ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਇਸ ਵਾਰ ਵਿਚ ਇਹੀ ਸਮਝਾਉਂਦੇ ਹਨ ਕਿ ਗੁਰੂ ਦੀ ਸਿੱਖਿਆ ਅਨੁਸਾਰ ਚੱਲ ਕੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਨ, ਉਸ ਸੱਚੇ ਪਰਵਰਦਗਾਰ ਦੀ ਸਿਫਤਿ-ਸਾਲਾਹ ਕਰਨ ਨਾਲ ਉਸ ਅਕਾਲ ਪੁਰਖ ਦੇ ਚਰਨਾਂ ਤੱਕ ਪਹੁੰਚ ਸਕੀਦਾ ਹੈ। ਮਨੁੱਖੀ ਤ੍ਰਿਸ਼ਨਾ ਸਾਰੇ ਦੁੱਖਾਂ ਨੂੰ ਪੈਦਾ ਕਰਦੀ ਹੈ। ਜੋ ਮਨੁੱਖ ਉਸ ਦੇ ਨਾਮ-ਰੂਪੀ ਅੰਮ੍ਰਿਤ-ਸਰੋਵਰ ਵਿਚ ਇਸ਼ਨਾਨ ਕਰ ਲੈਂਦਾ ਹੈ, ਉਹ ਤ੍ਰਿਸ਼ਨਾਵਾਂ ਤੋਂ ਨਿਜ਼ਾਤ ਪਾ ਲੈਂਦਾ ਹੈ ਅਤੇ ਸੰਤੋਖੀ ਜੀਵਨ ਜਿਊਂਦਾ ਹੈ। ਗੁਰਬਾਣੀ ਵਿਚ ਮਨੁੱਖ ਦੇ ਪ੍ਰਾਪਤ ਕਰਨ ਯੋਗ ਗੁਣਾਂ ਵਿਚ ਇੱਕ ਗੁਣ 'ਸੰਤੋਖ' ਦਸਿਆ ਹੈ ਕਿਉਂਕਿ ਸੰਤੋਖ ਤੋਂ ਬਿਨਾਂ ਮਨੁੱਖ ਦਾ ਮਨ ਰੱਜ ਨਹੀਂ ਸਕਦਾ। ਜਦੋਂ ਤੱਕ ਮਨ ਰੱਜਦਾ ਨਹੀਂ ਇਹ ਇਛਾਵਾਂਵੱਸ ਹੋ ਕੇ ਭਟਕਦਾ ਰਹਿੰਦਾ ਹੈ।

# ਸਿਮਰਿ ਸਿਮਰਿ ਪ੍ਰਭ ਭਏ ਅਨੰਦਾ

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਸਿਮਰਿ ਸਿਮਰਿ ਪ੍ਰਭ ਭਏ ਅਨੰਦਾ
ਦੁਖ ਕਲੇਸ ਸਭਿ ਨਾਠੇ॥
ਗੁਨ ਗਾਵਤ ਧਿਆਵਤ ਪ੍ਰਭੁ ਅਪਨਾ
ਕਾਰਜ ਸਗਲੇ ਸਾਂਠੇ॥੧॥
ਜਗਜੀਵਨ ਨਾਮੁ ਤੁਮਾਰਾ॥
ਗੁਰ ਪੂਰੇ ਦੀਓ ਉਪਦੇਸਾ
ਜਪਿ ਭਉਜਲੁ ਪਾਰਿ ਉਤਾਰਾ॥ਰਹਾਉ॥
ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ
ਸਭੁ ਕਿਛੁ ਕਰਣੈਹਾਰਾ॥
ਤੂ ਆਪੇ ਦਾਤਾ ਆਪੇ ਭੁਗਤਾ
ਕਿਆ ਇਹੁ ਜੰਤੁ ਵਿਚਾਰਾ॥੨॥
ਕਿਆ ਗੁਣ ਤੇਰੇ ਆਖਿ ਵਖਾਣੀ
ਕੀਮਤਿ ਕਹਣੁ ਨ ਜਾਈ॥
ਪੇਖਿ ਪੇਖਿ ਜੀਵੈ ਪ੍ਰਭੁ ਅਪਨਾ
ਅਚਰਜੁ ਤੁਮਹਿ ਵਡਾਈ॥੩॥
ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ
ਪਤਿ ਮਤਿ ਕੀਨੀ ਪੂਰੀ॥
ਸਦਾ ਸਦਾ ਨਾਨਕ ਬਲਿਹਾਰੀ
ਬਾਛਉ ਸੰਤਾ ਧੂਰੀ॥੪॥

ਪੰਜਵੇਂ ਗੁਰਦੇਵ ਪਿਤਾ ਜੀ ਮਿਹਰਾਂ ਕਰਦੇ ਆਖ ਰਹੇ ਹਨ- ਹੇ ਮੇਰੇ ਮਿਹਰਵਾਨ ਪ੍ਰਭ ਜੀਓ! ਜੋ ਜੀਵ ਹਰ ਵੇਲੇ ਹੀ ਤੇਰੇ ਨਾਮ ਦਾ ਸਿਮਰਨ ਕਰਦੇ ਹਨ, ਉਹ ਸਦਾ ਲਈ ਹੀ ਅਨੰਦ ਚਿਤ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਅੰਦਰੋਂ ਸਾਰੇ ਦੁਖ ਤੇ ਕਲੇਸ਼ ਦੂਰ ਦੌੜ ਜਾਂਦੇ ਹਨ; ਗੁਨ ਗਾਵਤ ਧਿਆਵਤ ਪ੍ਰਭੁ ਅਪਨਾ, ਹੇ ਭਾਈ! ਵੱਡੇ ਭਾਗਾਂ ਵਾਲੇ ਜੀਵ ਆਪਣੇ ਪ੍ਰੀਤਮ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ ਕਰ ਕੇ ਤੇ ਉਸ ਦਾ ਧਿਆਨ ਧਰ ਕੇ ਹੀ ਆਪਣੇ ਜੀਵਨ ਦੇ ਸਾਰੇ ਕੰਮ ਸਵਾਰ ਲੈਂਦੇ ਹਨ।

ਜਗਜੀਵਨ ਨਾਮੁ ਤੁਮਾਰਾ॥
ਗੁਰ ਪੂਰੇ ਦੀਓ ਉਪਦੇਸਾ
ਜਪਿ ਭਉਜਲੁ ਪਾਰਿ ਉਤਾਰਾ॥ਰਹਾਉ॥

ਰਹਾਉ ਦੀ ਪੰਕਤੀ ਵਿਚ ਸਤਿਗੁਰ ਜੀ ਆਖਦੇ ਹਨ- ਹੇ ਮੇਰੇ ਸੋਹਣੇ ਪ੍ਰਭ ਜੀਓ! ਤੇਰਾ ਨਾਮ ਤਾਂ ਜਗਤ ਦੇ ਜੀਵਾਂ ਨੂੰ ਆਤਮਿਕ ਜੀਵਨ ਦੇਣ ਵਾਲਾ ਹੈ; ਹੇ ਭਾਈ ਸੁਣੋ! ਪੂਰੇ ਸਤਿਗੁਰ ਨੇ ਮਿਹਰ ਵਿਚ ਆ ਕੇ ਜਿਸ ਜੀਵ ਨੂੰ ਪ੍ਰਭੂ ਦੇ ਨਾਮ ਸਿਮਰਨ ਦਾ ਉਪਦੇਸ਼ ਦੇ ਦਿੱਤਾ, ਤਾਂ ਫਿਰ ਉਹ ਵਡਭਾਗਾ ਜੀਵ ਪ੍ਰਭੂ ਦੇ ਨਾਮ ਨੂੰ ਜਪ ਕੇ ਨਾਮ ਦਾ ਸਿਮਰਨ ਕਰ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ।

ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ
ਸਭੁ ਕਿਛੁ ਕਰਣੈਹਾਰਾ॥
ਤੂ ਆਪੇ ਦਾਤਾ ਆਪੇ ਭੁਗਤਾ
ਕਿਆ ਇਹੁ ਜੰਤੁ ਵਿਚਾਰਾ॥੨॥

ਗੁਰਦੇਵ ਪ੍ਰਭੂ ਜੀ ਦੀ ਸਿਫ਼ਤ ਸਾਲਾਹ ਕਰਦੇ ਆਖ ਰਹੇ ਹਨ- ਹੇ ਮਿਹਰਵਾਨ ਪ੍ਰਭੂ ਜੀਓ! ਤੂੰ ਆਪਣੇ ਅਟੱਲ ਰਾਜ ਦਾ ਆਪ ਹੀ ਸਲਾਹ ਦੇਣ ਵਾਲਾ ਮੰਤ੍ਰੀ ਤੇ ਆਪ ਹੀ ਸੁਣਨ ਵਾਲਾ ਹੈ। ਹੇ ਪ੍ਰਭੂ! ਤੂੰ ਆਪ ਹੀ ਸਭ ਕੁਝ ਕਰਨ ਕਰਾਉਣ ਵਾਲਾ ਹੈਂ। ਹੇ ਪ੍ਰਭੂ! ਤੂੰ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ ਤੇ ਆਪ ਹੀ ਦਾਤਾ ਨੂੰ ਭੋਗਣ ਵਾਲਾ ਵੀ ਹੈਂ। ਹੇ ਪ੍ਰਭੂ! ਇਹ ਵਿਚਾਰਾ ਜੀਵ ਤਾਂ ਕੁਝ ਵੀ ਨਹੀਂ ਹੈ।

ਕਿਆ ਗੁਣ ਤੇਰੇ ਆਖਿ ਵਖਾਣੀ
ਕੀਮਤਿ ਕਹਣੁ ਨ ਜਾਈ॥
ਪੇਖਿ ਪੇਖਿ ਜੀਵੈ ਪ੍ਰਭੁ ਅਪਨਾ
ਅਚਰਜੁ ਤੁਮਹਿ ਵਡਾਈ॥੩॥

ਹੇ ਮੇਰੇ ਸੰਸਾਰ ਦੇ ਰਚਨਹਾਰ ਸੁਆਮੀ! ਮੈਂ ਤੇਰੇ ਗੁਣਾਂ ਨੂੰ ਕਿਵੇਂ ਆਖ ਸਕਦਾ ਹਾਂ, ਕਿਵੇਂ ਬਿਆਨ ਕਰ ਸਕਦਾ ਹਾਂ! ਹੇ ਪ੍ਰਭੂ ਜੀਓ! ਭਲਾ ਤੇਰੀ ਮਹਾਨਤਾ ਦੀ ਕੀਮਤ ਕੋਈ ਕਿਵੇਂ ਦੱਸ ਸਕਦਾ ਹੈ, ਉਸ ਪ੍ਰਭੂ ਦੀ ਵਡਿਆਈ ਉਸ ਦਾ ਨਿਰਮਲਾਪਨ ਤਾਂ ਅਸਚਰਜਤਾ ਨਾਲ ਭਰਿਆ ਤੇ ਹੈਰਾਨ ਕਰ ਦੇਣ ਵਾਲਾ ਹੈ, ਪਰ ਵਡਭਾਗਾ ਜੀਵ ਪ੍ਰਭੂ ਦਾ ਦਰਸ਼ਨ ਕਰ ਕਰ ਕੇ ਹੀ ਜਿਉਂਦਾ ਹੈ ਅਤੇ ਉਸ ਨਾਲ ਹੀ ਜੁੜ ਜਾਂਦਾ ਹੈ।

ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ
ਪਤਿ ਮਤਿ ਕੀਨੀ ਪੂਰੀ॥
ਸਦਾ ਸਦਾ ਨਾਨਕ ਬਲਿਹਾਰੀ
ਬਾਛਉ ਸੰਤਾ ਧੂਰੀ॥੪॥

ਹੇ ਮੇਰੇ ਪ੍ਰਭੂ ਜੀਓ! ਮੇਰੇ ਸੁਆਮੀ ਜੀਓ! ਤੂੰ ਆਪ ਹੀ ਜੀਵ ਉਤੇ ਮਿਹਰ ਕਰਦਾ ਹੈਂ; ਤੂੰ ਜੀਵ ਨੂੰ ਮੱਤ ਵੀ ਦਿੰਦਾ ਹੈਂ ਤੇ ਫਿਰ ਇਜ਼ਤ ਵੀ ਬਖਸ਼ਦਾ ਹੈਂ; ਸਦਾ ਸਦਾ ਨਾਨਕ ਬਲਿਹਾਰੀ, ਹੇ ਮੇਰੇ ਮਿਹਰਵਾਨ ਪ੍ਰਭੂ ਜੀਓ! ਇਹ ਨਾਨਕ ਤਾਂ ਆਪ ਜੀ ਤੋਂ ਸਦਾ ਹੀ ਕੁਰਬਾਨ ਜਾਂਦਾ ਹੈ, ਸਦਕੇ ਜਾਂਦਾ ਹੈ। ਹੇ ਮੇਰੇ ਪ੍ਰਭੂ ਜੀਓ! ਮੈਂ ਤੇਰੇ ਦਰ ਤੇਰੇ ਸੰਤਾਂ ਦੀ ਤੇਰੇ ਪਿਆਰਿਆਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536




ਕਾਨਾ ਸਿੰਘ
ਫੋਨ:+91-95019-44944

# ਦਰਿਆਵੈ ਕੰਨੀ ਰੁਖੜਾ

*ਕਾਨਾ ਸਿੰਘ ਨੇ ਆਪਣੀ ਚੜ੍ਹਦੀ ਉਮਰ ਦੇ ਦਿਨਾਂ ਦੀ ਬਾਤ ਆਪਣੇ ਇਸ ਲੇਖ 'ਦਰਿਆਵੈ ਕੰਨੀ ਰੁਖੜਾ' ਵਿਚ ਛੇੜੀ ਹੈ ਅਤੇ ਫਿਰ ਉਹ ਆਪਣੀ ਇਹ ਕਥਾ ਕਰਦੀ ਕਰਦੀ ਕਹਾਣੀ ਨੂੰ ਉਮਰ ਦੇ ਅੰਤਲੇ ਪੜਾਅ ਨਾਲ ਜੋੜ ਦਿੰਦੀ ਹੈ। ਪੂਰੀ ਉਮਰ ਦਾ ਇਹ ਸਫਰ ਵੀ ਉਸ ਨੇ ਪੂਰੇ ਸਬਰ ਤੇ ਸਹਿਜ ਨਾਲ ਸੁਣਾਇਆ ਹੈ ਅਤੇ ਨਾਲ ਹੀ ਇਸ ਵਿਚ ਜ਼ਿੰਦਗੀ ਦੀਆਂ ਕੁਝ ਤਲਖ ਹਕੀਕਤਾਂ ਵੀ ਬਿਆਨ ਕੀਤੀਆਂ ਹਨ ਜੋ ਅਕਸਰ ਸਾਡੀ ਜ਼ਿੰਦਗੀ ਵਿਚ ਆਉਂਦੀਆਂ ਰਹਿੰਦੀਆਂ ਹਨ। ਅਸਲ ਵਿਚ ਕਾਨਾ ਸਿੰਘ ਦੀ ਹਰ ਕਥਾ ਕਿਸੇ ਨਾ ਕਿਸੇ ਸਬਕ ਨਾਲ ਜੁੜੀ ਹੁੰਦੀ ਹੈ। ਲਿਖਤ ਪੜ੍ਹਦਿਆਂ ਜਾਪਦਾ ਹੈ ਕਿ ਜ਼ਿੰਦਗੀ ਨਾਲ ਭਰੀ-ਭੁਕੰਨੀ ਨਦੀ ਤੁਹਾਡੇ ਆਲੇ-ਦੁਆਲੇ ਹੀ ਕਿਤੇ ਵਗ ਰਹੀ ਹੈ ਅਤੇ ਇਸ ਦੀ ਕਲ ਕਲ ਤੁਹਾਡੇ ਦਿਲ ਵਿਚ ਉਮੰਗਾਂ ਦੇ ਰੰਗ ਭਰ ਰਹੀ ਹੈ। -ਸੰਪਾਦਕ*

ਮਾਰਚ-ਅਪਰੈਲ 1960, ਉਮਰ ਤੇਈ ਸਾਲ। ਉਦੋਂ ਮੈਂ ਪੁਰਾਣੀ ਦਿੱਲੀ ਦੀ ਘੁੱਗ ਵਸਦੀ ਬਸਤੀ, ਕੂਚਾ ਘਾਸੀ ਰਾਮ ਦੀ ਭੀੜੀ ਗਲੀ ਦੀ ਪਾਠਸ਼ਾਲਾ ਵਿਚ ਪੜ੍ਹਾ ਰਹੀ ਸਾਂ। ਇਸ ਤੋਂ ਪਹਿਲਾਂ ਮੈਂ ਚਾਰ ਸਾਲਾਂ ਤੋਂ ਨਵੀਨ ਸ਼ਾਹਦਰੇ ਦੇ ਨਗਰ ਪਾਲਿਕਾ ਸਕੂਲ ਵਿਚ ਪੜ੍ਹਾਉਣ ਦੇ ਨਾਲ ਨਾਲ ਬੀ.ਏ. ਵੀ ਕਰ ਲਈ ਸੀ ਤੇ ਹੁਣ ਮੈਂ ਦਿੱਲੀ ਯੂਨੀਵਰਸਿਟੀ ਵਿਚ ਈਵਨਿੰਗ ਕਲਾਸ ਵਿਚ ਪੰਜਾਬੀ ਦੀ ਐਮ.ਏ. ਦਾ ਦਾਖ਼ਲਾ ਵੀ ਲੈ ਲਿਆ। ਸਕੂਲ ਵਿਚ ਮੈਂ ਦੁਪਹਿਰ ਦੀ ਸ਼ਿਫਟ ਲਈ ਸਾਢੇ ਬਾਰ੍ਹਾਂ ਤੋਂ ਪੰਜ ਤੱਕ ਜਾਂਦੀ ਸਾਂ ਤੇ ਫਿਰ ਉਥੋਂ ਹੀ ਬਸ ਫੜ ਕੇ ਯੂਨੀਵਰਸਿਟੀ ਚਲੀ ਜਾਂਦੀ, ਠੀਕ ਛੇ ਵਜੇ ਹਾਜ਼ਰ ਹੋਣ ਲਈ।

ਇਹ ਬਦਲੀ ਮੈਂ ਆਪ ਹੀ ਕੋਸ਼ਿਸ਼ ਕਰ ਕੇ ਕਰਵਾਈ ਸੀ ਤਾਂ ਜੁ ਸਵੇਰ ਦਾ ਸਮਾਂ ਮੈਂ ਘਰ ਵਿਚ ਪੜ੍ਹਾਈ ਕਰ ਸਕਾਂ।

ਨਵੀਨ ਸ਼ਾਹਦਰਾ ਤਾਂ ਸੀ ਹੀ ਨਵੀਂ ਬਸਤੀ ਤੇ ਉਸ ਵਿਚ ਪ੍ਰਾਇਮਰੀ ਸਕੂਲ ਵੀ ਨਵਾਂ ਨਵਾਂ ਹੀ ਖੁੱਲ੍ਹਿਆ ਸੀ ਜਿਸ ਦੇ ਪਹਿਲੇ ਸਟਾਫ਼ ਵਿਚ ਹੀ ਮੇਰੀ ਨਿਯੁਕਤੀ ਹੋਈ ਸੀ। ਉਥੇ ਟੀਚਰਾਂ ਵੀ ਮੇਰੇ ਸਮੇਤ ਅਣਵਿਆਹੀਆਂ ਹੀ ਸਨ। ਨਵੀਂ ਨੌਕਰੀ, ਨਵਾਂ ਚਾਅ, ਨਵੇਂ ਸ਼ੌਕ ਅਰ ਨਾਲੋ-ਨਾਲ ਅਗੇਰੀ ਉਚ ਸਿੱਖਿਆ ਦੀਆਂ ਵਿਦਿਆਰਥਣਾਂ ਵੀ ਸਾਂ ਅਸੀਂ ਸਾਰੀਆਂ। ਕੋਈ ਪ੍ਰਾਈਵੇਟ ਐਫ਼.ਏ. ਬੀ.ਏ. ਕਰ ਰਹੀ ਸੀ ਤੇ ਕੋਈ ਪ੍ਰਭਾਕਰ। ਕੋਈ ਸੰਗੀਤ ਦੀ ਸਿਖਿਆਰਥੀ ਤੇ ਕੋਈ ਨ੍ਰਿਤ ਦੀ। ਇਸ ਦੇ ਉਲਟ ਕੂਚਾ ਘਾਸੀ ਰਾਮ ਦੇ ਸਕੂਲ ਦਾ ਵਾਤਾਵਰਨ ਘੁਟਵਾਂ ਸੀ।

ਘਣੀ ਆਬਾਦੀ ਵਾਲੇ ਖਾਰੀ ਬਾਉਲੀ ਦੇ ਖੇਤਰ 'ਚ ਸਥਿਤ ਕੂਚਾ ਘਾਸੀ ਰਾਮ ਦੇ ਸਦੀਆਂ ਪੁਰਾਣੇ ਸਕੂਲ ਦੀਆਂ ਲਗਭਗ ਸਾਰੀਆਂ ਹੀ ਅਧਿਆਪਕਾਵਾਂ ਅਧਖੜ ਤੇ ਵਡੇਰੀਆਂ ਸਨ ਜੋ ਉਸੇ ਹੀ ਇਲਾਕੇ ਦੀਆਂ ਮੂਲ ਵਸਨੀਕ ਸਨ। ਜ਼ਿਆਦਾ ਕਰ ਕੇ ਉਹ ਅੱਧੀ ਛੁੱਟੀ ਵੇਲੇ ਘਰ ਤੁਰ ਜਾਂਦੀਆਂ ਤੇ ਮੁੜ ਕੇ ਪਰਤਦੀਆਂ ਹੀ ਨਾ। ਜੇ ਕਿਸੇ ਨੇ ਇਕ ਦਿਨ ਦੀ ਛੁੱਟੀ ਲੈਣੀ ਹੁੰਦੀ ਤਾਂ ਉਹ ਪਹਿਲੇ ਦਿਨ ਦਫ਼ਤਰ ਦੇ ਮੇਜ਼ ਉਤੇ ਆਪਣੀ ਲਿਖਤੀ ਦਰਖ਼ਾਸਤ ਛੋੜ ਜਾਂਦੀ, ਅਰ ਦੂਜੇ ਦਿਨ ਗੈਰ-ਹਾਜ਼ਰ ਹੋ ਕੇ ਮੁੜ ਤੀਜੇ ਦਿਨ ਆਉਂਦਿਆਂ ਹੀ ਅਰਜ਼ੀ ਫਾੜ ਕੇ ਪਿਛਲੀ ਹਾਜ਼ਰੀ ਲਗਾ ਦਿੰਦੀ। ਇਹ ਸਭ ਕਿਉਂਕਿ ਇਕੋ ਹੀ ਥੈਲੀ ਦੇ ਚੱਟੇ-ਵੱਟੇ ਸਨ, ਇਸ ਲਈ ਇਹ ਵਤੀਰਾ ਸਭ ਨੂੰ ਰਾਸ ਸੀ। ਮੁੱਖ ਅਧਿਆਪਕਾ ਮੁਕਾਬਲਤਨ ਚੰਗੇਰੀ ਤੇ ਲਿੱਸੀ ਸੀ, ਭਲੀਮਾਣਸ। ਉਹ ਇਕ ਦੁੱਧ-ਮੂੰਹੀਂ ਬੱਚੀ ਦੀ ਮਾਂ ਸੀ ਤੇ ਆਉਂਦੀ ਵੀ ਦੂਰੋਂ ਸੀ, ਕਮਲਾਨਗਰ ਤੋਂ, ਬੱਸ ਉਤੇ। ਅਕਸਰ ਹੀ ਲੇਟ ਹੋ ਜਾਂਦੀ। ਇਸ ਅਤੇ ਕਈ ਹੋਰ ਮਜਬੂਰੀਆਂ ਕਾਰਨ ਉਹ ਘੱਟ-ਵੱਧ ਹੀ ਕਿਸੇ ਨੂੰ ਕੁਝ ਆਖਦੀ।

ਅੱਧੀ ਛੁੱਟੀ ਦੀ ਤਫ਼ਰੀਹ ਵੇਲੇ ਦਫ਼ਤਰ ਵਿਚ ਜੁੜੀਆਂ ਉਸਤਾਨੀਆਂ ਰਸਮੀ ਤੇ ਜ਼ਿਆਦਾ ਕਰ ਕੇ ਲੁੱਚੀਆਂ ਗੱਲਾਂ ਕਰਦੀਆਂ। ਮੈਨੂੰ ਉਨ੍ਹਾਂ ਦੀਆਂ ਗੱਲਾਂ ਚੰਗੀਆਂ ਨਾ ਲੱਗਦੀਆਂ। ਮੈਂ ਵਧੇਰੇ ਕਰ ਕੇ ਆਪਣੀ ਜਮਾਤ ਦੇ ਕਮਰੇ ਵਿਚ ਹੀ ਬਾਲਕਾਂ ਦੀ ਸੰਗਤ ਨਾਲ ਹੋਮਵਰਕ ਦੀਆਂ ਕਾਪੀਆਂ ਚੈਕ ਕਰਨ ਦੇ ਨਾਲ ਨਾਲ ਸ਼ਾਮ ਦਾ ਚਾਹ-ਪਾਣੀ ਦਾ ਨਾਸ਼ਤਾ ਕਰ ਲੈਂਦੀ।

ਇਕ ਦਿਨ ਬਿਨਾਂ ਪੂਰਬ ਸੂਚਨਾ ਦੇ ਹੀ ਇੰਸਪੈਕਟਰ ਆ ਨਿਕਲੀ। ਮੈਂ ਪੰਜਵੀਂ ਜਮਾਤ ਨੂੰ ਭੂਗੋਲ ਪੜ੍ਹਾ ਰਹੀ ਸਾਂ। ਤਖ਼ਤ-ਸਿਆਹ ਉਤੇ ਮੈਂ ਭਾਰਤ ਦਾ ਨਕਸ਼ਾ ਵਾਹਿਆ ਹੋਇਆ ਸੀ। ਕਣਕ, ਜਵਾਰ, ਬਾਜਰਾ ਜਾਂ ਚਾਵਲ ਤੇ ਗੰਨੇ ਦੀ ਪੈਦਾਵਾਰ ਲਈ ਕਿਹੋ ਜਿਹੀ ਮਿੱਟੀ ਅਤੇ ਰੁੱਤ ਲਾਜ਼ਮੀ ਹੁੰਦੀ ਹੈ, ਮੈਂ ਬੱਚਿਆਂ ਤੋਂ ਪੁੱਛ ਪੁੱਛ ਕੇ ਜਿਸ ਜਿਸ ਪ੍ਰਾਂਤ ਵਿਚ ਉਨ੍ਹਾਂ ਲਈ ਅਨੁਕੂਲ ਵਾਤਾਵਰਨ ਹੁੰਦਾ ਹੈ, ਇਸ ਦੀ ਵੀ ਪੁੱਛ-ਗਿੱਛ ਕਰਦੀ ਹੋਈ, ਜਿੱਥੇ ਜਿੱਥੇ ਉਹ ਕਹਿੰਦੇ-ਦੱਸਦੇ, ਰੰਗੀਨ ਚਾਕਾਂ ਨਾਲ ਭਿੰਨ ਭਿੰਨ ਅਨਾਜਾਂ ਦੇ ਸਿੱਟੇ ਉਲੀਕਦੀ ਜਾਂਦੀ। ਖੇਡ ਖੇਡ ਵਿਚ ਹੀ ਮੈਂ ਤੇ ਬਾਲਕ ਦੱਸ-ਸਿੱਖ ਰਹੇ ਸਾਂ। ਉਨ੍ਹਾਂ ਦਿਨਾਂ ਵਿਚ ਪ੍ਰਾਇਮਰੀ ਸਕੂਲ ਵਿਚ ਇਕ ਜਮਾਤ ਦੀ ਇਕੋ ਅਧਿਆਪਕਾ ਹੁੰਦੀ ਸੀ ਤੇ ਸਾਰੇ ਮਜ਼ਮੂਨ ਉਸੇ ਨੇ ਹੀ ਪੜ੍ਹਾਉਣੇ ਹੁੰਦੇ ਸਨ।

ਇੰਸਪੈਕਟਰ ਹੋਰ ਸਾਰੀਆਂ ਜਮਾਤਾਂ ਦਾ ਨਿਰੀਖਣ ਕਰਨ ਮਗਰੋਂ ਅਖੀਰ ਵਿਚ ਹੀ ਮੇਰੇ ਜਮਾਤ-ਕਮਰੇ ਵਿਚ ਆਈ ਸੀ। ਮੇਰੇ ਪੜ੍ਹਾਉਣ ਢੰਗ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਸਾਰੀਆਂ ਹੀ ਜਮਾਤਾਂ ਨੂੰ ਜੁਗਰਾਫ਼ੀਆ ਪੜ੍ਹਾਉਣ ਦੀ ਜ਼ਿੰਮੇਵਾਰੀ ਮੈਨੂੰ ਸੌਂਪ ਦੇਣ ਲਈ ਮੁੱਖ ਅਧਿਆਪਕਾ ਨੂੰ ਆਦੇਸ਼ ਦੇ ਦਿੱਤਾ।

ਖੇਡਾਂ ਤੇ ਕਲਾ ਦੇ ਪੱਖੋਂ ਵੀ ਕੂਚਾ ਘਾਸੀ ਰਾਮ ਦਾ ਸਕੂਲ ਪਛੜਿਆ ਹੋਇਆ ਸੀ। ਇਸ ਸਕੂਲ ਦੀ ਕਿਸੇ ਵੀ ਟੀਮ ਜਾਂ ਵਿਦਿਆਰਥੀ ਨੇ ਕਦੇ ਕਿਸੇ ਅੰਤਰ ਖੇਤਰੀ ਖੇਡ ਜਾਂ ਕਲਾ ਦੇ ਮੁਕਾਬਲਿਆਂ ਵਿਚ ਹਿੱਸਾ ਨਹੀਂ ਸੀ ਲਿਆ। ਦੌੜਾਂ ਤੋਂ ਸਿਵਾ ਤਾਂ ਮੈਂ ਵੀ ਆਪਣੇ ਵਿਦਿਆਰਥੀ ਜੀਵਨ ਵਿਚ ਕਦੇ ਕੋਈ ਖੇਡ ਨਹੀਂ ਸੀ ਖੇਡੀ, ਪਰ ਸੰਗੀਤ ਵਿਚ ਡਾਢੀ ਰੁਚੀ ਸੀ ਅਤੇ ਸ਼ਾਸਤਰੀ ਸੰਗੀਤ ਦੀ ਸਿਖਿਆਰਥੀ ਹੋਣ ਕਾਰਨ ਕੁਝ ਸਮਝ ਵੀ।

ਮੁੱਖ ਅਧਿਆਪਕਾ ਨੇ ਸਾਰੀਆਂ ਜਮਾਤਾਂ ਦਾ ਸੰਗੀਤ ਅਤੇ ਨਾਟਕ ਵੀ ਮੇਰੇ ਸਪੁਰਦ ਕਰ ਦਿੱਤਾ।

ਉਮਰ ਦੇ ਪੱਖੋਂ ਵੀ ਮੈਂ ਬਾਲਕਾਂ ਦੇ ਜ਼ਿਆਦਾ ਨੇੜੇ ਸਾਂ। ਪੰਜਵੀਂ ਜਮਾਤ ਦੇ ਮੁੰਡਿਆਂ ਕੁੜੀਆਂ ਨੇ ਕਿਸ਼ੋਰ ਅਵਸਥਾ 'ਚ ਲਗਭਗ ਪ੍ਰਵੇਸ਼ ਕਰ ਲਿਆ ਹੁੰਦਾ ਹੈ। ਉਹ ਸਾਰੇ ਮੈਨੂੰ ਦੀਦੀ ਕਰ ਕੇ ਪੁਕਾਰਦੇ, ਜਦਕਿ ਬਾਕੀ ਸਭ ਉਸਤਾਨੀਆਂ 'ਬਹਿਨ ਜੀ' ਕਹਿੰਦੀਆਂ।

ਸਾਲਾਨਾ ਇਮਤਿਹਾਨ ਸ਼ੁਰੂ ਹੋਣ ਵਾਲੇ ਸਨ। ਹਰ ਅਧਿਆਪਕਾ ਨੂੰ ਇਕ ਇਕ ਜਮਾਤ ਇਮਤਿਹਾਨ ਲੈਣ ਲਈ ਸੌਂਪ ਦਿੱਤੀ ਗਈ। ਮੇਰੇ ਸਪੁਰਦ ਚੌਥੀ ਜਮਾਤ ਹੋਈ। ਪਰਚੇ ਸ਼ੁਰੂ ਹੋ ਗਏ। ਚੌਥੀ ਜਮਾਤ ਦੀ ਅਧਿਆਪਕਾ ਬਰਫ਼ੀ ਦੇਵੀ ਨੇ ਆਪਣੀ ਜਮਾਤ ਦੇ ਬੱਚਿਆਂ ਦੀ ਲਿਸਟ ਫੜਾਉਂਦਿਆਂ ਮੈਨੂੰ ਆਦੇਸ਼ ਦਿੱਤਾ ਕਿ ਲਾਲ ਸਿਆਹੀ ਨਾਲ ਲੱਗੇ ਤਿੰਨ ਨਿਸ਼ਾਨਾਂ ਵਾਲੇ ਨਾਂਵਾਂ ਨੂੰ ਛੋੜ ਕੇ ਬਾਕੀ ਸਾਰੇ ਪ੍ਰੀਖਿਆਰਥੀ ਮੈਂ ਪਾਸ ਕਰਨੇ ਹੋਣਗੇ। ਜਵਾਬੀ ਪਰਚਿਆਂ ਮੁਤਾਬਕ ਉਸ ਦੀ ਜਮਾਤ ਦੇ ਪੰਜ ਬਾਲਕ ਵੀ ਪੂਰੇ ਨਹੀਂ ਸਨ ਉਤਰ ਰਹੇ। ਬਾਕੀ ਦੇ ਤੀਹ-ਪੈਂਤੀਆਂ ਵਿਚੋਂ ਬਾਹਲਿਆਂ ਦੇ ਜਵਾਬੀ ਪਰਚੇ ਜਾਂ ਤਾਂ ਅਸਲੋਂ ਹੀ ਕੋਰੇ ਸਨ, ਤੇ ਜਾਂ ਫਿਰ ਨਿਰਰਥ ਘੀਚ-ਮਚੌਲੇ।

ਘਬਰਾਈ ਘਬਰਾਈ ਮੈਂ ਮੁੱਖ ਅਧਿਆਪਕਾ ਕੋਲ ਗਈ।

"ਤੂੰ ਬੱਚੀ ਏਂ ਤੇ ਇਹ ਸਾਰੀਆਂ ਘਾਗ। ਇਸ ਬਸਤੀ ਵਿਚ ਇਨ੍ਹਾਂ ਦਾ ਹੀ ਬੋਲਬਾਲਾ ਹੈ। ਤੇਰੇ ਨਾਲ ਕੁਝ ਵੀ ਹੋ ਸਕਦਾ ਹੈ। ਮੇਰੀ ਮੰਨ ਤੇ ਅੱਖਾਂ ਮੀਟ ਕੇ...।"

ਮੈਨੂੰ ਤਾਂ ਜਿਵੇਂ ਕੱਪੋ ਤੇ ਖ਼ੂਨ ਨਹੀਂ। ਬੱਚਿਆਂ ਦਾ ਵੀ ਕੀ ਕਸੂਰ ਸੀ? ਉਨ੍ਹਾਂ ਦੇ ਪੱਲੇ ਪਾਇਆ ਵੀ ਕੀ ਗਿਆ ਸੀ?

ਐਮ.ਏ. ਦੇ ਪਹਿਲੇ ਸਾਲ ਦੇ ਇਮਤਿਹਾਨ ਵਿਚ ਮੈਂ ਅੱਵਲ ਰਹੀ। ਗਿਆਨੀ ਪਾਸ ਹੋਣ ਅਤੇ ਸੱਤ ਸਾਲਾਂ ਤੋਂ ਪੰਜਾਬੀ ਸਾਹਿਤ ਨਾਲ ਜੁੜੇ ਰਹਿਣ ਕਾਰਨ ਮੇਰਾ ਪਿਛੋਕੜ ਚੰਗੇਰਾ ਸੀ ਅਤੇ ਆਲੋਚਨਾ ਸਾਹਿਤ ਵਿਚ ਵਿਸ਼ੇਸ਼ ਰੁਚੀ ਵੀ ਸੀ, ਪਰ ਦੂਜੇ ਸਾਲ ਵਿਚ ਜਿਉਂ ਜਿਉਂ ਇਮਤਿਹਾਨ ਨੇੜੇ ਢੁਕਦੇ ਗਏ, ਹਾਲਾਤ ਬਦਲਣ ਲੱਗੇ। ਜਿਹੜੇ ਸਹਿਪਾਠੀ ਮੇਰੇ ਨੋਟ ਲੈ ਲੈ ਪੜ੍ਹਦੇ ਸਨ, ਹੁਣ ਪ੍ਰੋਫ਼ੈਸਰਾਂ ਦੇ ਚਹੇਤੇ, ਚੇਲੇ ਸਨ। ਵੀਹ ਮੁੰਡਿਆਂ ਨਾਲ ਇਕ ਤੇ ਸਿਰਫ਼ ਇਕ ਹੀ ਮੈਂ ਕੁੜੀ ਸਾਂ। ਹਰ ਰੋਜ਼ ਨਵੀਆਂ ਗੱਲਾਂ ਤੇ ਨਵੇਂ ਹੀ ਸ਼ੋਸ਼ੇ ਸੁਣਨ ਨੂੰ ਮਿਲਦੇ। ਫਲਾਣਾ ਪਰਚਾ ਪੰਜਾਬ ਦੇ ਫਲਾਣੇ ਪ੍ਰੋਫ਼ੈਸਰ ਕੋਲ ਜਾ ਰਿਹਾ ਹੈ ਤੇ ਫਲਾਣਾ ਫਲਾਣੇ ਕੋਲ। ਫਲਾਣਾ ਵਿਦਿਆਰਥੀ ਫਲਾਣੇ ਅਧਿਆਪਕ ਨੂੰ ਆਪਣੇ ਚਾਚੇ ਦੀ ਗੱਡੀ ਵਿਚ ਪੰਜਾਬ ਘੁਮਾ ਕੇ ਲਿਆਇਆ ਹੈ ਤੇ ਫਲਾਣਾ ਫਲਾਣੇ ਪ੍ਰੋਫ਼ੈਸਰ ਦੇ ਘਰ ਰੋਜ਼ ਹਾਜ਼ਰੀ ਭਰਦਾ ਹੈ, ਉਸ ਦੇ ਬੱਚਿਆਂ ਨੂੰ ਪੜ੍ਹਾਉਂਦਾ ਹੈ, ਆਦਿ ਆਦਿ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਾਰੇ ਹੀ ਜਮਾਤੀ ਮੇਰਾ ਬਹੁਤ ਖ਼ਿਆਲ ਤੇ ਸਤਿਕਾਰ ਕਰਦੇ ਸਨ। ਫਾਰਗ ਹੋਣ ਮਗਰੋਂ ਉਹ ਮੇਰੇ ਨਾਲ ਤੁਰਦੇ ਅਤੇ ਮੋਰਿਸ ਨਗਰ ਦੇ ਬੱਸ ਅੱਡੇ 'ਤੇ ਮੇਰੇ ਬੱਸ ਵਿਚ ਬੈਠ ਜਾਣ ਮਗਰੋਂ ਹੀ ਆਪਣੇ ਸਾਈਕਲਾਂ 'ਤੇ ਸਵਾਰ ਹੁੰਦੇ। ਕਿਸੇ ਕੋਲ ਸਕੂਟਰ ਜਾਂ ਮੋਟਰਸਾਈਕਲ ਨਹੀਂ ਸੀ ਹੁੰਦਾ। ਠੀਕ ਨੌਂ ਵੱਜ ਕੇ ਦਸ ਮਿੰਟ 'ਤੇ ਮੈਂ ਸ਼ਾਹਦਰੇ ਲਈ ਆਖ਼ਰੀ ਬਸ ਫੜਨੀ ਹੁੰਦੀ ਸੀ। ਜੇ ਰਤਾ ਵੀ ਦੇਰ ਨਾਲ ਕਲਾਸ ਛੁੱਟੇ ਤਾਂ ਬਸ ਫੜਨੋਂ ਖੁੰਝ ਸਕਦੀ ਸੀ। ਕੀ ਪ੍ਰੋਫ਼ੈਸਰ ਤੇ ਕੀ ਸਹਿਪਾਠੀ, ਸਭ ਨੂੰ ਹੀ ਮੇਰੀ ਚਿੰਤਾ ਹੁੰਦੀ ਸੀ। ਕਲਾਸ ਪੰਜ ਮਿੰਟ ਪਹਿਲਾਂ ਭਾਵੇਂ ਛੱਡ ਦਿੱਤੀ ਜਾਵੇ, ਲੇਟ ਨਹੀਂ ਸੀ ਛੱਡੀ ਜਾਂਦੀ।

ਐਮ.ਏ. ਪਾਸ ਕਰ ਲਈ। ਉਧਰੋਂ ਵੀਰ ਜੀ ਵੀ ਸਰਕਾਰੀ ਵਜ਼ੀਫ਼ੇ 'ਤੇ ਨਿਊ ਯਾਰਕ (ਅਮਰੀਕਾ) ਤੋਂ ਇਲੈਕਟ੍ਰੋਨਿਕਸ ਇੰਜੀਨੀਅਰਿੰਗ ਦੀ ਡਿਗਰੀ ਲੈ ਕੇ ਦਿੱਲੀ ਪਰਤ ਆਏ ਤੇ ਸੁਰੱਖਿਆ ਮੰਤਰਾਲੇ ਵਿਚ ਸੁਰੱਖਿਆ ਮੰਤਰੀ ਕ੍ਰਿਸ਼ਨਾ ਮੈਨਨ ਦੇ ਨਿੱਜੀ ਸਲਾਹਕਾਰ ਨਿਯੁਕਤ ਹੋ ਗਏ। ਉਨ੍ਹਾਂ ਮੈਨੂੰ ਪੀ.ਐਚ.ਡੀ. ਲਈ ਪ੍ਰੇਰਿਆ ਤੇ ਮੈਨੂੰ ਵਿਭਾਗ ਦੇ ਮੁਖੀ ਡਾ. ਸੁਰਿੰਦਰ ਸਿੰਘ ਕੋਹਲੀ ਕੋਲ ਲੈ ਗਏ। ਵਿਸ਼ਾ ਵੀ ਚੁਣ ਲਿਆ, 'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਵਿਸ਼ਲੇਸ਼ਣਾਤਮਕ ਅਧਿਐਨ।' ਐਮ.ਏ. ਦੀ ਪੜ੍ਹਾਈ ਦੌਰਾਨ ਮੇਰਾ ਖੋਜ ਪੱਤਰ ਵੀ ਇਸੇ ਵਿਸ਼ੇ ਨਾਲ ਸਬੰਧਤ ਸੀ। ਡਾ. ਕੋਹਲੀ ਨੇ ਗਾਈਡ ਵਜੋਂ ਦਿੱਲੀ ਸਥਿਤ ਹੀ ਇਕ ਪ੍ਰਮੁੱਖ ਸ਼ਾਇਰ ਅਤੇ ਬੁੱਧੀਜੀਵੀ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ। ਵੀਰ ਜੀ ਨਾਲ ਉਸ ਸਤਿਕਾਰਤ ਬਜ਼ੁਰਗ ਨੂੰ ਮੈਂ ਮਿਲਣ ਗਈ। ਉਹ ਖ਼ੁਸ਼ੀ ਖ਼ੁਸ਼ੀ ਰਾਜ਼ੀ ਹੋ ਗਏ।



***ਦਿੱਲੀ ਯੂਨੀਵਰਸਿਟੀ ਵਿਚ ਈਵਨਿੰਗ ਕਲਾਸ ਵਿਚ ਪੰਜਾਬੀ ਦੀ ਐਮ.ਏ. ਦਾ ਦਾਖ਼ਲਾ ਵੀ ਲੈ ਲਿਆ।... ਐਮ.ਏ. ਤੋਂ ਬਾਅਦ ਵੀਰ ਜੀ ਨੇ ਪੀਐਚ.ਡੀ. ਲਈ ਪ੍ਰੇਰਿਆ। ਉਹ ਮੈਨੂੰ ਡਾ. ਸੁਰਿੰਦਰ ਸਿੰਘ ਕੋਹਲੀ ਕੋਲ ਲੈ ਗਏ। ਕੋਹਲੀ ਸਾਹਿਬ ਨੇ ਗਾਈਡ ਵਜੋਂ ਦਿੱਲੀ ਸਥਿਤ ਇਕ ਪ੍ਰਮੁੱਖ ਸ਼ਾਇਰ ਅਤੇ ਬੁੱਧੀਜੀਵੀ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ। ਵੀਰ ਜੀ ਨਾਲ ਉਸ ਸਤਿਕਾਰਤ ਬਜ਼ੁਰਗ ਨੂੰ ਮੈਂ ਮਿਲਣ ਗਈ। ਉਹ ਖ਼ੁਸ਼ੀ ਖ਼ੁਸ਼ੀ ਰਾਜ਼ੀ ਹੋ ਗਏ। ਦੂਜੀ ਵੇਰਾਂ ਜਦੋਂ ਇਕੱਲੀ ਮਿਲਣ ਗਈ ਤਾਂ ਗਾਈਡ ਦੀ ਨਜ਼ਰ ਵੀ ਹੋਰ ਸੀ ਤੇ ਭਾਸ਼ਾ ਵੀ।***

ਮੁੜ ਦੂਜੀ ਵੇਰਾਂ ਜਦੋਂ ਇਕੱਲੀ ਮਿਲਣ ਗਈ ਤਾਂ ਗਾਈਡ ਦੀ ਨਜ਼ਰ ਵੀ ਹੋਰ ਸੀ ਤੇ ਭਾਸ਼ਾ ਵੀ।

"ਨਹੀਂ ਕਰਾਂਗੀ ਮੈਂ ਪੀ.ਐਚ.ਡੀ...ਬਿਲਕੁਲ ਨਹੀਂ।" ਮੈਂ ਵੀਰ ਜੀ ਨੂੰ ਆਪਣਾ ਦੋ-ਟੁੱਕ ਫੈਸਲਾ ਸੁਣਾ ਦਿੱਤਾ।

ਠੀਕ ਉਨ੍ਹਾਂ ਹੀ ਦਿਨਾਂ ਵਿਚ ਮੈਂ ਅਖ਼ਬਾਰ ਵਿਚ ਭਾਰਤੀ ਜੀਵਨ ਬੀਮਾ ਨਿਗਮ ਦੇ ਮੁੰਬਈ ਸਥਿਤ ਮੁੱਖ ਦਫਤਰ ਵੱਲੋਂ ਦਿੱਤਾ ਇਸ਼ਤਿਹਾਰ ਪੜ੍ਹਿਆ। ਇਹ ਸੀ ਪੰਜਾਬੀ ਭਾਸ਼ਾ ਦੇ ਮਾਹਿਰ ਵਜੋਂ ਸਹਿ ਸੰਪਾਦਕ ਦੀ ਪੋਸਟ। ਅਰਜ਼ੀ ਦਿੱਤੀ ਤੇ ਇੰਟਰਵਿਊ ਮਗਰੋਂ ਨਿਯੁਕਤੀ ਹੋ ਗਈ। ਇਸ ਨੌਕਰੀ ਮੁਤਾਬਕ ਮੈਂ ਜੀਵਨ ਬੀਮਾ ਨਿਗਮ ਦੇ ਮੁੰਬਈ ਸਥਿਤ ਕੇਂਦਰੀ ਦਫ਼ਤਰ ਵਿਚ ਫਰਵਰੀ 1962 ਦੇ ਪਹਿਲੇ ਹਫ਼ਤੇ ਵਿਚ ਹਾਜ਼ਰ ਹੋਣਾ ਸੀ।

***ਮੰਗਣੀ ਲਈ ਮਿੱਥੀ ਮੁਲਾਕਾਤ ਦੌਰਾਨ ਮੈਂ ਆਪਣੇ ਹੋਣ ਵਾਲੇ ਪਤੀ ਅੱਗੇ ਤਿੰਨ ਸ਼ਰਤਾਂ ਰੱਖੀਆਂ। ਪਹਿਲੀ, ਮੈਂ ਆਨੰਦ ਕਾਰਜ ਦੇ ਫੇਰਿਆਂ ਵਿਚ ਪਤੀ ਦੇ ਨਾਲ ਹੀ ਕਦਮ ਮਿਲਾ ਕੇ ਤੁਰਾਂਗੀ, ਨਾ ਕਿ ਮਗਰ। ਦੂਜੀ, ਆਨੰਦ ਕਾਰਜ ਦੌਰਾਨ ਮੇਰਾ ਲਿਬਾਸ ਸਾੜ੍ਹੀ ਹੋਵੇਗਾ। ਤੀਜੀ, ਮੈਂ ਵਿਆਹ ਮਗਰੋਂ ਨੌਕਰੀ ਨਹੀਂ ਕਰਾਂਗੀ।***
***ਪਹਿਲੀਆਂ ਦੋ ਸ਼ਰਤਾਂ ਉਸ ਨੇ ਹੱਸ ਕੇ ਮੰਨ ਲਈਆਂ, ਪਰ ਤੀਜੀ ਲਈ ਉਹ ਹਿਚਕਿਚਾਇਆ। ਉਹ ਹਾਲਾਂ ਪੂਰੀ ਤਰ੍ਹਾਂ ਸੌਖਾ ਨਹੀਂ ਸੀ ਹੋਇਆ। ਉਹ ਹਾਲੇ ਲੌਜ ਵਿਚ ਰਹਿੰਦਾ ਸੀ ਆਰਜ਼ੀ ਤੌਰ 'ਤੇ, ਅਤੇ ਦੋ ਸਾਲ ਪਹਿਲਾਂ ਹੀ ਦੁਕਾਨ ਖਰੀਦਣ ਕਾਰਨ ਉਸ ਦੇ ਸਿਰ 'ਤੇ ਕਰਜ਼ਾ ਵੀ ਸੀ।***

ਮੁੰਬਈ ਵਿਚ ਮੇਰੀ ਸਕੀ ਭੈਣ, ਮਾਸੀ, ਚਾਚੇ ਤੇ ਹੋਰ ਵੀ ਕਈ ਰਿਸ਼ਤੇਦਾਰਾਂ ਤੋਂ ਇਲਾਵਾ ਬੜੇ ਨਾਨਕੇ ਤੇ ਦਾਦਕੇ ਪਰਿਵਾਰ ਵੀ ਰਹਿੰਦੇ ਸਨ। ਵਕਤ ਪਾ ਕੇ ਮੈਨੂੰ ਨਿਗਮ ਵੱਲੋਂ ਵੀ ਰਿਹਾਇਸ਼ੀ ਪ੍ਰਬੰਧ ਮਿਲ ਜਾਣ ਦਾ ਵਾਅਦਾ ਸੀ।

ਨੌਕਰੀ ਪਰਵਾਨ ਕਰ ਲਈ, ਖ਼ੁਸ਼ੀ ਖ਼ੁਸ਼ੀ।

ਮੈਂ ਦਿੱਲੀ ਨਗਰਪਾਲਿਕਾ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਇਸ ਤਰ੍ਹਾਂ ਪੰਜਾਬੀ ਖੋਜ ਦੀ ਪੜ੍ਹਾਈ ਅਤੇ ਕੂਚਾ ਘਾਸੀ ਰਾਮ ਸਕੂਲ ਦੇ ਕੌੜੇ ਤਜਰਬੇ ਤੋਂ ਸਦਾ ਸਦਾ ਲਈ ਨਜਾਤ ਪਾ ਲਈ।

ਸਫ਼ਰ ਦੀ ਤਿਆਰੀ ਦੌਰਾਨ ਮਾਂ ਨੇ ਝਿਜਕਦਿਆਂ ਝਿਜਕਦਿਆਂ ਆਖਿਆ: "ਬੱਚੀਏ, ਬੰਬਈ ਇਕ ਡਾਕਟਰ ਹੈ, ਸਰਦਾਰ। ਤੇਰੀ ਭੈਣ ਨੇ ਗਵਾਂਢ ਵਿਚ ਹੀ ਹੈ ਦੁਕਾਨ ਉਸਨੀ, ਤੇਰਾ ਭਾਈਆ (ਜੀਜਾ) ਗੁਰਬਖ਼ਸ਼ ਉਸਨੀ ਬੜੀ ਸਿਫ਼ਤ ਕਰਨੈ, ਜੇ ਨਜ਼ਰ ਮਾਰ ਲਵੇਂ ਤਾਂ...ਹੁਣ ਉਮਰ ਹੈ ਤੇਰੀ ਤੈਂ ਪਰਦੇਸ ਵੀ...ਉਂਜ ਜਿੰਝ ਆਖਸੇਂ...ਕਰਸੀਏ, ਮਾਂ ਸਦਕੇ...।"

ਛਲਕ ਪਈ ਮਾਂ ਤੇ ਮੇਰਾ ਵੀ ਗੱਚ ਭਰ ਆਇਆ।

ਜਾ ਭਰੀ ਹਾਜ਼ਰੀ ਮੈਂ ਨਿਗਮ ਦੇ ਦਫ਼ਤਰ ਵਿਚ।

ਬਾਰ੍ਹਾਂ ਅਗਸਤ ਮੰਗਣੀ ਹੋਈ ਤੇ ਬਾਰ੍ਹਾਂ ਸਤੰਬਰ ਵਿਆਹ ਦੇ ਨਾਲ ਹੀ ਮੈਂ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਬਾਰ੍ਹਾਂ ਅਕਤੂਬਰ ਮੈਂ ਘਰ ਬੈਠ ਗਈ। ਨੌਕਰੀ ਛੱਡਣ ਦਾ ਫੈਸਲਾ ਮੇਰਾ ਆਪਣਾ ਸੀ, ਸ਼ਤ-ਪ੍ਰਤੀਸ਼ਤ।

ਮੰਗਣੀ ਲਈ ਮਿੱਥੀ ਗਈ ਮੁਲਾਕਾਤ ਦੌਰਾਨ ਮੈਂ ਆਪਣੇ ਹੋਣ ਵਾਲੇ ਪਤੀ ਅੱਗੇ ਸ਼ਾਦੀ ਦੀ ਹਾਮੀ ਭਰਨ ਤੋਂ ਪਹਿਲਾਂ ਤਿੰਨ ਸ਼ਰਤਾਂ ਰੱਖੀਆਂ। ਪਹਿਲੀ, ਮੈਂ ਅਨੰਦ ਕਾਰਜ ਦੇ ਫੇਰਿਆਂ ਵਿਚ ਪਤੀ ਦੇ ਨਾਲ ਹੀ ਕਦਮ ਮਿਲਾ ਕੇ ਤੁਰਾਂਗੀ, ਨਾ ਕਿ ਮਗਰ। ਦੂਜੀ, ਅਨੰਦ ਕਾਰਜ ਦੌਰਾਨ ਮੇਰਾ ਲਿਬਾਸ ਸਾੜ੍ਹੀ ਹੀ ਹੋਵੇਗਾ, ਸੂਟ ਨਹੀਂ ਕਿਉਂਕਿ ਮੈਂ ਇਸੇ ਦੀ ਹੀ ਆਦੀ ਹਾਂ। ਤੀਜੀ, ਮੈਂ ਵਿਆਹ ਮਗਰੋਂ ਨੌਕਰੀ ਨਹੀਂ ਕਰਾਂਗੀ।

ਪਹਿਲੀਆਂ ਦੋ ਸ਼ਰਤਾਂ ਉਸ ਨੇ ਹੱਸ ਕੇ ਮੰਨ ਲਈਆਂ, ਪਰ ਤੀਜੀ ਲਈ ਉਹ ਹਿਚਕਿਚਾਇਆ।

ਪਤੀ ਹਾਲਾਂ ਪੂਰੀ ਤਰ੍ਹਾਂ ਸੌਖਾ ਨਹੀਂ ਸੀ ਹੋਇਆ। ਉਹ ਹਾਲੇ ਲੌਜ ਵਿਚ ਰਹਿੰਦਾ ਸੀ ਆਰਜ਼ੀ ਤੌਰ 'ਤੇ, ਅਤੇ ਦੋ ਸਾਲ ਪਹਿਲਾਂ ਹੀ ਦੁਕਾਨ ਖਰੀਦਣ ਕਾਰਨ ਉਸ ਦੇ ਸਿਰ 'ਤੇ ਕਰਜ਼ਾ ਵੀ ਸੀ। ਨਵਾਂ ਨਵਾਂ ਹੀ ਤਾਂ ਆਇਆ ਸੀ ਉਹ ਅੰਮ੍ਰਿਤਸਰ ਤੋਂ।

"ਮੈਂ ਘੱਟ ਖਾ ਲਾਂਗੀ। ਤੰਗੀ 'ਚ ਗੁਜ਼ਾਰਾ ਕਰ ਲਾਂਗੀ ਹੱਸ ਕੇ, ਪਰ ਨੌਕਰੀ ਨਹੀਂ ਕਰਾਂਗੀ, ਬਿਲਕੁਲ ਨਹੀਂ। ਮੈਂ ਗ੍ਰਹਿਣੀ ਤੇ ਕੇਵਲ ਗ੍ਰਹਿਣੀ ਰਹਿ ਕੇ ਹੀ ਜਿਉਣਾ ਚਾਹੁੰਦੀ ਹਾਂ, ਹੋਣ ਵਾਲੇ ਬੱਚਿਆਂ ਦੀ ਮਾਂ ਬਣ ਕੇ, ਨਿਰੋਲ ਤੇ ਨਿਰੋਲ ਮਾਂ।"

ਪਤੀ ਨੇ ਇਹ ਸ਼ਰਤ ਵੀ ਕਬੂਲ ਕਰ ਲਈ।

ਵਿਆਹ ਦੀ ਰਸਮ ਬਹੁਤ ਸਾਦੀ ਸੀ, ਨਾ ਦਾਜ ਨਾ ਵਰੀ। ਕੁੱਲ ਮਿਲਾ ਕੇ ਦੁੰਹਾਂ ਧਿਰਾਂ ਦੇ ਵੀਹ ਬੰਦੇ। ਨਾ ਘੋੜੀ, ਨਾ ਡੋਲੀ, ਨਾ ਢੋਲ ਨਾ ਵਾਜੇ।

ਇਹ ਅਸਾਂ ਦੋਹਾਂ ਦਾ ਫ਼ੈਸਲਾ ਸੀ।

ਕੁਆਰੇ ਜੀਵਨ ਦੌਰਾਨ ਜੋੜੀ ਗਈ ਮੇਰੀ ਕੁੱਲ ਕਮਾਈ ਸੀ ਦਸ ਹਜ਼ਾਰ। ਚੰਦ ਮਹੀਨਿਆਂ ਵਿਚ ਹੀ ਇਹ ਰਕਮ ਪੇਸ਼ਗੀ ਦੇ ਕੇ ਅਸਾਂ ਪੂਰਬੀ ਸਾਂਤਾਕਰੂਜ਼ ਵਿਚ ਉਸਰ ਰਹੀ ਕੋਆਪਰੇਟਿਵ ਹਾਊਸਿੰਗ ਸੁਸਾਇਟੀ ਵਿਚ ਫਲੈਟ ਬੁੱਕ ਕਰ ਲਿਆ। ਫਲੈਟ ਦੀ ਕੁੱਲ ਕੀਮਤ ਸਾਢੇ ਸਤਾਰਾਂ ਹਜ਼ਾਰ ਸੀ। ਬਾਕੀ ਦੀ ਰਕਮ ਅਸਾਂ ਗ੍ਰਹਿ ਪ੍ਰਵੇਸ਼ ਮਗਰੋਂ ਮਹੀਨੇਵਾਰ ਕਿਸ਼ਤਾਂ ਰਾਹੀਂ ਅਦਾ ਕਰਨੀ ਸੀ, ਪੰਜਾਹ ਰੁਪਿਆ ਪ੍ਰਤੀ ਮਾਹ।

ਇਕ ਮਹੀਨਾ ਅਸੀਂ ਕਦੇ ਧਰਮਸ਼ਾਲਾ ਵਿਚ ਰਹੇ ਤੇ ਕਦੇ ਕਿਸੇ ਸਸਤੇ ਹੋਟਲ ਵਿਚ। ਨਾਲ ਦਿਓਰ ਵੀ ਸੀ। ਅਨੰਦ ਪ੍ਰਸੰਨ।

ਇਹ ਸੀ ਸਾਡੇ ਵਿਵਾਹਿਕ ਜੀਵਨ ਦਾ ਅਰੰਭ। ਅੱਜ ਦੇ ਸ਼ਬਦਾਂ ਵਿਚ ਹਨੀਮੂਨ!

ਪੰਦਰਾਂ ਅਕਤੂਬਰ ਸਾਨੂੰ ਕਮਰਾ ਮਿਲ ਗਿਆ ਕਿਰਾਏ 'ਤੇ। ਇਹ ਸੀ ਗਵਾਲੀਅਰ ਪੈਲੇਸ, ਗਵਾਲੀਅਰ ਦੇ ਰਾਜੇ ਦਾ ਬੰਗਲਾ। ਪੱਛਮੀ ਅੰਧੇਰੀ ਦੀ 'ਸਾਤ ਬੰਗਲਾ' ਬਸਤੀ ਦੇ ਸਾਗਰ ਕੰਢੇ 'ਤੇ। ਇਸੇ ਕਮਰੇ ਦੇ ਠੀਕ ਥੱਲੇ ਸਾਹਿਰ ਲੁਧਿਆਣਵੀ ਦੀਆਂ ਰਚਨਾਤਮਕ ਦਿਹਾੜੀਆਂ ਤੇ ਸੁਰਮਈ ਸ਼ਾਮਾਂ ਗੁਜ਼ਰਦੀਆਂ ਸਨ। ਨੌਂ ਸਾਲਾਂ ਦੀ ਇਥੋਂ ਦੀ ਰਿਹਾਇਸ਼ ਦੌਰਾਨ ਹੀ ਦੋਵੇਂ ਬਾਲਕ ਜੰਮੇ ਪਲੇ ਤੇ ਫਿਰ ਸਾਂਤਾਕਰੂਜ਼ ਦੀਆਂ ਇਮਾਰਤਾਂ ਦੀ ਢਿੱਲੀ-ਮੱਠੀ ਉਸਾਰੀ ਦੇ ਪੂਰੇ ਹੋਣ 'ਤੇ ਅਸੀਂ ਜਾ ਵੜੇ ਆਪਣੇ ਫਲੈਟ ਵਿਚ, ਵਾਕੋਲਾ ਬ੍ਰਿਜ ਦੀ ਸੰਤ ਸੁਦਾਮਾ ਸੁਸਾਇਟੀ ਵਾਲੇ ਘਰ।

ਇਹੀ ਫਲੈਟ ਵੇਚ ਕੇ ਫਿਰ ਮੈਨੂੰ ਮੁਹਾਲੀ ਆਉਣਾ ਪਿਆ, ਆਤੰਕਵਾਦ ਦੇ ਦਿਨਾਂ ਵਿਚ।

ਇਕ ਚੌਥਾਈ ਸਦੀ ਮੁੰਬਈ ਵਿਚ ਰਹਿਣ ਮਗਰੋਂ ਚੌਥਾਈ ਸਦੀ ਤੋਂ ਵੀ ਵੱਧ ਦੀ ਮੈਂ ਇਥੇ ਹਾਂ, ਮੁਹਾਲੀ।

ਦਰਿਆਵੈ ਕੰਨੀ ਰੁਖੜਾ!

# ਲੋਰਕਾ ਅਤੇ ਪਾਸ਼

## ਸ਼ਾਇਰੀ ਦਾ ਸ਼ਊਰ ਤੇ ਸ਼ਖਸੀਅਤ ਦਾ ਸੁਹੱਪਣ

*ਸਪੇਨ ਦੇ ਸ਼ਾਇਰ ਫਰੈਡਰੀਕੋ ਗਾਰਸ਼ੀਆ ਲੋਰਕਾ (5 ਜੂਨ 1898-19 ਅਗਸਤ 1936) ਅਤੇ ਪੰਜਾਬ ਦੇ ਸ਼ਾਇਰ ਪਾਸ਼ (9 ਸਤੰਬਰ 1950-23 ਮਾਰਚ 1988) ਬਾਰੇ ਲਿਖੇ ਇਸ ਲੇਖ ਵਿਚ ਗੁਰਦਿਆਲ ਸਿੰਘ ਬੱਲ ਨੇ ਦੋਹਾਂ ਦੇ ਸਿਆਸੀ ਮਾਹੌਲ ਦੇ ਪਿਛੋਕੜ ਬਾਰੇ ਹੀ ਨਹੀਂ, ਸਗੋਂ ਸਿਆਸੀ ਭਵਿੱਖ ਬਾਰੇ ਵੀ ਸ਼ਬਦਾਂ ਦੀ ਮਰਦੰਗ ਵਜਾਈ ਹੈ। ਮਰਦੰਗ ਦੀਆਂ ਥਾਪਾਂ ਦਾ ਸਿੱਧਾ ਸਬੰਧ ਜੰਗ ਨਾਲ ਜੁੜਦਾ ਹੈ ਅਤੇ ਇਹ ਦੋਵੇਂ ਅਜ਼ੀਮ ਸ਼ਾਇਰ ਘਰੋਗੀ ਜੰਗ ਦੀ ਭੇਟ ਚੜ੍ਹ ਗਏ। ਇਨ੍ਹਾਂ ਸ਼ਾਇਰਾਂ ਤੋਂ ਇਲਾਵਾ ਇਨ੍ਹਾਂ ਨਾਲ ਜੁੜੇ ਹੋਰ ਸਰੋਕਾਰ ਵੀ ਉਨ੍ਹਾਂ ਆਪਣੇ ਇਸ ਲੰਮੇ ਲੇਖ ਵਿਚ ਸਾਂਝੇ ਕੀਤੇ ਹਨ। ਇਸ ਲੇਖ ਦੀ ਪਹਿਲੀ ਕਿਸ਼ਤ ਇਸ ਵਾਰ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ*



ਪਾਸ਼ ਲੋਰਕਾ

ਕੁਝ ਸਮਾਂ ਪਹਿਲਾਂ ਮੇਰੇ ਮਿੱਤਰ ਪ੍ਰੋ. ਰਾਜੇਸ਼ ਸ਼ਰਮਾ ਵੱਲੋਂ ਸਪੇਨੀ ਸ਼ਾਇਰ ਫਰੈਡਰੀਕੋ ਗਾਰਸ਼ੀਆ ਲੋਰਕਾ ਦੀਆਂ ਪੰਜਾਬੀ ਵਿਚ ਤਰਜਮਾ ਕੀਤੀਆਂ ਕੁਝ ਖ਼ੂਬਸੂਰਤ ਕਵਿਤਾਵਾਂ ਪੜ੍ਹਨ ਨੂੰ ਮਿਲੀਆਂ। ਨਾਲ ਹੀ ਉਹਨੇ ਲੋਰਕਾ ਅਤੇ 'ਪੰਜਾਬ ਦੇ ਲੋਰਕਾ' ਪਾਸ਼ ਬਾਰੇ ਕੁਝ ਨਾ ਕੁਝ ਲਿਖਣ ਦੇ ਮੇਰੇ ਪੁਰਾਣੇ ਵਾਅਦੇ ਨੂੰ ਪੂਰਾ ਕਰਨ ਲਈ ਵੀ ਜ਼ੋਰ ਨਾਲ ਯਾਦ ਕਰਵਾਇਆ। ਸਹਿਜ ਮਨ ਲਿਖਣ ਲਿਖਾਉਣ ਦਾ ਕੰਮ ਮੇਰੀ ਤਬੀਅਤ ਦੇ ਅਨੁਸਾਰੀ ਤਾਂ ਨਹੀਂ, ਪਰ ਪ੍ਰੋ. ਰਾਜੇਸ਼ ਦੇ ਆਦੇਸ਼ ਨੂੰ ਨਜ਼ਰਅੰਦਾਜ਼ ਕਰਨ ਦੀ ਹਿਮਾਕਤ ਕਰਨੀ ਵੀ ਸੰਭਵ ਨਹੀਂ। ਸੋ, ਕੋਸ਼ਿਸ਼ ਵਜੋਂ ਜੋ ਲਿਖਿਆ ਗਿਆ, ਹਾਜ਼ਰ ਹੈ।



**ਗੁਰਦਿਆਲ ਸਿੰਘ ਬੱਲ**
ਫੋਨ: 001-647-982-6091

ਮੈਂ ਲੋਰਕਾ ਨੂੰ ਦਾਸਤੋਵਸਕੀ ਅਤੇ ਫਰਾਂਜ ਕਾਫਕਾ ਦੀਆਂ ਲਿਖਤਾਂ ਵਾਂਗ ਹੀ ਪੜ੍ਹਿਆ ਤੇ ਮਾਣਿਆ ਹੈ ਤੇ ਉਸ ਦੇ ਤਸੱਵਰ ਨਾਲ ਮੁਹੱਬਤ ਕੀਤੀ ਹੈ। ਗੱਲ 1968 ਦੀਆਂ ਸਰਦੀਆਂ ਦੀ ਸ਼ਾਮ ਦੀ ਹੈ। ਆਪਣੇ 'ਸ਼ਾਂਤੀ ਨਿਕੇਤਨ' ਸਠਿਆਲਾ ਕਾਲਜ ਦਾ ਰੋਜ਼ ਵਾਲਾ ਰੁਟੀਨ-ਗੇੜਾ ਮਾਰ ਕੇ ਪਿੰਡ ਪਰਤਦਿਆਂ ਰਸਤੇ ਵਿਚ ਮਾਸਟਰ ਬਘੇਲ ਸਿੰਘ ਕੋਲੋਂ ਚਾਹ ਪੀਣ ਲਈ ਉਨ੍ਹਾਂ ਦੇ ਕੱਚੇ ਚੁਬਾਰੇ ਅੰਦਰ ਅਜੇ ਪੈਰ ਧਰਿਆ ਹੀ ਸੀ ਕਿ ਉਨ੍ਹਾਂ ਨੇ ਮੇਰੇ ਵੱਲ ਝਾਕੇ ਬਗੈਰ ਹੀ 'ਦਿ ਇਡੀਅਟ' ਵਿਚ ਉਹਦੇ ਇਪੋਲਿਟ ਦੇ ਅਤਿਅੰਤ ਡਰਾਉਣੇ, ਪਰ ਦਿਲਚਸਪ ਸੁਪਨੇ ਵਾਲਾ ਕਾਂਡ ਉਚੀ ਉਚੀ ਪੜ੍ਹਨਾ ਸ਼ੁਰੂ ਕਰ ਦਿੱਤਾ। ਫਿਰ ਕਾਫੀ ਦੇਰ ਤਕ ਉਹ ਦਾਸਤੋਵਸਕੀ ਵੱਲੋਂ ਆਪਣੇ ਨਾਵਲਾਂ ਵਿਚ ਸਿਰਜੇ ਅਦਭੁਤ ਸੰਸਾਰ ਬਾਰੇ ਬੋਲੀ ਗਏ। ਦਾਸਤੋਵਸਕੀ ਦੇ ਸ਼ਾਹਕਾਰ ਨਾਵਲ ਪੜ੍ਹਨ ਦੀ ਮੇਰੀ ਦਿਲਚਸਪੀ ਦਾ ਮੁੱਢ ਯਕੀਨਨ ਉਸ ਦਿਨ ਹੀ ਬੱਝਿਆ ਸੀ।

ਕਾਫਕਾ ਦੇ ਮਹਾਨ ਨਾਵਲ 'ਦਿ ਟਰਾਇਲ' ਉਤੇ ਪਹਿਲੀ ਵਾਰ ਮੇਰੀ ਨਜ਼ਰ ਡੇਢ-ਦੋ ਸਾਲ ਬਾਅਦ ਜਲੰਧਰ 'ਚ ਸਾਧੂ ਸਿੰਘ ਦੇ ਕਮਰੇ ਵਿਚ ਉਨ੍ਹਾਂ ਨਾਲ ਪਹਿਲੀ ਮੁਲਾਕਾਤ ਦੌਰਾਨ ਪਈ ਸੀ। ਮੈਂ ਤੇ ਮੇਰਾ ਮਿੱਤਰ ਕੁਲਬੀਰ ਹੁੰਦਲ ਸਾਈਕਲ 'ਤੇ ਜਾ ਰਹੇ ਸਾਂ ਕਿ ਅਚਾਨਕ ਉਸ ਨੇ ਲੋਹੇ ਦੀ ਲੱਠ ਵਰਗੇ ਆਦਮੀ ਨੂੰ ਮਿਲਾਉਣ ਦੀ ਗੱਲ ਕੀਤੀ। ਅੰਗਿਉਂ ਕਮਰੇ 'ਚ ਦਾਖਲ ਹੋਏ ਤਾਂ ਮੇਜ ਉਪਰ ਉਹ ਨਾਵਲ ਪਿਆ ਸੀ ਜਿਸ ਨੂੰ ਜਾਂਦਿਆਂ ਹੀ ਮੈਂ ਫਰੋਲਣਾ ਸ਼ੁਰੂ ਕਰ ਦਿਤਾ। ਡਾ. ਸਾਧੂ ਸਿੰਘ ਨੂੰ ਵਿੰਹਦੇ ਸਾਰ ਹੀ ਮੈਨੂੰ ਕੁਲਬੀਰ ਦਾ ਦਾਅਵਾ ਠੀਕ ਲਗਿਆ ਸੀ। ਉਸ ਦਿਨ ਗੱਲ ਬਾਤ ਕੀ ਹੋਈ, ਜਾਂ ਨਾ ਹੋਈ, ਯਾਦ ਨਹੀਂ ਪਰ ਉਨ੍ਹਾਂ ਬਾਰੇ ਪ੍ਰਭਾਵ ਉਸ ਦਿਨ ਜੋ ਬਣ ਗਿਆ, ਬਾਅਦ ਦੀਆਂ ਮੁਲਾਕਾਤਾਂ ਵਿਚ ਹੋਰ ਪੱਕਾ ਹੁੰਦਾ ਗਿਆ।

ਫਰੈਡਰੀਕੋ ਲੋਰਕਾ ਬਾਰੇ ਪਤਾ ਮੈਨੂੰ 15-20 ਵਰ੍ਹੇ ਪਿਛੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸੁਰਜੀਤ ਪਾਤਰ ਵਲੋਂ ਰੁਪਾਂਤਰਿਤ ਅਤੇ ਨੀਲਮ ਮਾਨ ਸਿੰਘ ਵਲੋਂ ਨਿਰਦੇਸ਼ਤ ਉਸ ਦੇ ਨਾਟਕ 'ਅੱਗ ਦੇ ਕਲੀਰੇ' (ਬਲੱਡ ਵੈਡਿੰਗ) ਵੇਖਣ ਤੇ ਉਸ ਤੋਂ ਵੀ ਕਿਤੇ ਵੱਧ ਅਗਲੇਰੇ ਦਿਨ ਪਟਿਆਲੇ ਪਹੁੰਚ ਕੇ ਲਾਲੀ ਬਾਬਾ ਦੇ ਲੋਰਕਾ ਦੇ ਨਾਟਕਾਂ ਅਤੇ ਕਾਵਿ-ਜਗਤ ਬਾਰੇ ਕਈ ਘੰਟੇ ਲੰਮੇ ਜਾਦੂਮਈ ਪ੍ਰਵਚਨ ਨੂੰ ਸੁਣਦਿਆਂ ਲਗਿਆ ਸੀ। ਇਹ ਇਤਿਫਾਕ ਹੀ ਸੀ ਕਿ ਲਾਲੀ ਬਾਬਾ ਪੰਜਾਬੀ ਭਵਨ ਦੀ ਇਮਾਰਤ ਦੇ ਸਾਹਮਣੇ ਮੈਨੂੰ ਟੱਕਰੇ ਤਾਂ ਉਨ੍ਹਾਂ ਦੇ ਹੱਥ ਵਿਚ ਇਆਨ ਗਿਬਸਨ ਦੀ 'ਫਰੈਡਰੀਕੋ ਗਾਰਸ਼ੀਆ ਲੋਰਕਾ ਦੀ ਹੱਤਿਆ' ਕਿਤਾਬ ਸੀ। ਮੇਰੇ ਚੰਡੀਗੜ੍ਹ ਵੇਖੇ ਡਰਾਮੇ ਦਾ ਜ਼ਿਕਰ ਕਰਨ ਦੀ ਦੇਰ ਸੀ ਕਿ ਉਨ੍ਹਾਂ ਉਥੇ ਘਾਹ ਉਪਰ ਹੀ ਆਸਣ ਜਮਾ ਲਿਆ। ਲੋਰਕਾ ਵਰਗੀ ਰੂਹ ਨਾਲ ਕੋਈ ਤੁਹਾਡੀ ਸਾਂਝ ਪੁਆ ਦੇਵੇ, ਇਸ ਤੋਂ ਵੱਧ ਕੀਮਤੀ ਤੋਹਫਾ ਭਲਾ ਹੋਰ ਕੀ ਹੋ ਸਕਦਾ ਹੈ, ਪਰ ਇਸ ਦਾ ਕਰੈਡਿਟ ਉਪਰ ਦੱਸੇ ਤਿੰਨ ਨਾਂਵਾਂ 'ਚੋਂ ਮੁਖ ਰੂਪ ਵਿਚ ਕੀਹਨੂੰ ਦਿੱਤਾ ਜਾਵੇ? ਨੀਲਮ ਮਾਨ ਸਿੰਘ ਦੀ ਪੇਸ਼ਕਾਰੀ ਬੇਸ਼ੱਕ ਕਮਾਲ ਸੀ। ਉਸ ਨੂੰ ਵਿੰਹਦਿਆਂ ਕਦੀ ਲਗਦਾ ਸੀ ਕਿ ਉਸ ਨੇ ਭਿਆਨਕ ਖਾਨਾਜੰਗੀ ਦੀ ਗ੍ਰਿਫਤ 'ਚ ਆਉਣ ਤੋਂ ਪਹਿਲਾਂ ਖੋਲ ਰਹੀ ਸਪੇਨ ਦੀ ਆਤਮਾ ਵਿਚੋਂ ਤ੍ਰਿਪ ਤ੍ਰਿਪ ਚੋਂਦੇ ਲਹੂ ਦੇ ਦ੍ਰਿਸ਼ ਦਿਖਾ ਦਿਤੇ ਸਨ। ਕਦੀ ਇਸ ਵਿਚੋਂ ਪੰਜਾਬ ਦੇ ਝਉਲੇ ਪੈਂਦੇ ਸਨ। ਸੁਰਜੀਤ ਪਾਤਰ ਦਾ ਨਾਟਕੀ ਰੁਪਾਂਤਰਣ ਵੀ ਯਾਦਗਾਰੀ ਸੀ। ਉਸ ਦੀ ਇਕ ਸਤਰ:

ਹਰ ਮਾਂ ਚਾਹੁੰਦੀ ਏ
ਲੋਹਾ ਔਜ਼ਾਰ ਬਣੇ
ਜਾਂ ਸਾਜ਼ ਦੀ ਤਾਰ ਬਣੇ
ਕੋਈ ਮਾਂ ਨਹੀਂ ਚਾਹੁੰਦੀ
ਲੋਹਾ ਹਥਿਆਰ ਬਣੇ।

ਨੀਲਮ ਅਤੇ ਪਾਤਰ ਠੀਕ ਸਨ, ਪਰ ਅਸਲ ਧੰਨ ਧੰਨ ਲਾਲੀ ਬਾਬੇ ਨੇ ਕਰਵਾਈ ਸੀ। ਲੋਰਕਾ ਦਾ ਜ਼ਿਕਰ ਹੁੰਦਿਆਂ ਹੀ ਉਸ ਨੇ ਸਪੇਨੀ ਭਾਸ਼ਾ ਦੇ ਉਸ ਮਹਿਬੂਬ ਸ਼ਾਇਰ ਦੀ ਕਲਾ ਤੇ ਜੀਵਨ ਵਿਚਲੇ ਸੁਹਜ ਤੇ ਸ਼ਿੱਦਤ ਦੇ ਅਨੇਕ ਆਯਾਮਾਂ ਬਾਰੇ ਬੋਲਣਾ ਸ਼ੁਰੂ ਕਰ ਦਿੱਤਾ ਸੀ। 'ਬਲੱਡ ਵੈਡਿੰਗ' ਬਾਰੇ ਤਾਂ ਬਾਬੇ ਨੇ ਲੰਮੀ ਗੱਲ ਕੀਤੀ ਕੀਤੀ ਸੀ। ਲੋਰਕਾ ਦਾ ਕੋਈ ਪਿਆਰਾ ਯਾਰ ਸੀ ਮੈਟਾਡੋਰ-ਖੂੰਖਾਰ ਸਾਨ੍ਹਾਂ ਨਾਲ ਲੜਨ ਵਾਲੀ ਸਪੇਨ ਦੀ ਕੌਮੀ ਖੇਡ ਦਾ ਚੈਂਪੀਅਨ। ਉਸ ਦੀ ਮੌਤ 'ਤੇ ਲੋਰਕਾ ਨੇ ਜੋ ਵਿਰਲਾਪ ਗੀਤ ਲਿਖਿਆ ਸੀ, ਬਾਬੇ ਨੇ ਉਸ ਦਾ ਜ਼ਿਕਰ ਕਰਦਿਆਂ ਮਾਨੋ ਸਾਨ੍ਹ ਨਾਲ ਭੇੜ ਦੌਰਾਨ ਹੋਈ ਮੌਤ ਦਾ ਸਮੁੱਚਾ ਦੁਖਾਂਤ ਹੀ ਸਾਕਾਰ ਕਰ ਦਿੱਤਾ ਹੋਵੇ।

20ਵੀਂ ਸਦੀ ਦੀ ਸਭ ਤੋਂ ਭਿਆਨਕ ਅਤੇ ਐਬਸਰਡ ਘਰੋਗੀ ਜੰਗ ਸਪੇਨ ਦੀ ਧਰਤੀ ਉਪਰ ਹੀ ਲੜੀ ਗਈ ਸੀ ਜਿਸ ਵਿਚ ਦੋ ਕੁ ਵਰ੍ਹਿਆਂ ਦੌਰਾਨ ਲੋਰਕਾ ਸਮੇਤ 10 ਲੱਖ ਤੋਂ ਵੱਧ ਲੋਕ ਮਾਰੇ ਗਏ ਸਨ। ਇਸ ਜੰਗ ਦੀ ਸਿਆਸਤ ਬਾਰੇ ਤਾਂ ਲਾਲੀ ਬਾਬੇ ਨੂੰ ਬਹੁਤਾ ਪਤਾ ਨਹੀਂ ਸੀ, ਪਰ ਪਿਕਾਸੋ, ਮਤੀਸ ਅਤੇ ਬਰਾਕ ਤੋਂ ਬਾਅਦ ਯੂਰਪ ਦੇ ਸਭ ਤੋਂ ਚਰਚਿਤ ਆਧੁਨਿਕ ਚਿੱਤਰਕਾਰ ਸਲਵਾਡੋਰ ਡਾਲੀ ਅਤੇ ਗਾਰਸ਼ੀਆ ਲੋਰਕਾ ਦੀ ਗਹਿਰੀ 'ਮੁਹੱਬਤ ਦੀ ਗੁਰੀਲਾ ਜੰਗ' ਬਾਰੇ ਉਹ ਅਕਸਰ ਹੀ ਦੱਸਦੇ ਰਹਿੰਦੇ ਸਨ। ਉਸ ਦਿਨ ਵੀ ਉਨ੍ਹਾਂ ਦੇ ਪ੍ਰਵਚਨ ਵਿਚ ਡਾਲੀ ਅਤੇ ਉਸ ਦੀ ਪਰੀਆਂ ਵਰਗੀ ਰੂਸੀ ਮੂਲ ਦੀ ਪਤਨੀ ਦੀ ਅਲੋਕਾਰ ਪ੍ਰੇਮ ਕਹਾਣੀ ਦਾ ਜ਼ਿਕਰ ਵਾਰ ਵਾਰ ਆਉਂਦਾ ਰਿਹਾ ਸੀ।

ਹੁਣ ਪ੍ਰੋ. ਰਾਜੇਸ਼ ਸ਼ਰਮਾ ਨੇ ਲੋਰਕਾ ਦੀਆਂ 7 ਨਜ਼ਮਾਂ ਪੰਜਾਬੀ ਵਿਚ ਤਰਜਮਾ ਕਰ ਕੇ ਭੇਜੀਆਂ ਤਾਂ ਮੇਰਾ ਦਿਲ ਕਰ ਆਇਆ ਕਿ ਉਸ ਦੀ ਕਲਾ ਲਈ ਆਪਣੀ ਖਿੱਚ ਦੀ ਕਹਾਣੀ ਵੀ ਦੱਸ ਲਈ ਜਾਵੇ।

ਕਿਸੇ ਰਹੱਸਮਈ ਲੈਅ ਤੇ ਬਲਦੇ ਬੋਲਾਂ/ਸ਼ਬਦਾਂ ਵਾਲੀਆਂ ਕਵਿਤਾਵਾਂ ਤੇ ਨਾਟ-ਗੀਤ ਲਿਖਣ ਵਾਲੇ ਵਿਸ਼ਵ ਸਾਹਿਤ ਦੇ ਇਸ ਮਹਾਨ ਸ਼ਾਇਰ ਦਾ ਜਨਮ 5 ਜੂਨ 1898 ਨੂੰ ਹੋਇਆ ਸੀ। ਉਹ ਅਜੇ 10-11 ਵਰ੍ਹਿਆਂ ਦਾ ਸੀ ਕਿ ਪਰਿਵਾਰ ਪਿੰਡ ਛੱਡ ਕੇ ਗਰੇਨਾਡਾ ਸ਼ਹਿਰ ਆ ਵਸਿਆ। ਇਸ ਅਰਸੇ ਦੌਰਾਨ ਹੀ ਪਿੰਡ ਦੇ ਖੇਤ, ਹਵਾਵਾਂ, ਝਰਨੇ, ਪਰੀ ਕਹਾਣੀਆਂ, ਲੋਕ ਗੀਤਾਂ ਦੀਆਂ ਸੁਰਾਂ ਉਸ ਦੀ ਆਤਮਾ ਦੀਆਂ ਗਹਿਰੀਆਂ ਤਹਿਆਂ ਵਿਚ ਲਹਿ ਚੁਕੀਆਂ ਸਨ। ਉਹ ਸਾਰੀ ਉਮਰ ਦਿਹਾਤੀ ਸਪੇਨ ਦੇ ਅਸੀਮ ਹੁਸਨ ਅਤੇ ਆਪਣੇ ਲੋਕਾਂ ਦੀਆਂ ਤ੍ਰਾਸਦੀਆਂ ਦਾ ਗੀਤ ਹੀ ਗਾਉਂਦਾ ਰਿਹਾ। ਉਸ ਦੀ ਮਾਂ ਸਕੂਲ ਅਧਿਆਪਕਾ ਹੋਣ ਦੇ ਨਾਲ ਨਾਲ ਨਿਪੁੰਨ ਪਿਆਨੋਵਾਦਕ ਸੀ। ਸ਼ਾਇਦ ਇਹ ਵੀ ਕਾਰਨ ਸੀ ਕਿ ਸੰਗੀਤ ਨਾਲ ਉਸ ਨੂੰ ਸ਼ੁਰੂ ਤੋਂ ਹੀ ਲਗਾਓ ਸੀ। ਉਸ ਦਾ ਮਨਭਾਉਂਦਾ ਸੰਗੀਤਕਾਰ ਬੀਥੋਵਨ ਸੀ ਪਰ ਕਲਾਤਮਿਕ ਪ੍ਰਤੀਬੱਧਤਾ ਉਸ ਦੀ ਲੋਕ ਸੰਗੀਤ ਨਾਲ ਹੀ ਸੀ। ਯੂਨੀਵਰਸਿਟੀ 'ਚ ਦਾਖਲ ਉਹ ਹੋਇਆ ਪਰ ਰਸਮੀ ਪੜ੍ਹਾਈ ਰਾਸ ਨਾ ਆਈ ਅਤੇ ਜਲਦੀ ਹੀ ਯੂਨੀਵਰਸਿਟੀ ਨੂੰ ਅਲਵਿਦਾ ਆਖ ਦਿਤੀ।

ਲੋਰਕਾ 20-21 ਵਰ੍ਹਿਆਂ ਦੀ ਉਮਰੇ ਗਰੇਨਾਡਾ ਛੱਡ ਕੇ ਮੈਡਰਿਡ ਆ ਗਿਆ ਅਤੇ ਉਥੇ ਉਸ ਦੀ ਯਾਰੀ ਸਲਵਾਡੋਰ ਡਾਲੀ ਅਤੇ ਲੂਈ ਬਿਨੁਇਲ ਨਾਂ ਦੇ ਪਰਯਥਾਰਥਵਾਦੀ ਕਲਾਕਾਰਾਂ ਨਾਲ ਪੈ ਗਈ ਜਿਨ੍ਹਾਂ ਦਾ ਸਿਤਾਰਾ ਅਗਲੇ ਕੁਝ ਸਾਲਾਂ ਵਿਚ ਹੀ ਯੂਰਪੀ ਕਲਾ ਜਗਤ ਦੇ ਅਸਮਾਨ 'ਤੇ ਚਮਕ ਗਿਆ। ਉਸ ਦੇ ਪਹਿਲੇ ਕਾਵਿ-ਸੰਗ੍ਰਿਹ ਵਿਚ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਹੈ, ਮਨ ਦਾ ਇਕਲਾਪਾ ਹੈ ਪਰ ਕੁਦਰਤ ਦੇ ਸੁਹੱਪਣ ਦਾ ਗਾਇਨ ਫਿਰ ਵੀ ਭਾਰੂ ਹੈ। 1927 ਵਿਚ 'ਮਾਰੀਆਨਾ ਪਿਨੇਦਾ' ਨਾਂ ਦਾ ਸਵਾਂਗ ਨਾਟ ਲਿਖਿਆ ਜਿਸ ਨੂੰ ਖੇਡਣ ਲਈ ਸਟੇਜ ਸੈਟਿੰਗ ਦੀ ਜ਼ਿੰਮੇਵਾਰੀ ਡਾਲੀ ਨੇ ਹੀ ਨਿਭਾਈ। ਦੋ ਮਹਾਨ ਪ੍ਰਤਿਭਾਸ਼ੀਲ ਜਿੰਦੜੀਆਂ ਦੀ ਕਲਾਕਾਰੀ ਤੋਂ ਦਰਸ਼ਕ ਬੇਹੱਦ ਪ੍ਰਭਾਵਿਤ ਹੋਏ। ਅਗਲੇ ਵਰ੍ਹੇ 'ਜਿਪਸੀ ਬੈਲਡਜ਼' ਨਾਂ ਦੀ ਕਿਤਾਬ ਆਉਣ ਨਾਲ ਉਭਰਦੇ ਪ੍ਰਤਿਭਾਸ਼ਾਲੀ ਕਵੀ ਵਜੋਂ ਉਸ ਦੀ ਪੈਂਠ ਹੋਰ ਵੀ ਬੱਝ ਗਈ।



ਸ਼ਾਇਰ ਫਰੈਡਰੀਕੋ ਗਾਰਸ਼ੀਆ ਲੋਰਕਾ ਦੇ ਦਸਤਖਤਾਂ ਦਾ ਨਮੂਨਾ।

ਇਹ ਸਲਵਾਡੋਰ ਡਾਲੀ ਨਾਲ ਉਸ ਦੀ ਮੁਹੱਬਤ ਦੇ ਸਿਖਰ ਦਾ ਸਮਾਂ ਸੀ, ਪਰ ਇਹ ਜਾਦੂ ਜ਼ਿਆਦਾ ਦੇਰ ਨਾ ਰਿਹਾ। ਜਲਦੀ ਹੀ ਡਾਲੀ ਨੂੰ ਰੂਸੀ ਮੂਲ ਦੀ ਔਰਤ ਦੇਵਲੀਨਾ ਗਾਲਾ ਨੇ ਲੋਰਕਾ ਕੋਲੋਂ ਖੋਹ ਲਿਆ। ਗਾਲਾ ਫਰਾਂਸੀਸੀ ਸ਼ਾਇਰ ਪਾਲ ਐਲੂਅਰ ਦੀ ਪਤਨੀ ਸੀ। ਡਾਲੀ ਨੂੰ ਮਿਲਦਿਆਂ ਹੀ ਗਾਲਾ ਨੇ 20ਵੀਂ ਸਦੀ ਦੇ ਕਲਾ ਜਗਤ ਵਿਚ ਅਨੋਖੀ ਅਤੇ ਚਰਚਿਤ ਮੁਹੱਬਤ ਦੀ ਅਜਬ ਦੰਤਕਥਾ ਸਿਰਜਣ ਲਈ ਪਾਲ ਐਲੂਅਰ ਨੂੰ ਸਦਾ ਵਾਸਤੇ ਸਲਾਮ ਆਖ ਦਿਤੀ। 1929 ਵਿਚ ਡਾਲੀ ਉਸ ਸਮੇਂ 25 ਵਰ੍ਹਿਆਂ ਦਾ ਵੀ ਨਹੀਂ ਸੀ ਤੇ ਗਾਲਾ 35 ਵਰ੍ਹਿਆਂ ਦੀ ਸੀ। ਅਗਲੇ ਵਰ੍ਹੇ ਗਾਲਾ, ਐਲੂਅਰ ਨੂੰ ਛੱਡ ਕੇ ਡਾਲੀ ਦੀ ਪਤਨੀ ਬਣ ਗਈ, ਪਰ ਐਲੂਅਰ, ਗਾਲਾ ਦੀ ਮਿਕਨਾਤੀਸੀ ਸ਼ਖ਼ਸੀਅਤ ਦੀ ਆਭਾ ਦੀ ਗ੍ਰਿਫਤ 'ਚੋਂ ਬਾਹਰ ਨਾ ਆ ਸਕਿਆ ਅਤੇ ਵਰ੍ਹਿਆਂ ਤਕ ਉਸ ਨੂੰ ਆਪਣੀ ਰੂਹ ਦੀਆਂ ਗਹਿਰਾਈਆਂ 'ਚੋਂ ਖਤ ਲਿਖਦਾ ਰਿਹਾ। ਇਹ ਖਤ 'ਲੈਟਰਜ਼ ਟੂ ਗਾਲਾ' ਪੁਸਤਕ ਵਿਚ ਅਮੀਰ ਪੱਛਮੀ ਸਾਹਿਤਕ ਵਿਰਸੇ ਦਾ ਸਰਮਾਇਆ ਹਨ।



ਫਰੈਡਰੀਕੋ ਗਾਰਸ਼ੀਆ ਲੋਰਕਾ (ਖੱਬੇ) ਅਤੇ ਸਲਵਾਡੋਰ ਡਾਲੀ।

ਇਸ 'ਹਾਦਸੇ' ਨਾਲ ਡਾਲੀ ਦਾ ਜਗਤ ਤਾਂ ਰੁਸ਼ਨਾ ਗਿਆ ਪਰ ਗਾਲਾ ਵਲੋਂ ਡਾਲੀ ਨੂੰ ਅਚਾਨਕ ਇੰਜ ਆ ਕੇ ਖੋਹਣ ਕਾਰਨ ਲੋਰਕਾ ਦੇ ਮਾਨਸਿਕ ਜਗਤ ਵਿਚ ਨਿਰਾਸ਼ਾ ਦਾ ਆਲਮ ਤਾਰੀ ਹੋ ਗਿਆ। ਲੋਰਕਾ ਦੀ ਸੰਵੇਦਨਸ਼ੀਲ ਮਾਂ ਨੇ ਆਪਣੇ ਪੁੱਤਰ ਨੂੰ ਨਿਰਾਸ਼ਾ ਦੇ ਇਸ ਆਲਮ 'ਚੋਂ ਕੱਢਣ ਲਈ ਉਸ ਨੂੰ ਅਮਰੀਕਾ ਘੁੰਮ ਆਉਣ ਲਈ ਭੇਜ ਦਿਤਾ। ਛੇ ਕੁ ਮਹੀਨਿਆਂ ਪਿਛੋਂ ਲੋਰਕਾ ਜਦੋਂ ਦੇਸ ਵਾਪਸ ਪਰਤਿਆ ਤਾਂ 1930 ਵਿਚ ਪਰੀਮੋ 'ਡੀ ਰਿਵੇਰਾ ਦੀ ਤਾਨਾਸ਼ਾਹੀ ਦਾ ਤਖਤਾ ਉਲਟ ਕੇ ਰਿਪਬਲਿਕਨ ਸਰਕਾਰ ਤਾਕਤ ਵਿਚ ਆ ਚੁਕੀ ਸੀ। ਸਰਕਾਰ ਨੇ ਲੋਰਕਾ ਦਾ ਭਰਪੂਰ ਸੁਆਗਤ ਕੀਤਾ ਅਤੇ ਉਸ ਦੀ ਕਲਾ ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਸਟੂਡੈਂਟਸ ਥਿਏਟਰ ਕੰਪਨੀ ਦਾ ਡਾਇਰੈਕਟਰ ਲਾ ਦਿਤਾ। ਲੋਰਕਾ ਨੂੰ ਨਾਟ ਕਲਾ ਰਾਹੀਂ ਨਵੇਂ ਜਮਹੂਰੀ ਨਿਜ਼ਾਮ ਦਾ ਸੰਦੇਸ਼ ਦਿਹਾਤੀ ਖੇਤਰਾਂ ਵਿਚ ਪਹੁੰਚਾਉਣ ਲਈ ਕਿਹਾ ਗਿਆ। ਅਗਲਾ ਕੁਝ ਅਰਸਾ ਲੋਰਕਾ ਨੇ ਇਹੋ ਕੰਮ ਕੀਤਾ। ਸਪੇਨ ਦੇ ਆਮ ਲੋਕਾਂ ਦੀ ਗਰੀਬੀ ਅਤੇ ਬਦਨਸੀਬੀ ਵਾਲੀ ਸਥਿਤੀ ਦਾ ਨੇੜਿਓਂ ਪਤਾ ਉਸ ਨੂੰ ਇਸ ਦੌਰ ਵਿਚ ਹੀ ਲੱਗਾ। 'ਅੱਗ ਦੇ ਕਲੀਰੇ', 'ਯਰਮਾ' ਅਤੇ 'ਹੁਕਮੀ ਦੀ ਹਵੇਲੀ' ਵਰਗੇ ਸ਼ਾਹਕਾਰਾਂ ਦੀ ਰਚਨਾ ਉਸ ਨੇ ਇਸ ਅਰਸੇ ਦੌਰਾਨ ਹੀ ਕੀਤੀ। ਪੰਜਾਬੀ ਵਿਚ ਇਨ੍ਹਾਂ ਤਿੰਨਾਂ ਹੀ ਨਾਟਕਾਂ ਦਾ ਅਨੁਵਾਦ ਸੁਰਜੀਤ ਪਾਤਰ ਨੇ ਬਹੁਤ ਹੀ ਸੁਹਜ ਨਾਲ ਕੀਤਾ ਹੈ ਅਤੇ ਨੀਲਮ ਮਾਨ ਸਿੰਘ ਨੇ ਉਨੀ ਹੀ ਅਕੀਦਤ ਨਾਲ ਇਨ੍ਹਾਂ ਦਾ ਨਿਰਦੇਸ਼ਨ ਕੀਤਾ ਹੈ। ਇਨ੍ਹਾਂ ਨਾਟਕਾਂ ਦੇ ਵਿਸ਼ੇ ਖੋਖਲੇ/ਰਸਮੀ ਸਦਾਚਾਰ ਜਾਂ ਕਦਰਾਂ-ਕੀਮਤਾਂ ਤੋਂ ਕੋਹਾਂ ਦੂਰ ਹਨ। ਪਾਤਰਾਂ ਦੀ ਜ਼ਿੰਦਗੀ ਵਿਚ ਮੁਰਦਾ ਤਰਕ ਜਾਂ ਰਸਮੀ ਜੋੜ-ਤੋੜ ਦੀ ਥਾਂ ਮੂੰਹ-ਜ਼ੋਰ ਇੱਛਾ-ਸ਼ਕਤੀ ਪ੍ਰਧਾਨ ਹੈ ਅਤੇ ਉਹੋ ਪਾਤਰਾਂ ਦੀ ਦਰਦਨਾਕ ਹੋਣੀ ਨੂੰ ਤੈਅ ਕਰਦੀ ਹੈ। ਪਾਤਰ ਇੰਨੇ ਜੀਵੰਤ ਹਨ ਕਿ ਆਦਮੀ ਦੇ ਦਿਲੋ-ਦਿਮਾਗ, ਲਹੂ ਤਕ ਲਹਿ ਜਾਂਦੇ ਹਨ।

ਤਿੰਨਾਂ ਹੀ ਕਾਵਿ-ਨਾਟਕਾਂ ਦੇ ਥੀਮ ਸ਼ਿੱਦਤ ਭਰਪੂਰ ਹਨ। ਮਸਲਨ, ਸੁਰਜੀਤ ਪਾਤਰ ਵਲੋਂ ਰੁਪਾਂਤਰਿਤ 'ਅੱਗ ਦੇ ਕਲੀਰੇ' ਦੀ ਆਦਿਕਾ ਵੇਖੋ: ਉਜਾਗਰ ਤੇ ਮੀਤਾਂ ਇਕ ਦੂਜੇ ਨੂੰ ਪਿਆਰ ਕਰਦੇ ਨੇ। ਉਹ ਦੂਰੋਂ ਨੇੜਿਓਂ ਰਿਸ਼ਤੇਦਾਰ ਵੀ ਨੇ। ਉਨ੍ਹਾਂ ਵਿਚਕਾਰ ਕੁਝ ਐਸਾ ਵਾਪਰਿਆ ਕਿ ਉਜਾਗਰ ਨੇ ਕਿਤੇ ਹੋਰ ਵਿਆਹ ਕਰਵਾ ਲਿਆ। ਹੁਣ ਉਸ ਦੇ ਘਰ ਬੱਚਾ ਹੈ ਤੇ ਦੂਜੇ ਦੀ ਆਸ। ਅੱਜ ਮੀਤਾਂ ਦਾ ਵਿਆਹ ਹੋ ਰਿਹਾ ਏ। ਉਜਾਗਰ ਤੇ ਉਸ ਦੀ ਪਤਨੀ ਵੀ ਆਏ ਨੇ। ਮੀਤਾਂ ਚਾਹੁੰਦੀ ਐ, ਉਹ ਬਹੁਤ ਜਲਦੀ ਵਿਆਹੀ ਜਾਵੇ। ਸ਼ਾਇਦ ਉਸ ਨੂੰ ਆਪਣੇ ਲਹੂ ਕੋਲੋਂ ਡਰ ਲੱਗ ਰਿਹਾ ਏ।... ਉਹੀ ਹੋਇਆ ਜਿਸ ਦਾ ਡਰ ਸੀ। ਲਹੂ ਵਿਚ ਸੁੱਤੀ ਮੁਹੱਬਤ ਦੀ ਲਹਿਰ ਉਛਲੀ। ਮੀਤਾਂ ਉਜਾਗਰ ਨਾਲ ਦੌੜ ਗਈ, ਵਿਆਹ ਵਾਲੇ ਦਿਨ। ਉਨ੍ਹਾਂ ਨੂੰ ਲੱਭਣ ਉਨ੍ਹਾਂ ਦੇ ਮਗਰ ਵਾਹਰ ਗਈ। ਤਿੱਖੀ ਝੜਪ ਵਿਚ ਦੋਵੇਂ ਮਾਰੇ ਗਏ, ਬੰਨਾ ਵੀ ਤੇ ਪ੍ਰੇਮੀ ਵੀ।

ਜਾਹਿਰ ਹੈ ਕਹਾਣੀ ਇੰਨੀ ਕੁ ਹੀ ਹੈ। ਇਨਸਾਨੀ ਜਜ਼ਬਿਆਂ ਦੇ ਆਪ ਮੁਹਾਰੇ ਵੇਗ ਮੂਹਰੇ ਸਭ ਅਕਲਾਂ, ਇਲਮ, ਤਰਕ ਅਤੇ ਸਮਾਜਕ ਕਦਰਾਂ-ਕੀਮਤਾਂ ਦੇ ਬੰਧਨ ਪਲਾਂ ਛਿਣਾਂ ਵਿਚ ਹੀ ਛਾਈਂ-ਮਾਈਂ ਹੋ ਜਾਂਦੇ ਹਨ। ਨਤੀਜੇ ਵਜੋਂ ਕਿਸ ਕਿਸਮ ਦੀ ਭਿਆਨਕ ਤ੍ਰਾਸਦੀ ਪੈਦਾ ਹੁੰਦੀ ਹੈ, ਉਸ ਦਾ ਅੰਦਾਜ਼ਾ ਉਹ ਆਦਮੀ ਹੀ ਲਾ ਸਕਦਾ ਹੈ ਜਿਸ ਨੇ ਜ਼ਿੰਦਗੀ ਦੇ ਕਿਸੇ ਮੋੜ 'ਤੇ ਇਸ ਦੇ ਨਾਟਕੀ ਮੰਚਨ ਦਾ ਨਜ਼ਾਰਾ ਡਿੱਠਾ ਹੋਵੇ। ਮੁਖ ਪਾਤਰਾਂ ਦੀ ਹੋਣੀ ਦੇ ਤ੍ਰਾਸਦਿਕ ਸੀਨ ਵਰ੍ਹਿਆਂ ਤਕ ਪਾਠਕ ਜਾਂ ਦਰਸ਼ਕ ਨੂੰ ਟੁੰਬਦੇ ਰਹਿੰਦੇ ਹਨ।

ਆਪਣੀ ਜਨਮ ਭੂਮੀ ਪ੍ਰਤੀ ਲੋਰਕਾ ਦੇ ਮਨ ਵਿਚ ਸਦਾ ਹੀ ਖਿੱਚ ਰਹੀ। ਸਪੇਨ ਵਿਚ ਖਾਨਾ ਜੰਗੀ ਸ਼ੁਰੂ ਹੋਣ ਤੋਂ ਕੁਝ ਦਿਨ ਪਹਿਲਾਂ ਉਹ ਆਪਣੀ ਪਿਆਰੀ ਜਨਮ ਭੋਇੰ ਵੱਲ ਖਿਚਿਆ ਚਲਿਆ ਗਿਆ। ਮਹਿਜ਼ ਦੋ-ਤਿੰਨ ਦਿਨ ਬਾਅਦ, 19 ਅਗਸਤ 1936 ਨੂੰ ਰਿਪਬਲਿਕਨ ਨਿਜ਼ਾਮ ਵਿਰੋਧੀ ਲੜਾਕੇ ਉਸ ਨੂੰ ਉਸ ਦੇ ਕਿਸੇ ਯਾਰ ਦੇ ਘਰੋਂ ਚੁੱਕ ਕੇ ਲੈ ਗਏ। ਕੁਝ ਦਿਨ ਨਜ਼ਰਬੰਦ ਰੱਖ ਕੇ ਤਸ਼ੱਦਦ ਕਰਨ ਤੋਂ ਬਾਅਦ ਉਹ ਉਸ ਨੂੰ ਉਸ ਦੇ ਭਣਵੱਈਏ ਮੋਤੇਸਿਨੋਸ ਜੋ ਗਰੇਨਾਡਾ ਦਾ ਸੋਸ਼ਲਿਸਟ ਮੇਅਰ ਸੀ, ਨੂੰ 'ਮਿਲਾਉਣ' ਲੈ ਗਏ। ਦਰਅਸਲ ਫਰਾਂਕੋ ਪੱਖੀ ਰਜਾਕਾਰਾਂ ਨੇ ਮੇਅਰ ਨੂੰ ਕੁੱਟ ਕੁੱਟ ਕੇ ਅਤੇ ਪਿਛੋਂ ਪੂਰੇ ਸ਼ਹਿਰ ਵਿਚ ਬਲਦਾਂ ਮਗਰ ਧੂ ਧੂ ਕੇ ਮਾਰ ਦਿਤਾ ਹੋਇਆ ਸੀ। ਉਸੇ ਦੀ ਕਬਰ 'ਤੇ ਲਿਜਾ ਕੇ ਕਾਤਲਾਂ ਨੇ ਪਹਿਲਾਂ ਲੋਰਕਾ ਨੂੰ ਬੱਟ ਮਾਰ ਮਾਰ ਕੇ ਅਧਮੋਇਆ ਕਰ ਦਿਤਾ ਅਤੇ ਫਿਰ ਸਿਰ ਵਿਚ ਗੋਲੀਆਂ ਮਾਰ ਕੇ ਲਾਸ਼ ਖੁਰਦ-ਬੁਰਦ ਕਰ ਦਿੱਤੀ।

(ਬਾਕੀ ਅਗਲੇ ਸਫੇ 'ਤੇ)

ਫਰਾਂਸ ਉਪਰ ਜਰਮਨ ਫਾਸਿਸਟਾਂ ਦੇ ਕਬਜ਼ੇ ਤੋਂ ਪਹਿਲਾਂ 20ਵੀਂ ਸਦੀ ਦੇ ਮਹਾਨ ਪ੍ਰਤਿਭਾਸ਼ਾਲੀ ਚਿੰਤਕ ਵਾਲਟਰ ਬੈਂਜਾਮਿਨ ਨੇ ਉਨ੍ਹਾਂ ਤੋਂ ਬਚ ਨਿਕਲਣ ਦੀ ਕੋਸ਼ਿਸ਼ ਵਿਚ ਨਾਕਾਮ ਰਹਿਣ ਪਿਛੋਂ ਜਦੋਂ ਖੁਦਕੁਸ਼ੀ ਕਰ ਲਈ ਤਾਂ ਬਰਤੋਲਤ ਬਰੈਖਤ ਨੇ ਇਸ ਨੂੰ ਨਾਜ਼ੀਆਂ ਵਲੋਂ ਕੀਤਾ ਜਰਮਨ ਕਲਚਰ ਦਾ ਸਭ ਤੋਂ ਵੱਡਾ ਨੁਕਸਾਨ ਕਰਾਰ ਦਿੱਤਾ ਸੀ। ਮਹਾਨ ਯੂਰਪੀ ਮਾਨਵਵਾਦੀ ਕਲਚਰ ਦੀ ਇਸੇ ਤਬਾਹੀ ਦਾ ਆਗਾਜ਼ ਸਪੇਨੀ ਫਾਸਿਸਟਾਂ ਵਲੋਂ ਲੋਰਕਾ ਦੀ ਮੁਜਰਮਾਨਾ ਹੱਤਿਆ ਨਾਲ ਕੀਤਾ ਗਿਆ ਸੀ। ਵਿਰੋਧੀਆਂ ਨੇ ਗਰੇਨਾਡਾ ਦੇ ਪਲਾਜ਼ਾ ਦਲ ਕਾਰਮਲ ਵਿਚ ਉਸ ਦੀਆਂ ਪੁਸਤਕਾਂ ਦੀ ਹੋਲੀ ਜਲਾ ਕੇ ਲੋਰਕਾ ਦੀ ਮੌਤ ਦਾ 'ਜਸ਼ਨ' ਮਨਾਇਆ ਅਤੇ ਫਰਾਂਕੋ ਕਾਲ ਦੇ ਅਗਲੇ 20 ਵਰ੍ਹੇ ਉਸ ਦੀਆਂ ਲਿਖਤਾਂ ਦੇ ਪ੍ਰਕਾਸ਼ਨ 'ਤੇ ਪਾਬੰਦੀ ਲੱਗੀ ਰਹੀ।

ਲੋਰਕਾ ਆਸਥਾ ਪੱਖੋਂ ਰੋਮਨ ਕੈਥੋਲਿਕ ਸੀ ਪਰ ਉਹ ਪੱਕਾ ਜਮਹੂਰੀਅਤ ਪਸੰਦ ਸੀ। ਕਿਸੇ ਵੀ ਕੱਟੜ ਵਿਚਾਰਧਾਰਾ ਜਾਂ ਆਤੰਕਵਾਦੀ ਸੰਗਠਨ ਨਾਲ ਉਸ ਦਾ ਦੂਰ ਦਾ ਵੀ ਸਬੰਧ ਨਹੀਂ ਸੀ, ਦੋਸਤੀ ਤੇ ਮੁਹੱਬਤ ਦੇ ਦਰਵਾਜ਼ੇ ਉਸ ਦੇ ਹਰ ਤਰ੍ਹਾਂ ਦੇ ਵਿਚਾਰਾਂ ਦੇ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਸਨ। ਸਪੇਨ ਦੇ ਉਸ ਦੇ ਉਘੇ ਸਮਕਾਲੀ ਕਮਿਊਨਿਸਟ ਕਵੀ ਗੈਬਰੀਲ ਸੇਲਾਵੀਆ ਨੇ ਸਗੋਂ ਪਿਛੋਂ ਛਪੀਆਂ ਆਪਣੀਆਂ ਯਾਦਾਂ ਵਿਚ ਡਾਢੇ ਅਫਸੋਸ ਨਾਲ ਇਹ ਗੱਲ ਦਰਜ ਕੀਤੀ ਕਿ ਬੁੱਧਵਾਰੀ ਸ਼ਾਮਾਂ ਨੂੰ ਉਸ ਨੇ ਲੋਰਕਾ ਨੂੰ ਸਭ ਤੋਂ ਕ੍ਰਿਸ਼ਮਈ ਪੁਰਾਤਨਵਾਦੀ ਫਲੰਗੇ ਧੜੇ ਦੇ ਆਗੂ ਜੋਸ ਐਨਤੋਨੀਓ ਪਰੀਮੋ 'ਡੀ ਰਿਵੇਰਾ ਨਾਲ ਕਈ ਵਾਰੀ ਹੱਸ ਹੱਸ ਕੇ ਜਾਮ ਸਾਂਝਿਆਂ ਕਰਦਿਆਂ ਵੇਖਿਆ ਸੀ। ਇਹ ਸੱਚ ਵੀ ਹੈ ਕਿ ਪਰੀਮੋ 'ਡੀ ਰਿਵੇਰਾ ਵੀ ਲੋਰਕਾ ਵਾਂਗ ਹੀ ਅਸੀਮ ਪ੍ਰਤਿਭਾ ਦਾ ਸਵਾਮੀ ਸੀ ਅਤੇ ਘਰੋਗੀ ਜੰਗ ਦੇ ਮੁਢਲੇ ਦਿਨੀਂ ਹੀ ਲੋਰਕਾ ਵਾਂਗ ਮਾਰਿਆ ਗਿਆ ਸੀ, ਪਰ ਉਸ ਦੀ ਹੱਤਿਆ ਰਿਪਬਲਿਕਨ ਧਿਰ ਦੇ ਖੱਬੇ ਪੱਖੀ ਅਰਾਜਕਤਾਵਾਦੀਆਂ ਨੇ ਕੀਤੀ ਸੀ।

ਦੋਵਾਂ ਦੀ ਹੋਣੀ ਦਾ ਅਜੀਬ ਇਤਫਾਕ ਵੇਖੋ ਕਿ ਰਿਵੇਰਾ ਫਰਾਂਕੋ ਧਿਰ ਲਈ, ਫਰਾਂਕੋ ਹੱਤਿਆ ਤੋਂ ਤੁਰਤ ਬਾਅਦ ਹੀ ਸ਼ਕਤੀਸ਼ਾਲੀ ਪਵਿੱਤਰ ਚਿਹਨ ਬਣ ਗਿਆ ਤੇ ਫਾਸ਼ੀ ਧਿਰ ਦੀ ਜਿੱਤ ਤੋਂ ਪਿਛੋਂ ਸਾਰੇ ਸਪੇਨ ਵਿਚ ਜਗ੍ਹਾ ਜਗ੍ਹਾ ਉਸ ਦੇ ਬੁੱਤ ਖੜ੍ਹੇ ਕਰ ਦਿਤੇ ਗਏ। ਇਸ ਦੇ ਮੁਕਾਬਲੇ 70ਵਿਆਂ 'ਚ ਸਪੇਨ ਵਿਚ ਜਮਹੂਰੀ ਨਿਜ਼ਾਮ ਦੀ ਵਾਪਸੀ ਪਿਛੋਂ ਲੋਰਕਾ ਦੀ ਵਾਪਸੀ ਲਈ ਹੇਰਵੇ ਤੇ ਉਤਸ਼ਾਹ ਦਾ ਮਾਨੋ ਤੂਫਾਨ ਆ ਗਿਆ ਅਤੇ ਉਸੇ ਤਰ੍ਹਾਂ ਥਾਂ ਥਾਂ ਉਸ ਦੀਆਂ ਯਾਦਗਾਰਾਂ ਸਥਾਪਤ ਹੋ ਗਈਆਂ। ਕਮਾਲ ਦੀ ਗੱਲ ਸੀ, ਲੋਰਕਾ ਲਈ ਆਕਰਸ਼ਨ ਦੀ ਲਹਿਰ ਸਪੇਨ ਜਾਂ ਲਾਤੀਨੀ ਅਮਰੀਕੀ ਦੇਸਾਂ ਤਕ ਹੀ ਸੀਮਤ ਨਾ ਰਹੀ, ਇਸ ਨੇ ਸਾਰੀ ਦੁਨੀਆਂ ਦੇ ਸਾਹਿਤਕ ਹਲਕਿਆਂ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅਰਜਨਟਾਈਨਾ ਦੀ ਰਾਜਧਾਨੀ ਬਿਊਨਿਸ ਏਅਰਸ ਦੇ ਚੈਸਟਲਰ ਹੋਟਲ ਜਿਥੇ ਉਹ 1933 ਵਿਚ ਛੇ ਕੁ ਮਹੀਨਿਆਂ ਲਈ ਠਹਿਰਿਆ ਸੀ, ਅੱਜ ਕੱਲ੍ਹ ਵਿਸ਼ਵ ਭਰ ਦੇ ਲੋਰਕਾ ਪ੍ਰੇਮੀਆਂ ਲਈ ਪਵਿਤਰ ਜ਼ਿਆਰਤਗਾਹ ਬਣਿਆ ਹੋਇਆ ਹੈ। ਇੰਜ ਹੀ ਸਪੇਨ ਦੇ ਮੈਡਰਿਡ ਸ਼ਹਿਰ ਦੇ ਪਲਾਜਾ 'ਡੀ ਸ੍ਰਾਂਤਾ ਅਨਾ' ਚੌਰਾਹੇ ਵਿਚ ਉਸ ਦਾ ਦਿਓ ਕੱਦ ਬੁੱਤ ਸਜਿਆ ਹੋਇਆ ਹੈ।

ਦੁਨੀਆਂ ਭਰ ਵਿਚ ਲੋਰਕਾ ਬਾਰੇ ਅਨੇਕਾਂ ਫਿਲਮਾਂ ਅਤੇ ਨਾਟ ਗੀਤ ਫਿਲਮਾਏ ਜਾ ਚੁੱਕੇ ਹਨ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ। 10 ਕੁ ਵਰ੍ਹੇ ਪਹਿਲਾਂ ਨੀਲੋ ਕਾਰਜੂ ਨਾਂ ਦੇ ਜਗਤ ਪ੍ਰਸਿੱਧ ਨਿਰਦੇਸ਼ਕ ਨੇ 'ਲੋਰਕਾ ਇਨ ਗਰੀਨ ਡਰੈਸ' ਨਾਟਕ ਲਿਖ ਕੇ ਖੇਡਿਆ ਤਾਂ ਓਰੇਗਨ ਸ਼ੇਕਸਪੀਅਰ ਮੇਲੇ ਵਿਚ ਉਸ ਨੂੰ ਵੇਖਣ ਲਈ ਦਰਸ਼ਕਾਂ ਦਾ ਹਜੂਮ ਟੁੱਟ ਪਿਆ ਸੀ। ਇਸ ਤੋਂ ਕਈ ਵਰ੍ਹੇ ਪਹਿਲਾਂ, 1997 ਵਿਚ ਉਸ ਦੇ ਮੁੱਖ ਜੀਵਨੀਕਾਰ ਇਆਨ ਗਿਬਸਨ ਨੇ ਜਦੋਂ ਫਿਲਮ 'ਡਿਸਐਪੀਅਰੈਂਸ ਆਫ ਲੋਰਕਾ' ਬਣਾਈ ਤਾਂ ਉਹ ਸਾਲ ਦੀ ਸਰਵੋਤਮ ਫੀਚਰ ਫਿਲਮ ਐਲਾਨੀ ਗਈ। 2009-10 ਵਿਚ ਨਿਰਦੇਸ਼ਕ ਫਿਲਿਪ ਗੋਸਲੈਟ ਵਲੋਂ ਲੋਰਕਾ, ਸਲਵਾਡੋਰ ਡਾਲੀ ਅਤੇ ਲੂਈ ਬਿਨੁਇਲ ਦੀ ਦੰਤ ਕਥਾਈ ਦੋਸਤੀ ਦੇ ਆਧਾਰ 'ਤੇ 'ਲਿਟਲ ਐਸ਼ਿਜ' ਨਾਂ ਦੀ ਫਿਲਮ ਲੰਮੇ ਸਮੇਂ ਤਕ ਚਰਚਾ ਦਾ ਵਿਸ਼ਾ ਬਣੀ ਰਹੀ।



ਲੋਰਕਾ ਦੇ ਨਾਟਕ 'ਬਲੱਡ ਵੈਡਿੰਗ' ਦੇ ਅੰਗਰੇਜ਼ੀ ਤਰਜਮੇ ਦਾ ਟਾਈਟਲ।

*'ਅੱਗ ਦੇ ਕਲੀਰੇ' (ਬਲੱਡ ਵੈਡਿੰਗ) ਵਿਚ ਉਜਾਗਰ ਤੇ ਮੀਤਾਂ ਇਕ ਦੂਜੇ ਨੂੰ ਪਿਆਰ ਕਰਦੇ ਨੇ। ਉਨ੍ਹਾਂ ਵਿਚਕਾਰ ਕੁਝ ਐਸਾ ਵਾਪਰਿਆ ਕਿ ਉਜਾਗਰ ਨੇ ਕਿਤੇ ਹੋਰ ਵਿਆਹ ਕਰਵਾ ਲਿਆ। ਹੁਣ ਉਸ ਦੇ ਘਰ ਬੱਚਾ ਹੈ ਤੇ ਦੂਜੇ ਦੀ ਆਸ। ਅੱਜ ਮੀਤਾਂ ਦਾ ਵਿਆਹ ਹੈ। ਉਜਾਗਰ ਤੇ ਉਸ ਦੀ ਪਤਨੀ ਵੀ ਆਏ ਨੇ। ਮੀਤਾਂ ਚਾਹੁੰਦੀ ਹੈ, ਉਹ ਬਹੁਤ ਜਲਦੀ ਵਿਆਹੀ ਜਾਵੇ। ਸ਼ਾਇਦ ਉਸ ਨੂੰ ਆਪਣੇ ਲਹੂ ਕੋਲੋਂ ਡਰ ਲਗ ਰਿਹਾ ਏ।... ਉਹੀ ਹੋਇਆ ਜਿਸ ਦਾ ਡਰ ਸੀ। ਲਹੂ ਵਿਚ ਸੁੱਤੀ ਮੁਹੱਬਤ ਦੀ ਲਹਿਰ ਉਛਲੀ। ਮੀਤਾਂ ਉਜਾਗਰ ਨਾਲ ਦੌੜ ਗਈ। ਉਨ੍ਹਾਂ ਨੂੰ ਲੱਭਣ ਉਨ੍ਹਾਂ ਦੇ ਮਗਰ ਵਾਹਰ ਗਈ। ਤਿੱਖੀ ਝੜਪ ਵਿਚ ਦੋਵੇਂ ਮਾਰੇ ਗਏ, ਬੰਨਾ ਵੀ ਤੇ ਪ੍ਰੇਮੀ ਵੀ।*

1936 ਵਿਚ ਉਮਰ ਦੇ ਆਖ਼ਰੀ ਵਰ੍ਹੇ ਲੋਰਕਾ ਨੂੰ 18-19 ਵਰ੍ਹਿਆਂ ਦੇ ਕਿਸੇ ਨੌਜਵਾਨ ਲੜਕੇ ਨਾਲ ਅੰਨ੍ਹੀ ਮੁਹੱਬਤ ਹੋ ਗਈ। ਉਸ ਨੇ ਆਪਣੇ ਇਸ ਪਵਿੱਤਰ ਪਿਆਰ ਨੂੰ ਆਵਾਜ਼ ਦੇਣ ਲਈ 'ਸੋਨਟਸ ਟੂ ਹਿਜ਼ ਡਾਰਕ ਲਵ' ਸਿਰਲੇਖ ਹੇਠ ਖ਼ੂਬਸੂਰਤ ਕਵਿਤਾਵਾਂ ਦਾ ਜੋ 'ਦੀਵਾਨ' ਲਿਖਿਆ, ਉਸ ਦੇ ਪ੍ਰਕਾਸ਼ਨ ਲਈ ਲੋਰਕਾ ਪ੍ਰੇਮੀਆਂ ਨੂੰ ਕਰੀਬ ਅੱਧੀ ਸਦੀ ਉਡੀਕ ਕਰਨੀ ਪਈ। ਆਮ ਲੋਕਾਂ ਲਈ ਲੋਰਕਾ ਦੇ ਇਸ ਮਹਿਬੂਬ ਪਿਆਰ ਪਾਤਰ ਦਾ ਨਾਂ ਜੁਆਨ ਰਮੀਰੇਜ 'ਡੀ ਲੁਕਸ ਸੀ ਅਤੇ ਉਸ ਦੀ ਪਛਾਣ 2012 ਵਿਚ ਹੀ ਹੋਈ ਹੈ।

ਕਮਾਲ ਹੈ, ਲੋਰਕਾ ਦੀਆਂ ਗਵਾਚੀਆਂ ਨਜ਼ਮਾਂ ਲੱਭ ਪਈਆਂ; ਉਸ ਦੀ ਗੁਪਤ ਮੁਹੱਬਤ ਦੇ ਪਾਤਰ ਦਾ ਵੀ ਪਤਾ ਲੱਗ ਗਿਆ, ਪਰ ਉਸ ਦੀ ਵਿਚਾਰਧਾਰਕ ਪਛਾਣ ਪੂਰੀ ਤਰ੍ਹਾਂ ਅਜੇ ਤਕ ਵੀ ਨਹੀਂ ਕੀਤੀ ਜਾ ਸਕੀ। ਸਪੇਨ ਅੰਦਰ ਖੱਬੇ ਦਾਅ ਦੇ ਲੋਕ ਉਸ ਨੂੰ ਫਾਸਿਜ਼ਮ ਵਿਰੋਧੀ ਸੰਘਰਸ਼ ਦਾ ਆਪਣਾ ਮਹਾਂ ਨਾਇਕ ਮੰਨਦੇ ਹਨ। ਉਸ ਦੀ ਰੋਮਨ ਕੈਥੋਲਿਕ ਧਾਰਮਿਕ ਆਸਥਾ ਨੂੰ ਆਧਾਰ ਮੰਨਦਿਆਂ ਉਸ ਦੇ ਸੱਜੇ ਪੱਖੀ ਪ੍ਰਸ਼ੰਸਕ ਵੀ ਉਸ ਦੀ ਵਿਰਾਸਤ ਲਈ ਦਾਅਵੇ ਨੂੰ ਛੱਡਣ ਲਈ ਤਿਆਰ ਨਹੀਂ ਹਨ। ਪ੍ਰਸਿੱਧ ਦਾਰਸ਼ਨਿਕ ਡੇਵਿਡ ਕਰੋਕਰ ਨੇ ਇਸ ਵਿਰੋਧਾਭਾਸੀ ਸਥਿਤੀ ਦੀ ਪੁਸ਼ਟੀ ਆਪਣੀ ਇਸ 'ਗਵਾਹੀ' ਨਾਲ ਕੀਤੀ ਹੈ:

ਮੈਡਰਿਡ ਸਥਿਤ ਲੋਰਕਾ ਦਾ ਬੁੱਤ ਦਾਅਵਿਆਂ ਤੇ ਮੋੜਵੇਂ ਦਾਅਵਿਆਂ ਲਈ ਸਪੇਨੀ ਵਿਰਸੇ ਬਾਰੇ ਅਖਾੜੇ ਦਾ ਇਕ ਤਰ੍ਹਾਂ ਨਾਲ ਸਭ ਤੋਂ ਵੱਧ ਵਿਵਾਦੀ ਚਿਹਨ ਬਣਿਆ ਹੋਇਆ ਹੈ। ਹਰ ਰੋਜ਼ ਜੇ ਕੋਈ ਖੱਬੇ ਪੱਖੀ-ਸਮਾਜਵਾਦੀ ਸ਼ਰਧਾਲੂ ਬੁੱਤ ਦੇ ਗਲੇ ਵਿਚ ਲਾਲ ਫੁੱਲਾਂ ਦਾ ਹਾਰ ਪਾ ਜਾਂਦਾ ਹੈ ਤਾਂ ਪਤਾ ਹੀ ਨਹੀਂ ਲਗਦਾ, ਕਦੋਂ ਕੋਈ ਸੱਜੇ ਪੱਖੀ ਸ਼ਰਧਾਲੂ ਇਹ ਹਾਰ ਉਡਾ ਕੇ ਚਿੱਟੇ ਰੰਗ ਦੇ ਫੁੱਲਾਂ ਦੀ ਮਾਲਾ ਬੁੱਤ ਦੇ ਗਲੇ ਵਿਚ ਪਾ ਜਾਂਦਾ ਹੈ। ਸਪੇਨੀਆਂ ਨੂੰ ਲੋਰਕਾ ਦੇ ਤ੍ਰਾਸਦਿਕ ਕਤਲ ਦੀਆਂ ਯਾਦਾਂ ਤਰੁੰਡਦੀਆਂ ਹਨ ਅਤੇ ਇੰਜ ਕਰਦੀਆਂ ਹੀ ਰਹਿਣਗੀਆਂ, ਸਾਡੇ ਆਪਣੇ ਲੋਰਕਾ, ਪਾਸ਼ ਦੀ ਹੱਤਿਆ ਦੀਆਂ ਯਾਦਾਂ ਵਾਂਗ।

ਇਸ ਲਈ ਲੋਰਕਾ ਦੀ ਗੱਲ ਕਰਦਿਆਂ ਸਾਡੇ ਆਪਣੇ ਅਜ਼ੀਮ ਸ਼ਾਇਰ ਪਾਸ਼ ਦਾ ਜ਼ਿਕਰ ਨਾ ਕੀਤਾ ਜਾਵੇ, ਸਹੀ ਨਹੀਂ ਹੋਵੇਗਾ। ਪਾਸ਼ ਦੀਆਂ ਲੋਰਕਾ ਨਾਲ ਇਕ ਨਹੀਂ, ਅਨੇਕ ਸਮਾਨਤਾਵਾਂ ਹਨ। ਲੋਰਕਾ ਨੂੰ ਜ਼ਿੰਦਗੀ ਦੀ ਵੰਨ-ਸਵੰਨਤਾ ਅਤੇ ਸਪੇਨ ਦੇ ਦਿਹਾਤੀ ਧਰਾਤਲ ਨਾਲ ਜੋ ਅਸੀਮ ਮੋਹ ਸੀ ਤਾਂ ਪਾਸ਼ ਇਸ ਗੱਲੋਂ ਲੋਰਕਾ ਤੋਂ ਵੀ ਪਾਰ ਸੀ। ਪਾਸ਼ ਵਿਚ ਸਮਰੱਥਾ ਬਹੁਤ ਜ਼ਿਆਦਾ ਸੀ ਪਰ ਕਈ ਕਾਰਨਾਂ ਕਰ ਕੇ ਉਹ ਆਪਣੀ ਸਮਰੱਥਾ ਤੋਂ ਕਿਤੇ ਘੱਟ ਸਿਰਜਣਾ ਕਰ ਸਕਿਆ। ਆਪਣੀ ਸਮਰੱਥਾ ਅਨੁਸਾਰ ਉਹ ਪੜ੍ਹ ਵੀ ਨਾ ਸਕਿਆ। ਸਾਡੀ ਮੁਰਾਦ ਜਮਾਤਾਂ ਦੀ ਪੰਡ ਪਾਉਣ ਤੋਂ ਕਤਈ ਨਹੀਂ ਹੈ। ਅਜਿਹੀ ਪੜ੍ਹਾਈ ਤਾਂ ਲੋਰਕਾ, ਮਹਾਂਕਵੀ ਟੈਗੋਰ ਜਾਂ ਇਨਕਲਾਬੀ ਜਗਤ ਦੇ ਮਹਾਂ ਨਾਇਕ ਲਿਓਨ ਟਰਾਟਸਕੀ, ਕਿਸੇ ਨੇ ਵੀ ਨਹੀਂ ਸੀ ਕੀਤੀ। ਚੜ੍ਹਦੀ ਜਵਾਨੀ ਦੇ ਦੌਰ ਦਾ ਉਸ ਦਾ ਨੇੜੇ ਦਾ ਦੋਸਤ ਸ਼ਮਸ਼ੇਰ ਸੰਧੂ ਬੇਪ੍ਰਵਾਹ ਮੌਜੀ ਇਨਸਾਨ ਸੀ। ਉਸ ਨੂੰ 1974 ਵਿਚ ਲਿਖੇ ਖਤ ਵਿਚ ਪਾਸ਼ ਦੱਸਦਾ ਹੈ, "ਅੱਜ ਕੱਲ੍ਹ ਮੈਂ ਟਰਾਟਸਕੀ ਪੜ੍ਹ ਰਿਹਾਂ। ਉਸ ਦੀ 'ਸਵੈ-ਜੀਵਨੀ' ਨਿਰਸੰਦੇਹ ਬੇਹੱਦ ਜੀਵੰਤ ਕਿਤਾਬ ਹੈ।" ਪਾਸ਼ ਦਾ ਇਸ ਬਾਰੇ ਅੰਦਾਜ਼ ਬੇਹੱਦ ਸਪਸ਼ਟ ਹੈ। ਪ੍ਰਮਾਣਿਕ ਪੜ੍ਹਤ ਦਾ ਕਿਧਰੇ ਕੋਈ ਸੰਕੇਤ ਮੌਜੂਦ ਨਹੀਂ ਹੈ। ਬਸ ਉਂਜ ਹੀ ਚਲਦੇ-ਚਲਦੇ ਟਰਾਟਸਕੀ ਦੀਆਂ ਲਿਖਤਾਂ ਦੀ ਪੜ੍ਹਤ ਦੇ ਜ਼ਿਕਰ ਦਾ ਤੋਪਾ ਭਰਿਆ ਹੋਇਆ ਹੈ।

ਅਸਲ ਵਿਚ ਪਾਸ਼ ਨੂੰ ਅਕਤੂਬਰ ਇਨਕਲਾਬ ਦੇ ਪਿਛੋਕੜ ਵਿਚਲੇ 19ਵੀਂ ਸਦੀ ਦੇ ਰੂਸੀ ਸਾਹਿਤ ਜਾਂ ਚਿੰਤਨ ਸਰੋਕਾਰਾਂ ਤੇ ਅੰਤਰ-ਵਿਰੋਧਾਂ ਦਾ ਕੋਈ ਭੇਤ ਨਹੀਂ ਸੀ। ਉਸ ਨੂੰ ਨਹੀਂ ਸੀ ਪਤਾ ਕਿ ਨਿਕੋਲਾਈ ਚਰਨੀਸ਼ਵੇਸਕੀ ਦਾ 'ਕੀ ਕਰਨਾ ਲੋੜੀਏ' ਨਾਵਲ ਛਪਣ ਤੇ ਉਸ ਦੇ ਤਰਕ ਵਿਚ ਛੁਪੀਆਂ ਖਤਰਨਾਕ ਸੰਭਾਵਨਾਵਾਂ ਤੋਂ ਫਿਓਦੋਰ ਦਾਸਤੋਵਸਕੀ ਕਿਉਂ ਦਹਿਸ਼ਤਜ਼ਦਾ ਸੀ।... ਮਹਾਨ ਇਨਕਲਾਬੀ ਰਹਿਨੁਮਾ ਕਾਮਰੇਡ ਵਲਾਦੀਮੀਰ ਇਲੀਅਚ ਲੈਨਿਨ ਕਿਉਂ 'ਕੀ ਕਰਨਾ ਲੋੜੀਏ' ਹੀ ਵਾਰ ਵਾਰ ਪੜ੍ਹੀ ਜਾਂਦਾ ਸੀ, ਤੇ ਫਿਰ ਅਗਲੀ ਕਰੀਬ ਪੂਰੀ ਸਦੀ ਰੂਸ ਦੇ ਸਾਦਾ ਦਿਲ ਆਵਾਮ ਨੂੰ ਇਸ ਦੇ ਭਿਆਨਕ ਸਿੱਟੇ ਕਿੰਜ ਭੁਗਤਣੇ ਪੈਣੇ ਸਨ, ਜਦੋਂ ਇਸ ਪੜ੍ਹਤ ਦੀ ਖਤਰਨਾਕ ਸੰਭਾਵਨਾ ਵਜੋਂ ਕਾਮਰੇਡ ਸਟਾਲਿਨ ਦੇ ਰੂਪ ਵਿਚ ਮਾਨਵੀ ਸਭਿਅਤਾ ਦੇ ਹੁਣ ਤਕ ਦੇ ਇਤਿਹਾਸ ਦੀ ਸਭ ਤੋਂ ਵਿਕਰਾਲ ਰਾਖਸ਼ੀ ਆਤਮਾ ਉਜਾਗਰ ਹੋ ਜਾਣੀ ਸੀ, ਤੇ ਜਿਸ ਦੇ ਮੂਹਰੇ ਨੀਰੋ, ਚੰਗੇਜ਼, ਤੈਮੂਰ ਲੰਗ ਵਰਗੇ ਜ਼ਾਲਮਾਂ ਨੇ ਵੀ ਸ਼ਰਮ ਨਾਲ ਪਾਣੀਓਂ ਪਾਣੀ ਹੋ ਜਾਣਾ ਸੀ।

'ਦਿ ਕੈਂਬਰਿਜ ਹਿਸਟਰੀ ਆਫ ਪਰਸ਼ੀਆ' ਦੇ ਪੰਨਾ 55 'ਤੇ ਦਰਜ ਇਕਤਰਫੇ ਜਿਹੇ ਹਵਾਲੇ ਅਨੁਸਾਰ ਤੈਮੂਰ ਨੇ ਫਾਰਸ (ਮੌਜੂਦਾ ਇਰਾਨ) ਦੀ ਆਪਣੀ ਮੁਹਿੰਮ ਦੇ ਅਖੀਰ ਵਿਚ ਸਾਲ 1387 ਵਿਚ ਇਸਫਾਹਾਨ ਨਾਂ ਦਾ ਵਾਪਾਰਕ ਕੇਂਦਰ ਫਤਿਹ ਕੀਤਾ, ਲੋਕਾਂ 'ਤੇ ਟੈਕਸ ਲਗਾਏ ਜੋ ਉਨ੍ਹਾਂ ਦੇ ਵਿੱਤੋਂ ਬਾਹਰ ਸਨ। ਇੱਕਾ-ਦੁੱਕਾ ਲੋਕਾਂ ਨੇ ਤੰਗ ਆ ਕੇ ਉਸ ਦੇ ਕੁਝ ਸਿਪਾਹੀਆਂ ਨੂੰ ਮਾਰ ਦਿੱਤਾ ਤਾਂ ਉਸ ਨੇ ਕਤਲੇਆਮ ਦਾ ਹੁਕਮ ਚਾੜ੍ਹ ਦਿਤਾ। ਕੋਈ ਦੋ ਲੱਖ ਆਮ ਲੋਕ ਪਲਾਂ ਵਿਚ ਹੀ ਮਾਰ ਦਿਤੇ ਗਏ। ਇਸ ਕਾਰੇ ਦੇ ਚਸ਼ਮਦੀਦ 'ਗਵਾਹਾਂ' ਅਨੁਸਾਰ ਸ਼ਹਿਨਸ਼ਾਹ ਨੂੰ ਖੁਸ਼ ਕਰਨ ਲਈ ਉਸ ਦੇ ਪੈਰੋਕਾਰਾਂ ਨੇ ਪਲਾਂ ਵਿਚ ਹੀ ਸ਼ਹਿਰ ਦੇ ਇਰਦ-ਗਿਰਦ 15-15 ਸੌ ਆਦਮੀਆਂ ਦੇ ਸਿਰਾਂ ਦੇ 32 ਢੇਰ ਲਗਾ ਦਿਤੇ। 10-12 ਸਾਲ ਬਾਅਦ ਉਸ ਨੇ 17 ਦਸੰਬਰ 1398 ਨੂੰ ਦਿੱਲੀ ਫਤਿਹ ਕੀਤੀ ਤੇ ਇੰਨਾ ਉਜਾੜਾ ਪਾਇਆ ਕਿ ਪੂਰੇ 100 ਵਰ੍ਹੇ ਸ਼ਹਿਰ ਤਾਬ ਨਾ ਆ ਸਕਿਆ। ਜੰਗ ਤੋਂ ਪਹਿਲਾਂ ਹੀ ਉਸ ਕਰੀਬ ਇਕ ਲੱਖ ਹਿੰਦੋਸਤਾਨੀ ਕੈਦੀਆਂ ਨੂੰ ਕਤਲ ਕਰਵਾ ਦਿਤਾ। ਇਸੇ ਤਰ੍ਹਾਂ 2006 ਵਿਚ ਛਪੀ ਜਸਟਿਨ ਮਾਰੋਜੀ ਦੀ ਪੁਸਤਕ 'ਤੇਮਰਲੇਨ: ਸਵੋਰਡ ਆਫ ਇਸਲਾਮ' ਵਿਚ ਦਰਜ ਵੇਰਵਿਆਂ ਅਨੁਸਾਰ ਮੌਜੂਦਾ ਅਫਗਾਨਿਸਤਾਨ ਵਿਚ ਅਜਿਹੀ ਹੀ ਇਕ ਖੂਨਾਮੀ ਦੀ ਸਜ਼ਾ ਵਜੋਂ ਇਕ ਸ਼ਹਿਰ ਅੰਦਰ 20000 ਵਿਅਕਤੀਆਂ ਕੋਲੋਂ ਤਾਲ ਖੁਦਵਾਇਆ ਗਿਆ ਅਤੇ ਉਸੇ ਵਿਚ ਖੜ੍ਹੇ ਕਰ ਕੇ ਉਨ੍ਹਾਂ ਨੂੰ ਜਿਉਂਦਿਆਂ ਹੀ ਦਫਨ ਕਰਵਾ ਦਿਤਾ। ਸ਼ਾਇਰ-ਏ-ਆਜ਼ਮ ਮੁਹੰਮਦ ਇਕਬਾਲ ਨੇ ਇਸੇ ਤੈਮੂਰ ਲੰਗ ਦੀ ਇਸਲਾਮ ਦੀ ਸ਼ਾਨ ਨੂੰ ਦੇਣ ਲਈ ਸਿਫਤਿ-ਸਲਾਹ ਕਰਦਿਆਂ 'ਤੈਮੂਰ ਦਾ ਖੁਆਬ' ਨਾਂ ਦਾ ਬਦਨਾਮ ਕਸੀਦਾ ਵੀ ਲਿਖਿਆ, ਪਰ ਉਹ ਮੱਧ ਯੁੱਗ ਦੇ ਤਕਾਜ਼ੇ ਸਨ ਅਤੇ ਇਕਬਾਲ ਨੂੰ ਤੈਮੂਰ ਲੰਗ ਵਿਚ ਕਿਹੜੀ 'ਸ਼ਾਨ' ਨਜ਼ਰ ਆਈ, ਅਸੀਂ ਉਸ ਬਾਰੇ ਬਹਿਸ ਨਹੀਂ ਕਰਾਂਗੇ। ਜੋਜ਼ਿਫ ਸਟਾਲਿਨ ਦੀ ਮੌਤ ਤੇ ਘਰੋਗੀ ਜੰਗ ਦੇ ਸਮਿਆਂ ਬਾਰੇ ਚਰਚਿਤ ਨਾਵਲ 'ਭਾਂਜ' ਦਾ ਲੇਖਕ ਅਲੈਕਸੀ ਫੈਦੇਯੇਵ ਜਦੋਂ ਉਸ ਨੂੰ 'ਕਾਇਨਾਤ ਦਾ ਸਭ ਤੋਂ ਮਹਾਨ ਮਾਨਵਵਾਦੀ ਆਗੂ' ਕਹਿ ਕੇ ਵਡਿਆਉਂਦਾ ਹੈ ਤਾਂ ਰੋਣ ਆਉਂਦਾ ਹੈ। ਨਿਸਚੇ ਹੀ ਸਟਾਲਿਨ ਦੇ ਅਣਗਿਣਤ ਗੁਨਾਹ ਤੈਮੂਰ ਲੰਗ ਦੇ ਗੁਨਾਹਾਂ ਤੋਂ ਵੀ ਕਿਤੇ ਘਿਨਾਉਣੇ ਅਤੇ ਸ਼ਰਮਨਾਕ ਸਨ।

ਪਾਸ਼ ਨੇ ਸ਼ੁਰੂ ਸ਼ੁਰੂ ਵਿਚ ਸ਼ਿਕਵੇ ਦੇ ਰੌਂਅ 'ਚ 'ਕਾਮਰੇਡ ਨਾਲ ਸੰਵਾਦ' ਰਚਾਉਣ ਲਈ ਤਕੜਾ ਹੰਭਲਾ ਮਾਰਿਆ ਸੀ, ਪਰ ਜਲਦੀ ਹੀ ਉਹ ਇਸ ਸੰਵਾਦ ਨੂੰ ਹੋਰ ਅੱਗੇ ਤੋਰਨ ਦੀ ਲੋੜ ਨੂੰ ਭੁਲ ਭੁਲਾ ਗਿਆ। ਇਹ 1974 ਦੀਆਂ ਗੱਲਾਂ ਹਨ।

*(ਬਾਕੀ ਅਗਲੇ ਅੰਕ ਵਿਚ)*

## 'ਕਿਤਾਬ ਆਸਮਾਨ ਦੀ' ਤਿਆਰ ਕਰਦਿਆਂ

*(ਸਫਾ 21 ਦੀ ਬਾਕੀ)*

ਫ਼ਰਕ ਕਰਨਾ ਬਿਲਕੁਲ ਏਨਾ ਹੀ ਮੁਸ਼ਕਿਲ ਮਹਿਸੂਸ ਹੋ ਰਿਹਾ ਸੀ ਜਿਵੇਂ ਘਾੜਤ ਨੂੰ ਗਹਿਣੇ ਨਾਲੋਂ ਵੱਖ ਕਰਨਾ।

ਮੇਰਾ ਇਕ ਸ਼ਿਅਰ ਹੈ,

ਬਦਨ ਹੈ ਬਰਫ਼ ਦਾ ਤੇ ਦੋਸਤੀ ਚਰਾਗ਼ਾਂ ਦੀ,
ਕਿ ਮੇਰੀ ਨਸਲ ਨੂੰ ਇਹ ਕਿਸ ਤਰ੍ਹਾਂ ਦਾ ਸ਼ੌਕ ਰਿਹਾ।

ਇਸ ਲਈ ਪਹਿਲਾਂ ਕਿਤਾਬ ਦਾ ਨਾਮ 'ਬਦਨ ਹੈ ਬਰਫ਼ ਦਾ' ਰੱਖਿਆ। ਪਰ ਇਸ ਵਿਚ ਰਵਾਨੀ ਨਹੀਂ ਸੀ। 'ਬੱਬੇ' ਬੁੱਲਾਂ ਵਿਚ ਬਹੁਤ ਫਸਦੇ ਸਨ। ਫਿਰ 'ਦੋਸਤੀ ਚਿਰਾਗ਼ਾਂ ਦੀ' ਰੱਖਿਆ ਅਤੇ ਇਹ ਲਗਪਗ ਅੰਤਿਮ ਹੀ ਸੀ। ਪਰ ਜਦੋਂ ਮੈਂ ਸ਼ਿਅਰ ਲਿਖਿਆ,

ਸਮਝ ਕਦੇ ਤਾਂ ਔਣਗੇ
ਇਸ਼ਾਰਿਆਂ ਦੇ ਲਫ਼ਜ਼ ਨੇ।
ਕਿਤਾਬ ਆਸਮਾਨ ਦੀ
ਸਿਤਾਰਿਆਂ ਦੇ ਲਫ਼ਜ਼ ਨੇ।

ਤਾਂ ਮੈਨੂੰ ਲੱਗਿਆ ਕਿ ਮੇਰੀ ਕਿਤਾਬ ਜਿਹੜੀ ਦਿਨੋ-ਦਿਨ ਲੇਟ ਹੁੰਦੀ ਜਾ ਰਹੀ ਸੀ, ਸ਼ਾਇਦ ਆਪਣੇ ਨਾਮ ਦੀ ਹੀ ਉਡੀਕ ਵਿਚ ਸੀ। ਇੰਜ ਇਸ ਕਿਤਾਬ ਦਾ ਨਾਮ 'ਕਿਤਾਬ ਆਸਮਾਨ ਦੀ' ਏਨਾ ਢੁੱਕਵਾਂ ਸਾਬਿਤ ਹੋਇਆ ਕਿ ਇਸ ਨੇ ਜਿਵੇਂ ਮੈਨੂੰ ਸਾਰੇ ਦੇ ਸਾਰੇ ਨੂੰ ਕਲਾਵੇ ਵਿਚ ਲੈ ਲਿਆ।

ਇਸ ਦੌਰਾਨ ਮੈਂ ਟੈਲੀਫੋਨ, ਇੰਟਰਨੈਟ ਅਤੇ ਫੇਸ-ਬੁੱਕ ਤੋਂ ਪਾਸਾ ਵੱਟੀ ਰੱਖਿਆ। ਯਾਰਾਂ-ਦੋਸਤਾਂ ਨਾਲ ਵੀ ਗੱਲ-ਬਾਤ ਬਹੁਤ ਘੱਟ ਕਰਦਾ ਰਿਹਾ ਹਾਂ। ਮੈਨੂੰ ਜਾਪਦਾ ਸੀ, ਮੇਰੀ ਸੋਚ ਵਿਚ ਕਾਵਿ ਦੀ ਖ਼ੁਸ਼ਬੂ ਦਾ ਅਜਿਹਾ ਫੁੱਲ ਖਿੜਿਆ ਹੋਇਆ ਹੈ, ਜੇ ਮੈਂ ਕਿਸੇ ਨਾਲ ਗੱਲ ਕਰ ਲਈ ਤਾਂ ਇਹ ਫੁੱਲ ਪੱਤੀ ਪੱਤੀ ਹੋ ਜਾਵੇਗਾ। ਮੇਰੀ ਇਕਾਗਰਤਾ ਦਿਨੋ ਦਿਨ ਗਹਿਰੀ ਤੋਂ ਗਹਿਰੀ ਹੁੰਦੀ ਗਈ। ਅਮਰੀਕਾ ਦੀ 'ਮੁਨਾਫ਼ਾ ਕੇਂਦਰਿਤ ਜ਼ਿੰਦਗੀ' ਇਹ ਕਾਵਿਕ ਅਨੁਭਵ ਮੇਰੀ ਜ਼ਿੰਦਗੀ ਦਾ ਹਾਸਿਲ ਹੈ।

ਦੋਸਤੋ ਸਾਲ 2015 ਵਿਚ ਆਪਣੇ ਨਾਲ ਇਕ ਵਾਅਦਾ ਵੀ ਕੀਤਾ। ਕਿਤਾਬ ਹਮੇਸ਼ਾ ਮੁੱਲ ਖ਼ਰੀਦ ਕੇ ਪੜ੍ਹਾਂਗਾ। ਨਾ ਕਿਸੇ ਤੋਂ ਕਿਤਾਬ ਭੇਟ ਦੇ ਰੂਪ ਵਿਚ ਲਵਾਂਗਾ, ਨਾ ਆਪਣੀ ਕਿਤਾਬ ਭੇਟ ਕਰਾਂਗਾ। ਮੇਰਾ ਵਿਸ਼ਵਾਸ ਹੈ ਕਿ ਜਿਸ ਨੇ ਕਿਤਾਬ ਪੜ੍ਹਨੀ ਹੋਵੇ, ਉਹ ਮੁੱਲ ਖ਼ਰੀਦ ਕੇ ਵੀ ਪੜ੍ਹ ਲਵੇਗਾ, ਜਿਸ ਨੇ ਨਹੀਂ ਪੜ੍ਹਨੀ ਉਸ ਨੂੰ ਭਾਵੇਂ ਘਰ ਜਾ ਕੇ ਕਿਤਾਬ ਦੇ ਆਓ ਤਾਂ ਵੀ ਨਹੀਂ ਪੜ੍ਹੇਗਾ।

# ਚੌਬਾਰਾ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਦੀ ਹਿਫਾਜ਼ਤ

ਪ੍ਰੋ. ਹਰਪਾਲ ਸਿੰਘ ਪੰਨੂ
ਫੋਨ: 91-94642-51454

ਪਾਠਕਾਂ ਨੇ ਬਾਬਾ ਮੋਹਨ ਜੀ ਦੇ ਚੌਬਾਰੇ ਦੀ ਸਾਖੀ ਸੁਣੀ ਹੋਈ ਹੋਵੇਗੀ ਜਿਥੋਂ ਗੁਰੂ ਅਰਜਨ ਦੇਵ ਜੀ ਹੱਥ ਲਿਖਤ ਪੋਥੀਆਂ ਹਾਸਲ ਕਰਨ ਦੀ ਬੇਨਤੀ ਲੈ ਕੇ ਸੰਗਤ ਸਮੇਤ ਪੁੱਜੇ ਸਨ, ਸ਼ਬਦ ਗਾਇਨ ਕੀਤਾ ਸੀ:

ਮੋਹਨ ਤੇਰੇ ਉਚੇ ਮੰਦਰ ਮਹਲ ਅਪਾਰਾ॥

ਕੁਝ ਆਲੋਚਕ ਇਸ ਗੱਲ ਨੂੰ ਸਹੀ ਨਹੀਂ ਮੰਨਦੇ ਕਿ ਗੁਰੂ ਜੀ ਨੇ ਕਿਸੇ ਵਿਅਕਤੀ ਦਾ ਗੁਣਗਾਇਨ ਕੀਤਾ ਹੋਵੇ, ਇਹ ਮਨਘੜਤ ਗੱਲ ਹੈ। ਸਾਨੂੰ ਇਸ ਘਟਨਾ ਦੇ ਸਹੀ ਜਾਂ ਗਲਤ ਹੋਣ ਨਾਲ ਅੱਜ ਵਾਹ ਵਾਸਤਾ ਨਹੀਂ ਪਰ ਇਹ ਸੱਚ ਹੈ ਕਿ ਇਹ ਉਹ ਸਥਾਨ ਹੈ ਜਿਥੇ ਗੋਇੰਦਵਾਲ ਨਗਰ ਵਿਚ ਗੁਰੂ ਅਮਰਦਾਸ ਜੀ ਦਾ ਨਿਵਾਸ ਸੀ। ਹੁਣ ਕਾਰ ਸੇਵਾ ਕਰਦਿਆਂ ਇਹ ਪੁਰਾਤਨ ਪਵਿਤਰ ਘਰ ਪੂਰਾ ਲੱਭ ਗਿਆ ਹੈ। ਨੁਸ਼ਹਿਰਾ ਪੰਨੂਆਂ ਤੋਂ ਭਾਈ ਕੰਵਲਬੀਰ ਸਿੰਘ ਪੰਨੂ (ਫੋਨ 91-98766-98066) ਨੇ ਖੁਦਾਈ ਦੀਆਂ ਤਸਵੀਰਾਂ ਭੇਜੀਆਂ ਹਨ। ਕੇਂਦਰੀ ਕਮਰਾ ਵੱਡਾ ਹੈ ਜਿਸ ਵਿਚ ਘੜਵੰਜੀਆਂ ਦਿਖਾਈ ਦਿੰਦੀਆਂ ਹਨ। ਘੜਵੰਜੀ ਕੰਧ ਵਿਚ ਬਣਿਆ ਉਹ ਅਲਮਾਰੀਨੁਮਾ ਵੱਡਾ ਖਾਨਾ ਹੋਇਆ ਕਰਦਾ ਸੀ ਜਿਥੇ ਪੀਣ ਵਾਲੇ ਪਾਣੀ ਦੇ ਘੜੇ ਰੱਖੇ ਜਾਂਦੇ ਸਨ।

ਇਕ ਵਡ-ਆਕਾਰੀ ਚੁੱਲ੍ਹਾ ਮਿਲਿਆ ਹੈ ਜਿਸ ਉਪਰ ਵੱਡੀ ਦੇਗ ਰੱਖ ਕੇ ਖਾਣਾ ਤਿਆਰ ਕੀਤਾ ਜਾਂਦਾ ਸੀ। ਕੰਧਾਂ ਨਿੱਕੀਆਂ ਇੱਟਾਂ ਦੀਆਂ ਬਣੀਆਂ ਹੋਈਆਂ ਹਨ, ਜਿਨ੍ਹਾਂ ਉਪਰ ਚੂਨੇ ਦਾ ਪਲਸਤਰ ਸੀ। ਪਲਸਤਰ ਹੇਠਾਂ ਕਾਇਮ ਹੈ, ਉਪਰੋਂ ਉਖੜ ਗਿਆ ਹੈ। ਕਾਰ ਸੇਵਾ ਵਾਲੇ ਵਾਹੋਦਾਹੀ ਇਸ ਸਾਰੀ ਇਮਾਰਤ ਨੂੰ ਢਾਹ ਰਹੇ ਸਨ ਕਿ ਕੁਝ ਸਿਆਣੇ ਬੰਦਿਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਹ ਪਵਿਤਰ ਨਿਸ਼ਾਨੀਆਂ ਬਚਾਉਣ ਲਈ ਕਿਹਾ। ਪ੍ਰਧਾਨ ਨੇ ਇਕ ਵਾਰ ਤਾਂ ਖੁਦਾਈ ਰੁਕਵਾ ਦਿੱਤੀ ਪਰ ਕਾਰਸੇਵਾ ਦਾ ਤੂਫਾਨ ਕਦੋਂ ਰੁਕਣ ਵਿਚ ਆਉਂਦਾ ਹੈ। ਚੁਲ੍ਹਾ ਢਾਹ ਦਿੱਤਾ ਗਿਆ। ਜੇ.ਸੀ.ਬੀ. ਮਸ਼ੀਨਾਂ ਫਿਰ ਚੱਲ ਪਈਆਂ ਹਨ। ਸੰਗਤ ਨੇ ਦੇਖਿਆ ਹੋਵੇਗਾ ਗੁਰੂ ਸਾਹਿਬ ਜੀ ਦਾ ਜਿਹੜਾ ਚੁਲ੍ਹਾ ਸਾਹਿਬ ਕਾਰ ਸੇਵਾ ਵਾਲਿਆਂ ਨੇ ਬਣਾ ਰੱਖਿਆ ਹੈ, ਉਹ ਸੰਗਮਰਮਰ ਦਾ ਹੈ।




ਸੰਤ ਫਰਾਂਸਿਸ ਅਸਿੱਸੀ ਬਹੁਤ ਵਡੇ ਧਰਮਾਤਮਾ ਪੁਰਖ ਈਸਾਈ ਧਰਮ ਦੇ ਪ੍ਰਚਾਰਕ ਤੇ ਸਾਧਕ ਸਨ। ਅਸਿੱਸੀ ਪਿੰਡ ਵਿਚੋਂ ਉਨ੍ਹਾਂ ਦਾ ਥੇਹ ਵਿਚ ਦਬਿਆ ਪੂਰਾ ਘਰ ਈਸਾਈਆਂ ਨੇ ਖੁਦਾਈ ਵਿਚੋਂ ਸੰਭਾਲ ਲਿਆ। ਥੇਹ ਦੇ ਉਪਰ ਗਿਰਜਾ ਸੁਸ਼ੋਭਿਤ ਹੈ ਤੇ ਸੰਤ ਫਰਾਂਸਿਸ ਦੇ ਘਰ ਦਾ ਦੀਦਾਰ ਕਰਨ ਲਈ ਹੇਠ ਅੰਦਰੋਂ ਪੌੜੀਆਂ ਉਤਰਦੀਆਂ ਹਨ। ਇਹ ਸ਼ਾਨਦਾਰ ਪੁਰਾਣਾ ਸਾਦਾ ਘਰ ਦੇਖਣ ਯੋਗ ਹੈ।

ਸੁਲਤਾਨਪੁਰ ਲੋਧੀ ਬੇਬੇ ਨਾਨਕੀ ਜੀ ਦਾ ਸ਼ਾਨਦਾਰ ਪੁਰਾਣਾ ਘਰ ਢਾਹਿਆ ਜਾ ਚੁਕਾ ਹੈ। ਹੁਣ ਗੁਰੂ ਅਮਰਦਾਸ ਜੀ ਦਾ ਸੰਭਾਲਣ ਯੋਗ ਯਾਦਗਾਰੀ ਪੁਰਾਤਨ ਨਿਵਾਸ ਖਤਮ ਕਰਨ ਦੀਆਂ ਤਿਆਰੀਆਂ ਹਨ। ਇਹ ਨੋਟ ਪਾਠਕਾਂ ਦੇ ਧਿਆਨ ਵਿਚ ਲਿਆਉਣ ਲਈ ਇਸ ਕਰਕੇ ਲਿਖਿਆ ਹੈ ਤਾਂ ਕਿ ਸ਼ਰਧਾਵਾਨਾਂ ਦੀ ਫਰਿਆਦ ਸੁਣ ਕੇ ਸ਼੍ਰੋਮਣੀ ਕਮੇਟੀ ਇਸ ਪਵਿਤਰ ਥਾਂ ਦੀ ਸੰਭਾਲ ਕਰਨ ਦੀ ਜ਼ਿਮੇਵਾਰੀ ਨਿਭਾਏ।

ਕਹਾਣੀ

# ਬਾਸਮਤੀ ਦੀ ਮਹਿਕ

***ਕਹਾਣੀਕਾਰ ਨਵਤੇਜ ਸਿੰਘ ਦੀ ਕਹਾਣੀ 'ਬਾਸਮਤੀ ਦੀ ਮਹਿਕ' ਸਹਿਜ ਪਿਆਰ ਦੀ ਕਹਾਣੀ ਹੈ। ਇਹ ਉਸ ਦੌਰ ਦੀ ਕਥਾ ਹੈ ਜਦੋਂ ਪਿਆਰ ਪੈਰ ਪੈਰ 'ਤੇ ਕੁਰਬਾਨੀ ਮੰਗਦਾ ਸੀ। ਨਵਤੇਜ ਨੇ ਇਹ ਪਿਆਰ ਕਹਾਣੀ ਸੁਣਾਉਂਦਿਆਂ ਆਲਾ-ਦੁਆਲਾ ਬੰਨ੍ਹ ਕੇ ਬਿਠਾ ਲਿਆ ਲਗਦਾ ਹੈ। ਹਰ ਦ੍ਰਿਸ਼ ਨੂੰ ਉਹ ਕਿਸੇ ਚਿੱਤਰਕਾਰ ਵਾਂਗ ਚਿੱਤਰਦਾ ਲਗਾਤਾਰ ਰੰਗ ਭਰੀ ਜਾਂਦਾ ਹੈ। ਉਹਦੀਆਂ ਹੋਰ ਕਹਾਣੀਆਂ ਵਾਂਗ ਇਸ ਕਹਾਣੀ ਵਿਚ ਵੀ ਸ਼ਬਦ ਤੇ ਸੰਚਾਰ ਮਾਨੋ ਨੱਚ ਰਹੇ ਹੋਣ। -ਸੰਪਾਦਕ***

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਸਾਡਾ ਵਤਨ ਨਵਾਂ ਨਵਾਂ ਵੰਡਿਆ ਗਿਆ ਸੀ ਤੇ ਇਹਦੇ ਦੋਵਾਂ ਹਿੱਸਿਆਂ ਵਿਚ ਭੂਤਾਂ ਨੇ ਉਧੜ-ਧੁੰਮੀ ਮਚਾਈ ਹੋਈ ਸੀ।

ਰਣਧੀਰ ਅੰਮ੍ਰਿਤਸਰ ਵਿਚ ਫਸਿਆ ਹੋਇਆ ਸੀ। ਉਹਨੇ ਦਿੱਲੀ ਆਪਣੇ ਮਾਪਿਆਂ ਕੋਲ ਪੁੱਜਣਾ ਸੀ, ਪਰ ਗੱਡੀਆਂ ਰੁਕੀਆਂ ਹੋਈਆਂ ਸਨ, ਜਾਂ ਕਦੇ ਕਦੇ ਸ਼ਰਨਾਰਥੀਆਂ ਨਾਲ ਤੂੜੀਆਂ ਚੱਲਦੀਆਂ ਸਨ।

ਹਾਰ ਕੇ ਅਖ਼ੀਰ ਉਹ ਆਪਣੇ ਦੋਸਤ ਬਲਬੀਰ ਨਾਲ ਉਹਦੇ ਮੋਟਰਸਾਈਕਲ ਉਤੇ ਹੀ ਜਲੰਧਰ ਵੱਲ ਤੁਰ ਪਿਆ। ਬਲਬੀਰ ਨੇ ਵੀ ਦਿੱਲੀ ਕਿਸੇ ਬੜੇ ਜ਼ਰੂਰੀ ਕੰਮ ਲਈ ਜਾਣਾ ਸੀ। "ਫ਼ੌਜੀ ਟਰੱਕਾਂ ਅੱਜ ਕੱਲ੍ਹ ਜਲੰਧਰੋਂ ਆਮ ਦਿੱਲੀ ਜਾਂਦੀਆਂ ਨੇ", ਬਲਬੀਰ ਨੇ ਉਹਨੂੰ ਦੱਸਿਆ ਸੀ, "ਟਰੱਕਾਂ ਦਾ ਇੰਚਾਰਜ ਮੇਜਰ ਮੇਰਾ ਚੰਗਾ ਵਾਕਫ਼ ਏ, ਉਹਦੇ ਰਾਹੀਂ ਦਿੱਲੀ ਜਾਣ ਦਾ ਕੋਈ ਰਾਹ ਨਿਕਲ ਹੀ ਆਏਗਾ।"

ਅੱਜ ਕੱਲ੍ਹ ਤਾਂ ਭਾਵੇਂ ਜਲੰਧਰ ਅੰਮ੍ਰਿਤਸਰੋਂ ਇਕ ਦੁਰਾਡੇ ਮੁਹੱਲੇ ਵਾਂਗ ਜਾਪਦਾ ਹੈ, ਪਰ ਉਨ੍ਹੀਂ ਦਿਨੀਂ ਦੋਵਾਂ ਸ਼ਹਿਰਾਂ ਵਿਚਾਲੇ ਲਾਸ਼ਾਂ ਨਾਲ ਹੜ੍ਹੇ ਹੋਏ ਨਾਲੇ ਵਗਦੇ ਸਨ ਤੇ ਸੜਕਾਂ ਕਾਫ਼ਲਿਆਂ ਨਾਲ ਡੱਕੀਆਂ ਹੋਈਆਂ ਸਨ। ਕਾਫ਼ਲਾ-ਸਾਲਾਰ

ਨਵਤੇਜ ਸਿੰਘ

ਊਠਾਂ ਉਤੇ ਨਹੀਂ ਸਨ, ਟੈਂਕਾਂ ਵਿਚ ਸਨ, ਤੇ ਕਾਫ਼ਲੇ ਵਾਲੇ ਆਪਣੀ ਮੰਜ਼ਲ ਵੱਲ ਨਹੀਂ ਸਨ ਵਧ ਰਹੇ, ਮੰਜ਼ਲੋਂ ਭਟਕਾਏ ਔਝੜਾਂ ਨੂੰ ਹਿੱਕੇ ਜਾ ਰਹੇ ਸਨ। ਰਾਹ ਵਿਚ ਟੈਂਕਾਂ ਦੇ ਹੁੰਦਿਆਂ-ਸੁੰਦਿਆਂ ਆਪਣੇ ਹੀ ਵਤਨੀ, ਆਪਣੇ ਹੀ ਹਮਸਾਇਆਂ ਦੇ ਮੁਹਾਂਦਰੇ ਵਾਲੇ ਲੋਕ, ਧਾੜਵੀ ਬਣ ਕੇ ਟੁੱਟ ਪੈਂਦੇ ਸਨ ਤੇ ਚੀਕਾਂ ਸਨ, ਕੁਰਲਾਹਟਾਂ ਸਨ, ਅੱਖਾਂ ਸਨ। ਰਾਹ ਸਨ ਜਿਵੇਂ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਹੋਵੇ, ਤੇ ਡੰਗਰ ਤੇ ਉਨ੍ਹਾਂ ਦੇ ਮਨੁੱਖ ਮਾਲਕ ਇਕੱਠੇ ਮੋਏ ਪਏ ਸਨ, ਤੇ ਰਜ਼ਾਈਆਂ ਦੇ ਡਕਰੇ ਕੀਤੇ ਪਏ ਸਨ, ਸੜਕ ਕੰਢੇ ਦੇ ਰੁੱਖ ਰੁੰਡ-ਮੁੰਡ ਸਨ-ਕੁਰੁੱਤੀ ਪਤਝੜ...।

ਰਣਧੀਰ ਤੇ ਉਹਦਾ ਦੋਸਤ ਛੇ ਘੰਟਿਆਂ ਵਿਚ ਜਲੰਧਰ ਸ਼ਹਿਰ ਪੁੱਜੇ। ਸ਼ਹਿਰੋਂ ਬਲਬੀਰ ਨੇ ਛਾਉਣੀ ਆਪਣੇ ਵਾਕਫ਼ ਮੇਜਰ ਨੂੰ ਫੋਨ ਕੀਤਾ। ਮੇਜਰ ਨੇ ਅੱਗਿਉਂ ਦੱਸਿਆ ਕਿ ਸਬੱਬ ਨਾਲ ਕੱਲ੍ਹ ਸਵੇਰ ਸਾਰ ਚਾਰ ਵਜੇ ਦਿੱਲੀ ਜਾਣ ਵਾਲੀ ਟਰੱਕ ਵਿਚ ਦੋ ਜਣਿਆਂ ਦੀ ਥਾਂ ਹੈ ਸੀ। ਉਹਨੇ ਬੜੇ ਖੁੱਲ੍ਹੇ ਦਿਲ ਨਾਲ ਬਲਬੀਰ ਨੂੰ ਦੋਸਤ ਸਣੇ ਰਾਤ ਛਾਉਣੀ ਉਨ੍ਹਾਂ ਦੇ ਘਰ ਰਹਿਣ ਲਈ ਕਿਹਾ, "ਏਨੀ ਸਵੇਰੇ ਤੁਸੀਂ ਸ਼ਹਿਰੋਂ ਪੁੱਜ ਨਹੀਂ ਸਕਣ ਲੱਗੇ।"

ਦੋਵੇਂ ਕਿਸੇ ਹੋਟਲ ਵਿਚੋਂ ਰੋਟੀ ਖਾ ਕੇ ਛਾਉਣੀ ਵੱਲ ਹੋ ਪਏ। ਮੇਜਰ ਸਾਹਿਬ ਦੀ ਕੋਠੀ ਛੇਤੀ ਹੀ ਲੱਭ ਪਈ। ਸੁਡੌਲ ਤਕੜੇ ਸਰੀਰ ਵਾਲੇ ਮੇਜਰ ਸਾਹਿਬ ਬੜੇ ਖਿੜੇ ਮੱਥੇ ਅੱਗਿਉਂ ਮਿਲੇ, ਅਰਦਲੀ ਨੂੰ ਮੋਟਰਸਾਈਕਲ ਦੀ ਸੌਂਪਣਾ ਕਰ, ਦੋਵਾਂ ਪ੍ਰਾਹੁਣਿਆਂ ਨੂੰ ਆਪਣੇ ਡਰਾਇੰਗ ਰੂਮ ਵਿਚ ਲੈ ਗਏ।

---

ਅੰਦਰ ਉਨ੍ਹਾਂ ਦੇ ਹੋਰ ਦੋਸਤ ਵਰਦੀਆਂ ਪਾਈ ਬੈਠੇ ਸਨ। ਸ਼ਰਾਬ ਦੀਆਂ ਬੋਤਲਾਂ ਸਨ। ਊਣੇ ਤੇ ਭਰੇ ਬਲੌਰੀ ਗਲਾਸ ਸਨ। ਬੜੇ ਬਰੀਕ ਸੁਹਜ ਨਾਲ ਕਮਰਾ ਸਜਾਇਆ ਹੋਇਆ ਸੀ ਤੇ ਇਕ ਇਸਤਰੀ ਸੀ, "ਮੇਰੀ ਵਾਈਫ ਸੁਖਵੰਤ, ਤੇ ਡਾਰਲਿੰਗ ਇਹ ਬਲਬੀਰ ਜੀ ਨੇ। ਮੈਂ ਜ਼ਿਕਰ ਕੀਤਾ ਸੀ ਨਾ ਇਨ੍ਹਾਂ ਦਾ, ਜਿਹੜੇ ਮੈਨੂੰ ਗੁਲਮਰਗ ਮਿਲੇ ਸਨ ਤੇ ਬੜੀਆਂ ਸੁਹਣੀਆਂ ਤਸਵੀਰਾਂ ਖਿੱਚਦੇ ਹਨ, ਤੇ ਇਹ ਨੇ ਇਨ੍ਹਾਂ ਦੇ ਦੋਸਤ...।"

"ਰਣਧੀਰ ਜੀ, ਸ਼ੈਦ ਤੁਸੀਂ ਇਨ੍ਹਾਂ ਦੀਆਂ ਕਵਿਤਾਵਾਂ...।" ਬਲਬੀਰ ਨੇ ਕਿਹਾ।

"ਰਣਧੀਰ ਜੀ, ਜੀਅ ਆਇਆਂ ਨੂੰ। ਕਿਹਾ ਚੰਗਾ ਇਤਫਾਕ ਏ। ਡਾਰਲਿੰਗ, ਇਨ੍ਹਾਂ ਤੋਂ ਤਾਂ ਚੰਗੀ ਤਰ੍ਹਾਂ ਜਾਣੂ ਹਾਂ। ਅਸੀਂ ਕਾਲਜ ਵਿਚ ਇਕੱਠੇ ਪੜ੍ਹਦੇ ਰਹੇ ਹਾਂ। ਇਨ੍ਹਾਂ ਦੇ ਪਿਤਾ ਜੀ ਮੇਰੇ ਪਿਤਾ ਜੀ ਦੇ ਬੜੇ ਦੋਸਤ ਨੇ। ਹਾਂ, ਰਣਧੀਰ ਜੀ, ਸੁਣਾਓ ਕੀ ਹਾਲ ਏ ਤੁਹਾਡਾ।"

ਕੁਝ ਰਸਮੀ ਗੱਲਾਂ ਪਿੱਛੋਂ ਮੇਜਰ ਸਾਹਿਬ ਤੇ ਬਲਬੀਰ ਪੀਣ ਵਾਲਿਆਂ ਵਿਚ ਜਾ ਸ਼ਾਮਲ ਹੋਏ।

ਰਣਧੀਰ ਪੀਂਦਾ ਨਹੀਂ ਸੀ, ਉਹਨੂੰ ਸੁਖਵੰਤ ਨੇ ਮਹਿਫ਼ਲ ਤੋਂ ਦੁਰੇਡੇ ਆਪਣੇ ਕੋਲ ਬਿਠਾ ਲਿਆ।

ਸੁਖਵੰਤ ਤੇ ਰਣਧੀਰ ਜਿਥੇ ਬੈਠੇ ਸਨ, ਉਥੇ ਇਕ ਅਜੀਬ ਜਿਹੀ ਚੁੱਪ ਸੀ।

ਕਦੇ ਕਦੇ ਚੁੱਪ ਟੁੱਟਦੀ: "ਤੁਹਾਡੇ ਮਾਤਾ ਜੀ ਰਾਜ਼ੀ ਨੇ? ਕਿਥੇ ਹੁੰਦੇ ਨੇ ਅੱਜ ਕੱਲ੍ਹ?"

"ਹਾਂ, ਬੜੇ ਰਾਜ਼ੀ, ਤੇ ਤੁਹਾਡੀ ਮਾਤਾ ਜੀ ਠੀਕ ਨੇ?"

"ਹਾਂ ਤੇ ਤੁਹਾਡੀਆਂ ਕਵਿਤਾਵਾਂ ਦਾ ਕੀ ਹਾਲ ਏ?"

"ਕਵਿਤਾਵਾਂ! ਉਹ ਰਾਜ਼ੀ ਨਹੀਂ, ਤੇ ਤੁਹਾਡੇ ਗੌਣ ਦਾ ਕੀ ਹਾਲ ਏ?"

"ਉਹ ਵੀ ਰਾਜ਼ੀ ਨਹੀਂ।"

ਰਣਧੀਰ ਤੇ ਸੁਖਵੰਤ ਦੋਵੇਂ ਹੱਸ ਪਏ, ਪਰ ਜਿਵੇਂ ਕਈ ਵਾਰ ਕਿਸੇ ਚਿੱਟੀ ਸ਼ੈਅ ਵਿਚ ਚਿਟਿਆਈ ਘੱਟ ਤੇ ਹੋਰ ਕੋਈ ਭਾਅ ਵੱਧ ਹੁੰਦੀ ਹੈ, ਇੰਜ ਹੀ ਦੋਵਾਂ ਦੇ ਹਾਸੇ ਵਿਚ ਹਾਸਾ ਘੱਟ ਤੇ ਹੋਰ ਕਿਸੇ ਜਜ਼ਬੇ ਦੀ ਭਾਅ ਵੱਧ ਸੀ।

ਦੂਜੇ ਪਾਸੇ ਮਹਿਫ਼ਲ ਜੰਮਦੀ ਜਾ ਰਹੀ ਸੀ, ਗਲਾਸ ਖਣਕ ਰਹੇ ਸਨ, ਕੋਈ ਵਲੈਤੀ ਸੁਰ ਟੁਣਟੁਣਾ ਰਿਹਾ ਸੀ।

ਸੁਖਵੰਤ ਤੇ ਰਣਧੀਰ ਵਿਚਾਲੇ ਫੇਰ ਕੁਝ ਚਿਰ ਪਿਛੋਂ ਚੁੱਪ ਟੁੱਟੀ: "ਧੀਰ ਤੂੰ ਮੇਰੇ ਨਾਲ ਨਾਰਾਜ਼ ਏਂ?" ਸੁਖਵੰਤ ਦੇ ਬੁੱਲ੍ਹ ਬੇਮਲੂਮੇ ਕੰਬ ਰਹੇ ਸਨ।

ਜਦੋਂ ਦਾ ਉਹ ਆਇਆ ਸੀ, ਉਦੂੰ ਪਿਛੋਂ ਹੁਣ ਕਿਤੇ ਰਣਧੀਰ ਨੇ ਪਹਿਲੀ ਵਾਰ ਪੂਰੀ ਤਰ੍ਹਾਂ ਸੁਖਵੰਤ ਨਾਲ ਆਪਣੀਆਂ ਅੱਖਾਂ ਭਰ ਲਈਆਂ...ਭਰੇ ਭਾਂਡੇ ਬੇਆਵਾਜ਼ ਹੁੰਦੇ ਹਨ।

"ਧੀਰ, ਤੂੰ ਮੈਨੂੰ ਮੁਆਫ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਏਨਾ ਦੁੱਖ ਦਿੱਤਾ ਏ।"

"ਤੂੰ ਮੈਨੂੰ ਅਨੰਤ ਬਣਾ ਦਿੱਤਾ, ਅਜਿਹਾ ਹੈ ਤੇਰਾ ਅਨੰਦ।" ਟੈਗੋਰ ਦੀਆਂ ਇਹ ਸਤਰਾਂ ਕਦੇ ਰਣਧੀਰ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ ਉਤੇ ਲਿਖ ਕੇ ਸੁਖਵੰਤ ਨੂੰ ਦਿੱਤੀਆਂ ਸਨ...।

"ਧੀਰ ਮੈਨੂੰ ਮੁਆਫ...।"

ਮੇਜਰ ਸਾਹਿਬ ਆ ਗਏ, "ਐਕਸਕਯੂਜ਼ ਮੀ, ਡਾਰਲਿੰਗ। ਡਾਕਟਰ ਕਹਿ ਰਿਹਾ ਏ, ਹੋਰ ਲੇਟ ਤੁਹਾਨੂੰ ਨਹੀਂ ਜਾਗਣਾ ਚਾਹੀਦਾ, ਤੇ ਬੇਬੀ ਦੇ ਫੀਡ ਦਾ ਵੀ ਵਕਤ ਹੋ ਗਿਆ ਏ, ਆਯਾ ਬੁਲਾਣ ਆਈ ਸੀ।"

ਮੇਜਰ ਸਾਹਿਬ ਦੇ ਬੋਲ ਕੁਝ ਥਥਲਾ ਰਹੇ ਸਨ, ਲੱਤਾਂ ਵਿਚ ਬੇਮਲੂਮੀ ਕੰਬਣੀ ਸੀ, ਹੱਥ ਵਿਚ ਫੜਿਆ ਗਲਾਸ ਵੀ ਕੰਬ ਰਿਹਾ ਸੀ।

"ਚੰਗਾ ਰਣਧੀਰ ਜੀ, ਮੁਆਫ ਕਰਨਾ ਬੇਬੀ ਛੋਟਾ ਏ, ਤੇ ਨਾਲੇ ਮੈਂ ਹੁਣੇ ਹੁਣੇ ਟਾਈਫ਼ਾਈਡ ਤੋਂ ਉਠੀ ਹਾਂ...।"

ਤੇ ਸੁਖਵੰਤ ਚਲੀ ਗਈ।

ਇਕਦਮ ਰਣਧੀਰ ਨੂੰ ਜਾਪਿਆ ਕਿ ਕਮਰੇ ਵਿਚ ਹੁਣ ਸ਼ਰਾਬ ਦੀ ਬੂ ਹੀ ਬਾਕੀ ਰਹਿ ਗਈ ਸੀ।

"ਤੁਸੀਂ ਸਾਡੇ ਵਿਚ ਤਾਂ ਮਿਕਸ ਨਹੀਂ ਹੁੰਦੇ। ਉਨ੍ਹਾਂ ਕਿਤਾਬਾਂ ਨਾਲ ਹੀ ਦਿਲ ਲਾ ਲਓ। ਹੈਰਾਨ ਕਿਉਂ ਹੁੰਦੇ ਹੋ, ਉਹ ਸੁਖਵੰਤ ਦੀਆਂ ਕਿਤਾਬਾਂ ਦੀ ਅਲਮਾਰੀ ਏ। ਅਸੀਂ ਫੌਜੀ ਆਦਮੀ ਕਿਥੇ ਲਿਟਰੇਚਰ ਨਾਲ ਮਗਜ਼ ਮਾਰਦੇ ਹਾਂ...ਉਮੀਦ ਏ ਕੁਝ ਇੰਟਰਸਟਿੰਗ ਤੁਹਾਨੂੰ ਉਸ ਅਲਮਾਰੀ ਵਿਚੋਂ ਲੱਭ ਪਏਗਾ। ਵੈਸੇ ਸੌਣ ਲਈ ਬਾਹਰ ਵਰਾਂਡੇ ਵਿਚ ਤੁਹਾਡੇ ਦੋਵਾਂ ਦੇ ਬਿਸਤਰ ਲੁਆਏ ਹੋਏ ਨੇ। ਜਦੋਂ ਵੀ ਸੌਣਾ ਚਾਹੋ, ਯੂ ਆਰ ਵੈਲਕਮ...ਆਪਣਾ ਘਰ ਸਮਝੋ। ਹਾਂ, ਤੇ ਬਲਬੀਰ ਤਾਂ ਯਾਰ ਬਾਸ਼ ਬੰਦਾ ਏ, ਉਹ ਤਾਂ ਸਾਡੇ ਕੋਲ ਦੇਰ ਲਾਏਗਾ। ਅੱਛਾ ਐਕਸਕਯੂਜ਼ ਮੀ।" ਮੇਜਰ ਸਾਹਿਬ ਆਪਣੀ ਮਹਿਫ਼ਲ ਵਿਚ ਜਾ ਰਲੇ।

ਸੁਖਵੰਤ ਦੀਆਂ ਕਿਤਾਬਾਂ ਕੋਲ ਰਣਧੀਰ ਇਕੱਲਾ ਖੜੋਤਾ ਰਿਹਾ। ਕਿੰਨੀਆਂ ਹੀ ਕਿਤਾਬਾਂ ਉਹਦੀਆਂ ਜਾਣੀਆਂ ਪਛਾਣੀਆਂ ਸਨ। ਉਹ ਟੈਗੋਰ ਦੀ ਚੋਣਵੀਂ ਰਚਨਾ ਸੀ, ਉਹ ਕਾਲੀਦਾਸ ਦੀ 'ਸ਼ਕੁੰਤਲਾ', ਉਹ ਚੈਖੋਵ ਦੀਆਂ ਕਹਾਣੀਆਂ ਸਨ ਤੇ ਉਹ ਗੋਰਕੀ ਦਾ ਨਾਵਲ 'ਮਾਂ'...। ਤੇ ਕੋਲ ਉਹਦਾ ਆਪਣਾ ਪਹਿਲਾ ਕਾਵਿ ਸੰਗ੍ਰਿਹ ਪਿਆ ਸੀ।

ਉਹਨੇ ਚੁਪਾਸੀਂ ਝਾਤੀ ਮਾਰੀ ਤੇ ਚੋਰਾਂ ਵਾਂਗ ਆਪਣੇ ਸੰਗ੍ਰਿਹ ਦਾ ਪਹਿਲਾ ਵਰਕਾ ਫੋਲਿਆ, ਉਹਨੂੰ ਦਿਸਿਆ:

ਸੁਖਵੰਤ!<br>
ਤੂੰ ਮੈਨੂੰ ਅਨੰਤ ਬਣਾ ਦਿੱਤਾ,<br>
ਅਜਿਹਾ ਹੈ ਤੇਰਾ ਅਨੰਦ<br>
-ਰਣਧੀਰ

ਤੇ ਉਹਦਾ ਦੂਜਾ ਸੰਗ੍ਰਹਿ ਵੀ ਹੈ ਸੀ, ਤੇ ਤੀਜਾ ਵੀ, ਤੇ ਉਹਦੀਆਂ ਕਵਿਤਾਵਾਂ ਵਾਲੇ ਰਿਸਾਲੇ ਵੀ।

ਹੁਣ ਸੁਖਵੰਤ ਚਲੀ ਗਈ ਸੀ। ਸਵੇਰੇ ਚਾਰ ਵਜੇ ਉਹਦੇ ਉਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ।

ਹੁਣੇ ਸੁਖਵੰਤ ਨੇ ਦੋ ਵਾਰ ਕਿਹਾ ਸੀ, "ਧੀਰ, ਤੂੰ ਮੈਨੂੰ ਮੁਆਫ਼ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਬੜਾ ਦੁੱਖ ਦਿੱਤਾ ਏ।"

ਤੇ ਰਣਧੀਰ ਚੁੱਪ ਰਿਹਾ ਸੀ, ਪਿਛਲੇ ਸਾਰੇ ਵਰ੍ਹੇ ਉਹਦੀ ਚੁੱਪ ਤੇ ਉਹਦੇ ਬੋਲ ਵਿਚਾਲੇ ਆਣ ਖੜੋਤੇ ਸਨ। ਨਾਰਾਜ਼ ਤਾਂ ਉਹ ਕਦੇ ਵੀ ਸੁਖਵੰਤ ਨਾਲ ਨਹੀਂ ਸੀ ਹੋਇਆ, ਤੇ ਜਦੋਂ ਵੀ ਸੁਖਵੰਤ ਨੇ ਉਹਦੇ ਕੋਲੋਂ ਕੁਝ ਮੰਗਿਆ ਸੀ, ਰਣਧੀਰ ਨੇ ਉਹਨੂੰ ਉਹ ਦਿੱਤਾ ਸੀ। ਤੇ ਅੱਜ ਸੁਖਵੰਤ ਨੇ ਮੁਆਫੀ ਮੰਗੀ ਸੀ। ਤੇ ਉਹ ਚੁੱਪ ਰਹਿ ਗਿਆ ਸੀ



ਤੇ ਹੁਣ ਸੁਖਵੰਤ ਚਲੀ ਗਈ ਸੀ ਤੇ ਸਵੇਰੇ ਉਹਦੇ ਉਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ। ਉਹਦੀ ਇਹ ਮੰਗ ਹੁਣ ਉਹ ਕਿਸ ਤਰ੍ਹਾਂ ਪੂਰੀ ਕਰ ਸਕੇਗਾ। ਕਿਸ ਤਰ੍ਹਾਂ...ਰਣਧੀਰ ਉਨ੍ਹਾਂ ਕਿਤਾਬਾਂ ਨਾਲ ਬੋਲਣਾ ਚਾਹੁੰਦਾ ਸੀ, ਸੁਖਵੰਤ ਦੀਆਂ ਕਿਤਾਬਾਂ ਨਾਲ; ਕਿਤਾਬਾਂ ਜਿਹੜੀਆਂ ਬੜਾ ਚਿਰ ਹੋਇਆ, ਉਹਦੇ ਤੇ ਸੁਖਵੰਤ ਦੇ ਦਿਲ ਵਿਚਾਲੇ ਪੁਲ ਬਣੀਆਂ ਸਨ।

ਉਹ ਕਿਵੇਂ ਲੋਚਦਾ ਸੀ ਕਿ ਕਦੇ ਜ਼ਿੰਦਗੀ ਦੇ ਇਨ੍ਹਾਂ ਵਿਸ਼ਾਲ ਰਾਹਾਂ ਉਤੇ ਉਹਨੂੰ ਸੁਖਵੰਤ ਪਲ ਦੀ ਪਲ ਮਿਲ ਪਏ। ਉਹਨੇ ਇਕ ਵਾਰੀ ਇਸ ਤਾਂਘ ਨੂੰ ਬਿਆਨ ਕਰਦਿਆਂ ਲਿਖਿਆ ਸੀ:

"ਫੋਲ ਕੇ ਦਿਲ ਦੀ ਜੰਤਰੀ,<br>
ਮੈਂ ਢੂੰਡਦਾ ਹਾਂ ਮਿਲਣ ਵਾਰ।"

ਤੇ ਕਿਹੋ ਜਿਹੀ ਰੁੱਤੇ ਮਿਲਣ ਵਾਰ ਆਇਆ ਸੀ ਅੱਜ। ਇਨ੍ਹੀਂ ਦਿਨੀਂ ਜਦੋਂ ਧਰਤੀਆਂ ਤੋੜੀਆਂ-ਵਿਛੋੜੀਆਂ ਜਾ ਰਹੀਆਂ ਸਨ, ਜਦੋਂ ਉਹ ਉਨ੍ਹਾਂ ਰਾਹਾਂ ਉਤੇ ਲੰਘ ਕੇ ਆਇਆ ਸੀ, ਜਿਨ੍ਹਾਂ ਉਤੇ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਸੀ।

ਬਿੰਦ ਦੀ ਬਿੰਦ ਉਹ ਮਿਲੇ ਸਨ। ਸੰਗਦੀ ਸੰਗਦੀ ਖੁਸ਼ਬੋਆਂ ਦੀ ਨਦੀ ਉਹਦੇ ਵੱਲ ਵਗਣ ਲੱਗੀ ਸੀ, ਤੇ ਸ਼ਰਾਬ ਦੀ ਹਵਾੜ ਨੇ ਬੰਨ੍ਹ ਮਾਰ ਦਿੱਤਾ ਸੀ।

ਰਣਧੀਰ ਵਰਾਂਡੇ ਵਿਚ ਚਲਿਆ ਗਿਆ। ਬਿਸਤਰੇ ਉਤੇ ਲੇਟ ਗਿਆ। ਨੀਂਦ ਨਾ ਆਈ, ਪਰ ਬੀਤੇ ਵਰ੍ਹੇ ਪੋਲੇ ਪੱਬੀਂ ਉਹਦੇ ਕੋਲ ਆਉਂਦੇ ਰਹੇ।

ਉਨ੍ਹਾਂ ਦੇ ਪਿੰਡ ਦੇ ਨੇੜੇ ਬੜਾ ਰਮਣੀਕ ਨਾਲਾ ਵਗਦਾ ਸੀ। ਸਾਲ ਦੇ ਅਖੀਰ ਉਤੇ ਰਣਧੀਰ ਦੇ ਘਰ ਵਾਲੇ ਸ਼ਹਿਰੋਂ ਆਪਣੇ ਦੋਸਤਾਂ ਸਬੰਧੀਆਂ ਨੂੰ ਬੁਲਾ ਇਸ ਨਾਲੇ ਉਤੇ ਪਿਕਨਿਕ ਕਰਨ ਜਾਂਦੇ ਹੁੰਦੇ ਸਨ। ਅੱਠ ਵਰ੍ਹੇ ਹੋਏ ਪਿਕਨਿਕ ਵਿਚ ਪਹਿਲੀ ਵਾਰ ਸੁਖਵੰਤ ਆਈ ਸੀ। ਉਥੇ ਰਣਧੀਰ ਨੇ ਕਵਿਤਾ ਸੁਣਾਈ ਸੀ ਜਿਸ ਵਿਚ ਉਦਾਸੀ ਦਾ ਰੰਗ ਹੱਦੋਂ ਗੂੜ੍ਹਾ ਸੀ। ਸਭਨਾਂ ਨੇ ਪ੍ਰਸ਼ੰਸਾ ਵਿਚ ਜ਼ੋਰ ਜ਼ੋਰ ਨਾਲ ਤਾੜੀਆਂ ਮਾਰੀਆਂ ਸਨ, ਪਰ ਸੁਖਵੰਤ ਅਡੋਲ ਰਹੀ ਸੀ।

ਪਿਕਨਿਕ ਦੀ ਗਹਿਮਾ-ਗਹਿਮੀ ਵਿਚ ਇਕੱਲੇ ਕਿਸੇ ਪਲ ਸੁਖਵੰਤ ਨੇ ਰਣਧੀਰ ਨੂੰ ਅਡੋਲ ਪੁੱਛਿਆ ਸੀ, "ਕੀ ਤੁਸੀਂ ਸੱਚੀ-ਮੁੱਚੀਂ ਏਨੇ ਹੀ ਉਦਾਸ ਹੋ ਜਿੰਨੀ ਤੁਹਾਡੀ ਕਵਿਤਾ ਏ? ਮੇਰਾ ਜੀਅ ਨਹੀਂ ਕਰਦਾ ਕਿ ਤੁਸੀਂ ਏਨੇ ਉਦਾਸ ਹੋਵੋ।"

ਤੇ ਰਣਧੀਰ ਨੇ ਵੇਖਿਆ, ਸੁਖਵੰਤ ਦੀਆਂ ਅੱਖਾਂ ਨਿਸੰਗ, ਪੂਰੀਆਂ ਖੁੱਲ੍ਹੀਆਂ ਉਹਦੇ ਵੱਲ ਉਤਾਂਹ ਨੂੰ ਤੱਕ ਰਹੀਆਂ ਸਨ ਤੇ ਇਹ ਮਮੋਲੇ ਨੈਣ, ਇਕ ਦੁਨੀਆਂ ਆਪਣੇ ਅੰਦਰ ਸਾਂਭੀ ਰਣਧੀਰ ਵੱਲ ਉਵੇਂ ਦੇ ਉਵੇਂ ਤੱਕੀ ਜਾ ਰਹੇ ਸਨ।

ਉਦੋਂ ਵੀ ਰਣਧੀਰ ਅੱਜ ਵਾਂਗ ਹੀ ਚੁੱਪ ਰਿਹਾ ਸੀ। ਏਸ ਤੱਕਣੀ ਤੇ ਏਸ ਚੁੱਪ ਤੋਂ ਉਨ੍ਹਾਂ ਦੋਵਾਂ ਦੀ ਸਾਂਝੀ ਜ਼ਿੰਦਗੀ ਸ਼ੁਰੂ ਹੁੰਦੀ ਸੀ।

ਆਦਿ ਚੁੱਪ...।

ਅੰਤ ਚੁੱਪ...।

...ਤੇ ਫੇਰ ਉਹ ਦੋਵੇਂ ਬੀ.ਏ. ਕਰ ਕੇ ਐਮ.ਏ. ਵਿਚ ਇਕੱਠੇ ਇਕੋ ਕਾਲਜ ਵਿਚ ਪੜ੍ਹੇ ਸਨ। ਵੰਨ-ਸਵੰਨੀਆਂ ਕਿਤਾਬਾਂ ਨੇ ਦੋਵਾਂ ਦਿਲਾਂ ਵਿਚਾਲੇ ਬੜਾ ਪਿਆਰਾ ਤੇ ਨਿੱਗਰ ਪੁਲ ਉਸਾਰ ਲਿਆ ਸੀ। ਰਣਧੀਰ ਦੀ ਕਵਿਤਾ ਸੁਖਵੰਤ ਨੂੰ ਬੜੀ ਚੰਗੀ ਲੱਗਦੀ ਸੀ। ਹੁਣ ਉਹਦੀ ਕਵਿਤਾ ਵਿਚ ਪਹਿਲਾਂ ਵਾਂਗ ਉਦਾਸੀ ਦਾ ਹੀ ਇਕ-ਰੰਗਾਪਣ ਨਹੀਂ ਸੀ ਰਿਹਾ, ਮਮੋਲੇ ਨੈਣਾਂ ਅੰਦਰ ਸਾਂਭੀ ਦੁਨੀਆਂ ਨੇ ਜਜ਼ਬਿਆਂ ਦੀ ਸਾਰੀ ਸਤਰੰਗੀ ਉਹਦੀਆਂ ਕਵਿਤਾਵਾਂ ਵਿਚ ਰਚਾ ਦਿੱਤੀ ਸੀ। ਰਣਧੀਰ ਨੂੰ ਸੰਗੀਤ ਬੜਾ ਪਿਆਰਾ ਲੱਗਦਾ ਸੀ ਤੇ ਸੁਖਵੰਤ ਦਾ ਕੋਈ ਗਲਾ ਸੀ!

...ਤੇ ਫੇਰ ਉਹ ਦੋਵੇਂ ਸਾਰੇ ਕਾਲਜ ਵਿਚ ਟੈਨਿਸ ਦੇ ਜੇਤੂ ਖਿਡਾਰੀ ਹੋ ਗਏ।

ਕਿਤਾਬਾਂ ਪੜ੍ਹਦਿਆਂ ਤੇ ਖਿਆਲਾਂ ਵਿਚ ਤੂਫ਼ਾਨ ਆ ਗਿਆ। ਦੋਵਾਂ ਦੀ ਜਵਾਨੀ ਦੇ ਪਵਿੱਤਰ ਜਜ਼ਬਿਆਂ ਨੂੰ ਸੂਝ ਦੀ ਟੋਹਣੀ ਲੱਭ ਪਈ। ਉਨ੍ਹਾਂ ਮਨੁੱਖ ਦੀ ਸਾਂਝੀ ਖੁਸ਼ੀ ਸੰਗਰਾਮ ਤੇ ਇਸ ਸੰਗਰਾਮ ਵਿਚ ਸਾਥੀਆਂ ਵਿਚਾਲੇ ਪੁੰਗਰਦੀ ਮੁਹੱਬਤ ਦੇ ਰੰਗ ਆਪਣੇ ਵਿਚ ਰਚਾ ਲਏ।

ਹੁਣ ਰਣਧੀਰ ਤੇ ਸੁਖਵੰਤ ਟੈਨਿਸ ਕੋਰਟ ਵਿਚ ਘੱਟ ਦਿਸਦੇ ਸਨ ਤੇ ਮੀਟਿੰਗਾਂ, ਬਹਿਸਾਂ, ਜਲਸਿਆਂ ਵਿਚ ਵੱਧ। ਰਣਧੀਰ ਦੀਆਂ ਕਵਿਤਾਵਾਂ ਵਿਚ ਲੋਕ ਪੀੜ ਦੀ ਚੀਸ, ਤੇ ਸਾਂਝੀਆਂ ਖੁਸ਼ੀਆਂ ਦੀ ਆਸ ਵੀ ਰਲ ਗਈ। ਸੁਖਵੰਤ ਉਹਦੇ ਲਿਖੇ ਗੀਤ ਬੜੇ ਜੋਸ਼ ਨਾਲ ਗਾਉਂਦੀ। "ਇਹ ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਸਾਡਾ ਦੋਗਾਣਾ ਏ", ਸੁਖਵੰਤ ਨੇ ਇਕ ਵਾਰ ਰਣਧੀਰ ਨੂੰ ਕਿਹਾ ਸੀ।

ਕਾਲਜ ਦੀ ਪੜ੍ਹਾਈ ਮੁਕਾ ਲੈਣ ਪਿਛੋਂ ਇਕ ਵਾਰ ਸੁਖਵੰਤ ਰਣਧੀਰ ਦੇ ਪਿੰਡ ਆਈ ਸੀ। ਉਹ ਇਕੱਠੇ ਸੈਰ ਕਰਨ ਲਈ ਬਾਹਰ ਪੈਲੀਆਂ ਵੱਲ ਦੂਰ ਨਿਕਲ ਗਏ ਸਨ।

ਇਕ ਪੈਲੀ ਕੋਲ ਸੁਖਵੰਤ ਰੁਕ ਗਈ ਤੇ ਉਹਨੇ ਬੜੀ ਹੈਰਾਨੀ ਨਾਲ ਪੁੱਛਿਆ ਸੀ, "ਇਥੇ ਤੇ ਇੰਜ ਏ ਜਿਵੇਂ ਬੜੇ ਸੁਹਣੇ ਪੁਲਾਅ ਦੀ ਖੁਸ਼ਬੋ ਆ ਰਹੀ ਹੋਵੇ। ਬੜੀ ਹੈਰਾਨੀ ਦੀ ਗੱਲ ਏ, ਵਸੋਂ ਤਾਂ ਏਥੋਂ ਬੜੀ ਦੂਰ ਏ।"

ਤੇ ਰਣਧੀਰ ਨੇ ਦੱਸਿਆ ਸੀ, "ਇਹ ਬਾਸਮਤੀ ਦੀ ਈ ਤਾਂ ਪੈਲੀ ਏ। ਝੱਲੀਏ ਸ਼ਹਿਰਨੇ, ਇਹਦੀ ਖੁਸ਼ਬੋ ਈ ਤਾਂ ਪੁਲਾਵਾਂ ਵਿਚ ਹੁੰਦੀ ਏ।"

ਤੇ ਸੁਖਵੰਤ ਜਿਹਦਾ ਪਿਓ ਚੌਲਾਂ ਦਾ ਉਘਾ ਵਪਾਰੀ ਸੀ, ਆਪਣੇ ਅਣਜਾਣਪੁਣੇ ਉਤੇ ਬੜੀ ਸ਼ਰਮਾਈ। ਉਹਦੀਆਂ ਪੁਸ਼ਾਕਾਂ, ਉਹਦੀ ਪੜ੍ਹਾਈ, ਉਹਦਾ ਸੰਗੀਤ ਬਾਸਮਤੀ ਵਿਚੋਂ ਹੀ ਉਪਜੇ ਸਨ, ਪਰ ਉਹਨੇ ਬਾਸਮਤੀ ਦੀ ਪੈਲੀ ਕਦੇ ਨਹੀਂ ਸੀ ਤੱਕੀ।

ਆਥਣ ਦੇ ਮਟਕ ਚਾਨਣੇ ਵਿਚ ਸੁਖਵੰਤ ਤੇ ਰਣਧੀਰ ਬਾਸਮਤੀ ਦੀ ਪੈਲੀ ਦੇ ਇਕ ਬੰਨੇ ਬਹਿ ਗਏ ਸਨ।

ਸੁਖਵੰਤ ਨੇ ਬੜੇ ਲਾਡ ਨਾਲ ਬਾਸਮਤੀ ਦੀਆਂ ਮੁੰਜਰਾਂ ਨੂੰ ਦੁਲਾਰਿਆ। ਉਹਨੇ ਉਨ੍ਹਾਂ ਸੁਬਕ ਲੜੀਆਂ ਵਿਚੋਂ ਦੂਧੀਆ ਦਾਣੇ ਕੱਢੇ, ਰਣਧੀਰ ਦੇ ਮੂੰਹ ਵਿਚ ਪਾਏ ਤੇ ਫੇਰ ਆਪਣੇ ਮੂੰਹ ਵਿਚ।

"ਮੈਂ ਬਾਸਮਤੀ ਦੀ ਪੂੰਜੀ ਉਤੇ ਪਲ ਕੇ ਏਡੀ ਹੋਈ ਹਾਂ, ਪਰ ਮੈਂ ਬਾਸਮਤੀ ਹੁਣ ਤੋਂ ਪਹਿਲਾਂ ਕਦੇ ਨਹੀਂ ਵੇਖੀ। ਤੇ ਜਿਹੜੇ ਨਿੱਤ ਬਾਸਮਤੀਆਂ ਉਗਾਣ ਲਈ ਏਨੀ ਮਿਹਨਤ ਕਰਦੇ ਨੇ, ਸ਼ਾਇਦ ਉਨ੍ਹਾਂ ਪੂੰਜੀ ਕਦੇ ਨਹੀ ਦੇਖੀ।"

ਤੇ ਫੇਰ ਇੰਜ ਸੀ ਜਿਵੇਂ 'ਮਾਂ' ਦਾ ਲੇਖਕ ਗੋਰਕੀ ਉਨ੍ਹਾਂ ਦੋਵਾਂ ਕੋਲ ਇਸ ਪੈਲੀ ਦੇ ਬੰਨੇ ਆਣ ਬੈਠਾ ਹੋਵੇ, ਤੇ ਜਵਾਨੀ ਨੇ ਬੜੇ ਇਰਾਦੇ ਬਣਾਏ, ਨਵੀਂ ਦੁਨੀਆਂ ਸਾਜਣ ਦੇ, ਸੰਗਰਾਮ ਵਿਚ ਰਲਣ ਦੇ, ਇਕੱਠੇ ਇਸ ਰਾਹ ਉਤੇ ਤੁਰਨ ਦੇ, ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਆਪਣਾ ਦੋਗਾਣਾ ਸਦਾ ਗਾਉਂਦੇ ਰਹਿਣ ਦੇ। ਤੇ ਦੋਵਾਂ ਨੇ ਇਕ ਦੂਜੇ ਦੇ ਹੱਥ ਘੁੱਟ ਲਏ, ਇਕ ਦੂਜੇ ਦੁਆਲੇ ਬਾਹਵਾਂ ਘੁੱਟ ਲਈਆਂ। ਬਾਸਮਤੀ ਦੀ ਮਹਿਕ ਤੇ ਜ਼ਿੰਦਗੀ ਦੇ ਨਵੇਂ ਇਰਾਦਿਆਂ ਵਿਚ ਅਜਿਹਾ ਨਸ਼ਾ ਸੀ ਕਿ ਦੋਵਾਂ ਦੇ ਬੁੱਲ੍ਹ ਜੁੜ ਗਏ। ਦੂਧੀਆ ਦਾਣਿਆਂ ਦਾ ਸਵਾਦ ਦੁਵੱਲੀਂ ਰਲ ਗਿਆ।

ਉਹ ਬਾਸਮਤੀ ਦੀ ਪੈਲੀ ਤੋਂ ਬੜੇ ਨਰੋਏ ਹੋ ਕੇ ਪਰਤੇ ਸਨ।

ਇਨ੍ਹੀਂ ਦਿਨੀਂ ਹੀ ਰਣਧੀਰ ਦਾ ਪਹਿਲਾ ਕਾਵਿ ਸੰਗ੍ਰਹਿ ਛਪਿਆ ਸੀ।...

"ਸੁਖਵੰਤ!<br>
ਤੂੰ ਮੈਨੂੰ ਅਨੰਤ ਬਣਾ ਦਿੱਤਾ ਏ,<br>
ਅਜਿਹਾ ਹੈ ਤੇਰਾ ਅਨੰਦ।"

---

ਤੇ ਫੇਰ ਬੁੱਢੀਆਂ ਕਾਲੀਆਂ ਕੀਮਤਾਂ ਨੇ ਜਵਾਨੀ ਨੂੰ ਪੱਛਣਾ ਸ਼ੁਰੂ ਕੀਤਾ।

ਸੁਖਵੰਤ ਦੇ ਘਰ ਦੇ ਬੜੇ ਖੁੱਲ੍ਹੇ ਦਿਲ ਦੇ ਸਨ, ਪਰ ਕੋਈ ਹੱਦ ਹੁੰਦੀ ਏ।

ਏਡੇ ਚੰਗੇ ਘਰ ਦੀ ਕੁੜੀ ਕਿਸੇ ਕਵੀ ਨਾਲ ਕਿਵੇਂ ਵਿਆਹੀ ਜਾ ਸਕਦੀ ਹੈ! ਤੇ ਉਹ ਵੀ ਇਨਕਲਾਬ ਦਾ ਜਨੂੰਨੀ ਕਵੀ।

ਫੇਰ ਮੇਲ-ਜੋਲ ਬੰਦ।

ਚਿੱਠੀ ਪੱਤਰ ਬੰਦ।

ਇਕ-ਦੂਜੇ ਦੀ ਸੋਅ ਬੰਦ।

ਮਾਪਿਆਂ ਨੇ ਸੁਖਵੰਤ ਨੂੰ ਦੂਰ ਬੰਬਈ ਉਹਦੇ ਵੱਡੇ ਭਰਾ ਕੋਲ ਭੇਜ ਦਿੱਤਾ।

ਪਹਿਰੇ ਤਣ ਗਏ।

ਇਕ ਸਾਲ ਬੀਤ ਗਿਆ, ਹੋਰ ਸਾਲ ਤੇ ਇਕ ਹੋਰ।

ਅਵਾਈਆਂ ਆਉਂਦੀਆਂ ਰਹੀਆਂ। ਸੁਖਵੰਤ ਡਟੀ ਰਹੀ, ਜਦੋਂ ਕੋਈ ਰਣਧੀਰ ਦਾ ਨਾਂ ਲਏ, ਉਹਦੀ ਮਾਂ ਨੂੰ ਗਸ਼ ਪੈ ਜਾਂਦੀ; ਉਹਦਾ ਪਿਓ ਉਹਦੇ ਨਾਲ ਬੋਲਦਾ ਨਾ; ਉਹਦਾ ਭਰਾ ਕਿਸੇ ਫੌਜੀ ਅਫ਼ਸਰ

***(ਬਾਕੀ ਅਗਲੇ ਸਫੇ 'ਤੇ)***

# ਰਾਜਿਆ ਤੈਨੂੰ ਤਖ਼ਤ ਦਾ, ਮੈਨੂੰ ਕਲਾ ਦਾ ਮਾਣ!

ਸਿਆਣਿਆਂ ਨੇ ਸੱਚ ਕਿਹਾ ਹੈ ਕਿ ਬੰਦੇ ਨੂੰ ਅਤੀਤ ਹਮੇਸ਼ਾਂ ਚੰਗਾ ਲਗਦਾ ਹੈ ਕਿਉਂਕਿ ਬੰਦਾ ਆਪਣੇ ਵਰਤਮਾਨ ਤੋਂ ਅਕਸਰ ਅਸੰਤੁਸ਼ਟ ਹੁੰਦਾ ਹੈ। ਅਜੋਕੇ ਸਮੇਂ ਇਹ ਗੱਲ, ਖਾਸ ਕਰਕੇ ਮਨੁੱਖੀ ਰਿਸ਼ਤਿਆਂ ਦੇ ਮਾਮਲੇ ਵਿਚ ਹੈ ਵੀ ਸੋਲਾਂ ਆਨੇ ਸੱਚ। ਪੈਸਾ ਅਤੇ ਪਦਾਰਥਵਾਦ ਇੰਨਾ ਹਾਵੀ ਹੋ ਚੁਕਾ ਹੈ ਕਿ ਭੇਦ-ਭਾਵ ਅਤੇ ਲੋਭ-ਲਾਲਚ ਤੋਂ ਨਿਰਲੇਪ ਭਾਈਚਾਰਕ ਰਿਸ਼ਤੇ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ। ਅਜਿਹੇ ਰਿਸ਼ਤੇ ਨਿਭਾਉਣ ਵਾਲੇ 'ਸਤਿਯੁਗੀ' ਬੰਦੇ ਲੋਕ ਮਨਾਂ ਦੀ ਸਦੀਵੀ ਯਾਦ ਬਣ ਗਏ ਹਨ। ਵਡੇਰੀ ਉਮਰ ਦੇ ਲੋਕ ਜਦੋਂ ਉਨ੍ਹਾਂ ਨੂੰ ਚੇਤੇ ਕਰਦੇ ਹਨ ਤਾਂ ਉਨ੍ਹਾਂ ਉਪਰ ਜਿਵੇਂ ਕੋਈ ਇਲਾਹੀ ਵਿਸਮਾਦ ਛਾ ਜਾਂਦਾ ਹੈ। ਗਲਪਕਾਰ ਤੇ ਪੱਤਰਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਉਨ੍ਹਾਂ ਭਲੇ ਵੇਲਿਆਂ ਨੂੰ ਚੇਤੇ ਕੀਤਾ ਹੈ। ਇਸ ਲੜੀ ਦੇ ਕੁਝ ਲੇਖ ਅਸੀਂ ਕੁਝ ਸਮਾਂ ਪਹਿਲਾਂ ਛਾਪ ਚੁਕੇ ਹਾਂ। ਇਸ ਲੇਖ ਵਿਚ ਉਨ੍ਹਾਂ ਮਾਲਵੇ ਦੇ ਗਮੰਤਰੀਆਂ ਅਤੇ ਵਜੰਤਰੀਆਂ ਨੂੰ ਚੇਤੇ ਕੀਤਾ ਹੈ। -ਸੰਪਾਦਕ

## ਸਤਿਯੁਗੀ ਬੰਦੇ-6



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

ਮੇਰੇ ਬਚਪਨ ਸਮੇਂ ਸਾਡੇ ਪਿੰਡਾਂ ਉਤੇ ਰਿਆਸਤੀ ਰਾਜਿਆਂ ਦਾ ਰਾਜ ਹੁੰਦਾ ਸੀ। ਮੇਰਾ ਪਿੰਡ ਪਿਥੋ ਨਾਭਾ ਰਿਆਸਤ ਵਿਚ ਸੀ। ਪਿੰਡਾਂ ਦੀਆਂ ਸੱਥਾਂ ਵਿਚ ਅਜਿਹੀਆਂ ਗੱਲਾਂ ਆਮ ਹੀ ਹੁੰਦੀਆਂ ਸਨ ਕਿ ਨਾਭਾ, ਪਟਿਆਲਾ, ਫ਼ਰੀਦਕੋਟ, ਸੰਗਰੂਰ, ਆਦਿ ਰਿਆਸਤਾਂ ਦੇ ਰਾਜੇ ਭਲਵਾਨਾਂ, ਵਿਦਵਾਨਾਂ, ਕਵੀਸ਼ਰਾਂ, ਗਮੰਤਰੀਆਂ ਤੇ ਵਜੰਤਰੀਆਂ ਦੀ ਕਦਰ, ਹੌਸਲਾ-ਅਫ਼ਜ਼ਾਈ ਤੇ ਸਾਂਭ-ਸੰਭਾਲ ਕਰਨਾ ਆਪਣਾ ਫ਼ਰਜ਼ ਸਮਝਦੇ ਸਨ। ਕੁਝ ਰਾਜਿਆਂ ਨੂੰ ਸਮਝ ਹੁੰਦੀ, ਕੁਝ ਦਾ ਸ਼ੌਕ ਹੁੰਦਾ ਤੇ ਬਾਕੀ ਰੀਸੋ-ਰੀਸੀ ਅਜਿਹਾ ਕਰਦੇ।

ਸਾਡੀ ਨਾਭਾ ਰਿਆਸਤ ਦਾ ਮਹਾਰਾਜਾ ਹੀਰਾ ਸਿੰਘ ਗੌਣ ਸੁਣਨ ਦਾ ਬੜਾ ਸ਼ੌਕੀਨ ਸੀ। ਧਨੌਲੇ ਨੇੜਲੇ ਪਿੰਡ ਲੋਹਾਖੇੜਾ ਦਾ ਮੋਦਨ, ਜਿਸ ਨੂੰ 'ਮਾਲਵੇ ਦਾ ਤਾਨਸੈਨ' ਆਖਿਆ ਜਾਂਦਾ ਸੀ, ਉਹਦਾ ਖਾਸ ਕਿਰਪਾ-ਪਾਤਰ ਸੀ। ਮਹਾਰਾਜਾ ਜੈਤੋ ਦੇ ਇਕ ਉਤਾਰੇ ਸਮੇਂ ਮੋਦਨ ਦੇ ਚੇਲੇ, ਪਿੰਡ ਵੱਡੀ ਗੁਮਟੀ ਦੇ ਖਿੱਦੂ ਦਾ ਗੌਣ ਮਾਣ ਰਿਹਾ ਸੀ। ਉਹਨੇ ਕਲੀ ਚੁੱਕੀ, "ਬੰਨ੍ਹ ਲੰਗੋਟਾ ਹੀਰ ਨੈਂ ਵਿਚ ਠਿੱਲ੍ਹ ਪਈ, ਕਰਦੀ ਜਾਂਦੀ ਮਾਹੀ ਮਾਹੀ ਮਾਹੀ!" ਇਹ ਬੋਲ ਸੁਣ ਕੇ ਹੀਰਾ ਸਿੰਘ ਹੈਰਾਨ ਹੋਇਆ, "ਗਮੰਤਰੀਆ, ਜਨਾਨੀ ਦੇ ਲੰਗੋਟ?" ਖਿੱਦੂ ਕਹਿੰਦਾ, "ਮਹਾਰਾਜ, ਜਤ-ਸਤ ਦਾ ਲੰਗੋਟ!" ਮਹਾਰਾਜੇ ਨੇ ਖਿੱਦੂ ਦੀ ਦਲੀਲ ਤੋਂ ਖ਼ੁਸ਼ ਹੋ ਕੇ ਉਥੇ ਹੀ ਇਕ ਰੁਪਈਆ ਰੋਜ਼ਾਨਾ ਬੰਨ੍ਹ ਦਿੱਤਾ।

ਮਹਾਰਾਜਾ ਸੰਗਰੂਰ ਰਘੁਬੀਰ ਸਿੰਘ ਨੇ ਢੱਡਿਆਂ ਵਾਲਾ ਵਧਾਵਾ ਦਰਬਾਰੀ ਗਮੰਤਰੀ ਰੱਖਿਆ ਹੋਇਆ ਸੀ। ਜਦੋਂ ਇੰਗਲੈਂਡ ਵਿਚ ਪਾਰਲੀਮੈਂਟ ਨੇ ਮਲਕਾ ਵਿਕਟੋਰੀਆ ਨੂੰ ਹਿੰਦੁਸਤਾਨ ਦੀ ਮਹਾਰਾਣੀ ਐਲਾਨਿਆ, ਇਸ ਐਲਾਨ ਦਾ ਜਸ਼ਨ ਦਿੱਲੀ ਵਿਚ ਇਕ ਦਰਬਾਰ ਦੇ ਰੂਪ ਵਿਚ ਮਨਾਇਆ ਗਿਆ। ਵਾਇਸਰਾਏ ਦੇ ਅਜਿਹੇ ਜਸ਼ਨਾਂ ਵਿਚ ਰਿਆਸਤੀ ਰਾਜਿਆਂ ਦਾ ਹਾਜ਼ਰੀ ਭਰਨਾ ਜ਼ਰੂਰੀ ਹੁੰਦਾ ਸੀ। ਕਹਿੰਦੇ, ਮਹਾਰਾਜਾ ਸੰਗਰੂਰ ਵਧਾਵੇ ਨੂੰ ਆਪਣੇ ਨਾਲ ਦਿੱਲੀ ਲੈ ਗਿਆ। ਉਥੋਂ ਦੇ ਕਈ ਦਿਨ ਦੇ ਨਿਵਾਸ ਸਮੇਂ ਉਹ ਉਹਦੇ ਮਹਿਮਾਨ ਰਾਜਿਆਂ, ਅਹਿਲਕਾਰਾਂ ਤੇ ਸਰਦਾਰਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਬਣਿਆ ਰਿਹਾ। ਮਹਾਰਾਜਾ ਪਟਿਆਲਾ ਵੀ ਉਹਦਾ ਕਦਰਦਾਨ ਸੀ। ਕਈ ਧਨਾਡ ਉਹਨੂੰ ਵਿਆਹ-ਸਾਹੇ ਸਮੇਂ ਬੁਲਾਉਂਦੇ। ਉਸ ਜ਼ਮਾਨੇ ਵਿਚ ਉਹਨੂੰ ਸੋਨੇ ਦੀ ਛਾਪ ਤੇ ਸਵਾ ਸੌ ਰੁਪਈਆ ਭੇਟ ਕੀਤਾ ਜਾਂਦਾ; ਸਭ ਸਾਥੀਆਂ ਨੂੰ ਚੁਤੱਹੀਆਂ ਤੇ ਰਸਦ ਵੱਖਰੀ।

ਫ਼ਰੀਦਕੋਟ ਦੇ ਰਾਜਿਆਂ ਦੀ ਸਿੱਧੀ ਸਰਪ੍ਰਸਤੀ ਅਤੇ ਹਾਜ਼ਰੀ ਸਦਕਾ ਉਥੋਂ ਦਾ ਦੁਸਹਿਰਾ ਦੂਰ ਦੂਰ ਤੱਕ ਮਸ਼ਹੂਰ ਹੋਇਆ। ਦੁਸਹਿਰੇ ਦੇ ਮੇਲੇ ਵੇਲੇ ਗੌਣ ਤਾਂ ਲੱਗਣੇ ਹੀ ਹੋਏ। ਬੁਢਲਾਡੇ ਨੇੜਲੇ ਪਿੰਡ ਹਸਨਪੁਰ ਦਾ ਜੱਟ ਪਰਤਾਪਾ ਮਹਾਰਾਜੇ ਦਾ ਖਾਸ ਚਹੇਤਾ ਗਮੰਤਰੀ ਸੀ। ਜਾਂ ਫੇਰ ਰਾਉਆਲੇ ਦਾ ਰੁਲੀਆ ਉਹਦੇ ਬਰਾਬਰ ਮੜਿੱਕਦਾ। ਇਹ ਉਹੋ ਰੁਲੀਆ ਸੀ ਜੀਹਦੇ ਸਾਰੰਗੀ ਦੇ ਗਜ਼ ਨਾਲ ਤਾਂ ਹਰ ਵਜੰਤਰੀ ਵਾਂਗੂੰ ਘੁੰਗਰੂਆਂ ਦਾ ਗੁੱਛਾ ਬੰਨ੍ਹਿਆ ਹੀ ਹੁੰਦਾ, ਇਕ ਪੈਰ ਨਾਲ ਵੀ ਘੁੰਗਰੂ ਬੰਨ੍ਹੇ ਹੋਏ ਹੁੰਦੇ। ਤਾਲ ਪੂਰਾ ਹੋਣ ਸਮੇਂ ਉਹ ਗਜ਼ ਦੇ ਹੁਲਾਰੇ ਦੇ ਨਾਲ ਹੀ ਪੈਰ ਦਾ ਅਜਿਹਾ ਛਣਕਾਟਾ ਦਿੰਦਾ ਕਿ ਕੀਲੇ ਹੋਏ ਸਰੋਤੇ ਦੇਖਦੇ ਹੀ ਰਹਿ ਜਾਂਦੇ।

ਕਈ ਗਮੰਤਰੀਆਂ ਦੀ ਬੋਲ-ਬਾਣੀ ਵਿਚ ਤਾਂ ਏਨਾ ਰਸ ਹੁੰਦਾ ਤੇ ਉਨ੍ਹਾਂ ਦਾ ਏਨਾ ਨਾਂ ਹੋ ਜਾਂਦਾ ਕਿ ਉਨ੍ਹਾਂ ਨੂੰ ਇਕ ਤੋਂ ਵੱਧ ਰਾਜਿਆਂ ਦੀ ਸਰਪਰਸਤੀ ਹਾਸਲ ਹੋ ਜਾਂਦੀ। ਲੋਹਾਖੇੜੀਆ ਮੋਦਨ ਇਹੋ ਜਿਹਾ ਹੀ ਖ਼ੁਸ਼ਕਿਸਮਤ ਗਮੰਤਰੀ ਸੀ। ਉਹ ਆਪ ਕਲੀਆਂ ਜੋੜਦਾ ਤੇ ਆਪੇ ਗਾਉਂਦਾ। ਉਹ ਆਪਣੀ ਰਿਆਸਤ ਨਾਭਾ ਦੇ ਰਾਜੇ ਹੀਰਾ ਸਿੰਘ ਤੋਂ ਇਲਾਵਾ ਪਟਿਆਲਾ ਤੇ ਜੀਂਦ ਦੇ ਰਾਜਿਆਂ ਦੇ ਦਰਬਾਰਾਂ ਦਾ ਸ਼ਿੰਗਾਰ ਵੀ ਬਣਦਾ ਰਿਹਾ।

ਅਜਿਹੇ ਲਗਭਗ ਸਾਰੇ ਗਮੰਤਰੀ ਹੀ ਉਸਤਾਦਾਂ ਤੋਂ ਲਈ ਹੋਈ ਵਿੱਦਿਆ ਅੱਗੋਂ ਆਪਣੇ ਸ਼ਿਸ਼ਾਂ ਦੇ ਹਵਾਲੇ ਕਰ ਦਿੰਦੇ। ਇਉਂ ਗਮੰਤਰੀਆਂ ਦੀ ਗਾਇਕੀ ਦੇ ਵੀ ਰਿਆਸਤੀ ਘਰਾਣੇ ਬਣ ਜਾਂਦੇ।

ਤਵਿਆਂ ਅਤੇ ਰੇਡੀਓ ਦਾ ਇਨਕਲਾਬ ਮਾਲਵੇ ਦੇ ਪਿੰਡਾਂ ਤੱਕ ਪੁੱਜਣ ਤੋਂ ਪਹਿਲਾਂ ਕਵੀਸ਼ਰੀ ਜਥਿਆਂ ਬਾਰੇ ਤਾਂ ਜੇ ਇਹ ਕਹਿ ਲਈਏ ਕਿ ਉਹ ਪਿੰਡ ਪਿੰਡ ਹੁੰਦੇ ਸਨ, ਕੋਈ ਝੂਠ ਨਹੀਂ ਹੋਵੇਗਾ। ਗਿਣਤੀ ਦੇ ਪੱਖੋਂ ਦੂਜੇ ਥਾਂ ਉਤੇ ਢੱਡ-ਸਾਰੰਗੀ ਵਾਲੇ ਆਉਂਦੇ ਸਨ। ਮੇਰੀ ਚੜ੍ਹਦੀ ਉਮਰੇ ਇਹ ਕਲਾ ਆਪਣੇ ਪੂਰੇ ਜਲੌਅ ਵਿਚ ਸੀ। ਸ਼ਬਦ ਦੀ ਸੁਗੰਧ ਵੀ ਖਿਲਾਰਦੀ ਤੇ ਸੰਗੀਤ ਦਾ ਰਸ ਵੀ ਘੋਲਦੀ। ਦਿਲਚਸਪ ਗੱਲ ਹੈ ਕਿ ਸਾਡੇ ਇਲਾਕੇ ਵਿਚ ਇਨ੍ਹਾਂ ਨੂੰ ਢਾਡੀ ਨਹੀਂ ਸੀ ਕਿਹਾ ਜਾਂਦਾ, ਗਮੰਤਰੀ ਕਿਹਾ ਜਾਂਦਾ ਸੀ। ਅਨੇਕ ਸ਼ਬਦਾਂ ਵਿਚ ਵ ਨੂੰ ਮ ਉਚਾਰਨ ਦੀ ਮਾਲਵੇ ਦੀ ਆਦਤ ਅਨੁਸਾਰ ਇਹ ਗਮੰਤਰੀ ਸ਼ਬਦ ਗਵੰਤਰੀ, ਭਾਵ ਗਾਉਣ ਵਾਲੇ ਦੀ ਥਾਂ ਬੋਲਿਆ ਜਾਂਦਾ ਸੀ। ਉਨ੍ਹਾਂ ਦੇ ਖਾਤੇ ਨੂੰ ਵੀ ਗੌਣ ਕਿਹਾ ਜਾਂਦਾ ਸੀ, "ਚਲੋ ਅਮਕੇ ਪਿੰਡ ਵਾਲੇ ਗਮੰਤਰੀਆਂ ਦਾ ਗੌਣ ਸੁਣਨ ਚੱਲੀਏ।" ਇਹ ਗਮੰਤਰੀ ਕਿਉਂਕਿ ਗਾਉਣ ਦੇ ਨਾਲ ਨਾਲ ਸਾਜ਼, ਖਾਸ ਕਰਕੇ ਢੱਡ ਤੇ ਸਾਰੰਗੀ ਵੀ ਵਜਾਉਂਦੇ ਸਨ, ਉਸ ਰੂਪ ਵਿਚ ਇਨ੍ਹਾਂ ਨੂੰ ਵਜੰਤਰੀ ਵੀ ਕਿਹਾ ਜਾਂਦਾ, "ਫ਼ਲਾਣਾ ਗਮੰਤਰੀ ਸਾਰੰਗੀ ਦਾ ਵਜੰਤਰੀ ਵੀ ਕਮਾਲ ਦਾ ਹੈ!" ਕਈ ਗਮੰਤਰੀ ਨਾਲ ਹੀ ਕਵੀਸ਼ਰ ਵੀ ਹੁੰਦੇ, ਕਿਉਂਕਿ ਉਹ ਆਪ ਹੀ ਲਿਖਦੇ ਤੇ ਆਪ ਹੀ ਢੱਡ-ਸਾਰੰਗੀ ਨਾਲ ਗਾਉਂਦੇ।

ਗਮੰਤਰੀ ਆਪਣੀ ਕਲਾ ਦੀ ਮਾਨਤਾ ਸਦਕਾ ਆਪਣੇ ਆਪ ਨੂੰ ਸਵੈਮਾਨ ਦੀ ਨਜ਼ਰ ਨਾਲ ਦੇਖਦੇ ਸਨ। ਇਕ ਕਾਰਨ ਇਹ ਵੀ ਰਿਹਾ ਕਿ ਉਹ ਇਹਦਾ ਮੁੱਢ ਨਟਰਾਜ ਤੇ ਸ਼ਕਤੀ ਨਾਲ ਜਾ ਜੋੜਦੇ ਸਨ। ਕਹਿੰਦੇ ਹਨ, ਅਨੰਦ ਮੁਦਰਾ ਵਿਚ ਆਪਣੀ ਬਾਂਹ ਛਾਤੀਆਂ ਉਤੇ ਰੱਖ ਕੇ ਪਈ ਨਿਰਵਸਤਰ ਸ਼ਕਤੀ ਨੂੰ ਨਿਹਾਰਦਿਆਂ ਨਟਰਾਜ ਨੇ ਵੀਨਾ ਦੀ ਕਲਪਨਾ ਕੀਤੀ। ਇਸੇ ਕਲਪਨਾ ਸਦਕਾ ਨਟਰਾਜ ਹੱਥੋਂ ਮਧੁਰ ਸੰਗੀਤ ਸਿਰਜਣ ਵਾਲੇ ਸਾਜ਼ ਵੀਣਾ ਦਾ ਜਨਮ ਹੋਇਆ। ਉਸ ਦੇ ਰੂਪ ਨੂੰ ਘੱਟ-ਵੱਧ ਬਦਲ ਕੇ ਕਈ ਸਾਜ਼ ਹੋਂਦ ਵਿਚ ਆਏ। ਉਨ੍ਹਾਂ ਬਦਲਵੇਂ ਰੂਪਾਂ ਵਿਚੋਂ ਇਕ ਸਾਰੰਗੀ ਹੈ। ਇਸ ਨੂੰ ਸੰਗੀਤ ਦੇ ਸਾਰੇ ਅੰਗਾਂ, ਭਾਵ ਰੂਪਾਂ ਦਾ ਸਾਰ ਪੇਸ਼ ਕਰ ਸਕਣ ਦੀ ਸਮਰੱਥਾ ਰੱਖਣ ਵਾਲੀ ਹੋਣ ਸਦਕਾ ਸਾਰ-ਅੰਗੀ ਨਾਂ ਮਿਲਿਆ ਜੋ ਸਮਾਂ ਪਾ ਕੇ ਬੋਲਦਿਆਂ ਸਾਰੰਗੀ ਬਣ ਗਿਆ। ਹੌਲੀ ਹੌਲੀ ਸੰਸਾਰ ਭਰ ਵਿਚ ਸਾਰੰਗੀ ਨਾਲ ਮਿਲਦੇ-ਜੁਲਦੇ ਅਨੇਕ ਹੋਰ ਸਾਜ਼ ਵੀ ਵਿਕਸਿਤ ਹੋ ਗਏ।

ਸਾਰੰਗੀ ਮਨੁੱਖੀ ਆਵਾਜ਼ ਦੇ ਸਭ ਤੋਂ ਨੇੜੇ ਦਾ ਸਾਜ਼ ਗਿਣਿਆ ਜਾਂਦਾ ਹੈ। ਪ੍ਰੇਮ ਤੇ ਹੁਲਾਸ ਦੇ ਨਾਲ ਨਾਲ ਬਿਰਹਾ, ਦਰਦ, ਵਿਯੋਗ ਤੇ ਵੈਰਾਗ, ਆਦਿ ਦੇ ਮਨੁੱਖੀ ਬੋਲ ਜਿੰਨੀ ਸਮਾਨਤਾ ਤੇ ਸਫਲਤਾ ਨਾਲ ਸਾਰੰਗੀ ਕੱਢ ਸਕਦੀ ਹੈ, ਹੋਰ ਕੋਈ ਸਾਜ਼ ਨਹੀਂ ਕੱਢ ਸਕਦਾ। ਤੇ ਢੱਡ ਤਾਂ ਹੈ ਹੀ ਸਿੱਧੀ ਨਟਰਾਜ ਦੇ ਡਮਰੂ ਦੀ ਸਕੀ ਭੈਣ। ਫ਼ਰਕ ਸਿਰਫ਼ ਏਨਾ ਹੈ ਕਿ ਡਮਰੂ ਦੀ ਸੂਰਤ ਵਿਚ ਚੋਟ ਤਣਾਵਾਂ ਦੇ ਸਿਰਿਆਂ ਉਤੇ ਲੱਗੇ ਮਣਕੇ ਕਰਦੇ ਹਨ, ਢੱਡ ਵਜਾਉਂਦਿਆਂ ਵਜਾਵੇ ਦੀਆਂ ਉਂਗਲਾਂ ਚੋਟ ਕਰਦੀਆਂ ਹਨ। ਜਿੰਨੀ ਨਿੱਕੀ, ਓਨੀ ਤਿੱਖੀ ਦੇ ਕਥਨ ਅਨੁਸਾਰ ਨਿੱਕੀ ਜਿਹੀ ਢੱਡ ਜਦੋਂ ਆਪਣੀ ਆਈ ਉਤੇ ਆ ਜਾਂਦੀ ਹੈ, ਸਰੋਤਿਆਂ ਨੂੰ ਵਹਾ ਕੇ ਲੈ ਜਾਂਦੀ ਹੈ। ਇਸੇ ਕਰਕੇ ਗੌਣ ਵਿਚ ਤਾਂ ਠੀਕ ਇਨ੍ਹਾਂ ਦੋਵਾਂ ਸਾਜ਼ਾਂ ਦੀ ਜੋਟੀਦਾਰੀ ਦੀ ਸਰਦਾਰੀ ਰਹੀ ਹੈ ਪਰ ਅੱਗੋਂ ਇਨ੍ਹਾਂ ਦੋਵਾਂ ਸਾਜ਼ਾਂ ਵਿਚੋਂ ਮੀਰੀ ਢੱਡ ਦੀ ਹੀ ਰਹਿੰਦੀ ਹੈ। ਤਦੇ ਹੀ ਤਾਂ ਇਸ ਨੂੰ ਢੱਡ-ਸਾਰੰਗੀ ਕਿਹਾ ਜਾਂਦਾ ਹੈ, ਸਾਰੰਗੀ-ਢੱਡ ਨਹੀਂ!



ਗਮੰਤਰੀਆਂ ਨੇ ਪ੍ਰਸੰਗ ਕੋਈ ਵੀ ਛੇੜਨਾ ਹੋਵੇ, ਸ਼ੁਰੂਆਤ ਉਹ ਇਸ਼ਟ ਧਿਆਉਣ ਵਾਲੇ ਮੰਗਲਾਚਰਨ ਤੋਂ ਹੀ ਕਰਦੇ। ਸਰਸਵਤੀ ਮਾਂ ਤੋਂ ਗਾਉਣ ਵਿਦਿਆ ਦਾ ਵਰ ਤਾਂ ਮੰਗਿਆ ਹੀ ਜਾਂਦਾ, ਉਹ ਆਪਣੇ ਉਸਤਾਦ ਨੂੰ ਚੇਤੇ ਕਰ ਕੇ ਨਮਸਕਾਰ ਜ਼ਰੂਰ ਕਰਦੇ। ਗਮੰਤਰੀ ਦਾ ਜਾਤ-ਧਰਮ ਕੁਝ ਵੀ ਹੁੰਦਾ, ਉਹ ਦੇਵੀ-ਦੇਵਤਿਆਂ ਤੇ ਬਾਬੇ ਨਾਨਕ ਤੋਂ ਲੈ ਕੇ ਜਤੀਆਂ-ਸਤੀਆਂ, ਸਭ ਨੂੰ ਸਿਮਰਦਾ ਅਤੇ ਪ੍ਰਸੰਗ ਵੀ ਇਕੋ ਜਿਹੇ ਆਦਰ ਨਾਲ ਹਰ ਧਰਮ ਦੇ ਗਾਉਂਦਾ। ਨਗੀਨਾ, ਰੁਲੀਆ, ਵਧਾਵਾ, ਆਦਿ ਅਨੇਕ ਗਮੰਤਰੀ ਪੀੜ੍ਹੀਆਂ ਤੋਂ ਗਾਇਕੀ ਨਾਲ ਜੁੜੇ ਹੋਏ ਮਰਾਸੀ ਭਾਈਚਾਰੇ ਵਿਚੋਂ ਸਨ; ਬਰਨਾਲੇ ਵਾਲਾ ਮੱਘਰ ਸ਼ੇਖ ਸੀ, ਧਨੌਲੇ ਵਾਲਾ ਪੂਰਨ ਝਿਊਰ ਸੀ ਤੇ ਛਪਾਰ ਵਾਲਾ ਡੋਗਰ ਤੇਲੀ ਸੀ; ਪਰਤਾਪਾ ਜੱਟ, ਦਿਆ ਰਾਮ ਪੰਡਿਤ ਤੇ ਖਿੱਦੂ ਮੋਚੀ ਸੀ।

ਗੌਣ ਦਾ ਅਰੰਭ ਕਰਦਿਆਂ ਗੱਲੀਂ ਲਗੇ ਸਰੋਤਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਅਤੇ ਇਕਾਗਰ ਕਰਨ ਵਾਸਤੇ ਗਮੰਤਰੀ ਉਚੀ ਹੇਕ ਕੱਢ ਕੇ ਕੋਈ ਬਹੁਤ ਮਨਮੋਹਕ ਤੇ ਖਿੱਚ-ਭਰਪੂਰ ਦੋਹਿਰਾ ਛੇੜਦੇ। ਕੁਝ ਬਹੁਤ ਪ੍ਰਚਲਿਤ ਦੋਹਿਰੇ ਸਨ: "ਜੇ ਸੁਖ ਲੈਣਾ ਜਗਤ ਮੇਂ, ਛੱਡ ਦੇ ਗੱਲਾਂ ਚਾਰ; ਚੋਰੀ, ਜਾਰੀ, ਜਾਮਨੀ, ਚੌਥੀ ਪਰਾਈ ਨਾਰ।...ਆਸ਼ਕ ਪੜ੍ਹਨ ਨਮਾਜ ਇਸ਼ਕ ਦੀ, ਜਿਸ ਵਿਚ ਹਰਫ਼ ਨਾ ਕੋਈ; ਜੀਭ ਨਾ ਹਿੱਲੇ, ਬੁੱਲ੍ਹ ਨਾ ਫਰਕਣ, ਪਾਕ ਨਮਾਜੀ ਸੋਈ।...ਉਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ; ਬੋਲ ਬੋਲੀਏ ਮਿੱਠੜਾ, ਫੱਟ ਦਿਲ ਦੇ ਭਰੀਏ।...ਪਹਿਲਾ ਜਾਦੂ ਰੂਪ ਹੈ, ਦੂਜਾ ਜਾਦੂ ਰਾਗ; ਤੀਜਾ ਜਾਦੂ ਲੱਛਮੀ, ਚੌਥਾ ਬੰਦੇ ਦਾ ਭਾਗ।...ਮਾਰਿਆ ਮਰੇ ਕੁਸੰਗ ਦਾ, ਕੇਲੇ ਮੁੱਢ ਕਰੀਰ; ਉਹ ਝੂਲੇ, ਉਹ ਪੱਛੀਏ, ਚੋਟਾਂ ਸਹੇ ਸਰੀਰ।"

ਹਵਾਲੇ ਬਾਣੀ ਵਿਚੋਂ ਵੀ ਦਿੱਤੇ ਜਾਂਦੇ, ਭਾਵੇਂ ਕਿ ਉਚਾਰਨ ਆਮ ਕਰਕੇ ਸਰਲ-ਸਿੱਧਾ ਕਰ ਲਿਆ ਜਾਂਦਾ। ਭਗਤ ਕਬੀਰ ਤੇ ਬਾਬਾ ਫ਼ਰੀਦ ਦੇ ਦੋਹੇ ਤੇ ਸ਼ਲੋਕ ਗਮੰਤਰੀਆਂ ਨੂੰ ਖਾਸਾ ਖਿਚਦੇ। ਕਿਸੇ ਸੂਰਮੇ ਦਾ ਪ੍ਰਸੰਗ ਛੋਹਣ ਤੋਂ ਪਹਿਲਾਂ ਉਹ ਕਬੀਰ ਜੀ ਨੂੰ ਸਿਮਰਦੇ, "ਜਨਣੀ ਜਣੇ ਤਾਂ ਭਗਤ ਜਨ ਕਿਆ ਦਾਤਾ ਕਿਆ ਸੂਰ; ਨਹੀਂ ਤਾਂ ਜਨਣੀ ਬਾਂਝ ਰਹੇ ਕਾਹੇ ਗੰਵਾਵੇ ਨੂਰ!" ਕਿਸੇ ਪ੍ਰੇਮ ਪ੍ਰਸੰਗ ਵਿਚ ਵਿਛੜੇ ਪ੍ਰੇਮੀ ਨੂੰ ਮਿਲਣ ਦੀ ਚਾਹ ਵਿਚ ਵਿਆਕੁਲ ਮਨ ਦਾ ਦਰਦ ਗਾਉਣ ਤੋਂ ਪਹਿਲਾਂ ਉਹ ਫ਼ਰੀਦ ਤੋਂ ਬੋਲ ਹੁਧਾਰੇ ਲੈ ਲੈਂਦੇ, "ਕਾਗਾ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸ; ਇਹ ਦੋ ਨੈਨਾਂ ਮਤ ਛੂਹਿਓ, ਮੈਨੂੰ ਪਿਰ ਦੇਖਣ ਦੀ ਆਸ!"

ਇਸ਼ਕ ਮਜਾਜ਼ੀ ਵੱਲ ਵਧਦਿਆਂ ਉਹ ਅਜਿਹੇ ਦੋਹਿਰੇ ਲਾਉਂਦੇ, "ਨਾ ਕੋਈ ਬਰਛਾ ਮਾਰਿਆ, ਨਾ ਮਾਰੀ ਤਲਵਾਰ; ਦੋ ਨੈਨਾਂ ਦਾ ਮਾਰਿਆ, ਤੜਫੇ ਸਹਿ ਕੇ ਵਾਰ।...ਮੁੱਛ ਫੁਟੇਂਦਾ ਗੱਭਰੂ, ਹਿੱਕ ਫੁਟੇਂਦੀ ਨਾਰ; ਵੱਗ ਛੜੇਂਦਾ ਵਹਿੜਕਾ, ਕੀ ਤਿੰਨਾਂ ਅਤਬਾਰ!"

ਇਸ ਤਰ੍ਹਾਂ ਅਰੰਭਿਕ ਦੋਹਿਰੇ ਜਾਂ ਦੋਹਰਿਆਂ ਨਾਲ ਮਾਹੌਲ ਬੰਨ੍ਹ ਕੇ ਉਹ ਅਸਲ ਪ੍ਰਸੰਗ ਵੱਲ ਆਉਂਦੇ।

ਗਮੰਤਰੀਆਂ ਦੀ ਪੁਸ਼ਾਕ ਵੀ ਨਿਵੇਕਲੀ ਹੁੰਦੀ ਸੀ। ਦੁੱਧ-ਚਿੱਟੀ ਪੱਗ ਦਾ ਮਾਏਦਾਰ ਤੁਰਰਾ, ਜੀਹਨੂੰ ਤੁਰਲਾ ਵੀ ਕਿਹਾ ਜਾਂਦਾ ਸੀ, ਮੋਰ ਦੀ ਪੈਲ ਵਾਂਗ ਉਚਾ ਝੂਲਦਾ। ਆਮ ਕਰਕੇ ਸਫ਼ੈਦ ਪਰ ਕਦੇ ਕਦੇ ਹੋਰ ਰੰਗ ਦੇ ਕੁੜਤੇ ਨਾਲ ਚਿੱਟਾ ਧੂਹਵਾਂ ਚਾਦਰਾ ਬੰਨ੍ਹਿਆ ਹੋਇਆ ਹੁੰਦਾ। ਸਿਆਲਾਂ ਵਿਚ ਕੁੜਤੇ ਉਤੇ ਕਢਾਈਦਾਰ ਜਾਕਟ ਵੀ ਸਜ ਜਾਂਦੀ। ਪੈਰੀਂ ਜਰੀ ਦੀ ਕੱਢਾਈ ਵਾਲੀ ਖੱਲ ਦੀ ਨੋਕਦਾਰ ਜੁੱਤੀ ਫਬਦੀ। ਹੱਥ ਵਿਚ ਫੜਿਆ ਰੇਸ਼ਮੀ ਰੁਮਾਲ ਪੁਸ਼ਾਕ ਨੂੰ ਮੁਕੰਮਲ ਬਣਾ ਦਿੰਦਾ। ਚਿੱਟੇ ਰੰਗ ਦੀ ਚੋਣ ਕਲਾਕਾਰ ਦੇ ਅੰਦਰਲੀ ਪਾਕੀਜ਼ਗੀ ਦੀ ਗਵਾਹੀ ਹੁੰਦੀ ਸੀ। ਸਜੇ-ਫਬੇ ਉਹ ਬਰਾਤੀਆਂ ਵਰਗੇ ਲਗਦੇ।

ਅਸਲ ਵਿਚ ਗਮੰਤਰੀਆਂ ਨੂੰ ਆਪਣੀ ਕਲਾ ਦਾ ਬਹੁਤ ਮਾਣ ਹੁੰਦਾ ਸੀ। ਉਹ ਮੰਨਦੇ ਸਨ ਕਿ ਇਹ ਰੱਬ ਦੀ ਬਖ਼ਸ਼ਿਸ਼ ਹੈ ਕਿ ਉਹਨੇ ਅਨਗਿਣਤ ਲੋਕਾਂ ਨੂੰ ਇਸ ਤੋਂ ਵਿਰਵੇ ਰੱਖ ਕੇ ਇਸ ਕਲਾ ਨਾਲ ਉਨ੍ਹਾਂ ਦੀ ਝੋਲੀ ਭਰਨ ਦੀ ਕਿਰਪਾ ਕੀਤੀ ਹੈ! ਉਨ੍ਹਾਂ ਦੀ ਨਿਵੇਕਲੀ-ਨਿਆਰੀ ਪੁਸ਼ਾਕ ਵੀ ਆਮ ਲੋਕਾਂ ਤੋਂ ਵੱਖਰੇ ਹੋਣ ਦੀ ਉਨ੍ਹਾਂ ਦੀ ਧਾਰਨਾ ਦਾ ਹੀ ਇਕ ਪ੍ਰਤੱਖ ਰੂਪ ਸੀ। ਕਵੀਸ਼ਰਾਂ ਅਤੇ ਗਵੱਈਆਂ ਦੇ ਕਲਾਕਾਰੀ ਸਵੈਮਾਨ ਦਾ ਜ਼ਿਕਰ ਕਰਦਿਆਂ ਇਕ ਵਾਰ ਅਜਿਹੀਆਂ ਲੋਕ-ਕਲਾਵਾਂ ਦੇ ਵੱਡੇ ਗਿਆਨੀ ਪ੍ਰੋ. ਕਰਮ ਸਿੰਘ ਨੇ ਬੜੀ ਕਮਾਲ ਦੀ ਗੱਲ ਸੁਣਾਈ ਸੀ,

ਇਕ ਵਾਰ ਪਟਿਆਲੀਆ ਮਹਾਰਾਜਾ ਭੁਪਿੰਦਰ ਸਿੰਘ ਕੁਝ ਦਿਨਾਂ ਵਾਸਤੇ ਬਠਿੰਡੇ ਦੇ ਕਿਲੇ ਵਿਚ ਟਿਕਿਆ ਹੋਇਆ ਸੀ। ਉਦੋਂ ਰਾਜੇ ਨੂੰ ਸਥਾਨਕਤਾ ਨਾਲ ਮੇਲਣ ਵਾਲੀ ਅਹਿਮ ਕੜੀ ਨੰਬਰਦਾਰ-ਜ਼ੈਲਦਾਰ ਹੁੰਦੇ ਸਨ। ਮਹਾਰਾਜੇ ਨੇ ਹਰ ਵੇਲੇ ਸੇਵਾ ਵਿਚ ਤਤਪਰ ਜ਼ੈਲਦਾਰ ਦਸੌਂਧਾ ਸਿੰਘ ਨੂੰ ਕੋਲ ਬੁਲਾਇਆ। ਕਹਿਣ ਲਗਿਆ, "ਜ਼ੈਲਦਾਰ ਸਾਹਿਬ, ਸ਼ਾਮ ਵਿਚ ਰਸ ਭਰੀਏ। ਕੋਈ ਬਹੁਤ ਵਧੀਆ ਗਵਈਆ-ਗਮੰਤਰੀ ਬੁਲਾਓ।" ਜ਼ੈਲਦਾਰ ਦੀ ਨਜ਼ਰ ਇਕਦਮ ਨਗੀਨੇ ਵੱਲ ਗਈ। ਉਹਨੇ ਚੌਕੀਦਾਰ ਨੂੰ ਆਵਾਜ਼ ਦਿੱਤੀ, "ਜਾ ਬਈ, ਨਗੀਨੇ ਦੇ ਘਰ ਜਾ।" ਉਹਨੇ ਹੱਥ ਜੋੜੇ, "ਕੀ ਸੁਨੇਹਾ ਦੇਵਾਂ, ਜ਼ੈਲਦਾਰ ਸਾਹਿਬ?" ਏਨੇ ਨੂੰ ਦਸੌਂਧਾ ਸਿੰਘ ਨੂੰ ਖ਼ਿਆਲ ਆਇਆ, ਨਗੀਨੇ ਨੇ ਲਾਗੀ ਭੇਜੇ ਤੋਂ ਤਾਂ ਆਉਣਾ ਨਹੀਂ; ਪੂਰਾ ਆਕੜਖੋਰ ਬੰਦਾ ਹੈ! ਉਹ ਬੋਲਿਆ, "ਬੱਸ ਚੌਕੀਦਾਰਾ, ਤੂੰ ਰਹਿਣ ਦੇ। ਜਾ, ਆਬਦਾ ਕੰਮ ਕਰ।"

ਜ਼ੈਲਦਾਰ ਆਪ ਚੱਲ ਕੇ ਨਗੀਨੇ ਦੇ ਘਰ ਗਿਆ। ਉਹ ਹੈਰਾਨ ਹੋਇਆ, "ਆਓ ਮਹਾਰਾਜ ਜ਼ੈਲਦਾਰ ਸਾਹਿਬ, ਗ਼ਰੀਬ ਦੇ ਘਰ ਦਾ ਰਾਹ ਕਿਵੇਂ ਭੁੱਲ ਗਏ?" ਜ਼ੈਲਦਾਰ ਨੇ ਕੁਝ ਕੁਝ ਵਿਅੰਗ ਜਿਹੇ ਨਾਲ ਕਿਹਾ, "ਤੂੰ ਕਿਥੋਂ ਦਾ ਗ਼ਰੀਬ ਨਗੀਨਿਆ, ਤੈਨੂੰ ਤਾਂ ਖ਼ੁਦਾ ਨੇ ਕਲਾ ਦੀਆਂ ਦੌਲਤਾਂ ਝੋਲੀਆਂ ਭਰ ਭਰ ਬਖ਼ਸ਼ੀਆਂ ਨੇ! ਤਦੇ ਤਾਂ ਚੱਲ ਕੇ ਤੇਰੇ ਦਰ ਉਤੇ ਆਏ ਹਾਂ।" ਨਗੀਨੇ ਨੇ ਹੱਥ ਜੋੜੇ, "ਹੁਕਮ?" ਜ਼ੈਲਦਾਰ ਬੋਲਿਆ, "ਤੈਨੂੰ ਪਤਾ ਹੀ ਹੋਵੇਗਾ, ਮਹਾਰਾਜਾ ਸਾਹਿਬ ਨੇ ਕਿਲੇ ਵਿਚ ਉਤਾਰਾ ਕੀਤਾ ਹੋਇਆ ਹੈ। ਉਨ੍ਹਾਂ ਨੇ ਸ਼ਾਮ ਨੂੰ ਗੌਣ ਸੁਣਨ ਦੀ ਇੱਛਾ ਦੱਸੀ ਹੈ। ਆਥਣੇ ਕਿਲੇ ਵਿਚ ਆ ਜਾਈਂ।"

ਨਗੀਨੇ ਨੇ ਝੱਟ ਸਵਾਲ ਕੀਤਾ, "ਜ਼ੈਲਦਾਰਾ, ਮਹਾਰਾਜਾ ਗੌਣ ਸੁਣਨ ਜਾਣਦਾ ਵੀ ਹੈ?"

ਜ਼ੈਲਦਾਰ ਉਹਦਾ ਸਵਾਲ ਸੁਣ ਕੇ ਹੈਰਾਨ ਰਹਿ ਗਿਆ। ਬੋਲਿਆ, "ਕੀ ਕਮਲੀਆਂ ਮਾਰਦਾ ਹੈਂ, ਨਗੀਨਿਆ, ਮਹਾਰਾਜਾ ਸਾਹਿਬ ਗੌਣ ਸੁਣਨ ਵੀ ਨਹੀਂ ਜਾਣਦੇ?" ਨਗੀਨਾ ਕਹਿੰਦਾ, "ਜਿਵੇਂ ਗਾਉਣਾ ਹਰੇਕ ਦੇ ਵੱਸ ਦੀ ਗੱਲ ਨਹੀਂ ਹੁੰਦੀ, ਜ਼ੈਲਦਾਰ ਸਾਹਿਬ, ਸੁਣਨਾ ਵੀ ਹਰੇਕ ਦੇ ਵੱਸ ਨਹੀਂ ਹੁੰਦਾ।...ਖ਼ੈਰ, ਕਿਲੇ ਵਿਚ ਮੇਰੇ ਗਾਉਣ ਵਾਲੀ ਥਾਂ ਦੇ ਨੇੜੇ ਕੱਕੇ ਰੇਤੇ ਦੇ ਚਾਰ ਗੱਡੇ ਵਿਛਵਾ ਦੇਣੇ। ਤੇਰੇ ਮਹਾਰਾਜੇ ਨੂੰ ਮੇਰਾ ਗੌਣ ਸੁਣਨ ਆਈ ਮਾਈ ਹੀਰ ਦੀਆਂ ਸੱਜਰੀਆਂ ਪੈੜਾਂ ਵਿਖਾਵਾਂਗੇ!"

ਵਾਹ! ਇਹ ਸੀ ਗਮੰਤਰੀਆਂ ਦੀ ਕਲਾ ਤੇ ਇਹ ਸੀ ਉਸ ਨਾਲ ਜੁੜਿਆ ਹੋਇਆ ਸਵੈਮਾਨ! ਤੇ ਇਹ ਇਸੇ ਸਵੈਮਾਣੀ ਕਲਾ ਦਾ ਸਿੱਟਾ ਸੀ ਕਿ ਉਸ ਸ਼ਾਮ ਮਹਾਰਾਜਾ ਭੁਪਿੰਦਰ ਸਿੰਘ ਨੇ ਨਗੀਨੇ ਦੀ ਗਾਇਕੀ ਤੋਂ ਗਦਗਦ ਹੋ ਕੇ ਵੀਹ ਕਿੱਲੇ ਜ਼ਮੀਨ ਉਹਦੇ ਨਾਂ ਕਰ ਦਿੱਤੀ!

---

## ਬਾਸਮਤੀ ਦੀ ਮਹਿਕ

*(ਪਿਛਲੇ ਸਫੇ ਦੀ ਬਾਕੀ)*

ਨਾਲ ਉਹਨੂੰ ਵਿਆਹੁਣ ਦਾ ਆਹਰ-ਪਾਹਰ ਕਰ ਰਿਹਾ ਹੈ...।

---

ਅਖੀਰਲੀ ਮਿਲਣੀ ਤੋਂ ਚਾਰ ਵਰ੍ਹਿਆਂ ਪਿਛੋਂ, ਇਕ ਦਿਨ 'ਇਲਸਟਰੇਟਿਡ ਵੀਕਲੀ' ਵਿਚ ਵਿਆਹੇ ਜੋੜਿਆਂ ਦੀਆਂ ਕਿੰਨੀਆਂ ਸਾਰੀਆਂ ਤਸਵੀਰਾਂ ਵਿਚ ਰਣਧੀਰ ਨੇ ਸੁਖਵੰਤ ਦੀ ਤਸਵੀਰ ਤੱਕੀ।

ਅੱਜ ਜ਼ਿੰਦਗੀ ਦੇ ਵਿਸ਼ਾਲ ਰਾਹਾਂ ਉਤੇ ਰਣਧੀਰ ਸੁਖਵੰਤ ਨੂੰ ਮਿਲ ਪਿਆ ਸੀ। ਪਲ ਦੇ ਪਲ ਲਈ ਮਿਲਣ-ਵਾਰ ਚੜ੍ਹਿਆ ਸੀ। ਏਨੀ ਦੇਰ ਮਗਰੋਂ ਉਹ ਮਿਲੇ ਸਨ, ਤੇ ਏਨੀ ਕੁ ਦੇਰ ਲਈ! ਰਾਹ ਜੂ ਵੱਖ ਹੋ ਗਏ ਹੋਏ ਸਨ ਉਨ੍ਹਾਂ ਦੇ। ਬਾਸਮਤੀ ਦੀ ਪੈਲੀ ਦੇ ਕੰਢੇ ਜਿਸ ਰਾਹ ਉਤੇ ਚੱਲਣ ਦਾ ਪ੍ਰਣ ਉਨ੍ਹਾਂ ਦੋਵਾਂ ਕੀਤਾ ਸੀ, ਉਸੇ ਰਾਹ ਉਤੇ ਰਣਧੀਰ ਸਾਬਤ-ਕਦਮੀਂ ਚੱਲ ਰਿਹਾ ਸੀ।

ਪਰ ਸੁਖਵੰਤ ਸੁਖਵੰਤ...!

ਲੜਖੜਾਂਦੇ ਬਲਬੀਰ ਨੂੰ ਮੇਜਰ ਸਾਹਿਬ ਨਾਲ ਦੇ ਬਿਸਤਰੇ ਉਤੇ ਛੱਡਣ ਆਏ। ਦੂਰ ਦੂਰ ਤੱਕ ਸ਼ਰਾਬ ਦੀ ਹਵਾੜ ਖਿੱਲਰ ਗਈ।

ਬਾਸਮਤੀ ਦੀ ਮਹਿਕ ਕਿੰਨੀ ਦੂਰ ਸੀ, ਕਿੰਨੀ ਦੂਰ!

# ਟੀ ਐਨ ਰਾਜ਼ ਦਾ ਮਿਰਜ਼ਾ .ਗਾਲਿਬ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮਿਰਜ਼ਾ ਗਾਲਿਬ ਉਰਦੂ ਦਾ ਸਭ ਤੋਂ ਵਧੀਆ ਤੇ ਅਮਰ ਸ਼ਾਇਰ ਹੈ। ਇਹ ਗੱਲ ਵੱਖਰੀ ਹੈ ਕਿ ਉਹ ਮੀਰ ਤਕੀ ਮੀਰ ਨੂੰ ਆਪਣੇ ਨਾਲੋਂ ਵੱਡਾ ਸ਼ਾਇਰ ਮੰਨਦਾ ਸੀ ਤੇ ਬੇਦਲ ਨੂੰ ਆਪਣੇ ਨਾਲੋਂ ਵੱਡਾ ਉਰਦੂ (ਰੇਖਤਾ) ਜ਼ਬਾਨ ਦਾ ਮਾਹਿਰ। ਉਸ ਦੇ ਆਪਣੇ ਸ਼ਬਦ ਹਨ,

ਰੇਖਤਾ ਕੇ ਤੁਮ ਹੀ
ਉਸਤਾਦ ਨਹੀਂ ਹੋ ਗ਼ਾਲਿਬ
ਕਹਿਤੇ ਹੈ ਅਗਲੇ ਜ਼ਮਾਨੇ ਮੇਂ
ਕੋਈ ਮੀਰ ਭੀ ਥਾ।
ਤਰਜ਼-ਏ-ਬੇਦਲ ਮੇਂ ਰੇਖਤਾ ਲਿਖਨਾ
ਅਸਦ ਉਲਾ ਖਾਂ ਕਿਆਮਤ ਹੈ।

ਮੈਂ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਇਕ ਅਜਿਹਾ ਸ਼ਾਇਰ ਪੇਸ਼ ਕਰ ਰਿਹਾ ਹਾਂ ਜਿਹੜਾ ਗਾਲਿਬ ਦੇ ਤੋਲ ਤੁਕਾਂਤ (ਜ਼ਮੀਨ) ਵਿਚ ਉਸ ਦੀਆਂ ਗ਼ਜ਼ਲਾਂ ਦੀ ਪੈਰੋਡੀ ਲਿਖਣ ਕਾਰਨ ਜਾਣਿਆ ਜਾਂਦਾ ਹੈ। ਵਧੀਆ ਪੈਰੋਡੀ ਲਿਖਣ ਵਾਲਾ ਉਹੀਓ ਹੁੰਦਾ ਹੈ ਜਿਸ ਵਿਚ ਮੂਲ ਲੇਖਕ ਵਾਲਾ ਕਣ ਹੋਵੇ। ਗਾਲਿਬ ਦੀ ਸ਼ਾਇਰੀ ਨਾਲ ਪੈਰੋਡੀ ਰਾਹੀਂ ਪੰਗਾ ਲੈਣ ਵਾਲਾ ਪਟਿਆਲਾ ਦਾ ਜੰਮਪਲ ਤੇ ਮੇਰਾ ਹਾਣੀ ਟੀ. ਐਨ. ਰਾਜ਼ ਹੈ। ਪੇਸ਼ ਹਨ ਉਸ ਦੇ ਲਿਖੇ ਓਹੀ ਸ਼ਿਅਰ ਜਿਹੜੇ ਗਾਲਿਬ ਦੀਆਂ ਅਤਿਅੰਤ ਮਕਬੂਲ ਗ਼ਜ਼ਲਾਂ 'ਤੇ ਅਧਾਰਤ ਹਨ। ਇਹ ਸ਼ਿਅਰ ਉਸ ਦੀ ਪੁਸਤਕ 'ਗਾਲਿਬ ਔਰ ਦੁਰਗਤ' ਵਿਚੋਂ ਹਨ। ਇਹ ਉਹ ਰਚਨਾ ਹੈ ਜਿਸ ਦੀ ਤਾਰੀਫ ਕਰਨ ਵਾਲਿਆਂ ਵਿਚ ਖੁਸ਼ਵੰਤ ਸਿੰਘ, ਗੋਪੀ ਚੰਦ ਨਾਰੰਗ, ਕਾਲੀਦਾਸ ਗੁਪਤਾ ਰਿਜ਼ਾ, ਜਗਨ ਨਾਥ ਆਜ਼ਾਦ, ਨਿਦਾ ਫਾਜ਼ਲੀ, ਬਸ਼ੀਰ ਬਦਰ, ਸ਼ਮਸ਼ ਬਦਾਯੂੰਨੀ ਤੇ ਹੱਕਾਨੀ-ਅਲ-ਕਾਸਮੀ ਹੀ ਨਹੀਂ, ਦਾਸ ਵੀ ਹੈ। ਰਾਜ਼ ਬਾਰੇ ਕੀ ਕੁਝ ਲਿਖਿਆ ਗਿਆ ਹੈ, ਇਸ ਵਿਚ ਪਏ ਬਿਨਾ ਮੈਂ ਗਾਲਿਬ ਦੀਆਂ ਬੇਹੱਦ ਪ੍ਰਵਾਨਤ ਗਜ਼ਲਾਂ ਦੀਆਂ ਰਾਜ਼ ਵਲੋਂ ਲਿਖੀਆਂ ਪੈਰੋਡੀਆਂ ਦੇ ਪ੍ਰਵਾਨਤ ਟੁਕੜੇ ਪੇਸ਼ ਕਰ ਰਿਹਾ ਹਾਂ,

ਹਮ ਸੇ ਖੁਲ੍ਹ ਜਾਓ
ਬਵਕਤ-ਏ-ਮੈ ਪ੍ਰਸਤੀ ਏਕ ਦਿਨ
ਮਹਿੰਗੀ ਵਿਸਕੀ ਭੀ ਚਲੇਗੀ
ਛੋੜ ਸਸਤੀ ਏਕ ਦਿਨ।

ਤੁਮ ਸ਼ਰਾਬ ਆਕਰ ਹਮਾਰੇ ਸਾਥ
ਪੀਨਾ ਐ ਨਦੀਮ
ਮਾਰਚ ਮੇਂ ਹਰ ਸਾਲ ਹੋ ਜਾਤੀ ਹੈ
ਸਸਤੀ ਏਕ ਦਿਨ।

ਪਾਰਟੀ ਕੋ ਤੋੜੀਏ, ਫਿਰ ਜੋੜੀਏ,
ਫਿਰ ਤੋੜੀਏ
ਰੰਗ ਲੇ ਹੀ ਆਏਗੀ
ਮੌਕਾਪ੍ਰਸਤੀ ਏਕ ਦਿਨ।

ਸਰ-ਏ ਮਹਿਫਿਲ ਜੋ ਉਨ ਕੀ
ਯਾਦ ਮੇਂ ਹਮ ਚੀਖ ਕਰ ਰੋਏ
ਬਹੁਤ ਸੇ ਦੋਸਤੋਂ ਕੀ ਜੇਬ ਸੇ
ਰੂਮਾਲ ਨਮ ਨਿਕਲੇ।

ਡਿਨਰ ਢਾਬੇ ਪੈ ਜਿਨ ਸਾਹਬ ਕੋ
ਕਲ ਮੈਨੇ ਖਿਲਾਇਆ ਥਾ
ਵੁਹੀ ਹਜ਼ਰਤ ਮੇਰੀ ਮਹਿਬੂਬ ਕੇ
ਚੌਥੇ ਖਸਮ ਨਿਕਲੇ।

ਬੁਢਾਪੇ ਮੇਂ ਬਿਆਹੀ ਜਾ ਕੇ ਥੀ
ਇੱਕ ਸ਼ੇਖ ਕੀ ਬੇਟੀ
ਹਮਾਰੇ ਪਾਸ ਸੇ ਠੱਰਾ ਨਾ ਵਿਸਕੀ,
ਨਾ ਹੀ ਰਮ ਨਿਕਲੇ।

ਪੁਲਿਸ ਨੇ ਰਾਤ ਭਰ ਪੀਛਾ ਕੀਆ ਥਾ
ਚੋਰ ਕਾ ਲੇਕਿਨ
ਨਿਸ਼ਾਂ ਜਬ ਸੁਬ੍ਹਾ ਕੋ ਦੇਖੇ ਤੋ
ਭੈਂਸੋਂ ਕੇ ਕਦਮ ਨਿਕਲੇ।

ਬੇਟਾ ਬਨੀਏ ਕਾ ਇਸ ਖਿਆਲ ਮੇਂ ਹੈ
ਦੇਖੋ ਮਿਲਤਾ ਹੈ ਹਮ ਕੋ ਮਾਲ ਕਹਾਂ।

ਪੈਦਾ ਹੋਤੇ ਹੀ ਬੱਚਾ ਬਾਲਗ ਹੈ
ਉਮਰ ਮੇਂ ਅਬ ਉਹ ਮਾਹ-ਓ-ਸਾਲ ਕਹਾਂ।

ਰੂਬਰੂ ਬੀਵੀਓਂ ਕੇ ਬੋਲੇਂ ਮੀਆਂ
ਰਾਜ਼ ਇਸ ਦੌਰ ਮੇ ਮਜਾਲ ਕਹਾਂ।

ਝਾੜ ਔਰ ਫੂੰਕ ਸੇ ਤਕਦੀਰੇਂ
ਬਦਲ ਜਾਤੀ ਹੈਂ
ਜਿਸ ਨੇ ਲੜਕੀ ਨਾ ਫੰਸਾਈ
ਵੁਹ ਕੋਈ ਪੀਰ ਨਹੀਂ।

ਜੋ ਭੀ ਭਗਤਨ ਯਹਾਂ ਆਤੀ ਹੈ
ਜਵਾਂ ਆਤੀ ਹੈ
ਇਸ ਮੇਂ ਮੰਦਿਰ ਕੇ ਪੁਜਾਰੀ ਕੀ ਤੋ
ਤਕਸੀਰ ਨਹੀਂ।

ਪੇਟ ਮੇਂ ਦੇਗਾ ਅਜ਼ਾਂ ਸੁਬ੍ਹਾ ਕੋ ਜਬ ਉਠੇਂਗੇ
ਕਹਿ ਦੋ ਪੰਡਤ ਸੇ ਯੇਹ ਮੁਰਗਾ ਹੈ
ਕੋਈ ਖੀਰ ਨਹੀਂ।

ਕਿਸ ਨੇ ਕਹਾ ਹੈ ਯੇਹ ਕਿ
ਖੁਦਾ ਸੇ ਦੁਆ ਨਾ ਮਾਂਗ
ਲੇਕਿਨ ਭਲਾਈ ਯਾਰ ਕੀ,
ਅਪਨਾ ਬੁਰਾ ਨਾ ਮਾਂਗ।

ਜੋ ਜੇਬ ਕਾਟਨੀ ਹੈ ਤੋ ਅਪਨਾ ਬਲੇਡ ਰਖ
ਨਾਈ ਸੇ ਉਸ ਕੇ ਕਾਮ ਕਾ
ਤੂ ਉਸਤਰਾ ਨਾ ਮਾਂਗ।

ਦਿਲ ਮੇਂ ਖਿਆਲ-ਏ-ਸ਼ਾਦੀ
ਨਾ ਆਏ ਧਿਆਨ ਰਖ



ਮਿਰਜ਼ਾ .ਗਾਲਿਬ

ਐ ਰਾਜ਼ ਜਾਨ ਬੂਝ ਕਰ
ਘਰ ਕੀ ਬਲਾ ਨਾ ਮਾਂਗ।

ਪਿਟ ਗਏ ਥੇ ਬੀਵੀ ਸੇ ਕਲ ਯੂੰ ਹੀ
ਗੁਸਤਾਖਾ ਨਾ ਹਮ
ਕਿਸ ਕੋ ਦਿਖਲਾਤੇ ਭਲਾ ਯੇਹ
ਹਿਮਤ-ਏ-ਮਰਦਾਨਾ ਹਮ।

ਰਾਤ ਅਪਨੇ ਘਰ ਸੇ
ਬਾਹਰ ਦੇ ਰਹੇ ਥੇ ਗਾਲੀਆਂ
ਸ਼ਾਨ ਸੇ ਦਿਖਲਾ ਰਹੇ ਥੇ
ਜੁਰੱਤ-ਏ-ਰਿੰਦਾਨਾ ਹਮ।

ਰਾਜ਼ ਸੰਜੀਦਾ ਜ਼ਮੀਨੋਂ ਮੇਂ ਉਗੇ ਹੈ ਕਹਿਕਹੇ
ਹਜ਼ਰਤ-ਏ-ਗ਼ਾਲਿਬ ਕੋ ਜਾ ਕੇ ਦੇਂਗੇ
ਯੇਹ ਨਜ਼ਰਾਨਾ ਹਮ।

ਜਬ ਹੁਈ ਇਕ ਲੜਕੀ ਅਗਵਾ,
ਸ਼ੇਖ ਨੇ ਦੀ ਬਦਦੁਆ
ਸ਼ਹਿਰ ਮੇਂ ਅਬ ਐ ਖੁਦਾ ਲੌਂਡਾ
ਜਵਾਂ ਕੋਈ ਨਾ ਹੋ।

ਕੁਛ ਖਬਰ ਭੀ ਹੈ ਤੁਝੇ
ਓ ਬੇਖਬਰ ਪੈਦਾ ਨਾ ਹੋ
ਮੁਬਤਲਾ-ਏ-ਰੰਜ-ਓ-ਗ਼ਮ ਹੈ
ਘਰ ਕਾ ਘਰ ਪੈਦਾ ਨਾ ਹੋ।

ਬਤਨ-ਏ-ਮਾਦਰ ਮੇਂ
ਤੂੰ ਆਇਆ ਹੈ ਅਗਰ ਪੈਦਾ ਨਾ ਹੋ
ਆਫਤੋਂ ਸੇ ਤੁਮ ਕੋ ਬਚਨਾ ਹੈ
ਅਗਰ ਪੈਦਾ ਨਾ ਹੋ।

ਨੌ ਮਹੀਨੇ ਬਾਅਦ ਕਿਆ ਤੂ
ਉਮਰ ਭਰ ਪੈਦਾ ਨਾ ਹੋ
ਇਸ ਜ਼ਮਾਨੇ ਮੇਂ ਮੇਰੇ
ਨੂਰ-ਏ-ਨਜ਼ਰ ਪੈਦਾ ਨਾ ਹੋ।

ਜੋ ਨਾ ਸ਼ਾਇਰੀ ਮੇਂ ਗ਼ਾਲਿਬ
ਤੇਰਾ ਭੂਤ ਹੋਤਾ ਸਰ ਪਰ
ਨਾ ਕਲਾਮ ਲੋਗ ਸੁਨਤੇ
ਨਾ ਦਿਲੋਂ ਪੇ ਬਾਰ ਹੋਤਾ।

ਜੋ ਕਿਸੀ ਬਹਾਨੇ ਘਰ ਮੇ
ਕਭੀ ਸਾਲੀਆਂ ਭੀ ਆਤੀਂ
ਭਲਾ ਫਿਰ ਯੇਹ ਕਿਓਂ
ਝਮੇਲਾ ਮੁਝੇ ਨਾਗ਼ਵਾਰ ਹੋਤਾ।

ਟੀ ਐਨ ਰਾਜ਼ ਨੇ ਉਪਰੋਕਤ ਗਜ਼ਲਾਂ ਵਿਚ ਮਿਰਜ਼ਾ ਗ਼ਾਲਿਬ ਦੀ ਕਿਹੜੀ ਗ਼ਜ਼ਲ ਦੀ ਜ਼ਮੀਨ ਅਪਨਾਈ ਹੈ ਇਹਦੇ ਲਈ ਤੁਹਾਨੂੰ ਗਾਲਿਬ ਦਾ ਦੀਵਾਨ ਪੜ੍ਹਨਾ ਪਏਗਾ। ਹੁਣ ਅੰਤ ਵਿਚ ਮੈਂ ਗ਼ਾਲਿਬ ਦੀ ਜ਼ਮੀਨ ਵਾਲੀ ਗਜ਼ਲ ਤੇ ਉਸ ਜ਼ਮੀਨ ਉਤੇ ਉਸਾਰੀ ਰਾਜ਼ ਦੀ ਗਜ਼ਲ ਦਾ ਨਮੂਨਾ ਦੇ ਕੇ ਅੰਤ ਕਰਦਾ ਹਾਂ।

### ਪਹਿਲਾਂ .ਗ਼ਾਲਿਬ ਫੇਰ ਰਾਜ਼

ਰਹੀਏ ਅਬ ਐਸੀ ਜਗ੍ਹਾ ਚਲ ਕਰ
ਜਹਾਂ ਕੋਈ ਨਾ ਹੋ।
ਹਮ ਸੁਖਨ ਕੋਈ ਨਾ ਹੋ ਔਰ
ਹਮ ਜ਼ੁਬਾਂ ਕੋਈ ਨਾ ਹੋ।

ਪੜੀਏ ਗਰ ਬੀਮਾਰ ਤੋ
ਕੋਈ ਨਾ ਹੋ ਬੀਮਾਰਦਾਰ
ਔਰ ਅਗਰ ਮਰ ਜਾਈਏ ਤੋ
ਨੌਹਾ-ਖ੍ਵਾਂ ਕੋਈ ਨਾ ਹੋ।
ਬੇ ਦਰ-ਓ-ਦੀਵਾਰ ਕਾ
ਇਕ ਘਰ ਬਨਾਇਆ ਚਾਹੀਏ
ਕੋਈ ਹਮਸਾਇਆ ਨਾ ਹੋ
ਔਰ ਪਾਸਬਾਂ ਕੋਈ ਨਾ ਹੋ।

ਰਾਤ ਕਾ ਸੱਨਾਟਾ ਹੋ ਔਰ
ਰਾਜ਼ਦਾਂ ਕੋਈ ਨਾ ਹੋ
ਬੀਵੀਆਂ ਤਨਹਾ ਹੀ ਘੂੰਮੇਂ
ਔਰ ਮੀਆਂ ਕੋਈ ਨਾ ਹੋ।

ਆਂਖ ਸੇ ਦੇਖਾ ਨਾ ਜਾਏ
ਅਕਲ ਪਰ ਪਰਦਾ ਪੜੇ
ਵੁਹ ਕਿਸੀ ਸੇ ਭੀ ਮਿਲੇਂ
ਮੁਝ ਕੋ ਗੁਮਾਂ ਕੋਈ ਨਾ ਹੋ।

ਬੇਘਰੋਂ ਕੋ ਫਿਕਰ-ਏ-ਤਾਮੀਰ-ਏ-ਮਕਾਂ
ਕੋਈ ਨਾ ਹੋ
ਹੋਂ ਪੜੇ ਫੁਟ ਪਾਥ ਪੇ ਸਬ,
ਔਰ ਪਾਸਬਾਂ ਕੋਈ ਨਾ ਹੋ।

ਮੇਰੇ ਮੇਲ-ਜੋਲ ਵਿਚ ਆਉਣ ਵਾਲੇ ਹਾਸ-ਵਿਅੰਗ ਲਿਖਣ ਵਾਲੇ ਕਵੀ ਅਧੀ ਦਰਜਨ ਹੋਣਗੇ ਤੇ ਉਨ੍ਹਾਂ ਤੋਂ ਬਿਨਾਂ ਦਰਜਣਾਂ ਦਾ ਕਲਾਮ ਮੈਂ ਪੜ੍ਹਿਆ ਹੋਵੇਗਾ, ਸਾਰੇ ਠੱਠੇ ਮਖੌਲ ਦੇ ਮਾਹਰ ਹਨ ਪਰ ਸ਼ਬਦਾਂ ਤੇ ਸਤਰਾਂ ਵਿਚ ਸਮਾਜ ਤੇ ਧਰਮ ਦੀਆਂ ਬੁਰਾਈਆਂ ਪਰੋਣ ਵਾਲਾ ਟੀ ਐਨ ਰਾਜ਼ ਹੀ ਹੈ।

ਤੁਸੀਂ ਕਹੋਗੇ ਕਿ ਰਾਜ਼ ਦੇ ਸ਼ਿਅਰ ਵੀ ਕੋਈ ਸੌਖੇ ਨਹੀਂ। ਮੈਂ ਕਹਿੰਦਾ ਹਾਂ ਅਖ਼ਬਾਰ ਦਾ ਅੱਜ ਵਾਲਾ ਪੰਨਾ ਸਾਂਭ ਕੇ ਰੱਖ ਲਓ ਤੇ ਉਦੋਂ ਤੱਕ ਬਾਰ ਬਾਰ ਪੜ੍ਹੋ ਜਦੋਂ ਤੱਕ ਇਨ੍ਹਾਂ ਦੇ ਅਰਥ ਅਪਣੇ ਆਪ ਹੀ ਨਹੀਂ ਖੁਲ੍ਹ ਜਾਂਦੇ।

ਇਹ ਉਹ ਗ਼ਾਲਿਬ ਨਹੀਂ ਜੋ ਹਰ ਕਿਸੇ ਦਾ ਹੈ। ਇਹ ਟੀ ਐਨ ਰਾਜ਼ ਦਾ ਗਾਲਿਬ ਹੈ। ਉਸ ਰਾਜ਼ ਦਾ, ਜਿਸ ਨੇ ਉਸ ਦੀ ਦੁਰਗਤ ਨੂੰ ਅਪਣੇ ਧੁਰ ਅੰਦਰ ਤੱਕ ਪਿਆਰ ਤੇ ਸਤਿਕਾਰ ਨਾਲ ਵਸਾ ਰੱਖਿਆ ਹੈ।

# ਮਾਈਆਂ ਰੱਬ ਰਜਾਈਆਂ

ਵਿਰਸਾ

ਕਰਨ ਬਰਾੜ ਹਰੀ ਕੇ ਕਲਾਂ
ਫੋਨ: +61430850045

ਦਾਦੀ ਪਹਿਲਾਂ ਚਾਅ ਨਾਲ ਦਾਦੇ ਨਾਲ ਮੰਡੀਓਂ ਰੂੰ ਪਿੰਜਾ ਕੇ ਲਿਆਉਂਦੀ ਫੇਰ ਕਾਨਿਆਂ ਨਾਲ ਗੋਲ ਗੋਲ ਇਕੋ ਜਿਹੀਆਂ ਪੂਣੀਆਂ ਬਣਾਉਂਦੀ, ਚਰਖੇ ਨੂੰ ਤੇਲ ਲਾਉਂਦੀ, ਚਰਖੇ ਦੀ ਮਾਲ੍ਹ ਪਾਉਂਦੀ। ਮਾਲ੍ਹ ਪਾਉਣ ਦਾ ਤਰੀਕਾ ਵੀ ਵੱਖਰਾ ਹੀ ਹੁੰਦਾ ਜਿਸ ਨੂੰ ਬੜੇ ਹੀ ਸੋਹਣੇ ਢੰਗ ਨਾਲ ਬੰਨਿਆ ਜਾਂਦਾ। ਮਾਲ੍ਹ ਦੇ ਸਿਰੇ ਨੂੰ ਗੰਢ ਦੇ ਕੇ ਉਂਗਲ 'ਤੇ ਚੜ੍ਹਾ ਕੇ ਬੜੇ ਸਲੀਕੇ ਨਾਲ ਜੋੜਿਆ ਜਾਂਦਾ। ਲਗਾਤਾਰ ਚਰਖਾ ਕੱਤਣ ਨਾਲ ਮਾਲ੍ਹ ਢਿੱਲੀ ਹੋ ਜਾਂਦੀ ਤਾਂ ਉਸ ਨੂੰ ਉਸੇ ਤਰੀਕੇ ਨਾਲ ਕੱਸ ਲਿਆ ਜਾਂਦਾ। ਚਰਮਖਾਂ ਵਿਚ ਦੀ ਤੱਕਲਾ ਲੰਘਾ ਕੇ ਪੰਜੀ 'ਚ ਮੋਰੀ ਕੱਢ ਕੇ ਤੱਕਲੇ ਦੇ ਮੂਹਰੇ ਲਾ ਲਿਆ ਜਾਂਦਾ। ਫੇਰ ਬੇਬੇ ਛਾਬੇ 'ਚ ਪੂਣੀਆਂ ਰੱਖ ਕੇ ਪੀੜ੍ਹੀ 'ਤੇ ਬੈਠ ਕੇ ਚਰਖਾ ਕੱਤਦੀ। ਲੰਬੇ ਲੰਬੇ ਤੰਦ ਪਾਉਂਦੀ ਤਾਂ ਚਰਖੇ ਦੀ ਘੂਕ ਸਾਰੇ ਘਰ ਵਿਚ ਗੂੰਜਦੀ। ਬੇਬੇ ਦੇ ਸਾਰੇ ਗਲੋਟੇ ਇੱਕੋ ਜਿਹੇ ਹੁੰਦੇ, ਨਾ ਕੋਈ ਵੱਡਾ, ਨਾ ਕੋਈ ਛੋਟਾ। ਗਲੋਟੇ ਚਿੱਟੇ ਕਬੂਤਰਾਂ ਦੇ ਬੱਚਿਆਂ ਵਰਗੇ ਜਾਪਦੇ ਜਿਨ੍ਹਾਂ ਨੂੰ ਉਹ ਛਾਬੇ 'ਚ ਬੜੇ ਹੀ ਸਲੀਕੇ ਨਾਲ ਰੱਖਦੀ।

ਸਾਨੂੰ ਜਦ ਵੀ ਵਿਹਲ ਮਿਲਦੀ ਤਾਂ ਅਸੀਂ ਚਰਖੇ ਦੇ ਨੇੜੇ ਹੋ ਜਾਂਦੇ। ਉਸ ਨੂੰ ਚਲਦੇ ਨੂੰ ਬੜੀ ਰੀਝ ਨਾਲ ਦੇਖਦੇ। ਕਦੇ ਕਦੇ ਕੱਤਣ ਵੀ ਲੱਗ ਜਾਂਦੇ ਪਰ ਸਾਡੇ ਤੋਂ ਬਰੀਕ ਤੰਦ ਦੀ ਥਾਂ ਮੋਟੇ ਮੋਟੇ ਰੱਸੇ ਜਿਹੇ ਬਣਦੇ ਪਰ ਬੇਬੇ ਜਦੋਂ ਪੂਣੀਆਂ 'ਚੋਂ ਐਨੀ ਤੇਜ ਬਰੀਕ ਤੰਦ ਕੱਢਦੀ ਗਲੋਟੇ ਬਣਾਉਂਦੀ ਤਾਂ ਕੋਈ ਜਾਦੂਗਰ ਲੱਗਦੀ। ਬੇਬੇ ਕੱਤਦੀ ਕੱਤਦੀ ਕੋਈ ਨਾ ਕੋਈ ਗੀਤ ਵੀ ਛੋਹ ਲੈਂਦੀ।

ਜੇ ਮੈਂ ਹੁਣ ਵੀ ਉਹ ਗੱਲਾਂ ਚੇਤੇ ਕਰਾਂ ਤਾਂ ਆਪਣੇ ਆਪ 'ਤੇ ਮਾਣ ਮਹਿਸੂਸ ਕਰਦਾਂ। ਮੇਰੀਆਂ ਅੱਖਾਂ ਉਸ ਪੁਰਾਣੇ ਸੱਭਿਆਚਾਰ ਤੇ ਅਲੋਪ ਹੋ ਰਹੇ ਵਿਰਸੇ ਦੀਆਂ ਗਵਾਹ ਹਨ। ਮੇਰੀ ਖੁਸ਼ਕਿਸਮਤੀ ਹੈ ਕਿ ਮੈਂ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ।

ਮੇਰੀ ਦਾਦੀ ਤੋਂ ਬਾਅਦ ਉਹੀ ਵਿਰਾਸਤ, ਉਹੀ ਚਰਖਾ ਮੇਰੀ ਮਾਂ ਨੇ ਸੰਭਾਲ ਲਿਆ ਜਿਸ 'ਤੇ ਉਹ ਕਦੇ ਨਾ ਕਦੇ ਸਬੱਬ ਬਣੇ ਤੋਂ ਕੱਤ ਲੈਂਦੀ, ਨਹੀਂ ਤਾਂ ਮਸ਼ੀਨੀਕਰਨ ਨੇ ਚਰਖੇ ਦੀ ਲੋੜ ਹੀ ਮਹਿਸੂਸ ਨਹੀਂ ਹੋਣ ਦਿੱਤੀ। ਮਸ਼ੀਨੀਕਰਨ ਭਾਵੇਂ ਸਮੇਂ ਦੀ ਲੋੜ ਸੀ ਪਰ ਉਸ ਨੇ ਸਾਡੇ ਤੋਂ ਬਹੁਤ ਕੁਝ ਖੋਹ ਲਿਆ ਜਿਸ ਵਿਚ ਮੇਰੀ ਦਾਦੀ ਦਾ ਚਰਖਾ ਵੀ ਸੀ। ਬਦਕਿਸਮਤੀ ਇਹ ਵੀ ਰਹੀ ਕਿ ਮੇਰੀ ਮਾਂ ਤੋਂ ਬਾਅਦ ਇਹ ਚਰਖਾ ਮੇਰੀ ਭੈਣ ਜਾਂ ਮੇਰੀ ਘਰਵਾਲੀ ਤੱਕ ਨਹੀਂ ਪਹੁੰਚਿਆ, ਕਿਤੇ ਰਾਹ ਵਿਚ ਹੀ ਗਵਾਚ ਗਿਆ। ਉਨ੍ਹਾਂ ਨੂੰ ਚਾਹ ਕੇ ਵੀ ਅੱਜ ਕੱਲ੍ਹ ਦੀਆਂ ਬਹੁਤੀਆਂ ਕੁੜੀਆਂ ਵਾਂਗ ਚਰਖਾ ਚਲਾਉਣਾ ਨਹੀਂ ਆਉਂਦਾ। ਇਸ ਪਿੱਛੇ ਕਈ ਕਾਰਣ ਰਹੇ ਹੋਣਗੇ, ਬਹੁਤ ਚੀਜ਼ਾਂ ਜ਼ਿੰਮੇਵਾਰ ਹੋਣਗੀਆਂ। ਬਹੁਤ ਕੁਝ ਅਜਿਹਾ ਵਾਪਰਿਆ ਕਿ ਚਰਖੇ ਵਰਗੀਆਂ ਬੇਸ਼ਕੀਮਤੀ ਚੀਜ਼ਾਂ ਸਾਡੇ ਚੇਤਿਆਂ 'ਚੋਂ ਵਿੱਸਰ ਗਈਆਂ। 'ਤੇ ਅੱਜ ਉਹੀ ਪਿੱਤਲ ਦੀਆਂ ਪੱਤੀਆਂ ਤੇ ਕੋਕੇ ਜੜ੍ਹ ਕੇ ਬਣਿਆ ਮੇਰੀ ਦਾਦੀ ਦਾ ਚਰਖਾ ਸ਼ਾਇਦ ਤੂੜੀ ਵਾਲੇ ਕੋਠੇ ਦੀ ਛੱਤ 'ਤੇ ਸੁੱਟਿਆ ਪਿਆ ਹੋਵੇ ਜਿਸ ਨੂੰ ਕਦੇ




ਮੇਰੀ ਦਾਦੀ ਆਪਣੀ ਜਾਨ ਤੋਂ ਪਿਆਰਾ ਰੱਖਦੀ ਸੀ ਜੋ ਉਸ ਨੂੰ ਆਪਣੇ ਦਾਜ ਵਿਚ ਆਪਣੀ ਮਾਂ ਦੀ ਵਿਰਾਸਤ 'ਚੋਂ ਮਿਲਿਆ ਸੀ। ਕਈ ਵਾਰ ਕੱਤਦੀ ਦਾਦੀ ਭਾਵੁਕ ਹੋ ਉਦਾਸ ਗੀਤ ਗਾਉਂਦੀ ਤਾਂ ਉਸ ਦੀਆਂ ਅੱਖਾਂ 'ਚੋਂ ਤਿਪ ਤਿਪ ਹੰਝੂ ਚੋਅ ਰਹੇ ਹੁੰਦੇ। ਜੇ ਕਿਸੇ ਪੁੱਛਣਾ ਤਾਂ ਉਸ ਨੇ ਕਹਿਣਾ ਕਿ ਇਹ ਮੇਰੀ ਮਾਂ ਦੀ ਨਿਸ਼ਾਨੀ ਹੈ, ਜਦੋਂ ਮੈਂ ਇਸ ਕੋਲ ਬੈਠਦੀ ਹਾਂ ਤਾਂ ਮੈਨੂੰ ਇਉਂ ਲਗਦਾ ਜਿਵੇਂ ਮੈਂ ਆਪਣੀ ਮਾਂ ਦੀ ਬੁੱਕਲ 'ਚ ਹੋਵਾਂ। ਕਦੇ ਕਦੇ ਇਸ ਦੀ ਘੂਕ ਇਉਂ ਲੱਗਦੀ ਆ ਜਿਵੇਂ ਮੇਰੀ ਮਾਂ ਮੇਰੇ ਨਾਲ ਗੱਲਾਂ ਕਰ ਰਹੀ ਹੋਵੇ।

ਹੁਣ ਜੇ ਇਹ ਚੀਜ਼ਾਂ ਸਾਡੇ ਕੋਲੋਂ ਵਿੱਸਰ ਗਈਆਂ ਤਾਂ ਇਸ ਵਿਚ ਸ਼ਾਇਦ ਕਸੂਰ ਕਿਸੇ ਦਾ ਵੀ ਨਾ ਹੋਵੇ ਕਿਉਂਕਿ ਨਾ ਤਾਂ ਅੱਜ ਚਰਖਾ ਕੱਤਣ ਦੀ ਕਿਸੇ ਕੋਲ ਵਿਹਲ ਹੈ ਤੇ ਨਾ ਹੀ ਇਸ ਦੀ ਜ਼ਰੂਰਤ। ਦਾਦੀ ਦੇ ਨਾਲ ਨਾਲ ਚਰਖਾ ਵੀ ਆਪਣਾ ਵਕਤ ਵਿਹਾ ਚੁੱਕਾ ਹੈ ਪਰ ਜੇ ਆਪਾਂ ਹੋਰ ਕੁਝ ਨਹੀਂ ਕਰ ਸਕਦੇ ਤਾਂ ਨਾ ਸਹੀ ਪਰ ਆਪਣੇ ਚੇਤਿਆਂ ਵਿਚ ਉਹ ਖ਼ੂਬਸੂਰਤ ਯਾਦਾਂ ਤਾਂ ਸੰਭਾਲ ਹੀ ਸਕਦੇ ਹਾਂ ਅਤੇ ਅਸੀਂ ਮਹਿਸੂਸ ਤਾਂ ਕਰ ਹੀ ਸਕਦੇ ਹਾਂ ਕਿ ਜਿਵੇਂ ਦਾਦੀ ਆਪਣੇ ਵੇਲਿਆਂ ਵਿਚ ਆਪਣੇ ਪਿਆਰੇ ਚਰਖੇ 'ਤੇ ਕੱਤ ਰਹੀ ਹੋਵੇ, ਕੋਲ ਬੈਠਾ ਦਾਦਾ ਟੀਂਡਿਆਂ 'ਚੋਂ ਨਰਮੇ ਦੀਆਂ ਫੁੱਟੀਆਂ ਕੱਢ ਰਿਹਾ ਹੋਵੇ, ਚਰਖੇ ਦੀ ਘੂਕ ਵਿਚ ਦਾਦੀ ਦੇ ਬੋਲ ਘਰ ਦੀ ਫ਼ਿਜ਼ਾ ਵਿਚ ਮਿਸ਼ਰੀ ਘੋਲ ਰਹੇ ਹੋਣ।

ਜਿਉਂਦੀਆਂ ਰਹਿਣ ਮਾਈਆਂ ਰੱਬ ਰਜਾਈਆਂ, ਜਿਉਂਦੇ ਰਹਿਣ ਉਨ੍ਹਾਂ ਦੇ ਚਰਖੇ ਜਿਨ੍ਹਾਂ ਬਾਰੇ ਉਹ ਕਹਿ ਦਿੰਦੀਆਂ ਸਨ ਕਿ ਖ਼ਸਮ ਮੰਗਿਆ ਤਾਂ ਦੇ ਦੂ ਪਰ ਕਿਸੇ ਨੂੰ ਚਰਖਾ ਮੰਗਿਆ ਨ੍ਹੀਂ ਦਿੰਦੀ।

# ਦੱਦ ਦੀ ਤਸ਼ਖੀਸ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਬਾਬੂ ਰਜਬ ਅਲੀ ਫਰਮਾਉਂਦੇ ਹਨ,
ਦੁੱਖ ਦੇਣ ਨ ਚੱਲੀਏ ਪੈਰ ਨੰਗੇ,
ਕੰਡਾ, ਕੰਚ, ਅਰ ਠੀਕਰੀ, ਰੋੜ ਚਾਰੇ।
ਪਿੱਛੇ ਲੱਗੀਆਂ ਲਹਿਣ ਬੀਮਾਰੀਆਂ ਨਾ,
ਦੱਦ, ਖੰਘ, ਅਧਰੰਗ ਤੇ ਕੋਹੜ ਚਾਰੇ।

ਸੱਚਮੁੱਚ ਦੱਦ ਜਿਹੀਆਂ ਚਮੜੀ ਦੀਆਂ ਬਹੁਤ ਸਾਰੀਆਂ ਬੀਮਾਰੀਆਂ ਐਸੀਆਂ ਹਨ ਜੋ ਇਕ ਵਾਰ ਚੰਬੜ ਜਾਣ, ਖਹਿੜਾ ਨਹੀਂ ਛੱਡਦੀਆਂ। ਚਮੜੀ ਦੀਆਂ ਬਹੁਤੀਆਂ ਮਰਜ਼ਾਂ ਵਿਚ ਮਨੁਖ ਨੂੰ ਮਿੱਠੀ ਮਿੱਠੀ ਤੇ ਕਈ ਵਾਰੀ ਤੀਬਰ ਖਾਜ ਹੁੰਦੀ ਰਹਿੰਦੀ ਹੈ। ਕਿਹਾ ਜਾਂਦਾ ਹੈ, ਜੋ ਮਜ਼ਾ ਖਾਜ ਵਿਚ ਹੈ ਉਹ ਰਾਜ ਵਿਚ ਨਹੀਂ। ਅਜਿਹਾ ਮਜ਼ਾ ਲੈਣ ਦੀ ਖਾਤਿਰ ਮਰੀਜ਼ ਨੂੰ ਖਾਜ ਕਰਨ ਦਾ ਚਸਕਾ ਪੈ ਜਾਂਦਾ ਹੈ ਤੇ ਉਹ ਅੰਦਰੋਂ ਚਾਹੁੰਦਾ ਹੈ ਕਿ ਇਹ ਮਜ਼ੇਦਾਰ ਜ਼ਹਿਮਤ ਭਾਵੇਂ ਨਾ ਹੀ ਹਟੇ। ਪਰ ਦੇਖਣ ਵਾਲੇ ਨੂੰ ਖਾਜ ਕਰਦਾ ਰੋਗੀ ਬਹੁਤ ਕਬਿੱਥਾ ਲਗਦਾ ਹੈ। ਇਹ ਵੀ ਤੱਥ ਹੈ ਕਿ ਚਮੜੀ ਦੀਆਂ ਬਹੁਤੀਆਂ ਬੀਮਾਰੀਆਂ ਕਾਰਨ ਐਮਰਜੈਂਸੀ ਦੀ ਨੌਬਤ ਘਟ ਹੀ ਕਦੇ ਆਉਂਦੀ ਹੈ।

ਬੀਮਾਰੀਆਂ ਦੇ ਨਾਂਵਾਂ ਬਾਰੇ ਬਹੁਤ ਘੜਮੱਸ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਪੁਰਾਣੇ ਜ਼ਮਾਨੇ ਵਿਚ ਬੀਮਾਰੀਆਂ ਉਪਰੇ ਜਿਹੇ ਲੱਛਣਾਂ ਨਾਲ ਹੀ ਪਛਾਣੀਆਂ ਜਾਂਦੀਆਂ ਸਨ। ਇਸ ਲਈ ਇਕ ਤੋਂ ਵਧ ਬੀਮਾਰੀਆਂ ਇਕੋ ਨਾਂ ਨਾਲ ਜਾਣੀਆਂ ਜਾਂਦੀਆਂ ਸਨ। ਆਮ ਤੌਰ 'ਤੇ ਖਾਰਸ਼ ਦੇ ਲੱਛਣ ਵਾਲੀ ਹਰ ਬੀਮਾਰੀ ਨੂੰ ਹੀ ਖਾਜ ਕਹਿ ਦਿੱਤਾ ਜਾਂਦਾ ਹੈ। ਉਂਜ ਇਹ ਘੜਮੱਸ ਸਾਰੀਆਂ ਭਾਸ਼ਾਵਾਂ ਵਿਚ ਹੀ ਹੈ। ਜਿਉਂ ਜਿਉਂ ਬੀਮਾਰੀਆਂ ਦੀ ਸਮਝ ਆਉਂਦੀ ਜਾਂਦੀ ਹੈ, ਹਰ ਬੀਮਾਰੀ ਨੂੰ ਦੂਜੀ ਨਾਲੋਂ ਨਿਖੇੜਿਆ ਜਾਣ ਲੱਗਾ ਹੈ ਤੇ ਇਨ੍ਹਾਂ ਦੇ ਵਿਗਿਆਨਕ ਨਾਮਕਰਣ ਹੋਣ ਲੱਗੇ ਹਨ।

ਵੱਖ ਵੱਖ ਸ੍ਰੋਤਾਂ ਤੋਂ ਹਾਸਿਲ ਜਾਣਕਾਰੀ ਅਨੁਸਾਰ ਦੱਦ ਨਾਂ ਦਾ ਸ਼ਬਦ ਕਈ ਚਰਮ ਰੋਗਾਂ ਲਈ ਵਰਤਿਆ ਜਾਂਦਾ ਹੈ ਜਿਵੇਂ ਰਿੰਗਵਰਮ, ਹਰਪੀਜ਼, ਸ਼ਿੰਗਲਜ਼। ਆਯੁਰਵੈਦਿਕ ਅਨੁਸਾਰ ਇਹ ਕੋਹੜ ਦੀਆਂ ਸਤਾਰਾਂ ਕਿਸਮਾਂ ਵਿਚੋਂ ਇਕ ਹੈ। ਕਈ ਥਾਂਵਾਂ 'ਤੇ ਇਸ ਨੂੰ ਛੋਟਾ ਕੋਹੜ ਹੀ ਕਿਹਾ ਗਿਆ ਹੈ। ਹਰਪੀਜ਼ ਵਾਇਰਸ (ਵਿਸ਼ਾਣੂ) ਨਾਲ ਹੋਣ ਵਾਲੀ ਬੀਮਾਰੀ ਹੈ ਜਿਸ ਕਾਰਨ ਸਰੀਰ 'ਤੇ ਛਾਲੇ ਪੈਂਦੇ ਹਨ। ਸ਼ਿੰਗਲਜ਼ ਜਿਸ ਨੂੰ ਆਮ ਤੌਰ 'ਤੇ ਜਨੇਊ ਕਿਹਾ ਜਾਂਦਾ ਹੈ, ਵੀ ਵਾਇਰਸ ਨਾਲ ਪੈਦਾ ਹੁੰਦਾ ਹੈ। ਜਿਸ ਬੰਦੇ ਨੂੰ ਪਹਿਲਾਂ ਕਦੇ ਚਿਕਨ ਪਾਕਸ ਨਿਕਲਿਆ ਹੋਵੇ, ਉਸ ਦੀ ਬੀਮਾਰੀ ਠੀਕ ਹੋਣ ਉਪਰੰਤ ਵੀ ਇਸ ਦੇ ਵਾਇਰਸ ਅੰਦਰ ਰਹਿੰਦੇ ਹਨ ਜੋ ਬਾਅਦ ਵਿਚ ਸਿੰਗਲਜ਼ ਨਾਂ ਦੀ ਬੀਮਾਰੀ ਦੇ ਰੂਪ ਵਿਚ ਆਪਣਾ ਜਲਵਾ ਦਿਖਾਉਂਦੇ ਹਨ। ਇਸ ਰੋਗ ਦੌਰਾਨ ਮਰੀਜ਼ ਨੂੰ ਅਸਹਿ ਦਰਦ ਹੁੰਦਾ ਹੈ। ਕਈ ਥਾਂਵਾਂ 'ਤੇ ਇਸ ਨੂੰ ਕੱਚੀ ਧਦਰੀ ਕਿਹਾ ਗਿਆ ਹੈ।

ਮੇਰੀ ਜਾਚੇ ਸਾਡੀ ਭਾਸ਼ਾ ਵਿਚ ਰਿੰਗਵਰਮ ਨੂੰ ਦੱਦ ਕਹਿਣਾ ਵਧੇਰੇ ਉਚਿਤ ਹੈ। 'ਮਹਾਨ ਕੋਸ਼' ਵਿਚ ਅਜਿਹਾ ਹੀ ਕਿਹਾ ਗਿਆ ਹੈ। ਇਸ ਅਨੁਸਾਰ ਦੱਦ ਰਿੰਗਵਰਮ ਹੈ ਜੋ ਮੈਲਾ ਰਹਿਣ ਅਤੇ ਮੈਲਾ ਪਾਣੀ ਲੱਗਣ ਤੇ ਗਿੱਲਾ ਵਸਤਰ ਪਹਿਨਣ ਤੋਂ ਲਹੂ ਦੀ ਖਰਾਬੀ ਤੋਂ ਪੈਦਾ ਹੁੰਦਾ ਹੈ। ਇਸ ਦੇ ਵੀ ਕੀੜੇ ਹੁੰਦੇ ਹਨ, ਜੋ ਖੁਰਕਣ ਤੋਂ ਵਧਦੇ ਰਹਿੰਦੇ ਹਨ। ਦੱਦ ਵਿਚ ਮੱਠੀ ਮੱਠੀ ਖਾਜ ਉਠਦੀ ਹੈ।



ਜਿਆਦਾ ਖੁਰਕਣ ਤੋਂ ਚਮੜੀ ਉਚੜ ਜਾਂਦੀ ਹੈ, ਪਾਣੀ ਨਿਕਲਣ ਲਗਦਾ ਹੈ ਅਤੇ ਜਲਨ ਪੈਦਾ ਹੁੰਦੀ ਹੈ। ਇਸ ਤੋਂ ਛੁਟਕਾਰਾ ਪਾਉਣ ਦਾ ਉਪਾਉ ਇਹ ਹੈ ਕਿ ਗੰਧਕ ਦੇ ਸਬੂਣ ਨਾਲ ਦੱਦ ਵਾਲਾ ਥਾਂ ਧੋ ਕੇ ਹੇਠ ਲਿਖੀ ਦਵਾ ਵਰਤਣੀ ਚਾਹੀਏ: ਕੱਥ, ਮਾਜੂ, ਗੰਧਕ, ਤੇਲੀਆ ਸੁਹਾਗਾ-ਚੌਹਾਂ ਨੂੰ ਕਪੜਛਾਣ ਕਰਕੇ ਕੂੰਡੇ ਵਿਚ ਪਾਣੀ ਦੇ ਛਿੱਟੇ ਦੇ ਕੇ ਅਜਿਹਾ ਘੋਟੇ ਜੋ ਲੇਸ ਛੱਡ ਦੇਣ। ਗੋਲੀਆਂ ਵੱਟ ਕੇ ਛਾਂਵੇਂ ਸੁਕਾ ਲੈਣੀਆਂ। ਇਹ ਗੋਲੀ ਪਾਣੀ ਨਾਲ ਘਸਾ ਕੇ ਦੱਦ ਉਪਰ ਲੇਪ ਕਰਨੀ ਅਰ ਜਦ ਤੀਕ ਦਵਾ ਖੁਸ਼ਕ ਨਾ ਹੋ ਜਾਵੇ, ਵਸਤਰ ਨਾਲ ਅੰਗ ਨਹੀਂ ਢਕਣਾ ਚਾਹੀਏ। ਸੰਘਾੜੇ ਦਾ ਆਟਾ ਛੀ ਮਾਸ਼ੇ, ਅਫੀਮ ਇੱਕ ਮਾਸ਼ਾ, ਦੋਹਾਂ ਨੂੰ ਕਾਗਜ਼ੀ ਨਿੰਬੂ ਦੇ ਰਸ ਵਿਚ ਚੰਗੀ ਤਰ੍ਹਾਂ ਘੋਟ ਕੇ ਲੇਪ ਕਰਨਾ। ਚਰਾਇਤਾ ਆਦਿ ਲਹੂ ਸਾਫ ਕਰਨ ਵਾਲੀਆਂ ਔਖਧਾਂ ਵਰਤਣੀਆਂ ਗੁਣਕਾਰੀ ਹਨ। ਦੱਦ ਦੇ ਰੋਗੀ ਨੂੰ ਲਹੂ ਵਿਚ ਜੋਸ਼ ਕਰਨ ਵਾਲੇ ਤੀਖਣ ਪਦਾਰਥ ਨਹੀਂ ਵਰਤਣੇ ਚਾਹੀਦੇ।

'ਮਹਾਨ ਕੋਸ਼' ਦਾ ਇਹ ਇੰਦਰਾਜ ਪੂਰੀ ਤਰ੍ਹਾਂ ਪੇਸ਼ ਕਰਨ ਦਾ ਮਨੋਰਥ ਚਰਚਿਤ ਰੋਗ ਬਾਰੇ ਜਾਣਕਾਰੀ ਤੋਂ ਬਿਨਾ ਹੋਰ ਵੀ ਹੈ। ਇਹ ਕੋਸ਼ ਇਕ ਸਿੱਖ ਸੰਦਰਭ ਵਾਲਾ ਵਿਸ਼ਵਕੋਸ਼ ਹੈ ਇਸ ਲਈ ਇਸ ਵਿਚ ਉਹੀ ਜਾਣਕਾਰੀ ਹੋਣੀ ਚਾਹੀਦੀ ਹੈ ਜੋ ਸਿੱਖੀ ਨਾਲ ਸਬੰਧਤ ਹੋਵੇ। ਪਰ ਅਸੀਂ ਦੇਖਦੇ ਹਾਂ ਕਿ ਇਸ ਵਿਚ ਹੋਰ ਬਹੁਤ ਕੁਝ ਵੀ ਹੈ ਜਿਸ ਦੀ ਜ਼ਰੂਰਤ ਨਹੀਂ ਸੀ। ਇਸ ਵਿਚ ਬਹੁਤ ਸਾਰੇ ਰੋਗਾਂ ਬਾਰੇ ਆਯੁਰਵੈਦਿਕ ਨਜ਼ਰੀਏ ਤੋਂ ਵਿਸਥਾਰ ਸਹਿਤ ਲਿਖਿਆ ਮਿਲਦਾ ਹੈ ਤੇ ਇਨ੍ਹਾਂ ਰੋਗਾਂ ਦਾ ਇਲਾਜ ਵੀ। ਭਲਾ ਇਨ੍ਹਾਂ ਦਾ ਸਿੱਖੀ ਨਾਲ ਕੀ ਸਬੰਧ ਹੈ? ਉਂਜ ਕਈ ਪੁਰਾਣੇ ਕੋਸ਼ ਬੇਲੋੜੀ ਜਾਣਕਾਰੀ ਦਿੰਦੇ ਹਨ। ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚ ਸੁਨਿਸ਼ਚਿਤਤਾ ਦੀ ਘਾਟ ਹੈ। ਖੈਰ, ਭਾਵੇਂ ਦੱਦ ਲਈ ਅੰਗਰੇਜ਼ੀ ਰਿੰਗਵਰਮ ਢੁਕਦਾ ਸ਼ਬਦ ਹੈ ਪਰ ਅੰਗਰੇਜ਼ੀ ਰਿੰਗਵਰਮ ਵੀ ਆਪਣੇ ਤੌਰ 'ਤੇ ਗਲਤ ਸ਼ਬਦ ਹੈ ਕਿਉਂਕਿ ਇਹ ਰੋਗ ਕਿਸੇ ਕੀੜੇ ਜਾਂ ਕਿਰਮ ਕਾਰਨ ਨਹੀਂ ਹੁੰਦਾ ਬਲਕਿ ਕਈ ਕਿਸਮ ਦੀਆਂ ਫਫੂੰਦੀਆਂ (ਫੰਗਸ) ਨਾਲ ਲਗਦਾ ਹੈ। ਇਸ ਦਾ ਇਲਾਜ ਮੁਸ਼ਕਿਲ ਨਾਲ ਹੀ ਹੁੰਦਾ ਹੈ।

ਪੰਜਾਬੀ ਵਿਚ ਇਸ ਨਾਲ ਮਿਲਦੇ-ਜੁਲਦੇ ਹੋਰ ਸ਼ਬਦ ਵੀ ਪ੍ਰਚਲਿਤ ਹਨ ਜਿਵੇਂ ਧੱਦਰ, ਧੱਦਰੀ, ਦੱਦਰ, ਦੱਦੀ ਆਦਿ। ਡਾਕਟਰੀ ਵਿਚ ਇਸ ਲਈ ਵਿਗਿਆਨਕ ਪਦ ਹੈ Dermatophytosis. ਸੰਸਕ੍ਰਿਤ ਵਿਚ ਇਸ ਲਈ ਸ਼ਬਦ ਹੈ 'ਦਦ੍ਰੂ'। ਹੋਰ ਸ਼ਬਦ ਹਨ ਦਦਰੁ ਅਤੇ ਦ੍ਰੂਦ। ਪੰਜਾਬੀ ਦੱਦਰ ਤੇ ਫਿਰ ਦੱਦ ਇਨ੍ਹਾਂ ਤੋਂ ਹੀ ਨਿਕਲੇ ਹਨ। ਸੰਸਕ੍ਰਿਤ ਅਤੇ ਕੁਝ ਹੋਰ ਭਾਸ਼ਾਵਾਂ ਵਿਚ ਕਿਸੇ ਸ਼ਬਦ ਜਾਂ ਧਾਤੂ ਦੀ ਮੁਢਲੀ ਧੁਨੀ ਵਿਚ ਦੁਹਰਾਓ ਦੀ ਪ੍ਰਵਿਰਤੀ ਹੈ ਜਿਸ ਕਾਰਨ ਹੋਰ ਸ਼ਬਦ ਬਣ ਜਾਂਦੇ ਹਨ। ਸੰਸਕ੍ਰਿਤ 'ਦਦ੍ਰੂ' 'ਦਰ' ਤੋਂ ਵਿਕਸਿਤ ਹੋਇਆ ਹੈ, ਇਸ ਵਿਚਲੀ 'ਦ' ਧੁਨੀ ਦਾ ਦੁਹਰਾਉ ਹੋ ਕੇ। ਦਰਅਸਲ ਦਰ (der) ਇਕ ਭਾਰੋਪੀ ਮੂਲ ਹੈ ਜਿਸ ਵਿਚ ਫਟਣ, ਛਿਲਣ ਦੇ ਭਾਵ ਹਨ। ਬਹੁਤ ਸਾਰੀਆਂ ਭਾਸ਼ਾਵਾਂ ਵਿਚ ਦਰ ਦੇ ਅਜਿਹੇ ਭਾਵ ਤੋਂ ਚੰਮ, ਖਲ ਦੇ ਅਰਥ ਵਿਕਸਿਤ ਹੋਏ। ਚੰਮ ਨੂੰ ਇਕ ਤਰ੍ਹਾਂ ਸਰੀਰ ਤੋਂ ਛਿਲੀ ਜਾਂ ਨਿਖੜੀ ਹੋਈ ਚੀਜ਼ ਵਜੋਂ ਦੇਖਿਆ ਗਿਆ ਹੈ। ਪਸ਼ੂਆਂ ਦੇ ਸਰੀਰ ਤੋਂ ਉਚੇੜਿਆ ਹੋਇਆ ਬਾਹਰਲਾ ਕੱਜਣ ਹੀ ਖਲ, ਚੰਮ ਜਾਂ ਚਮੜੀ ਹੈ। ਚੰਮ ਉਧੇੜਨਾ ਇਕ ਮੁਹਾਵਰਾ ਵੀ ਹੈ। ਸੰਭਵ ਹੈ ਪ੍ਰਾਚੀਨ ਸੰਸਕ੍ਰਿਤ ਵਿਚ 'ਦਰ' ਤੋਂ ਬਣਿਆ ਕੋਈ ਸ਼ਬਦ ਹੋਵੇ ਜਿਸ ਦਾ ਅਰਥ ਚਮੜੀ ਰਿਹਾ ਹੋਵੇਗਾ। ਕੁਝ ਵੀ ਹੋਵੇ, ਦਦਰੂ ਜਿਹੇ ਸ਼ਬਦਾਂ ਦਾ ਅਰਥ ਜਾਂ ਤਾਂ ਚਮੜੀ ਰੋਗ ਹੈ ਜਾਂ ਚਮੜੀ ਦਾ ਫਟਣਾ। ਇਸੇ ਦੇ ਸੁਜਾਤੀ ਅੰਗਰੇਜ਼ੀ ਸ਼ਬਦ Tetter ਦਾ ਅਰਥ ਦੱਦਰੀ ਜਿਹਾ ਰੋਗ ਹੀ ਹੈ। Tetter ਦੇ ਹੋਰ ਅਰਥ ਹਨ ਛਾਲਾ, ਫਿਨਸੀ। ਇਥੇ 'ਦ' ਧੁਨੀ 'ਟ' ਵਿਚ ਵਟ ਗਈ ਹੈ ਜਿਵੇਂ ਦੰਦ ਦੇ ਟਾਕਰੇ 'ਤੇ ਅੰਗਰੇਜ਼ੀ ਸ਼ਬਦ ਹੈ- ਟੁੱਥ। ਅੰਗਰੇਜ਼ੀ Turd ਸ਼ਬਦ ਦਾ ਅਰਥ ਹੁੰਦਾ ਹੈ- ਲੇਡਾ, ਲੀਡੀ (ਟੱਟੀ ਦੀ), ਲਿੰਦ ਜਾਂ ਗੋਹਾ। ਇਥੇ ਵੀ ਸਰੀਰ ਤੋਂ ਨਿਖੜੀ ਹੋਈ ਚੀਜ਼ ਦਾ ਭਾਵ ਹੈ। ਦੱਦ ਲਈ ਪਿਛੇ ਦੱਸਿਆ ਤਕਨੀਕੀ ਪਦ Dermatophytosis, Derm ਸ਼ਬਦ ਦਾ ਵਿਉਤਪਤ ਰੂਪ ਹੈ। ਅੰਗਰੇਜ਼ੀ Derm ਵੀ ਅੰਤਮ ਰੂਪ ਵਿਚ ਗਰੀਕ Derma ਦਾ ਬਦਲਿਆ ਰੂਪ ਹੈ। ਗਰੀਕ ਡਰਮ ਦਾ ਅਰਥ ਹੁੰਦਾ ਹੈ ਚਮੜੀ, ਤਵਚਾ, ਖਲ ਤੇ ਇਹ ਵੀ Der ਧਾਤੂ ਨਾਲ ਹੀ ਜਾ ਜੁੜਦਾ ਹੈ। ਅੰਗਰੇਜ਼ੀ Dermatology ਦਾ ਅਰਥ ਹੁੰਦਾ ਹੈ ਤਵਚਾ-ਵਿਗਿਆਨ। ਬਹੁਤ ਸਾਰੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਉਂਜ ਅਸੀਂ "ਦਰਦ ਕਹਾਣੀ" ਨਾਮੀਂ ਕਾਲਮ ਵਿਚ ਇਸ ਧਾਤੂ ਦੇ ਫਟਣ ਦੇ ਭਾਵ ਤੋਂ ਵਿਕਸਿਤ ਹੋਏ ਬਹੁਤ ਸਾਰੇ ਪੰਜਾਬੀ ਸ਼ਬਦਾਂ ਦਾ ਜ਼ਿਕਰ ਕਰ ਆਏ ਹਾਂ ਪਰ ਫਿਰ ਵੀ ਇਥੇ ਉਨ੍ਹਾਂ ਨੂੰ ਦੁਹਰਾਉਣਾ ਕੁਥਾਂ ਨਹੀਂ ਹੋਵੇਗਾ। ਦੁਖ ਦੇ ਅਰਥ ਵਾਲੇ ਦਰਦ ਸ਼ਬਦ ਵਿਚ ਮਾਨਸਿਕ ਤੌਰ 'ਤੇ ਫਟਣ ਦੇ ਭਾਵ ਹੀ ਹਨ। ਦਰਦ ਸ਼ਬਦ ਦਾ ਇਕ ਮਹੱਤਵਪੂਰਨ ਅਰਥ 'ਡਰ' ਹੈ। ਇਕ ਮਿਸਾਲ ਦੇਖੋ, "ਕਾ ਦਰ ਹੈ ਜਮ ਕੋ ਤਿਨ ਜੀਵਨ ਅੰਤ ਭਜੇ ਗੁਰੁ ਤੇਗ ਬਹਾਦਰ?" ਸੰਸਕ੍ਰਿਤ ਵਿਚ 'ਦਰ ਤਿਮਿਰ' ਦਾ ਅਰਥ ਡਰ ਦਾ ਹਨੇਰਾ ਹੁੰਦਾ ਹੈ। ਸੰਸਕ੍ਰਿਤ ਵਿਚ ਹੀ ਦਰਦ ਦਾ ਅਰਥ ਡਰ, ਭੈਅ ਵੀ ਹੈ। ਸੱਚਾਈ ਇਹ ਹੈ ਕਿ ਭੈਅ ਦੇ ਅਰਥਾਂ ਵਾਲਾ ਡਰ ਸ਼ਬਦ ਵੀ ਇਸੇ ਦਾ ਇਕ ਭੇਦ ਹੈ। ਦਰਅਸਲ ਦਰ ਜਾਂ ਡਰ ਵਿਚ ਵੀ ਮਨ ਦੇ ਫਟਣ ਦਾ ਭਾਵ ਹੈ। ਭਗਤ ਕਬੀਰ ਦਾ ਕਥਨ ਹੈ, "ਡਰਾ ਡਰ ਉਪਜੈ ਡਰ ਜਾਈ॥" ਗੁਰੂ ਨਾਨਕ ਸਾਹਿਬ ਨੇ ਕਿਹਾ ਹੈ, "ਭੈਅ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥" ਡਰ ਦਾ ਇਕ ਲੋਕ-ਪ੍ਰਚਲਿਤ ਰੂਪ ਡਰੀ ਵੀ ਹੈ, "ਮੈਨੂੰ ਤੇਰੀ ਡਰੀ ਮਾਰੀ ਹੋਈ ਹੈ?" ਡਰ ਦਾ ਇਕ ਹੋਰ ਰੂਪ ਡਰਪਣਾ ਹੈ ਜਿਸ ਤੋਂ ਅੱਗੇ ਡਰਪੋਕ ਸ਼ਬਦ ਬਣਿਆ, "ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ॥" (ਭਗਤ ਕਬੀਰ) ਭਾਵ ਸੂਰਮਾ ਕਾਹਦਾ ਜੋ ਰਣਭੂਮੀ ਤੋਂ ਡਰ ਜਾਵੇ ਤੇ ਸਤੀ ਕਾਹਦੀ ਜੋ (ਮਰਨ ਵੇਲੇ) ਭਾਂਡੇ ਸਾਂਭਣ ਲੱਗ ਪਵੇ।

ਦਰ ਦੇ ਫਟਣ ਵਾਲੇ ਭਾਵ ਤੋਂ ਬਣੇ ਹੋਰ ਵੀ ਕਈ ਸ਼ਬਦ ਮਿਲਦੇ ਹਨ ਜਿਵੇਂ ਦਰੜ, ਦਰਦਰਾ, ਦਰਿੰਦਾ। ਇਹ ਵੀ ਦੱਸਣਯੋਗ ਹੈ ਕਿ ਦਲ ਸ਼ਬਦ ਵੀ 'ਦਰ' ਦਾ ਹੀ ਇਕ ਰੂਪ ਹੈ ਜਿਸ ਤੋਂ ਹੋਰ ਬਹੁਤ ਸਾਰੇ ਸ਼ਬਦ ਬਣੇ ਹਨ ਜਿਨ੍ਹਾਂ ਵਿਚ ਫਟਣ, ਪਾਟਣ ਦੇ ਭਾਵ ਹਨ, ਜਿਵੇਂ ਦਲ (ਟਿੱਡੀ ਦਲ)। ਇਹ ਸ਼ਬਦ (ਰਾਜਸੀ) ਪਾਰਟੀ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ ਤੇ ਸੈਨਾ ਦੀ ਟੁਕੜੀ ਦੇ ਅਰਥਾਂ ਵਿਚ ਵੀ। ਦਲ ਤੋਂ ਅੱਗੇ ਦਲਪਤੀ ਸ਼ਬਦ ਬਣਿਆ। 'ਦਾਲ', ਮਤਲਬ ਦਲ ਕੇ ਖਾਧੀ ਜਾਣ ਵਾਲੀ ਜਿਣਸ (ਮੂੰਗੀ, ਮਸਰ, ਛੋਲੇ ਆਦਿ) ਵਿਚ ਵੀ ਫਟਣ ਦਾ ਭਾਵ ਹੈ। ਖੱਟਾ ਦੇ ਅਰਥਾਂ ਵਾਲਾ ਅੰਗਰੇਜ਼ੀ Tart ਸ਼ਬਦ ਵੀ ਇਸੇ ਮੂਲ ਨਾਲ ਜੁੜਦਾ ਹੈ। ਇਸ ਵਿਚ ਮੂਲ ਭਾਵ ਜੀਭ ਨੂੰ ਪਾੜਨ ਦਾ ਹੈ। ਸਾਡੀਆਂ ਭਾਸ਼ਾਵਾਂ ਦੀ ਤਰ੍ਹਾਂ ਹੀ ਗਰੀਕ ਵਿਚ ਵੀ ਇਸ ਮੂਲ ਦੀ 'ਰ' ਧੁਨੀ 'ਲ' ਵਿਚ ਬਦਲ ਗਈ ਹੈ। ਗਰੀਕ ਵਿਚ Dole ਸ਼ਬਦ ਮਿਲਦਾ ਹੈ ਜਿਸ ਦਾ ਅਰਥ ਗਮ, ਦੁਖ, ਦਰਦ ਹੈ। ਦੁਖ ਦਰਦ ਸਾਂਝਾ ਕਰਨ ਮਤਲਬ ਹਮਦਰਦੀ ਲਈ ਅੰਗਰੇਜ਼ੀ ਸ਼ਬਦ Condole ਵੀ ਇਸੇ ਤੋਂ ਵਿਕਸਿਤ ਹੋਇਆ। ਕਰੋਸ਼ੀਅਨ ਭਾਸ਼ਾ ਵਿਚ ਦਰਦ ਦਾ ਮਤਲਬ ਫਿਕਰ, ਚਿੰਤਾ ਹੁੰਦਾ ਹੈ ਭਾਵ ਜਿਸ ਗੱਲ ਦੀ ਕਲਪਨਾ ਮਨ ਨੂੰ ਚੀਰਦੀ ਰਹਿੰਦੀ ਹੈ।

## ਸੰਪਾਦਕ ਦੀ ਡਾਕ

### ਬਲਜੀਤ ਬਾਸੀ ਦਾ ਕਾਲਮ 'ਸ਼ਬਦ-ਝਰੋਖਾ'

ਸੰਪਾਦਕ ਜੀ,

ਬਲਜੀਤ ਬਾਸੀ ਦਾ ਕਾਲਮ 'ਸ਼ਬਦ-ਝਰੋਖਾ' ਪੜ੍ਹ ਕੇ ਹਰ ਵਾਰੀ ਬੱਲੇ ਬੱਲੇ ਕਹੀਦਾ ਹੈ ਪਰ ਅਫਸੋਸ ਉਨ੍ਹਾਂ ਦਾ ਧੰਨਵਾਦ ਕਰਨ ਲਈ ਹੁਣ ਤੱਕ ਘੌਲ ਹੀ ਹੁੰਦੀ ਰਹੀ ਹੈ। ਪੂਰੀ ਆਸ ਹੈ ਕਿ 'ਸ਼ਬਦ-ਝਰੋਖਾ' ਪੜ੍ਹਨ ਵਾਲੇ ਹੋਰ ਵੀ ਬਹੁਤ ਸਾਰੇ ਪਾਠਕ ਸਾਡੇ ਨਾਲ ਸਹਿਮਤ ਹੋਣਗੇ ਕਿ ਬਲਜੀਤ ਬਾਸੀ ਦਾ ਪੰਜਾਬੀ ਸ਼ਬਦਾਵਲੀ ਦਾ ਗਿਆਨ ਤੇ ਸ਼ਬਦ ਜੋੜ ਦਾ ਹੁਨਰ ਇਕ 'ਉਰਲਮ-ਪਰਲਮ' ਨਹੀਂ ਸਗੋਂ ਇਹ ਤਾਂ ਪੰਜਾਬੀ ਪੜ੍ਹਨ ਵਾਲਿਆਂ ਦੀ ਝੋਲੀ ਦੀ ਪ੍ਰਫੁਲਤਾ ਤੇ ਅਨੰਦ ਵਿਚ ਇਕ ਵਡਮੁੱਲਾ ਵਾਧਾ ਹੈ। ਬੱਲੇ ਬੱਲੇ ਬਈ ਤੇਰੇ ਬਲਜੀਤ ਸਿੰਘਾ! ਮੰਨ ਗਏ ਤੈਨੂੰ। ਮਾਣ ਹੈ ਤੇਰੇ 'ਤੇ ਪੰਜਾਬੀਆਂ ਨੂੰ। ਪੰਜਾਬ ਟਾਈਮਜ਼ ਦਾ ਵੀ ਧੰਨਵਾਦ।

-ਭੁਪਿੰਦਰ ਸਿੰਘ ਤੇ ਤੇਜਿੰਦਰ ਕੌਰ
ਫੇਅਰਫੀਲਡ, ਕੈਲੀਫੋਰਨੀਆ।

## ਰੱਬ ਦੀ ਪ੍ਰਾਪਤੀ

'ਪੁਰਖ' 'ਅਜੂਨੀ' ਗੁਰੂਆਂ ਜੋ ਸਮਝਾਇਆ ਹੈ।
ਸਾਡੀ ਐਨਕ ਦੇ ਉਹ ਫਿੱਟ ਨਹੀਂ ਆਇਆ ਹੈ।
ਕਈ ਵਾਰੀ ਇਹ ਜਗਤ-ਪਸਾਰਾ ਪੱਸਰਿਆ,
ਕਈ ਵਾਰੀ ਉਸ ਆਪੇ ਖੁਦ ਨੂੰ ਢਾਇਆ ਹੈ।
ਆਪਣੇ ਆਪ ਨੂੰ ਆਪੇ ਹੀ ਜੋ ਸਾਜ ਰਿਹਾ,
ਬਾਬੇ ਉਸ ਨੂੰ 'ਸੈਭੰ' ਕਹਿ ਪ੍ਰਗਟਾਇਆ ਹੈ।
ਕਰਤੇ ਬਾਝ ਨਾ ਕਿਰਤ, ਕਿਰਤ ਬਿਨ ਕਰਤਾ ਨਾ,
ਗੁਰਬਾਣੀ ਨੇ ਇਹੀ ਰੂਪ ਸੁਝਾਇਆ ਹੈ।
ਜ਼ੱਰੇ ਜ਼ੱਰੇ ਵਿਚ ਓਸੇ ਦਾ ਹੀ ਜਲਵਾ ਹੈ,
ਜਿੱਧਰ ਦੇਖੋ ਓਸੇ ਦੀ ਹੀ ਛਾਇਆ ਹੈ।
ਗਿਆਨ ਓਸ ਦੀ ਥਾਹ ਤੋਂ ਪਿੱਛੇ ਰਹਿੰਦਾ ਹੈ,
'ਨਾਨਕ' ਜਿਸ ਨੂੰ 'ਬੇਅੰਤ' ਫੁਰਮਾਇਆ ਹੈ।
ਜਿਸ ਨੇ ਜੀਵਨ ਵਿਚ ਉਸ ਨੂੰ ਪਹਿਚਾਣ ਲਿਆ,
ਉਸ ਦੀ ਕਿਰਤ, ਸੁਕਿਰਤ ਦਾ ਰੂਪ ਵਟਾਇਆ ਹੈ।
ਉਸ ਦੇ ਜਗਤ ਦੀ ਸੇਵਾ ਉਸ ਦੀ ਪੂਜਾ ਹੈ,
ਖਲਕਤ ਦੇ ਖੁਸ਼ ਹੁੰਦਿਆਂ ਉਹ ਮੁਸਕਾਇਆ ਹੈ।
ਬੰਦਿਆਂ ਆਪਣੇ ਵਾਂਗੂ ਆਪਣੇ ਖਿਆਲਾਂ ਵਿਚ,
ਰੱਬ ਨੂੰ ਵੀ ਵਡਿਆਈ-ਖੋਰ ਜਤਾਇਆ ਹੈ।
ਆਪਣੇ ਹੀ ਗੁਣ ਸੁਣ ਕੇ ਉਹ ਖੁਸ਼ ਹੁੰਦਾ ਹੈ,
ਏਦਾਂ ਕਹਿ ਕੇ ਸਭ ਨੂੰ ਭੇਡ ਬਣਾਇਆ ਹੈ।
ਛੱਡ ਆਡੰਬਰੀ ਪੂਜਾ ਰਜਾ 'ਚ ਰਹਿੰਦਾ ਜੋ,
ਉਸ ਪੁਜਾਰੀ ਤੋਂ ਨਾਸਤਕ ਅਖਵਾਇਆ ਹੈ।
ਗੈਰ-ਕੁਦਰਤੀ ਆਸਾਂ ਤੱਕਣ ਵਾਲੇ ਨੇ,
ਆਪਣੇ ਆਸਤਕ ਹੋਣ ਦਾ ਝੰਡਾ ਲਾਇਆ ਹੈ।
ਆਸਤਕ-ਨਾਸਤਕ ਸਭਨਾਂ ਵਿਚ ਉਹ ਰਮਿਆ ਹੈ,
ਉਸ ਦੇ ਲਈ ਨਾ ਜੱਗ 'ਤੇ ਕੋਈ ਪਰਾਇਆ ਹੈ।
ਰੱਬ ਅੱਖਾਂ ਨਾਲ ਦੇਖਣ ਦੀ ਕੋਈ ਚੀਜ ਨਹੀਂ,
ਜਿਸ ਨੇ ਵੀ ਮਹਿਸੂਸਿਆ ਸਮਝੋ ਪਾਇਆ ਹੈ।

-ਡਾ. ਗੁਰਮੀਤ ਸਿੰਘ ਬਰਸਾਲ
ਕੈਲੀਫੋਰਨੀਆ।

## ਗ਼ਜ਼ਲ

-ਮਹਿੰਦਰ ਸਿੰਘ ਸਾਦਿਕ

ਫੁੱਲਾਂ ਵਰਗੀ ਯਾਦ ਤੇਰੀ ਦਾ ਰੰਗਲਾ ਜਿਹਾ ਪਰਛਾਂਵਾਂ।
ਤੇਰੇ ਵਾਲਾਂ ਦੀ ਕਾਲੀ ਰਾਤ 'ਚ ਦੋ ਪਲ ਮੈਂ ਸੌਂ ਜਾਵਾਂ।

ਠਹਿਰੋ ਜਰਾ! ਅਰਥੀ ਮੇਰੀ ਨੂੰ ਅਜੇ ਨਾ ਮੋਢਾ ਲਾਇਓ,
ਪੜ੍ਹ ਲਵਾਂ ਮਾਸ਼ੂਕ ਦਾ ਸੱਜਰਾ ਖ਼ਤ ਤੇ ਸਿਰਨਾਵਾਂ।

ਜਾਗੀਰਦਾਰੀ ਦੇ ਜ਼ੁਲਮ ਸਿਤਮ ਦੀ ਨਾਸੂਰਾਂ ਭਰੀ ਕਹਾਣੀ,
ਕੰਮੀਆਂ ਵਿਹੜੇ ਜਾ ਕੇ ਪੁੱਛੋ ਭੁਗਤਣ ਕਿੰਜ ਸਜ਼ਾਵਾਂ।

ਕਿਸ 'ਤੇ ਕਰੀਏ ਗਿਲੇ ਤੇ ਸ਼ਿਕਵੇ ਕਿਸ ਨੂੰ ਦਰਦ ਸੁਣਾਈਏ,
ਮੁਹੱਬਤ ਮੇਰੀ ਦੇ ਹਮਰਾਜ਼ ਹੀ ਫੈਲਾਉਂਦੇ ਨਿੱਤ ਅਫਵਾਹਾਂ।

ਆਪ-ਮੁਹਾਰੇ ਫੁਟਦੇ ਜਾਂਦੇ ਗ਼ਜ਼ਲਾਂ ਦੇ ਫੁਹਾਰੇ,
ਜਦ ਗੋਰੀਏ ਯਾਦ ਆਉਂਦੀਆਂ ਤੇਰੇ ਵਸਲ ਦੀਆਂ ਥਾਂਵਾਂ।

ਕੋਤਵਾਲ ਤੇ ਮੁਜਰਮ ਦੀ ਹੈ ਮਿੱਤਰੋ ਸਾਂਝੇਦਾਰੀ,
ਮੁਨਸਫ ਦੀਆਂ ਰਿਸ਼ਵਤ ਉਤੇ ਟਿਕੀਆਂ ਹੋਈਆਂ ਨਿਗਾਹਵਾਂ।

ਪੌਣਾਂ ਦੇ ਵਿਚ ਨਕਸ਼ ਗੁਆਚੇ ਅੰਬਰ ਉਤੇ ਪੈੜਾਂ,
ਝੱਲੀ ਰੂਹ ਨੂੰ ਰੰਗਲੇ ਯਾਰ ਦਾ ਕਿੱਥੋਂ ਲੜ ਫੜਾਵਾਂ।

ਚੰਨ-ਚਾਨਣੀ ਫੁੱਲ ਸਰ੍ਹੋਂ ਦੇ ਸੋਨੇ ਦੇ ਜਿਉਂ ਗਜਰੇ,
ਕੁਦਰਤ-ਕੁੜੀ ਦੀਆਂ ਭਰੀਆਂ ਹੋਈਆਂ ਗੋਰੀਆਂ ਗੋਰੀਆਂ ਬਾਹਵਾਂ।

ਮੌਤ ਦੇ ਮਗਰੋਂ ਭੁੱਲ ਜਾਣਗੇ ਮਿੱਤਰ ਯਾਰ ਪਿਆਰੇ,
'ਸਾਦਿਕ' ਕਰਦਾ ਰਹਿੰਦਾ ਜਿਨ੍ਹਾਂ ਨੂੰ ਦੋਵੇਂ ਹੱਥੀ ਛਾਂਵਾਂ।

## ਸ਼ਹੀਦ ਕੌਣ?

ਵਤਨ ਦੇ ਲਈ ਜੋ ਕੁਰਬਾਨ ਹੋਏ, ਉਹ ਸ਼ਹੀਦ ਹੈ।
ਸਰਹੱਦਾਂ 'ਤੇ ਜੋ ਦਿਨ ਰਾਤ ਮੋਏ, ਉਹ ਸ਼ਹੀਦ ਹੈ।
ਕੌਮ ਦੀ ਖਾਤ ਜੋ ਮਰ ਮਿਟੇ, ਉਹ ਸ਼ਹੀਦ ਹੈ।
ਦੇਸ਼ ਲਈ ਜੋ ਜਾਨਾਂ ਵਾਰ ਗਏ, ਉਹ ਸ਼ਹੀਦ ਹੈ।

ਫਾਂਸੀ ਦੇ ਤਖਤੇ ਜੋ ਚੜ੍ਹ ਬੋਲੇ ਜੈ ਮਾਂ, ਉਹ ਸ਼ਹੀਦ ਹੈ।
ਗਲ ਫਾਂਸੀ ਦਾ ਫੰਦਾ ਪਾ ਨਹੀਂ ਡੋਲੇ, ਉਹ ਸ਼ਹੀਦ ਹੈ।
ਜੋ ਮਰਦੇ ਦਮ ਮਾਂ ਭਾਰਤ ਬੋਲੇ, ਉਹ ਸ਼ਹੀਦ ਹੈ।
ਜੋ ਦਰਦ ਵੰਡਾਏ ਮੁਲਕ ਦਾ, ਉਹ ਸ਼ਹੀਦ ਹੈ।

ਜੋ ਨਾਹਰਾ ਮਾਰੇ ਹਿੰਦ ਆਜ਼ਾਦ ਦਾ, ਉਹ ਸ਼ਹੀਦ ਹੈ।
ਜੋ ਦਲਿਦਰ ਮੁਕਾਏ ਆਜ਼ਾਦੀ ਲਈ, ਉਹ ਸ਼ਹੀਦ ਹੈ।
ਜੋ ਦਲਿਤਾਂ ਲਈ ਹਾਅ ਦਾ ਨਾਅਰਾ ਮਾਰੇ, ਉਹ ਸ਼ਹੀਦ ਹੈ।
ਜੋ ਹਿੰਦ ਲਈ ਮਰ ਮਿਟ ਜਾਏ, ਉਹ ਸ਼ਹੀਦ ਹੈ।

ਜੋ ਦੇਸ਼ ਦੇ ਦੁਸ਼ਮਣ ਲਈ ਤਲਵਾਰ ਬਣੇ, ਉਹ ਸ਼ਹੀਦ ਹੈ।
ਜੋ ਅਮਨ ਦੀ ਖਾਤਰ ਫਾਂਸੀ ਚੜ੍ਹੇ, ਉਹ ਸ਼ਹੀਦ ਹੈ।
ਜੋ ਜ਼ੁਲਮ ਦੇ ਲਈ ਹਥਿਆਰ ਉਠਾਏ, ਉਹ ਸ਼ਹੀਦ ਹੈ।
ਜੋ ਮਾਂ ਭਾਰਤ ਦੀ ਲਾਜ ਬਚਾਏ, ਉਹ ਸ਼ਹੀਦ ਹੈ।

ਜੋ ਗੁਲਾਮੀ ਦੀ ਜ਼ੰਜੀਰ ਨੂੰ ਤੋੜੇ, ਉਹ ਸ਼ਹੀਦ ਹੈ।
ਜੋ ਬਿਨਾ ਹਿੰਸਕ ਸਭ ਨੂੰ ਜੋੜੇ, ਉਹ ਸ਼ਹੀਦ ਹੈ।
ਦੇਸ਼ ਭਗਤੀ ਦਾ ਨਾਹਰਾ ਘਰ ਘਰ ਬੋਲੇ, ਉਹ ਸ਼ਹੀਦ ਹੈ।
ਜੋ ਪਾਪੀ ਨੂੰ ਨਰਕ ਪਹੁੰਚਾਏ, ਉਹ ਸ਼ਹੀਦ ਹੈ।

ਜੋ ਦੇਸ਼ ਦੇ ਅਨਸਰਾਂ ਨੂੰ ਮਾਰ ਮਿਟਾਵੇ, ਉਹ ਸ਼ਹੀਦ ਹੈ।
ਛਾਤੀ ਤਾਣ ਵਤਨ ਦੀ ਦੀਵਾਰ ਬਣ ਜਾਏ, ਉਹ ਸ਼ਹੀਦ ਹੈ।
ਅਮਨ-ਆਜ਼ਾਦੀ ਦਾ ਜੋ ਪਾਠ ਪੜ੍ਹਾਏ, ਉਹੀ ਸ਼ਹੀਦੀ ਕਤਾਰ ਬਣਾਏ।
ਮੁੱਕਿਆ ਨਹੀਂ ਇਹ ਸਾਨੀ ਜਜ਼ਬਾ, ਕਰ ਬੈਠੇ ਹਾਂ ਬਹੁਤ ਤਜਰਬਾ।
'ਚਰਨ' ਦਾ ਮੱਥਾ ਉਥੇ ਝੁਕਦਾ, ਜਿਥੇ ਸ਼ਹੀਦ ਦਾ ਖੂਨ ਹੈ ਡੁਲ੍ਹਦਾ।

-ਚਰਨ ਅਨੰਦ, ਫੋਨ: 916-587-4002

## ਕਾਵਿ-ਮੰਚ

### ਸੁਨੇਹਾ

ਕੋਲੋਂ ਦੀ ਲੰਘਦੀ ਪੌਣ ਨੇ,
ਅੱਜ ਸਹਿਮ ਕੇ ਕਿਹਾ ਏ।

ਜ਼ਰਾ ਸੋਚ ਤੇਰੇ ਦੇਸ਼ ਵਿਚ,
ਇਹ ਕੀ ਹੋ ਰਿਹਾ ਏ।

ਬਣ ਕੇ ਦਰਿੰਦਾ ਆਦਮੀ,
ਕਿਉਂ ਕਹਿਰ ਢਾਹ ਰਿਹਾ ਏ।

ਕੰਜਕਾਂ ਦੇ ਮਾਸ ਨੋਚ ਕੇ,
ਹਵਸ ਮਿਟਾ ਰਿਹਾ ਏ।

ਚੀਰ ਹਰਨ ਹਰ ਥਾਂ,
ਹੁਣ ਆਮ ਹੋ ਗਿਆ ਏ।

ਹਰ ਮਾਂ ਭਰੇ ਸਿਸਕੀਆਂ
ਬਾਪੂ ਕਰਾਹ ਰਿਹਾ ਏ।

ਨਾਰੀਤਵ ਤੇਰੇ ਦੇਸ਼ ਵਿਚ,
ਮਹਿਫੂਜ਼ ਨਾ ਰਿਹਾ ਏ।

'ਕੱਲੀ ਨਾ ਆਵੀਂ ਦੇਸ਼ ਨੂੰ,
ਤੇਰੀ ਮਾਂ ਨੇ ਕਿਹਾ ਏ।

-ਨੀਲਮ ਸੈਣੀ
ਕੈਲੀਫੋਰਨੀਆ।
ਫੋਨ: 510-502-0551

# ਕੰਗਨਾ ਰਾਣਾਵਤ ਦਾ ਹੈ ਰਾਜ



ਅਦਾਕਾਰਾ ਕੰਗਨਾ ਰਾਣਾਵਤ ਦੀ ਗੁੱਡੀ ਅੱਜ ਕੱਲ੍ਹ ਖ਼ੂਬ ਚੜ੍ਹੀ ਹੋਈ ਹੈ। 'ਕੁਈਨ', 'ਰਿਵਾਲਵਰ ਰਾਨੀ' ਤੇ 'ਉਂਗਲੀ' ਤੋਂ ਬਾਅਦ ਉਸ ਦੀ ਨਵੀਂ ਫਿਲਮ 'ਤਨੂ ਵੈੱਡਸ ਮਨੂ ਰਿਟਰਨਜ਼' ਨੇ ਸਫ਼ਲਤਾ ਦੇ ਝੰਡੇ ਗੱਡ ਦਿੱਤੇ ਹਨ। ਇਸ ਨਾਇਕਾ ਮੁਖੀ ਫਿਲਮ ਨੇ 100 ਕਰੋੜ ਰੁਪਏ ਕਮਾਉਣ ਦਾ ਟੀਚਾ ਵੀ ਪਾਰ ਕਰ ਲਿਆ ਹੈ।

ਕੰਗਨਾ ਨੇ ਆਪਣੀ ਕਰੀਅਰ ਦੀ ਸ਼ੁਰੂਆਤ 2006 ਵਿਚ ਕੀਤੀ ਸੀ ਅਤੇ ਉਸ ਸਾਲ ਉਸ ਦੀਆਂ 2 ਫਿਲਮਾਂ- 'ਵੋ੍ਹ ਲਮਹੇ' ਅਤੇ 'ਗੈਂਗਸਟਰ' ਰਿਲੀਜ਼ ਹੋਈਆਂ ਸਨ। ਉਸ ਤੋਂ ਬਾਅਦ 'ਫੈਸ਼ਨ', 'ਤਨੂ ਵੈੱਡਸ ਮਨੂ', 'ਕ੍ਰਿਸ਼', 'ਰੱਜੋ' ਵਰਗੀਆਂ ਫਿਲਮਾਂ ਨਾਲ ਉਸ ਨੇ ਆਪਣੇ ਲਈ ਵੱਖਰਾ ਥਾਂ ਬਣਾ ਲਿਆ। ਬਾਅਦ ਵਾਲੀਆਂ ਫਿਲਮਾਂ ਵਿਚ ਤਾਂ ਉਹ ਸਫ਼ਲ ਨਾਇਕਾ-ਮੁਖੀ ਫਿਲਮਾਂ ਦੇ ਕੇ ਸਭ ਤੋਂ ਅਗਲੀ ਕਤਾਰ ਵਿਚ ਜਾ ਖੜ੍ਹੀ ਹੋਈ।

ਅਸਲ ਵਿਚ ਕੰਗਨਾ ਮੁੱਢ ਤੋਂ ਚੁਣ-ਚੁਣ ਕੇ ਫਿਲਮਾਂ ਕਰਦੀ ਰਹੀ ਹੈ। ਹੁਣ ਉਹ ਖੁਦ ਫਿਲਮ ਡਾਇਰੈਕਟ ਕਰਨ ਦੀ ਤਿਆਰੀ ਕਰ ਰਹੀ ਹੈ। ਚੇਤੇ ਰਹੇ ਕਿ ਆਪਣੀ ਹਿੱਟ ਫਿਲਮ 'ਕੁਈਨ' ਦੇ ਡਾਇਲਾਗ ਉਹਨੇ ਖੁਦ ਹੀ ਲਿਖੇ ਸਨ। ਉਸ ਦੀਆਂ ਅਗਲੀਆਂ ਫਿਲਮਾਂ ਵਿਚ 'ਕੱਟੀ ਬੱਟੀ' ਅਤੇ 'ਆਈ ਲਵ ਨਿਊ ਯੀਅਰ' ਸ਼ਾਮਲ ਹਨ। ਕੰਗਨਾ ਰਾਣਾਵਤ ਦਾ ਜਨਮ 23 ਮਾਰਚ 1987 ਨੂੰ ਹਿਮਾਚਲ ਪ੍ਰਦੇਸ਼ ਦੇ ਨਿੱਕੇ ਜਿਹੇ ਪਿੰਡ ਭੰਬਲਾ ਵਿਚ ਹੋਇਆ ਸੀ। ਇਕ ਸਵਾਲ ਦੇ ਜਵਾਬ ਵਿਚ ਉਹ ਸਾਫ ਤੇ ਸਪਸ਼ਟ ਸ਼ਬਦਾਂ ਕਹਿੰਦੀ ਹੈ ਕਿ ਫਿਲਮ ਜਗਤ ਵਿਚ ਉਸ ਦਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ ਹੈ। ਉਸ ਦਾ ਤਾਂ ਸਿਰਫ ਤੇ ਸਿਰਫ ਆਪਣੇ ਆਪ ਨਾਲ ਮੁਕਾਬਲਾ ਹੈ ਅਤੇ ਉਹ ਆਪਣੀਆਂ ਨਜ਼ਰਾਂ ਵਿਚ ਬਹੁਤ ਉਚਾ ਉਠ ਕੇ ਜਿਉਣ ਦੀ ਖਾਹਿਸ਼ਮੰਦ ਹੈ।

# 47 ਤੋਂ ਪਹਿਲਾਂ ਦਾ ਲਾਹੌਰ

## ਪ੍ਰਸੰਗ ਫਿਲਮ ਸਨਅਤ

**ਆਵਾਜ਼ ਦੇ ਕਹਾਂ ਹੈ... -4-**



**ਕੁਲਦੀਪ ਕੌਰ**
**ਫੋਨ: +91-98554-04330**

1947 ਦੀ ਵੰਡ ਦੇ ਸਮੇਂ ਫਿਲਮ ਸਨਅਤ ਦਾ ਉਜਾੜਾ, ਕਲਾ ਅਤੇ ਸਭਿਆਚਾਰ ਦੇ ਪੱਖ ਤੋਂ ਕਦੀ ਵੀ ਨਾ ਭਰਨ ਵਾਲਾ ਖੱਪਾ ਹੈ। ਇਸ ਬਾਰੇ ਪਾਕਿਸਤਾਨ ਦੇ ਪ੍ਰਸਿੱਧ ਫਿਲਮ ਵਿਤਰਕ ਏਜ਼ਾਜ ਗੁਲ ਲਿਖਦੇ ਹਨ- ਸੰਤਾਲੀ ਦੀ ਵੰਡ ਤੋਂ ਪਹਿਲਾਂ ਲਾਹੌਰ ਇਕ ਤਰ੍ਹਾਂ ਨਾਲ ਪੰਜਾਬ ਦੇ ਸਭਿਆਚਾਰ ਤੇ ਕਲਾ ਦੀ ਰਾਜਧਾਨੀ ਸੀ। ਲਾਹੌਰ ਵਿਚ ਵੰਡ ਦੌਰਾਨ ਅਗਜ਼ਨੀ ਤੇ ਭੰਨ-ਤੋੜ ਦੀਆਂ ਘਟਨਾਵਾਂ ਨੇ ਜਿਥੇ ਬਹੁਤੇ ਸਟੂਡੀਓਜ਼ ਅਤੇ ਕੰਪਨੀਆਂ ਦੇ ਦਫ਼ਤਰ ਨਸ਼ਟ ਕਰ ਦਿਤੇ, ਉਥੇ ਨੂਰ ਜਹਾਂ, ਗੁਲਾਮ ਹੈਦਰ ਵਰਗੇ ਅਨੇਕ ਨਿਰਦੇਸ਼ਕਾਂ/ਅਦਾਕਾਰਾਂ/ਫਿਲਮ ਤਕਨੀਸ਼ੀਅਨਾਂ ਨੂੰ ਲਾਹੌਰ ਛੱਡ ਕੇ ਨਵੇਂ ਮੁਲਕ ਪਾਕਿਸਤਾਨ ਵਿਚ ਜਾਣਾ ਪਿਆ। ਲਾਹੌਰ ਨੇ ਹੀ ਭਾਰਤ ਦੀ ਸਦਾਬਹਾਰ ਗਾਇਕਾ ਲਤਾ ਮੰਗੇਸ਼ਕਰ ਅਤੇ ਸਦਾਬਹਾਰ ਗਾਇਕ ਮੁਹੰਮਦ ਰਫ਼ੀ ਨੂੰ ਆਪਣੀ ਜ਼ਿੰਦਗੀ ਦੇ ਪਹਿਲੇ ਮੌਕੇ ਪੰਜਾਬੀ ਫਿਲਮ ਸਨਅਤ ਵਿਚ ਮਹੁੱਈਆ ਕਰਵਾਏ। ਗੁਲਾਮ ਹੈਦਰ ਦਾ ਤਿਆਰ ਕੀਤਾ ਗੀਤ 'ਸ਼ਾਲਾ ਜਵਾਨੀਆ ਮਾਣੇ' ਜੋ ਨੂਰਜਹਾਂ ਉਤੇ ਫਿਲਮਾਇਆ ਗਿਆ ਸੀ, ਸਾਲਾਂ ਬੱਧੀ ਲਾਹੌਰ ਦੀ ਫ਼ਿਜ਼ਾ ਵਿਚ ਗੂੰਜਦਾ ਰਿਹਾ। ਲਾਹੌਰ ਦੇ ਲੱਛਮੀ ਚੌਕ ਵਿਚ ਰੋਜ਼ ਰਾਤ ਨੂੰ ਫਿਲਮੀ ਸਿਤਾਰਿਆਂ ਦਾ ਜਮਘਟ ਜੁੜਦਾ। ਪ੍ਰਾਣ ਵਰਗੇ ਨੌਜਵਾਨ ਅਦਾਕਾਰ ਆਪਣੇ ਖ਼ਾਸ ਢੰਗ ਨਾਲ ਸਜਾਏ ਹੋਏ ਟਾਂਗਿਆਂ ਤੋਂ ਪਛਾਣੇ ਜਾਂਦੇ। ਬੀ.ਆਰ. ਚੋਪੜਾ ਦਾ ਛੋਟਾ ਭਰਾ ਯਸ਼ ਚੋਪੜਾ ਵੀ ਲਾਹੌਰ ਦਾ ਹੀ ਜੰਮਿਆ ਪਲਿਆ ਸੀ। ਖਵਾਜਾ ਅਹਿਮਦ ਅੱਬਾਸ ਲਾਹੌਰ ਰਹਿੰਦਾ ਸੀ। ਬਲਰਾਜ ਸਾਹਨੀ ਉਸ ਸਮੇਂ ਆਲ ਇੰਡੀਆ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਸੀ ਤੇ ਲਾਹੌਰ ਦੇ ਮਾਟੀ ਚੌਕ ਖੇਤਰ ਵਿਚ ਰਹਿੰਦਾ ਸੀ। ਉਹਦੇ ਭਰਾ ਭੀਸ਼ਮ ਸਾਹਨੀ ਨੇ ਬਾਅਦ ਵਿਚ 'ਤਮਸ' ਲਿਖ ਕੇ ਵੰਡ ਦੀ ਤ੍ਰਾਸਦੀ ਨੂੰ ਹੂ-ਬ-ਹੂ ਪੰਨਿਆਂ 'ਤੇ ਉਕਰ ਦਿੱਤਾ। ਦੇਵ ਆਨੰਦ ਵੀ ਲਾਹੌਰੀ ਗੇਟ ਦਾ ਬਾਸ਼ਿੰਦਾ ਸੀ ਤੇ ਉਸ ਸਮੇਂ ਸਿਆਸਤ ਵਿਚ ਖ਼ੂਬ ਸਰਗਰਮ ਸੀ। ਉਹਦਾ ਭਰਾ ਚੇਤਨ ਆਨੰਦ ਫਿਲਮ ਨਿਰਦੇਸ਼ਨ ਵਿਚ ਸਰਗਰਮ ਸੀ। ਕੇ.ਐਲ. ਸਹਿਗਲ ਵੀ ਲਾਹੌਰ ਵਿਚ ਹੀ ਗਾਇਕ ਦੇ ਤੌਰ 'ਤੇ ਪ੍ਰਵਾਨ ਚੜ੍ਹੇ। ਖ਼ੁਰਸ਼ੀਦ ਬੇਗਮ ਦਾ ਨਾਮ ਬਤੌਰ ਗਾਇਕਾ ਲਾਹੌਰ ਦੇ ਘਰ ਘਰ ਵਿਚ ਗੂੰਜਦਾ ਸੀ। ਸੰਗੀਤਕਾਰ ਖ਼ਿਆਮ ਨੇ ਵੀ ਆਪਣਾ ਕੈਰੀਅਰ ਲਾਹੌਰ ਤੋਂ ਹੀ ਸ਼ੁਰੂ ਕੀਤਾ। ਸੰਤਾਲੀ ਦੀ ਵੰਡ ਤੋਂ ਬਾਅਦ ਲਾਹੌਰ ਤੋਂ ਬੰਬਈ ਜਾਣ ਵਾਲੇ ਹੋਰ ਪ੍ਰਸਿੱਧ ਸੰਗੀਤਕਾਰ ਸਨ-ਪੰਡਿਤ ਅਮਰਨਾਥ, ਸ਼ਿਆਮ ਸੁੰਦਰ, ਗੋਬਿੰਦ ਰਾਮ ਆਦਿ। ਨਾਟਕ ਦੇ ਖੇਤਰ ਵਿਚ ਨਾਦਿਰਾ ਬੱਬਰ ਦੇ ਪਿਤਾ ਸੱਜਾਦ ਜ਼ਹੀਰ, ਜਾਵੇਦ ਅਖ਼ਤਰ ਦੇ ਅੱਬਾ ਜਾਨ ਨਿੱਸਾਰ ਅਖ਼ਤਰ, ਸ਼ਬਾਨਾ ਆਜ਼ਮੀ ਦੇ ਪਿਤਾ ਕੈਫ਼ੀ ਆਜ਼ਮੀ, ਲੋਕਾਂ ਦੇ ਗੀਤਕਾਰ ਕਹੇ ਜਾਂਦੇ ਸਾਹਿਰ ਲੁਧਿਆਣਵੀ, ਮਜਰੂਹ ਸੁਲਤਾਨਪੁਰੀ, ਤਨਵੀਰ ਨਕਵੀ, ਜਿਹੜੇ ਉਸ ਸਮੇਂ ਦੀਆਂ ਪ੍ਰਗਤੀਵਾਦੀ ਸਾਹਿਤਕ ਸਰਗਰਮੀਆਂ ਨਾਲ ਜੁੜੇ ਹੋਏ ਸਨ, ਨੂੰ ਵੀ ਅਣਸਰਦੇ ਨੂੰ ਲਾਹੌਰ ਛੱਡਣਾ ਪਿਆ।




ਪੰਜਾਬੀ ਫਿਲਮ 'ਚੌਧਰੀ ਕਰਨੈਲ ਸਿੰਘ' ਵਿਚ ਵੰਡ ਦੇ ਦਰਦ ਬਿਆਨ ਸੀ।

ਵੰਡ ਦੀ ਤ੍ਰਾਸਦੀ ਬਾਰੇ ਫਿਲਮੀ ਸਨਅਤ ਦਾ ਰੁਖ ਕਾਫ਼ੀ ਹੈਰਾਨ ਕਰ ਦੇਣ ਵਾਲਾ ਰਿਹਾ। ਪੰਜਾਬੀ ਸਿਨੇਮਾ ਜਗਤ ਵਿਚ 'ਚੌਧਰੀ ਕਰਨੈਲ ਸਿੰਘ' ਬਣਨ ਤੱਕ ਕੋਈ ਅਜਿਹੀ ਫਿਲਮ ਨਹੀਂ ਬਣੀ ਜੋ ਇਸ ਤ੍ਰਾਸਦੀ ਵੱਲ ਇਸ਼ਾਰਾ ਵੀ ਕਰਦੀ ਹੋਵੇ। ਹਿੰਦੀ ਫਿਲਮ ਸਨਅਤ ਨੇ ਵੰਡ ਤੋਂ ਬਾਅਦ ਮੁਗਲ ਰਾਜਿਆਂ ਦੀ ਦਰਿਆਦਿਲੀ ਤੇ ਮੁਸਲਿਮ ਸਮਾਜ ਵਿਚਲੇ ਹਾਂ-ਮੁਖੀ ਵਰਤਾਰਿਆਂ ਨੂੰ ਆਧਾਰ ਬਣਾ ਕੇ ਫਿਲਮਾਂ ਬਣਾਈਆਂ। ਲੱਗ ਰਿਹਾ ਸੀ ਜਿਵੇਂ ਪੰਜਾਬੀ ਫਿਲਮ ਜਗਤ ਜ਼ਖਮਾਂ ਦੀ ਭਿਅੰਕਰਤਾ ਤੋਂ ਤ੍ਰਬਕਦਾ ਹੋਇਆ ਇਨ੍ਹਾਂ ਨੂੰ ਛੇੜਨ ਤੋਂ ਵੀ ਡਰ ਰਿਹਾ ਸੀ ਤੇ ਹਿੰਦੀ ਫਿਲਮ ਸਨਅਤ ਜ਼ਖ਼ਮਾਂ ਨੂੰ ਆਪਸੀ ਸਦਭਾਵਨਾ, ਭਾਈਚਾਰੇ ਅਤੇ ਸਾਂਝੀਆਂ ਤੰਦਾਂ ਰਾਹੀਂ ਸੰਬੋਧਤ ਹੋਣ ਦਾ ਯਤਨ ਕਰ ਰਹੀ ਸੀ। **(ਚਲਦਾ)**







ਐਨ ਖੱਬਿਉਂ... ਬਲਰਾਜ ਸਾਹਨੀ, ਕੇ.ਐਲ. ਸਹਿਗਲ ਤੇ ਖੁਰਸ਼ੀਦ ਬੇਗਮ।

# 'ਪੀਕੂ' ਨੂੰ ਮਿਲਿਆ ਸਭ ਦਾ ਪਿਆਰ

ਫਿਲਮਸਾਜ਼ ਸੁਜੀਤ ਸਿਰਕਾਰ ਦੀ ਫਿਲਮ 'ਪੀਕੂ' ਦੀ ਸਫ਼ਲਤਾ ਨੇ ਫਿਲਮ ਜਗਤ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਫਿਲਮ ਵਿਚ ਭਾਵੇਂ ਅਮਿਤਾਭ ਬਚਨ ਅਤੇ ਇਰਫਾਨ ਖਾਨ ਵਰਗੇ ਚੋਟੀ ਦੇ ਕਲਾਕਾਰ ਵੀ ਹਨ, ਪਰ ਇਹ ਫਿਲਮ ਮੁੱਖ ਤੌਰ 'ਤੇ ਨਾਇਕਾ ਪ੍ਰਧਾਨ ਹੀ ਹੈ ਅਤੇ ਇਸ ਵਿਚ ਮੁੱਖ ਰੋਲ, ਤਕਰੀਬਨ ਹਰ ਫਿਲਮ ਵਿਚ ਸਫਲਤਾ ਦੇ ਝੰਡੇ ਗੱਡਣ ਵਾਲੀ ਹੀਰੋਇਨ ਦੀਪਿਕਾ ਪਾਦੂਕੋਣ ਦਾ ਹੈ। ਦੀਪਿਕਾ ਨੇ ਇਸ ਫਿਲਮ ਵਿਚ ਬੰਗਲਾ ਮੁਟਿਆਰ ਦਾ ਕਿਰਦਾਰ ਨਿਭਾਇਆ ਹੈ ਜੋ ਦਿੱਲੀ ਵਿਚ ਬਤੌਰ ਆਰਕੀਟੈਕਟ ਨੌਕਰੀ ਕਰਦੀ ਹੈ ਅਤੇ ਉਸ ਦੇ ਨਾਲ ਉਸ ਦਾ ਬਜ਼ੁਰਗ ਬਾਪ (ਅਮਿਤਾਭ ਬਚਨ) ਰਹਿੰਦਾ ਹੈ। ਆਪਣੀ ਸਿਹਤ ਦੀਆਂ ਸਮੱਸਿਆਵਾਂ ਕਰ ਕੇ ਉਹ ਆਪਣੀ ਧੀ ਨੂੰ ਬੇਹੱਦ ਪ੍ਰੇਸ਼ਾਨ ਕਰਦਾ ਹੈ। ਫਿਲਮ ਵਿਚ ਧੀ ਦੇ ਸਬਰ ਨੂੰ ਕਹਾਣੀ ਦੀ ਜਿੰਦ-ਜਾਨ ਬਣਾਇਆ ਗਿਆ ਹੈ।

ਇਹ ਫਿਲਮ ਕੁੱਲ 35 ਕਰੋੜ ਰੁਪਏ ਦੇ ਬਜਟ ਨਾਲ ਬਣਾਈ ਗਈ ਸੀ ਅਤੇ ਇਸ ਦੀ ਕਮਾਈ ਇਕ ਅਰਬ ਰੁਪਏ ਤੋਂ ਵੀ ਪਾਰ ਚਲੀ ਗਈ ਹੈ। 'ਪੀਕੂ' ਅਤੇ 'ਤਨੂ ਵੈੱਡਸ ਮਨੂ ਰਿਟਰਨਜ਼' ਦੀ ਅਪਾਰ ਸਫ਼ਲਤਾ ਨੇ ਇਹ ਬਹਿਸ ਵੀ ਸ਼ੁਰੂ ਕਰ ਦਿੱਤੀ ਹੈ ਕਿ ਜੇ ਕਹਾਣੀ ਦਮਦਾਰ ਹੋਵੇ, ਤਾਂ ਘੱਟ ਬਜਟ ਵਾਲੀਆਂ ਫਿਲਮਾਂ ਵੀ ਚੋਖੀ ਕਮਾਈ ਕਰ ਲੈਂਦੀਆਂ ਹਨ। ਇਸ ਸਬੰਧ ਵਿਚ ਹਾਲ ਹੀ ਵਿਚ ਫਲਾਪ ਹੋਈ ਫਿਲਮ 'ਬੰਬੇ ਵੈੱਲਵਟ' ਦੀ ਮਿਸਾਲ ਦਿੱਤੀ ਜਾ ਰਹੀ ਹੈ। ਇਸ ਫਿਲਮ ਵਿਚ ਰਣਬੀਰ ਕਪੂਰ, ਅਨੁਸ਼ਕਾ ਸ਼ਰਮਾ, ਕਰਨ ਜੌਹਰ ਵਰਗੇ ਸਟਾਰਾਂ ਨੂੰ ਲਿਆ ਗਿਆ ਸੀ ਅਤੇ ਇਸ ਉਤੇ 120 ਕਰੋੜ ਰੁਪਏ ਖਰਚ ਆਇਆ ਸੀ, ਪਰ ਇਹ ਫਿਲਮ ਸਿਰਫ਼ 32 ਕਰੋੜ ਰੁਪਏ ਹੀ ਕਮਾ ਸਕੀ। ਇਹ ਫਿਲਮ ਆਪਣੇ ਸਮੇਂ ਦੀ ਸਭ ਤੋਂ ਫਲਾਪ ਫਿਲਮ ਸਾਬਤ ਹੋਈ ਹੈ। ਦੂਜੇ ਬੰਨੇ 'ਪੀਕੂ' ਅਤੇ 'ਤਨੂ ਵੈੱਡਸ ਮਨੂ ਰਿਟਰਨਜ਼' ਵਿਚ ਪੇਸ਼ ਸੰਵੇਦਨਾ ਨੂੰ ਸਭ ਨੇ ਪਸੰਦ ਕੀਤਾ ਹੈ। ਦਰਸ਼ਕਾਂ ਤੋਂ ਇਲਾਵਾ ਫਿਲਮ ਆਲੋਚਕਾਂ ਨੇ ਵੀ ਇਸ ਫਿਲਮ ਦਾ ਖ਼ੂਬ ਗੁੱਡਾ ਬੰਨ੍ਹਿਆ ਹੈ। ਲਿਖਿਆ ਗਿਆ ਹੈ ਕਿ ਫਿਲਮ ਵਿਚ ਆਮ ਭਾਰਤੀ ਪਰਿਵਾਰ ਦਾ ਖ਼ੂਬਸੂਰਤ ਚਿੱਤਰ ਖਿੱਚਿਆ ਗਿਆ ਹੈ। ਇਸੇ ਕਰ ਕੇ ਇਹ ਫਿਲਮ ਪਰਿਵਾਰ ਵਿਚ ਬੈਠ ਕੇ ਦੇਖੀ ਗਈ ਅਤੇ ਅਗਾਂਹ ਦੇਖਣ ਵਾਲਿਆਂ ਨੇ ਇਸ ਦਾ ਪ੍ਰਚਾਰ ਵੀ ਕੀਤਾ।



'ਪੀਕੂ' ਦੀ ਤਿੱਕੜੀ- ਇਰਫਾਨ ਖਾਨ, ਅਮਿਤਾਭ ਬੱਚਨ ਤੇ ਦੀਪਿਕਾ ਪਾਦੂਕੋਣ।




BIGGEST SALE EVER
ON PUNJABI TV
40% OFF PER MONTH
FOR 12 MONTHS ON PUNJABI MEGA PACK
GET DISH FOR THE BEST PUNJABI TV PROGRAMMING
PUNJABI MEGA PACK
$14.99 MO
FOR 12 MONTHS
$24.99 MO
REGULAR PRICE
jus punjabi
PTC PUNJABI
WILLOW HD
GLOBAL PUNJAB
9X TASHAN
jus 24x7
PTC NEWS
PTC chak de
Requires 24-month commitment, credit qualification and subscription to qualifying American programming. Early Termination Fee appplies. Cannot be combined with other International offers.
Order now and SAVE $120!
1-888-626-0801
Use Offer Code SAVEBIG
dish
International programming requires additional $10/mo. International Basic Package or any America's Top Package.
Important Terms and Conditions: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 8/13/15.
© 2015 DISH Network L.L.C. All rights reserved.
0801-Q2R2-PUNJABI BSE Promo MAY

# Gakhal Brothers Entertainment Pvt. Ltd & Amolak Singh Gakhal Present




Cast: Gippy Grewal, Tina Ahuja, Dharamendra, Geeta Basra, Sanjay Mishra, Ravi Kishan, Mukesh Tiwari

Director Smeep Kang DOP Manoj Shaw Story Smeep Kang
Screenplay & Dialogue Vaibhav Suman & Shreya Srivastava

Editor Ritesh Soni Music Badshah Jatinder Shah & Dr. Zeus
Produced by Iqbal Singh Gakhal, Palwinder Singh Gakhal,
Manwinder Singh & Gurvinder Singh

Background Music Sanjoy Chaudhory
Sound Design Parikshit Lalwani Publicity Stills by Harjit Singh

## ਫਿਲਮ ਜਲਦ ਹੀ ਅਮਰੀਕਾ ਦੇ ਸਿਨੇਮਾ ਘਰਾਂ ਵਿਚ ਵੀ ਦਿਖਾਈ ਜਾਵੇਗੀ

Ad sponsored by Punjab Times